# ਸੰਪਾਦਕੀ

ਇਸ ਸਾਲ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਮਈ 29, 1998 ਸ਼ੁਕਰਵਾਰ ਨੂੰ ਮਨਾਇਆ ਜਾ ਰਿਹਾ ਹੈ। ਇਹ ਸ਼ਹੀਦੀ ਪੰਜਵੇਂ ਪਾਤਸ਼ਾਹ ਦੀ ਵਿਅਕਤੀਗਤ ਸ਼ਹੀਦੀ ਨਹੀਂ ਸੀ, ਸਗੋਂ ਗੁਰੂ ਨਾਨਕ ਦੇਵ ਜੀ ਵਲੋਂ ਸੰਚਾਲਤ ਕੀਤੇ ਸੱਚ ਦੇ ਮਾਰਗ, ਧਰਮ ਦੇ ਮਾਰਗ ਅਤੇ ਉਸ ਨਿਰਮਲ ਪੰਥ ਨੂੰ ਸ਼ਹੀਦ ਕਰਨ ਦੀ ਸਾਜ਼ਿਸ਼ ਸੀ ਜਿਸ ਦੀ ਪ੍ਰਫੁੱਲਤਾ ਨੂੰ ਇਸਲਾਮ ਦਾ ਪਾਸਾਰ ਕਰਨ ਵਾਲੇ ਕੱਟੜਵਾਦੀਆਂ ਲਈ ਸਹਾਰਨਾ ਕਠਨ ਹੋ ਰਿਹਾ ਸੀ। ਇਹ ਨਿਰਮਲ ਪੰਥ ਪਿਛਲੇ ਇਕ ਸੌ ਸਾਲ ਦੇ ਸਮੇਂ ਤੋਂ ਪੰਜਾਬ ਦੀ ਧਰਤੀ ਤੇ ਪ੍ਰਫੁੱਲਤ ਹੋ ਰਿਹਾ ਸੀ, ਜਿਸ ਨੇ ਧਰਮ ਦੀ ਸੰਕੀਰਤਾ ਕਾਰਨ ਮਨੁੱਖਤਾਂ ਵਿਚ ਪੈ ਚੁਕੀਆਂ ਵੈਰ, ਵਿਰੋਧ ਅਤੇ ਈਰਖਾ ਦੀਆਂ ਤ੍ਰੇੜਾਂ ਨੂੰ ਬਾਣੀ ਦੀਆਂ ਮਿੱਠੀਆਂ ਸੁਰੀਲੀਆਂ ਸੁਰਾਂ ਰਾਹੀਂ ਅਤੇ ਨਾਮ ਸਿਮਰਨ ਦੇ ਅੰਮ੍ਰਿਤ ਸੰਚਾਰ ਰਾਹੀਂ ਅਤੇ ਸਰਬ ਸਾਂਝੀ ਸੰਗਤ ਅਤੇ ਪੰਗਤ ਦੇ ਪਰਸਪਰ ਪਿਆਰ ਰਾਹੀਂ ਭਰਿਆ ਸੀ। ਨਾਨਕ ਘਰ ਵਿਚ ਕੇਵਲ ਨਾਮ ਦੀ ਮਹਿਮਾ ਹੋ ਰਹੀ ਸੀ, ਇਥੇ ਨਾ ਕੋਈ ਜਾਤ ਪਾਤ ਉਚ ਨੀਚ ਦੀ ਨਫਰਤ ਸੀ 'ਨਾ ਕੋ ਬੈਰੀ, ਨਾ ਹੀ ਬਿਗਾਨਾ' ਦਿਸਦਾ ਸੀ ਸਗੋਂ ਹਰ ਕੋਈ 'ਸਗਲ ਸੰਗ ਹਮ ਕੋ ਬਨ ਆਈ' ਦੀ ਭਾਵਨਾ ਵਿਚ ਵਿਚਰਦਾ ਸੀ 'ਸਭੇ ਸਾਂਝੀਵਾਲ ਸਦਾਇਨ' ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਜਾ ਰਿਹਾ ਸੀ। ਇਥੇ ਸਭ ਮਨੁੱਖ ਰਾਜਾ ਰੰਕ ਬਰਾਬਰੀ ਦੀ ਭਾਵਨਾ ਨਾਲ ਸਾਂਝੀ ਸੰਗਤ ਪੰਗਤ ਵਿਚ ਸਜਦੇ ਸਨ, ਇਥੇ ਸੱਚੀ ਸੁੱਚੀ ਕਿਰਤ ਨੂੰ ਮਾਣ ਮਿਲਦਾ ਸੀ, ਇਥੇ 'ਘਾਲ ਖਾਇ ਕਿਛੁ ਹਥਹੁ ਦੇਇ ਨਾਨਕ ਰਾਹ ਪਛਾਣਹਿ ਸੇਇ' ਦਾ ਉਪਦੇਸ਼ ਦਿਤਾ ਜਾ ਰਿਹਾ ਸੀ, ਇਥੇ ਕਰਣੀ ਨੂੰ ਪ੍ਰਧਾਨਤਾ ਸੀ, ਫੋਕਟ ਕਰਮਕਾਂਡ, ਤੀਰਥ ਗਮਨ, ਮੱਥੇ ਟਿੱਕਾ ਤੇੜ ਧੋਤੀ ਕਖਾਈ, ਪੱਗ ਉਪੇਤਾਨਾ (ਨੰਗੇ ਪੈਰੀਂ ਵਿਚਰਨਾ) ਅਤੇ 'ਅਲਮਲ ਖਾਈ' ਨੂੰ ਸਿਰ ਸੁਆਹ ਪੁਆਉਣ ਤੁਲ ਕਹਿ ਕੇ ਸਾਰੇ ਫੋਕਟ ਕਰਮਾਂ ਰੀਤੀ ਰਿਵਾਜਾਂ ਤੋਂ ਮੁਕਤ ਕਰਕੇ ਇਕ ਸਚਿਆਰੇ ਮਨੁੱਖ ਦੀ ਘਾੜਤ ਘੜੀ ਜਾ ਰਹੀ ਸੀ ਜਿਸ ਦੇ ਰਿਦੇ ਵਿਚ ਸੱਚ, ਜਿਸ ਦੀ ਕਰਨੀ ਵਿਚ ਸੱਚ, ਜਿਸ ਦੀ ਦ੍ਰਿਸ਼ਟੀ ਵਿਚ ਸੱਚ ਦਾ ਵਾਸਾ ਸੀ। ਐਸੇ ਗੁਰਮੁਖਾਂ ਗੁਰਸਿਖਾਂ ਦੇ ਨਿਰਮਲ ਪੰਥ ਨੂੰ ਇਕ ਇਕਾਈ ਵਿਚ, ਪਰਸਪਰ ਸਾਂਝ ਪੀਡੀ ਕਰਨ ਹਿਤ ਗੁਰੂ ਮਹਾਰਾਜ ਜੀ ਨੇ ਅਨੇਕ ਉਪਰਾਲੇ ਕੀਤੇ। ਨਗਰਾਂ ਤੇ ਸ਼ਹਿਰਾਂ ਦਾ ਨਿਰਮਾਣ ਹੋਇਆ, ਗੁਰੂ ਅਮਰਦਾਸ ਜੀ ਨੇ 1573 ਵਿਚ ਅੰਮ੍ਰਿਤ ਸਰੋਵਰ ਦੀ ਸੇਵਾ ਅਰੰਭੀ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 1578 ਵਿਚ ਸੰਪੰਨ ਕੀਤਾ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਦਾ ਨਿਰਮਾਣ ਕੀਤਾ ਜਿਸ ਵਿਚ ਹਰ ਜਾਤੀ ਅਤੇ ਹਰ ਫਿਰਕੇ ਦੇ ਕਾਰੀਗਰਾਂ, ਕਿਸਾਨਾਂ, ਵਪਾਰੀਆਂ ਦੀ ਪਰਸਪਰ ਸਾਂਝ ਸੀ। ਹਰਿਮੰਦਰ ਦੇ ਚਾਰ ਦਰਵਾਜ਼ੇ ਚਾਰ ਦਿਸ਼ਾਵਾਂ ਦੀ ਸਰਬ ਮਨੁੱਖਤਾ ਨੂੰ ਪਿਆਰ ਦਾ ਸੱਦਾ ਦੇ ਰਹੇ ਸਨ। ਕਰਤਾਰਪੁਰ ਗੋਇੰਦਵਾਲ, ਤਰਨ ਤਾਰਨ ਸਾਹਿਬ ਆਦਿ ਅਨੇਕ ਅਸਥਾਨਾਂ ਤੇ ਸੰਗਤਾਂ ਦੇ ਇਕੱਠ ਗੁਰੂ ਪਿਆਰ ਵਿਚ ਨਿਰੰਤਰ ਜੁੜਨ ਲੱਗੇ, ਮਨੁੱਖਤਾ ਨੂੰ ਸੱਚੇ ਸੁਚੇ ਮਾਰਗ ਦੀ ਸੋਝੀ ਹੋਣ ਲੱਗੀ ਅਤੇ ਸਰਬ ਸਾਂਝੀ ਲਹਿਰ ਦੀ ਅਗਵਾਈ ਕਰ ਰਹੇ ਸਨ ਮਹਾਨ ਗੁਰੂ, ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰਾਧਕਾਰੀ, ਗੁਰੂ ਜੋਤਾਂ। ਹੁਣ ਪੰਜਵੇਂ ਸਰੂਪ ਵਿਚ ਗੁਰੂ ਅਰਜਨ ਦੇਵ ਜੀ ਗੁਰਗੱਦੀ ਤੇ ਬਿਰਾਜਮਾਨ ਸਨ। ਪੰਜਵੀਂ ਗੁਰੂ ਜੋਤਿ ਨੇ ਇਸ ਨਿਰਮਲ ਸਿੱਖ ਪੰਥ ਦੀਆਂ ਪਰੰਪਰਾਵਾਂ ਦੀ ਪੂਰੀ ਰਾਖੀ ਕੀਤੀ ਅਤੇ ਇਸ ਵਿਚ ਤਿੰਨ ਵਿਸ਼ੇਸ਼ ਵਾਧੇ ਕੀਤੇ –

1. ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨਿਰਮਾਣ ਕੀਤਾ ਜੋ ਸਮੇਂ ਨਾਲ ਸਿੱਖੀ ਦਾ ਕੇਂਦਰ ਬਣ ਗਿਆ।

2. ਗੁਰਸਿੱਖਾਂ ਨੂੰ ਆਪ ਗੁਰਬਾਣੀ ਗਾਇਨ ਕਰਨ, ਕੀਰਤਨ ਕਰਨ, ਦੀ ਪਰੰਪਰਾ ਤੋਰੀ।

3. ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਇਸ ਨੂੰ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ਮਾਨ ਕੀਤਾ।

ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਅੰਮ੍ਰਿਤਸਰ ਦੀ ਕੀ ਮਾਨਤਾ ਅਤੇ ਮਹਾਨਤਾ ਹੈ? ਇਸ ਨੂੰ ਅੱਜ ਸਾਰਾ ਸੰਸਾਰ ਜਾਣਦਾ ਹੈ। ਇਸ ਦਾ ਨਿਰਮਾਣ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਵਿਚ ਹੋਇਆ। ਅੱਜ ਗੁਰਸਿੱਖ ਸੰਸਾਰ ਦੇ ਕੋਨੇ-ਕੋਨੇ ਵਿਚ ਪੁੱਜਿਆ ਹੋਇਆ ਹੈ ਅਤੇ ਹਰ ਥਾਂ 'ਹੋਵੈ ਕੀਰਤਨ ਸਦਾ ਵਿਸੋਆ' ਦੀ ਮਰਿਆਦਾ ਚਲ ਰਹੀ ਹੈ। ਗੁਰੂ ਨਾਨਕ ਦੇਵ ਜੀ ਵਲੋਂ ਕੀਰਤਨ ਦੀ ਮਿਲੀ ਦਾਤ ਨੂੰ ਗੁਰੂ ਅਰਜਨ ਪਾਤਸ਼ਾਹ ਨੇ ਸਿੱਖਾਂ ਦੀ ਝੋਲੀ ਵਿਚ ਪਾਇਆ। ਇਹ ਬਖਸ਼ਿਸ਼ ਪੰਜਵੇਂ ਪਾਤਸ਼ਾਹ ਦੀ ਹੈ। ਤੀਜੀ ਬਖਸ਼ਿਸ਼ 'ਅਹਿਲੇ ਕਿਤਾਬ' ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਨ੍ਹਾਂ ਨੂੰ ਦਸਵੀਂ ਜੋਤ ਨੇ ਗੁਰਿਆਈ ਬਖਸ਼ੀ ਅਤੇ ਜਿਸਦੀ ਤਾਬਿਆਂ ਵਿਚ ਅੱਜ ਸਾਰਾ ਸਿੱਖ ਜਗਤ ਇਕ ਇਕਾਈ ਵਿਚ ਜੁੜਿਆ ਹੋਇਆ ਹੈ। ਸੱਚ ਨੇਕੀ ਅਤੇ ਨਿਆਂ ਦੀ ਐਸੀ ਸਿੱਖ ਲਹਿਰ ਕਿਸੇ ਹਕੂਮਤ ਲਈ ਬਹੁਤ ਸੁਖਾਵੀਂ ਵੀ ਹੋ ਸਕਦੀ ਹੈ ਅਤੇ ਦੁਖਾਵੀਂ ਵੀ। ਅਕਬਰ ਵਿਚ ਸਚਾਈ ਦਾ ਅੰਸ਼ ਸੀ, ਇਸ ਲਈ ਇਹ ਸਿੱਖ ਲਹਿਰ ਉਸ ਲਈ ਸੁਖਾਵੀਂ ਸੀ ਪਰ ਜਿਹੜੇ ਕੱਟੜਵਾਦੀ ਕੇਵਲ ਇਸਲਾਮੀ ਰੰਗ ਵਿਚ ਹੀ ਸਰਬ ਲੁਕਾਈ ਨੂੰ ਵੇਖਣ ਲਈ ਕਾਹਲੇ ਸੀ, ਉਨ੍ਹਾਂ ਲਈ ਇਹ ਲਹਿਰ ਦੁਖਾਵੀਂ ਬਣ ਗਈ। ਇਸ ਲਈ ਜਹਾਂਗੀਰ ਦੇ ਸਮੇਂ ਵਿਚ ਸੱਚ ਦੇ ਇਸ ਮਹਾਨ ਪ੍ਰਵਾਹ ਨੂੰ ਠਲ੍ਹ ਪਾਉਣ ਦੇ ਮਨਸੂਬੇ ਘੜੇ ਗਏ। ਇਸ ਵਿਚ ਕੌਣ ਕੌਣ ਸ਼ਰੀਕ ਸੀ, ਇਤਿਹਾਸਕ ਤੌਰ ਤੇ ਇਹ ਜਾਣਨਾ ਮਹੱਤਵਪੂਰਣ ਹੈ। ਜਹਾਂਗੀਰ ਦੇ ਰੋਜ਼ਨਾਮਚੇ, ਤੁਜ਼ਕਿ ਜਹਾਂਗੀਰੀ ਵਿਚ ਇਹ ਲਿਖਿਆ ਮਿਲਦਾ ਹੈ –

***ਦਰ ਗੋਇੰਦਵਾਲ ਕਿ ਬਰ ਕਿਨਾਰੇ ਦਰੀਆਏ ਬਿਆਹ ਵਾਕਿਅ ਅਸਤ,***
***ਹਿੰਦੂਏ ਬੂਦ ਅਰਜੁਨ ਨਾਮ ਦਰ ਲਬਾਸੇ ਪੀਰੀ ਵ ਸ਼ੈਖੀ।***
***ਚੁਨਾਚਿ ਬਿਸੀਆਰੇ ਅਜ਼ ਸਾਦਹ ਲੌਹਾਨੇ ਹਨੂਦ ਬਲਕਿ ਨਾਦਾਨੋ ਸ਼ਫੀਹਾਨੇ***
***ਇਸਲਾਮ ਮੁਕੈਦੇ ਅਤਵਾਰੋ ਔਜ਼ਾਏ ਖੁਦ ਸਾਖਤਹ...।***

ਅਰਥਾਤ ਬਿਆਸ ਦਰਿਆ ਦੇ ਕੰਢੇ ਤੇ ਸਥਿਤ ਗੋਇੰਦਵਾਲ ਵਿਖੇ ਪੀਰਾਂ ਬਜ਼ੁਰਗਾਂ ਦੇ ਵੇਸ ਵਿਚ ਅਰਜੁਨ ਨਾਮ ਇਕ ਹਿੰਦੂ ਸੀ ਜਿਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ, ਸਗੋਂ ਮੂਰਖ ਅਤੇ ਬੇਸਮਝ ਮੁਸਲਮਾਨਾਂ ਨੂੰ ਭੀ ਆਪਣੀ ਰਹਿਤ ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲੀ ਅਤੇ ਪੀਰ ਹੋਣ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ, ਉਹ ਉਸ ਨੂੰ ਗੁਰੂ ਆਖਦੇ ਸਨ। ਸਭਨਾਂ ਤਰਫਾਂ ਤੋਂ ਫਰੇਬੀ ਤੇ ਠੱਗੀ

ਪਸੰਦ ਲੋਕ ਉਸ ਦੇ ਪਾਸ ਆ ਕੇ ਉਸ ਉਤੇ ਆਪਣੀ ਪੂਰੀ ਸ਼ਰਧਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਇਹ ਦੁਕਾਨ ਚਲਾਈ ਹੋਈ ਸੀ।

ਢੇਰ ਚਿਰ ਤੋਂ ਮੇਰੇ ਦਿਲ ਵਿਚ ਖਿਆਲ ਉਠ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ (ਗੁਰੂ ਜੀ) ਨੂੰ ਮੁਸਲਮਾਨੀ ਫਿਰਕੇ ਵਿਚ ਲੈ ਆਉਣਾ ਚਾਹੀਦਾ ਹੈ। ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ ਤੇ ਮੈਂ ਉਸ ਦੇ ਘਰ-ਘਾਟ ਤੇ ਬੱਚੇ ਮੁਰਤਜ਼ਾ ਖਾਂ ਦੇ ਹਵਾਲੇ ਕਰ ਦਿਤੇ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿਤਾ ਕਿ ਉਸ ਨੂੰ ਸਿਆਸਤ ਅਤੇ ਯਾਸਾ ਦੇ ਕਾਨੂੰਨ ਅਨੁਸਾਰ ਦੰਡ ਦੇਣ।

ਗੁਰੂ ਜੀ ਉਪਰ ਰਾਜ-ਦ੍ਰੋਹ ਦਾ ਦੂਸ਼ਣ ਲਾਇਆ ਕਿ ਇਨ੍ਹਾਂ ਨੇ ਬਾਗੀ ਖੁਸਰੋ ਦੀ ਸਹਾਇਤਾ ਕੀਤੀ ਹੈ ਅਤੇ ਉਸ ਦੇ ਮੱਥੇ ਤੇ ਤਿਲਕ ਲਾਇਆ ਹੈ। ਅਹਿਲਕਾਰ ਚੰਦੂ ਉਨ੍ਹਾਂ ਅਹਿਲਕਾਰਾਂ ਵਿਚ ਸੰਮਿਲਤ ਸੀ ਜਿਨ੍ਹਾਂ ਨੇ ਗੁਰੂ ਜੀ ਨੂੰ ਤਸੀਹੇ ਦਿਤੇ। ਉਬਲਦੀ ਦੇਗ, ਤੱਤੀ ਲੋਹ, ਤੱਤੀ ਰੇਤ ਆਪ ਜੀ ਦੀ ਸ਼ਾਂਤ ਸਹਿਜਮਈ ਅਡੋਲ ਮਨੋਬਿਰਤੀ ਵਿਚ ਵਿਘਨ ਨਾ ਪਾ ਸਕੀ। ਜੇਠ ਸੁਦੀ ਚੌਥ ਸੰਮਤ 1663, ਹਾੜ ਦੀ ਪਹਿਲੀ 30 ਮਈ ਸੰਨ 1606 ਨੂੰ ਆਪ ਜੀ ਨੇ ਆਪਣਾ ਛਾਲੇ ਛਾਲੇ ਹੋਇਆ ਸਰੀਰ ਦਰਿਆ ਰਾਵੀ ਦੇ ਕੰਢੇ ਪਾਣੀਆਂ ਦੇ ਸਪੁਰਦ ਕਰ ਦਿਤਾ। ਪਰਉਪਕਾਰੀ ਗੁਰੂ ਜਨਮ ਮਰਣ ਵਿਚ ਨਹੀਂ ਸਨ। ਇਸ ਅਣਮਨੁੱਖੀ ਵਤੀਰੇ ਦੇ ਬਾਵਜੂਦ ਆਪ ਜੀ ਨੇ ਕਿਸੇ ਨੂੰ ਬੁਰਾ ਨਹੀਂ ਕਿਹਾ, ਕਿਸੇ ਨੂੰ ਸਰਾਪ ਨਹੀਂ ਦਿਤਾ, ਰੱਬ ਨੂੰ ਕੋਈ ਉਲ੍ਹਾਮਾ ਨਹੀਂ ਦਿਤਾ, ਮੀਆਂ ਮੀਰ ਵਰਗਿਆਂ ਨੂੰ ਭਾਣੇ ਵਿਚ ਰਹਿਣ ਦਾ ਉਪਦੇਸ਼ ਦਿਤਾ, ਆਪ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਅਤੇ ਜੋ ਕੁਝ ਆਪ ਜੀ ਨੇ ਬਾਣੀ ਵਿਚ ਬਾਰ-ਬਾਰ ਗੁਰਸਿੱਖਾਂ ਨੂੰ ਉਪਦੇਸ਼ਿਆ ਹੈ ਉਸ ਨੂੰ ਪ੍ਰਤੱਖ ਕਰ ਦਿਖਾਇਆ। ਇਥੇ ਆਪ ਜੀ ਦਾ ਐਸਾ ਹੀ ਇਕ ਸ਼ਬਦ ਵੇਖ ਲੈਣਾ ਪ੍ਰਸੰਗਕ ਹੋਵੇਗਾ -

*ਉਲਾਹਨੋ ਮੈ ਕਾਹੂ ਨ ਦੀਓ॥*
*ਮਨ ਮੀਠ ਤੁਹਾਰੋ ਕੀਓ॥*
*ਆਗਿਆ ਮਾਨਿ ਜਾਨਿ ਸੁਖੁ ਪਾਇਆ*
*ਸੁਨਿ ਸੁਨਿ ਨਾਮੁ ਤੁਹਾਰੋ ਜੀਓ॥*
*ਈਹਾਂ ਊਹਾ ਹਰਿ ਤੁਮ ਹੀ ਤੁਮ ਹੀ*
*ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ॥*
*ਜਬ ਤੇ ਜਾਨਿ ਪਾਈ ਏਹ ਬਾਤਾ*
*ਤਬ ਕੁਸਲ ਖੇਮ ਸਭ ਥੀਓ॥*
*ਸਾਧਸੰਗਿ ਨਾਨਕ ਪਰਗਾਸਿਓ ਆਨ ਨਾਹੀ ਰੇ ਬੀਓ॥*
*ਪੰਨਾ - 978*

ਕੋਈ ਉਲ੍ਹਾਮਾ ਨਹੀਂ, ਕੋਈ ਸ਼ਿਕਵਾ ਨਹੀਂ, ਉਸ ਦਾ ਕੀਤਾ ਮਿੱਠਾ ਲਗ ਰਿਹਾ ਹੈ, ਉਸਦੀ ਅਗਿਆਕਾਰਤਾ ਵਿਚ ਸੁਖ ਹੈ, ਉਸ ਦੇ ਨਾਮ ਵਿਚ ਜੀਵਨ। ਹਰ ਥਾਂ, ਹਰ ਕਿਰਤ ਵਿਚ ਉਹ ਆਪ ਹੀ ਵਿਚਰ ਰਿਹਾ ਹੈ। ਜਦ ਉਸ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ ਫਿਰ ਉਲਾਂਭਾ ਕਿਸ ਨੂੰ, ਦੋਸ਼ ਕਿਸ ਨੂੰ? ਜਦੋਂ ਦੀ ਗੁਰੂ ਨੇ ਇਹ ਸੋਝੀ ਬਖਸ਼ੀ ਹੈ, ਸਭ ਸੁਖ ਹੀ ਸੁਖ, ਅਨੰਦ ਹੀ ਅਨੰਦ ਹੈ। ਐਸੇ ਅਨੰਦ ਵਿਚ ਹੀ ਗੁਰੂ ਜੀ ਨੇ ਸਰੀਰਕ ਚੋਲਾ ਛੱਡਿਆ, ਸ਼ਾਂਤ ਚਿਤ ਅਡੋਲ, ਬ੍ਰਹਮਲੀਨ ਸਹਿਜ-ਮੂਰਤ ਪੰਜਵੀਂ ਜੋਤਿ ਨੇ।

ਅਸੀਂ ਉਪਰ ਤੁਜ਼ਕੇ ਜਹਾਂਗੀਰੀ ਦਾ ਜ਼ਿਕਰ ਕੀਤਾ ਹੈ ਇਸ ਵਿਚ ਕੁਝ ਗੱਲਾਂ ਇਤਿਹਾਸਕ ਦ੍ਰਿਸ਼ਟੀ ਤੋਂ ਦਰੁਸਤ ਨਹੀਂ ਜਾਪਦੀਆਂ। ਇਸ ਵਿਚ ਲਿਖਿਆ ਹੈ, ਗੁਰੂ ਜੀ ਦਾ ਘਰ ਘਾਟ ਅਤੇ ਬੱਚੇ ਮੁਰਤਜ਼ਾਖਾਨ ਦੇ ਹਵਾਲੇ ਕਰ ਦਿਤੇ ਗਏ ਅਤੇ ਮਾਲ ਅਸਬਾਬ ਜ਼ਬਤ ਕਰ ਲਿਆ ਗਿਆ। ਹੁਕਮ ਦੇ ਇਸ ਹਿੱਸੇ ਦੀ ਪਾਲਨਾ ਨਹੀਂ ਹੋਈ, ਕੋਈ ਮਾਲ ਅਸਬਾਬ ਜ਼ਬਤ ਨਹੀਂ ਹੋਇਆ, ਨਾ ਘਰ ਘਾਟ ਨੂੰ ਨੁਕਸਾਨ ਹੋਇਆ, ਸਗੋਂ ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਤੇ ਸਸ਼ੋਭਤ ਕੀਤਾ ਗਿਆ ਅਤੇ ਉਨ੍ਹਾਂ ਨੇ ਜ਼ੁਲਮ ਨੂੰ ਰੋਕਣ ਲਈ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਅਕਾਲ ਤਖਤ ਦੀ ਰਚਨਾ ਕੀਤੀ ਅਤੇ ਸਿੱਖਾਂ ਨੂੰ ਸ੍ਵੈ-ਰੱਖਿਆ ਲਈ ਅਤੇ ਜ਼ੁਲਮ ਨੂੰ ਰੋਕਣ ਲਈ ਸ਼ਸਤਰਧਾਰੀ ਹੋਣ ਦਾ ਉਪਦੇਸ਼ ਕੀਤਾ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਜਹਾਂਗੀਰ ਨਾਲੋਂ ਕਿਤੇ ਵੱਧ ਇਸ ਸਾਜਸ਼ ਵਿਚ ਸ਼ਾਮਲ ਸਨ, ਕੱਟੜਵਾਦੀ ਉਹ ਲੋਕ ਜਿਹੜੇ ਅਕਬਰ ਦੀ ਸਹਿਨਸ਼ੀਲਤਾ ਅਤੇ ਸੁਲਾਹਕੁਲ ਨੀਤੀ ਨਾਲ ਨਾਖੁਸ਼ ਸਨ। ਇਨ੍ਹਾਂ ਨੇ ਸ਼ਹਿਜ਼ਾਦਾ ਸਲੀਮ ਦੀ ਸਹਾਇਤਾ ਇਸ ਸ਼ਰਤ ਤੇ ਕਰਨੀ ਮੰਨੀ ਸੀ ਕਿ ਉਹ ਤਖਤ ਹਾਸਲ ਕਰਨ ਉਪਰੰਤ ਇਸਲਾਮ ਦੀ ਬੜੌਤਰੀ ਲਈ ਹਰ ਕਦਮ ਚੁੱਕੇਗਾ। ਸ਼ੈਖ ਅਹਿਮਦ ਸਰਹੰਦੀ ਦੀਆਂ ਚਿੱਠੀਆਂ, 'ਮਕਤੂਬਾਤ-ਏ-ਇਮਾਮ-ਰਬਾਨੀ ਵਿਚ ਗੈਰ-ਮੁਸਲਮਾਨਾਂ ਲਈ ਅਤਿ ਦੀ ਨਫਰਤ ਅਤੇ ਘਿਰਣਾ ਪ੍ਰਤੱਖ ਦਿਸਦੀ ਹੈ। ਇਕ ਚਿੱਠੀ ਵਿਚ ਉਹ ਗੁਰੂ ਜੀ ਨੂੰ 'ਇਮਾਮ-ਏ-ਕਾਫਰ' ਕਹਿੰਦਾ ਹੈ। ਸ਼ੈਖ ਅਹਿਮਦ ਸਰਹੰਦੀ ਦੇ ਨਾਲ ਰਲਿਆ ਜਰਨੈਲ ਸੈਖ ਫਰੀਦ ਬੁਖਾਰੀ ਜਿਸ ਨੇ ਖੁਸਰੋ ਦਾ ਪਿੱਛਾ ਕੀਤਾ, ਉਸ ਨੂੰ ਹਾਰ ਦਿਤੀ ਅਤੇ 27 ਅਪ੍ਰੈਲ 1606 ਨੂੰ ਚਿਨਾਬ ਦੇ ਨੇੜਿਓਂ ਭੈਰੋਵਾਲ ਤੋਂ ਬੰਦੀ ਬਣਾ ਕੇ ਲਾਹੌਰ ਜਹਾਂਗੀਰ ਸਾਮ੍ਹਣੇ ਪੇਸ਼ ਕੀਤਾ। ਇਸ ਮਹਾਨ ਸੇਵਾ ਤੇ ਜਹਾਂਗੀਰ ਬਹੁਤ ਖੁਸ਼ ਸੀ ਅਤੇ ਉਸ ਨੂੰ 'ਮੁਰਤਜ਼ਾਖਾਨ' ਦੇ ਲਕਬ ਨਾਲ ਸਨਮਾਨਤ ਕੀਤਾ। ਇਨ੍ਹਾਂ ਨਾਲ ਤੀਜੀ ਧਿਰ ਸੀ, ਚੰਦੂ ਅਹਿਲਕਾਰ ਜੋ ਗੁਰੂ ਘਰ ਤੋਂ ਬਹੁਤ ਦੁਖੀ ਸੀ ਤੇ ਬਦਲੇ ਦੀ ਅੱਗ ਵਿਚ ਸੜ ਰਿਹਾ ਸੀ। ਸੋ ਸ਼ੈਖ ਅਹਿਮਦ ਸਰਹੰਦੀ ਅਤੇ ਸ਼ੈਖ ਫਰੀਦ ਬੁਖਾਰੀ ਨੇ ਰਲ ਕੇ ਇਹ ਕਹਾਣੀ ਘੜੀ ਕਿ ਗੁਰੂ ਜੀ ਨੇ ਖੁਸਰੋ ਨੂੰ ਗੋਇੰਦਵਾਲ ਵਿਖੇ ਪਨਾਹ ਦਿਤੀ ਅਤੇ ਉਸ ਦੇ ਮੱਥੇ ਤੇ ਟਿੱਕਾ ਲਾਇਆ ਜੋ ਸਰਾਸਰ ਗਲਤ ਇਲਜ਼ਾਮ ਸੀ। ਸੰਭਵ ਹੈ ਕਿ ਤੁਜ਼ਕੇ-ਜਹਾਂਗੀਰੀ ਦੀ ਇਹ ਇਬਾਰਤ ਵੀ ਇਨ੍ਹਾਂ ਅਹਿਲਕਾਰਾਂ ਦੀ ਕਾਰਸਤਾਨੀ ਹੋਵੇ। ਇਹ ਲੋਕ ਗੁਰੂ ਜੀ ਦੀ 'ਸੱਚ ਦੀ ਲੋਕ ਲਹਿਰ' ਨੂੰ 'ਝੂਠ ਦੀ ਦੁਕਾਨ' ਗਰਦਾਨ ਕੇ ਖਤਮ ਕਰਨ ਲਈ ਬਹੁਤ ਸਮੇਂ ਤੋਂ ਕਾਹਲੇ ਸਨ ਅਤੇ ਹੁਣ ਜਦੋਂ ਖੁਸਰੋ ਨੂੰ ਪਨਾਹ ਦੇਣ ਦਾ ਬਹਾਨਾ ਉਨ੍ਹਾਂ ਪਾਸ ਸੀ ਤਾਂ ਉਹ ਇਸਲਾਮ ਦੀ ਬੜੌਤਰੀ ਵਿਚ ਬਾਧਾ ਬਣੀ ਸਿੱਖ ਲਹਿਰ ਨੂੰ ਸਮਾਪਤ ਕਰਨ ਹਿਤ ਗੁਰੂ ਜੀ ਨੂੰ ਸਰੀਰਕ ਤੌਰ ਤੇ ਸ਼ਹੀਦ ਕਰਨ ਵਿਚ ਕਾਮਯਾਬ ਹੋ ਗਏ। ਪਰ ਸ਼ਾਇਦ ਜਿਸ ਮਕਸਦ ਲਈ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ, ਉਨ੍ਹਾਂ ਦਾ ਉਹ ਮਕਸਦ ਪੂਰਾ ਨਾ ਹੋਇਆ, ਸਗੋਂ ਵਿਪਰੀਤ ਇਸਦੇ ਸਿਖ ਲਹਿਰ ਨੇ ਇਕ ਨਵਾਂ ਮੋੜ ਕੱਟਿਆ ਅਤੇ ਨਾਮ ਜਪਣ ਵਾਲੀ, ਸੇਵਾ ਸਿਮਰਨ ਕਰਨ ਵਾਲੀ ਸਿੱਖ ਸੰਗਤ ਇਸ ਸ਼ਹੀਦੀ ਉਪਰੰਤ ਸੰਤ ਸਿਪਾਹੀ ਦੇ ਸਰੂਪ ਵਿਚ ਪ੍ਰਗਟ ਹੋਈ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ,

ਦਸਵੀਂ ਗੁਰੂ ਨਾਨਕ ਜੋਤਿ ਨੇ ਖੰਡੇ ਦੀ ਪਾਹੁਲ ਦੇ ਕੇ ਖਾਲਸਾ ਸਰੂਪ ਬਖਸ਼ਿਆ। ਇਸ ਤਰ੍ਹਾਂ ਖਾਲਸਾ ਪੰਥ ਦੀ ਉਸਾਰੀ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਬਹੁਤ ਵੱਡਾ ਮਹੱਤਵਪੂਰਨ ਯੋਗਦਾਨ ਹੈ। ਉਪਰੰਤ ਸਿਖ ਲਹਿਰ ਦੀ ਪਰੰਪਰਾ ਵਿਚ ਸੱਚ ਲਈ ਸ਼ਹੀਦ ਹੋਣ ਦਾ ਇਹ ਸਿਲਸਿਲਾ ਨਿਰੰਤਰ ਜਾਰੀ ਰਿਹਾ।

ਜਿੰਨੀ ਮਹਾਨ ਸਖਸ਼ੀਅਤ ਹੁੰਦੀ ਹੈ, ਓਨਾ ਜ਼ਿਆਦਾ ਹੀ ਉਸਦੀ ਕੁਰਬਾਨੀ ਦਾ ਪ੍ਰਤੀਕਰਮ ਹੁੰਦਾ ਹੈ। ਹਰ ਸਮੇਂ ਸ਼ਾਂਤੀ, ਸਹਿਜ, ਅਡੋਲਤਾ ਵਿਚ ਵਿਚਰਨ ਵਾਲੇ ਪਰਮਾਤਮ ਸਰੂਪ ਗੁਰੂ ਅਰਜਨ ਦੇਵ ਦੀ ਮਹਾਨ ਸਖਸ਼ੀਅਤ ਦੇ ਦਰਸ਼ਨ ਉਨ੍ਹਾਂ ਦੀ ਕਥਨੀ ਅਤੇ ਕਰਨੀ ਤੋਂ ਪ੍ਰਤੱਖ ਹੁੰਦੇ ਹਨ। ਆਪ ਜੀ ਦੀ ਬਾਣੀ ਵਿਚ ਆਪ ਜੀ ਦਾ ਬ੍ਰਹਮ-ਸਰੂਪ ਝਲਕਦਾ ਹੈ, ਸਹਿਣਸ਼ੀਲਤਾ ਦੀ ਮੂਰਤ, ਸੀਲ ਸੁਭਾਉ, ਸ਼ਤਰੂ ਤੇ ਮਿਤਰ ਨੂੰ ਇਕ ਰੂਪ ਜਾਣਨ ਵਾਲੇ ਸਤਿਗੁਰੂ ਆਪਣੀ ਬਾਣੀ ਵਿਚ ਸੰਤ ਜਨ ਦੀ ਐਸੀ ਹੀ ਪਰਿਭਾਸ਼ਾ ਦਸਦੇ ਹਨ -

*ਸਹਣ ਸੀਲ ਸੰਤੰ, ਸਮ ਮਿਤ੍ਰਸ ਦੁਰਜਨਹ।*
*ਨਾਨਕ ਭੋਜਨ ਅਨਿਕ ਪ੍ਰਕਾਰੇਣ*
*ਨਿੰਦਕ ਆਵਧ ਹੋਇ ਉਪਤਿਸਟਤੇ॥* ਪੰਨਾ - 1356

ਅਰਥਾਤ ਸੰਤ ਜਨਾਂ ਨੂੰ ਮਿਤ੍ਰ ਅਤੇ ਦੁਰਜਨ ਇਕ ਸਮਾਨ ਹੁੰਦੇ ਹਨ। ਦੂਜਿਆਂ ਦੀ ਵਧੀਕੀ ਨੂੰ ਸਹਾਰਨਾ - ਇਹ ਉਨ੍ਹਾਂ ਦਾ ਸੁਭਾਉ ਬਣ ਜਾਂਦਾ ਹੈ। ਹੇ ਨਾਨਕ! ਮਿਤ੍ਰ ਤਾਂ ਅਨੇਕਾਂ ਕਿਸਮਾਂ ਦੇ ਭੋਜਨ ਲੈ ਕੇ ਆਉਂਦੇ ਹਨ ਪਰ ਨਿੰਦਕ (ਉਨ੍ਹਾਂ ਨੂੰ ਮਾਰਨ ਵਾਸਤੇ) ਸ਼ਸ਼ਤ੍ਰ ਲੈ ਕੇ ਆਉਂਦੇ ਹਨ। ਸੰਤ ਜਨ ਦੋਹਾਂ ਨੂੰ ਪਿਆਰ ਦੀ ਦ੍ਰਿਸ਼ਟੀ ਨਾਲ ਤਕਦੇ ਹਨ।

ਆਪ ਨਿਰਸੰਦੇਹ ਪੂਰਨ ਪੁਰਸ਼ ਸਨ। ਆਪ ਜੀ ਨੇ ਬਾਣੀ ਸਹਸਕ੍ਰਿਤੀ ਸਲੋਕਾਂ (ਸ਼ਲੋਕ ਨੰਬਰ 40) ਵਿਚ ਪੂਰਨ ਪੁਰਸ਼ ਦੇ ਛੇ ਲੱਛਣ ਦੱਸੇ ਹਨ - 1. ਪਰਮਾਤਮਾ ਨੂੰ ਸਰਬ ਵਿਆਪਕ ਜਾਣ ਕੇ ਉਸ ਵਿਚ ਸੁਰਤਿ ਜੋੜਨੀ ਅਤੇ ਰਸਨਾ ਨਾਲ ਉਸਦਾ ਨਾਮ ਜਪਣਾ।

2. ਸੁਖਾਂ ਦੁਖਾਂ ਨੂੰ ਇਕੋ ਜਿਹਾ ਸਮਝਣਾ ਅਤੇ ਪਵਿੱਤਰ ਤੇ ਵੈਰ ਰਹਿਤ ਜੀਵਨ ਜੀਉਣਾ।

3. ਸਾਰੇ ਜੀਵਾਂ ਨਾਲ ਪਿਆਰ ਹਮਦਰਦੀ ਰਖਣੀ ਅਤੇ ਕਾਮਾਦਿਕ ਪੰਜਾਂ ਵਿਕਾਰਾਂ ਤੋਂ ਬਚੇ ਰਹਿਣਾ।

4. ਪ੍ਰਮਾਤਮਾ ਦੀ ਸਿਫਤ ਸਾਲਾਹ ਨੂੰ ਜ਼ਿੰਦਗੀ ਦਾ ਆਸਰਾ ਬਣਾਉਣਾ ਅਤੇ ਮਾਇਆ ਤੋਂ ਇਉਂ ਨਿਰਲੇਪ ਰਹਿਣਾ ਜਿਵੇਂ ਕੌਲ ਫੁੱਲ ਪਾਣੀ ਤੋਂ।

5. ਸੱਜਣ ਤੇ ਵੈਰੀ ਨਾਲ ਇਕੋ ਜਿਹਾ ਪ੍ਰੇਮ-ਭਾਵ ਰਖਣਾ ਤੇ ਪਰਮਾਤਮ- ਭਗਤੀ ਵਿਚ ਪਿਆਰ ਬਣਾਉਣਾ।

6. ਪਰਾਈ ਨਿੰਦਿਆ ਕੰਨਾਂ ਨਾਲ ਨਾ ਸੁਣਨੀ ਅਤੇ ਆਪਾ ਭਾਵ ਤਿਆਗ ਕੇ ਸਭ ਦੇ ਚਰਨਾਂ ਦੀ ਧੂੜ ਬਣਨਾ। ਇਨ੍ਹਾਂ ਛੇ ਗੁਣਾਂ ਦੇ ਧਾਰਨੀ ਨੂੰ ਹੀ ਅਸਲ ਸਾਧ, ਗੁਰਮੁਖਿ ਅਤੇ ਪੂਰਨ ਪੁਰਸ਼ ਕਹਿ ਸਕਦੇ ਹਾਂ -

*ਮੰਤ੍ਰੰ ਰਾਮ ਰਾਮ ਨਾਮੰ ਧਾਨੰ ਸਰਬਤ੍ਰ ਪੂਰਨਹ॥*
*ਗਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥*
*ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥*
*ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥*
*ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥*
*ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ॥*
*ਖਟ ਲਖਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ॥*
ਪੰਨਾ - 1357

ਆਪ ਜੀ ਦੀ ਪਰਮ ਸਖਸ਼ੀਅਤ ਦਾ ਇਕ ਪ੍ਰਮਾਣੀਕ ਪ੍ਰਮਾਣ ਭੱਟਾਂ ਦੇ ਸਵੱਈਏ ਹਨ। ਭੱਟਾਂ ਨੇ ਆਪਣੀ ਬਾਣੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਉਚਾਰੀ ਸੀ ਤਦੋਂ ਗੁਰੂ ਜੀ ਗੋਇੰਦਵਾਲ ਸਨ। ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾ ਚੁੱਕੇ ਸਨ ਅਤੇ ਉਨ੍ਹਾਂ ਤੋਂ ਪਿਛੋਂ ਗੁਰੂ ਅਰਜਨ ਦੇਵ ਜੀ ਨੂੰ ਗੁਰ-ਸਿੰਘਾਸਨ ਤੇ ਬੈਠਿਆਂ ਥੋੜ੍ਹਾ ਹੀ ਸਮਾਂ ਹੋਇਆ ਸੀ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਭੱਟ ਬਾਣੀ ਨੂੰ ਪੂਰਾ ਆਦਰਮਾਣ ਬਖਸ਼ਦਿਆਂ ਗੁਰੂ ਮਹਾਰਾਜ ਜੀ ਨੇ ਭੱਟ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ। ਭੱਟਾਂ ਦੇ ਸਵਈਏ ਗੁਰਮਤਿ ਦੇ ਕਈ ਸਿਧਾਂਤ ਰੂਪਮਾਨ ਕਰਦੇ ਹਨ। ਭੱਟਾਂ ਨੇ ਇਹ ਨਿਸ਼ਚਾ ਵੀ ਪੱਕਾ ਕੀਤਾ ਹੈ ਕਿ ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਦੇਵ ਜੀ ਦੀ ਹੀ ਪੰਜਵੀਂ ਜੋਤ ਸਨ -

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ।*
*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ।*
*ਅੰਗਦਿ ਕਿਰਪਾ ਧਾਰਿ, ਅਮਰੁ ਸਤਿਗੁਰੁ ਥਿਰੁ ਕੀਅਉ।*
*ਅਮਰਦਾਸਿ ਅਮਰਤੁ ਛਤ੍ਰ ਗੁਰ ਰਾਮਹਿ ਦੀਅਉ।*
*ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ।*
*ਮੂਰਤਿ ਪੰਚ ਪ੍ਰਮਾਣੁ ਪੁਰਖੁ ਗੁਰ ਅਰਜੁਨੁ ਪਿਖਹੁ ਨਯਣ।*

ਮਥੁਰਾ ਭੱਟ ਅਨੁਸਾਰ ਗੁਰੂ ਅਰਜਨ ਦੇਵ ਜੀ ਵਿਚ ਪਰਮਾਤਮਾ ਖੁਦ ਨਾਮ-ਰੂਪ ਹੋ ਕੇ ਸੰਸਾਰ ਵਿਚ ਪ੍ਰਗਟ ਹੋਏ, ਆਪ ਸ਼ਾਂਤੀ ਦਾ ਸੋਮਾ ਹਨ, ਹਰੀ ਦਾ ਨਿਰਮਲ ਰੂਪ ਆਪ ਜੀ ਦੇ ਮਨ, ਬਚ, ਕਰਮ ਰਾਹੀਂ ਰੂਪਮਾਨ ਹੋ ਰਿਹਾ ਹੈ, ਆਪ ਜੀ ਸਾਖਿਆਤ ਅਕਾਲਪੁਰਖ ਹਨ -

*ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿ ਨਾਮ ਉਧਾਰਨੁ॥*
*ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ਰ ਨਿਵਾਰਨੁ॥*
*ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ॥*
*ਮਨ ਬਚ ਜਿਨਿ ਜਾਣਿਅਉ, ਭਯਉ ਤਿਹ ਸਮਸਰਿ ਸੋਈ॥*
*ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥*
*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ॥*
ਪੰਨਾ - 1409

ਐਸੇ ਮਹਾਨ ਸਤਿਗੁਰੂ ਦੀ ਸ਼ਹਾਦਤ ਨੇ ਸੱਚ ਧਰਮ, ਨਿਆਂ, ਪਰਸਪਰ ਮਨੁੱਖੀ ਸਾਂਝ, ਭਰਾਤਰੀ ਭਾਵ ਅਤੇ ਅੰਮ੍ਰਿਤਮਈ ਨਾਮ ਬਾਣੀ ਦਾ ਪਾਸਾਰ ਕਰਦੀ ਸਿਖ ਲਹਿਰ (ਨਿਰਮਲ ਪੰਥ) ਦੀਆਂ ਨੀਹਾਂ ਨੂੰ ਸਦੀਵ ਕਾਲ ਲਈ ਸਥਿਰਤਾ ਬਖਸ਼ਿਸ਼ ਕੀਤੀ।

### ਗੁਰੂ ਗ੍ਰੰਥ ਸੰਪਾਦਨਾ -

ਅੱਜ ਸਮੂੰਹ ਸਿੱਖ ਪੰਥ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਰੂਪ ਮੰਨ ਕੇ ਅਗਵਾਈ ਲੈਂਦਾ ਹੈ। ਇਹ ਮਹਾਨ ਦੇਣ ਗੁਰੂ ਅਰਜਨ ਦੇਵ ਜੀ ਦੀ ਹੈ। ਕੇਵਲ ਸਿੱਖਾਂ ਲਈ ਹੀ ਨਹੀਂ, ਸਗੋਂ ਸਮੂੰਹ ਮਨੁੱਖਤਾ ਲਈ, ਪੂਰਬ ਅਤੇ ਪੱਛਮ ਵਿਚ ਵਸਦੇ ਹਰੇਕ ਮਨੁੱਖ ਮਾਤਰ ਲਈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਆਤਮਿਕ ਸੁਖ, ਸ਼ਾਂਤੀ, ਸਹਿਜ, ਟਿਕਾਉ, ਵਿਗਾਸ, ਅਨੰਦ ਬਖਸ਼ਦੀ ਹੈ, ਦੁਖਾਂ

ਕਲੇਸ਼ਾਂ, ਚਿੰਤਾਵਾਂ, ਵੈਰ-ਵਿਰੋਧਾਂ ਤੋਂ ਮੁਕਤ ਕਰਦੀ ਹੈ ਅਤੇ 'ਗੋਬਿੰਦ ਮਿਲਣ' ਦਾ ਅਵਸਰ ਬਖਸ਼ਿਸ਼ ਕਰਦੀ ਹੈ। ਇਸਦੀ ਸੰਪਾਦਨਾ 1604 ਈ. ਵਿਚ ਸੰਪੰਨ ਹੋਈ। ਇਸ ਵਿਚ ਪ੍ਰਾਪਤ ਬਾਣੀ ਦੀ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ -

1430 ਪੰਨਿਆਂ ਦੇ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੀ ਬਾਣੀ ਮੂਲਮੰਤ੍ਰ ਅਤੇ ਜਪੁਜੀ ਹੈ, ਦੂਜੀ ਸੋਦਰੁ (ਅਤੇ ਸੋ ਪੁਰਖ) ਜਿਸ ਨੂੰ ਰਹਿਰਾਸ ਸਾਹਿਬ ਵੀ ਕਿਹਾ ਜਾਂਦਾ ਹੈ, ਇਹ ਸ਼ਾਮ ਨੂੰ ਪੜ੍ਹੀ ਜਾਂਦੀ ਹੈ, ਤੀਜੀ ਬਾਣੀ 'ਸੋਹਿਲਾ' ਹੈ ਜਿਸ ਦਾ ਪਾਠ ਸੌਣ ਸਮੇਂ ਕੀਤਾ ਜਾਂਦਾ ਹੈ। ਇਸ ਤੋਂ ਪਿਛੋਂ ਸਾਰੀ ਬਾਣੀ 31 ਰਾਗਾਂ ਅਨੁਸਾਰ ਦਰਜ ਕੀਤੀ ਗਈ ਹੈ। 31 ਰਾਗ ਇਹ ਹਨ -

ਸਿਰੀਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਾਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ, ਜੈਜਾਵੰਤੀ। ਇਨ੍ਹਾਂ ਰਾਗਾਂ ਦੀਆਂ ਵੀ ਅਨੇਕ ਕਿਸਮਾਂ ਦਿਤੀਆਂ ਹਨ ਜਿਵੇਂ ਗਉੜੀ ਗੁਆਰੇਰੀ, ਚੇਤੀ, ਬੈਰਾਗਣਿ, ਪੂਰਬੀ, ਮਾਲਵਾ, ਦਖਣੀ ਆਦਿ। ਰਾਗਾਂ ਦੇ ਖਤਮ ਹੋਣ ਤੇ ਹੇਠ ਲਿਖੀਆਂ ਬਾਣੀਆਂ ਦਰਜ ਹਨ -

ਸ਼ਲੋਕ ਸਹਸ ਕਿਰਤੀ ਮਹਲਾ ੧ (4); ਮਹਲਾ ੫ (67) ਗਾਥਾ ਮ. ੫, ਫੁਨਹੇ ਮ. ੫, ਚਉਬੋਲੇ ਮ. ੫, ਸ਼ਲੋਕ ਕਬੀਰ (243) ਸ਼ਲੋਕ ਸ਼ੇਖ ਫਰੀਦ (130) ਸਵੱਯੇ ਸ੍ਰੀ ਮੁੱਖ ਵਾਕ ਮ. ੫ (20), ਸਵੱਈਏ ੧੧ ਭੱਟਾਂ ਦੇ (123); ਸ਼ਲੋਕ ਵਾਰਾਂ ਤੇ ਵਧੀਕ (152) ਸ਼ਲੋਕ ਮਹਲਾ ੯ (57) ਮੁੰਦਾਵਣੀ ਮਹਲਾ ੫ ਅਤੇ ਰਾਗਮਾਲਾ।

ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ -

ਗੁਰੂ ਨਾਨਕ ਦੇਵ ਜੀ (ਸ਼ਬਦ 209, ਅਸ਼ਟਪਦੀਆਂ 123, ਛੰਤ 25, ਕੁਲ 357; ਗੁਰੂ ਅੰਗਦ ਦੇਵ ਜੀ ਦੇ ਕੇਵਲ ਸ਼ਲੋਕ ਹਨ ;

ਗੁਰੂ ਅਮਰਦਾਸ ਜੀ ਸ਼ਬਦ 172+ਅਸ਼ਟਪਦੀਆਂ 123+ਛੰਤ 19 = 270;

ਗੁਰੂ ਰਾਮਦਾਸ ਜੀ - ਸ਼ਬਦ 264 + ਅਸ਼ਟਪਦੀਆਂ 58 + ਛੰਤ 38 = 360;

ਗੁਰੂ ਅਰਜਨ ਦੇਵ ਜੀ - ਸ਼ਬਦ 1322 + ਅਸ਼ਟਪਦੀਆਂ 45 + ਛੰਤ 63 = 1430 ਗੁਰੂ ਤੇਗ ਬਹਾਦਰ ਜੀ ਦੇ 59 ਸ਼ਬਦ ਅਤੇ 57 ਸ਼ਲੋਕ ਦਰਜ ਹਨ। ਸ਼ਬਦਾਂ ਦਾ ਕੁਲ ਜੋੜ 2476 ਹੈ। ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਦਰਜ ਹਨ - ਗੁਰੂ ਨਾਨਕ ਦੇਵ ਜੀ ਦੀਆਂ ਤਿੰਨ, ਗੁਰੂ ਅਮਰਦਾਸ ਜੀ ਦੀਆਂ 4, ਗੁਰੂ ਰਾਮਦਾਸ ਜੀ ਦੀਆਂ 8, ਗੁਰੂ ਅਰਜਨ ਦੇਵ ਜੀ ਦੀਆਂ 6 ਅਤੇ ਸੱਤੇ ਬਲਵੰਡੇ ਦੀ ਇਕ ਵਾਰ ਪ੍ਰਾਪਤ ਹੈ।

ਗੁਰੂ ਸਾਹਿਬਾਨ ਤੋਂ ਬਿਨਾਂ ਜਿਨ੍ਹਾਂ 15 ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਹੈ, ਉਨ੍ਹਾਂ ਦੇ ਨਾਮ ਇਹ ਹਨ - ਕਬੀਰ ਜੀ 224, ਨਾਮਦੇਵ ਜੀ 61, ਰਵਿਦਾਸ ਜੀ 40, ਤ੍ਰਿਲੋਚਨ ਜੀ 4, ਫਰੀਦ ਜੀ 4, ਬੇਣੀ ਜੀ 3, ਧੰਨਾ ਜੀ 3, ਜੈਦੇਵ ਜੀ 2, ਭੀਖਨ ਜੀ 2, ਸੂਰਦਾਸ ਜੀ 1, ਪਰਮਾਨੰਦ 1, ਸੈਣ ਜੀ 1, ਪੀਪਾ ਜੀ 1, ਸਧਨਾ ਜੀ 1, ਰਾਮਾਨੰਦ ਜੀ 1, ਬਾਬਾ ਸੁੰਦਰ ਜੀ ਦੀ ਬਾਣੀ 'ਸਦੁ' ਰਾਗ ਰਾਮਕਲੀ ਵਿਚ ਹੈ।

ਇਸ ਤੋਂ ਇਲਵਾ ਨਿਮਨ ਭੱਟਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ -

ਕਲਸਹਾਰ, ਜਾਲਪ, ਕੀਰਤ, ਭਿੱਖਾ, ਸਲ੍ਹ, ਭਲ੍ਹ, ਨਲ੍ਹ, ਬਲ੍ਹ, ਗਯੰਦ, ਮਥੁਰਾ, ਹਰਿਬੰਧ

ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਹੀ ਗੁਰੂ ਅਰਜਨ ਦੇਵ ਜੀ ਦੀ ਵਿਸ਼ਾਲਤਾ ਅਤੇ ਸੁਹਿਰਦਤਾ ਦਾ ਪ੍ਰਮਾਣ ਹੈ। ਇਸ ਵਿਚ ਕੇਵਲ 6 ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ ਜਦ ਕਿ ਭਗਤਾਂ ਦੀ ਗਿਣਤੀ 15+1 = 16 ਹੈ ਅਤੇ ਭੱਟਾਂ ਦੀ ਬਾਣੀ ਵੀ ਸੰਮਿਲਤ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਇਹ ਸੁਹਿਰਦਤਾ, ਵਿਸ਼ਾਲਤਾ, ਸਮੂੰਹ ਮਨੁੱਖੀ ਭਾਈਚਾਰੇ ਦਾ ਅਮੀਰ ਵਿਰਸਾ ਹੈ।

ਅਦਾਰਾ 'ਆਤਮ ਮਾਰਗ' ਇਸ ਅਮੀਰ ਵਿਰਸੇ ਨੂੰ ਸਰਬ ਮਨੁੱਖਤਾ ਤਕ ਪੁਜਦਾ ਕਰਨ ਲਈ ਯਤਨਸ਼ੀਲ ਹੈ। ਅੱਜ ਮਨੁੱਖਤਾ ਕੂੜ ਦੀ ਪ੍ਰਧਾਨਤਾ ਤੋਂ ਬਹੁਤ ਦੁਖੀ ਹੈ, ਸੱਚ ਦਾ ਚੰਦਰਮਾ ਦਿਸ ਨਹੀਂ ਆਉਂਦਾ। ਇਸ ਲਈ ਲੋਕ ਮਨਾਂ ਨੂੰ ਅਸ਼ਾਂਤੀ, ਚਿੰਤਾ, ਦੁਖਾਂ ਨੇ ਘੇਰਿਆ ਹੋਇਆ ਹੈ। ਗੁਰੂ ਅਰਜਨ ਦੇਵ ਜੀ ਦੀ ਇਕੋ ਰਚਨਾ 'ਸੁਖਮਨੀ' ਸਾਰੇ ਸੰਸਾਰ ਵਿਚ ਸੁਖ, ਸ਼ਾਂਤੀ, ਸਹਿਜ ਅਤੇ ਅਨੰਦ ਦਾ ਵਾਤਾਵਰਣ ਪੈਦਾ ਕਰਨ ਦੇ ਸਮਰੱਥ ਹੈ। ਗੁਰਬਾਣੀ ਦੇ ਪਾਸਾਰ ਹਿਤ ਹੀ 'ਆਤਮ ਮਾਰਗ' ਮੈਗਜ਼ੀਨ ਅਤੇ ਸੰਤ ਮਹਾਰਾਜ ਜੀ ਦੀਆਂ ਹੋਰ ਪੁਸਤਕਾਂ, ਆਡੀਓ-ਵੀਡੀਓ ਕੈਸਟਾਂ ਤਿਆਰ ਕੀਤੀਆਂ ਗਈਆਂ ਹਨ। ਇਨ੍ਹਾਂ ਦਾ ਇਕੋ ਮੰਤਵ ਮਨੁੱਖਤਾ ਦੀ ਸੇਵਾ ਹੈ, ਲੋਕਾਂ ਨੂੰ ਸੁਖ ਸ਼ਾਂਤੀ ਦੇ ਸੋਮੇ ਨਾਲ ਜੋੜਨਾ ਹੈ, ਕੋਈ ਨਿਜੀ ਲਾਭ ਨਹੀਂ, ਕੋਈ ਆਰਥਕ ਲਾਭ ਨਹੀਂ, ਸਗੋਂ ਲਾਗਤ ਤੋਂ ਵੀ ਘੱਟ ਕੀਮਤ ਤੇ ਇਹ ਅਨਮੋਲ ਵਸਤੂਆਂ ਦੇਸ ਬਿਦੇਸ਼ ਵਿਚ ਦੂਰ-ਦੂਰ ਤਕ ਪਹੁੰਚਾਉਣ ਲਈ ਯਤਨ ਕਰਨੇ ਹਨ। ਅਸੀਂ ਸਭ ਦਾ ਪ੍ਰਮੁੱਖ ਫਰਜ਼ ਬਣਦਾ ਹੈ ਕਿ ਸੱਚ ਦਾ, ਨਾਮ ਬਾਣੀ ਦਾ ਪ੍ਰਚਾਰ ਅਤੇ ਪਾਸਾਰ ਕਰੀਏ ਤਾਂ ਹੀ ਸਾਡਾ ਜੀਵਨ ਸਫਲ ਹੈ। ਇਹ ਡਿਊਟੀ ਸਾਡੀ ਗੁਰੂ ਮਹਾਰਾਜ ਨੇ ਲਾਈ ਹੈ -

***ਵਿਚਿ ਦੁਨੀਆ ਸੇਵ ਕਮਾਈਐ॥***<br>
***ਤਾ ਦਰਗਹ ਬੈਸਣੁ ਪਾਈਐ॥***<br>
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26***

ਜੋ ਆਪ ਨਾਮ ਨਾਲ ਜੁੜਦੇ ਹਨ ਅਤੇ ਦੂਜਿਆਂ ਨੂੰ ਜੋੜਦੇ ਹਨ, ਗੁਰੂ ਜੀ ਉਨ੍ਹਾਂ ਨੂੰ ਅਥਾਹ ਮਾਣ ਅਤੇ ਵਡਿਆਈ ਬਖਸ਼ਦੇ ਹਨ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***<br>
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 305***

***(ਡਾ.) ਜਗਜੀਤ ਸਿੰਘ***<br>
***ਮੁੱਖ ਸੰਪਾਦਕ, ਆਤਮ ਮਾਰਗ***

# ਅਗੰਮ ਅਗੋਚਰ ਦਾ ਮਾਰਗ - 15

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਲੋਕ ਲਾਜ ਦੀ ਅਧਿਆਤਮਕ ਇਤਿਹਾਸ ਵਿਚ ਕਥਾ ਆਉਂਦੀ ਹੈ ਕਿ ਸ੍ਰੀ ਰਾਮ ਚੰਦਰ ਜੀ ਸੀਤਾ ਜੀ ਨੂੰ ਵਾਪਸ ਲਿਆਉਣ ਲਈ ਰਾਵਣ ਨਾਲ ਇਕ ਬਹੁਤ ਭਿਆਨਕ ਯੁੱਧ ਵਿਚ ਉਲਝ ਗਏ। ਰਾਵਣ ਦਾ ਬੱਧ ਕੀਤਾ। ਸੀਤਾ ਜੀ ਨੂੰ ਰਾਵਣ ਦੇ ਬਾਗ ਵਿਚੋਂ ਬਹੁਤ ਪਿਆਰ ਸਤਿਕਾਰ ਨਾਲ ਲਿਆਂਦਾ ਪਰ ਉਹ ਜਾਣਦੇ ਸਨ ਕਿ ਬਹੁਤ ਸਾਰਿਆਂ ਦੇ ਮਨ ਵਿਚ ਇਹ ਭਰਮ ਹੈ ਕਿ ਨੌਂ ਮਹੀਨੇ ਸੀਤਾ ਰਾਵਣ ਦੇ ਬਾਗ ਵਿਚ ਰਹੀ, ਪਤਾ ਨਹੀਂ ਇਸ ਦੇ ਚਰਿੱਤਰ ਵਿਚ ਕੀ ਦਾਗ ਲੱਗਿਆ ਹੋਣਾ ਹੈ?

ਲੋਕਾਂ ਦੇ ਇਸ ਸ਼ੰਕੇ ਨੂੰ ਨਵਿਰਤ ਕਰਨ ਲਈ ਆਪ ਨੇ ਸੀਤਾ ਜੀ ਦੀ ਅਗਨ ਪ੍ਰੀਕਸ਼ਾ ਲਈ। ਉਹ ਅਗਨ ਵਿਚੋਂ ਐਉਂ ਲੰਘ ਗਈ ਜਿਵੇਂ ਕਿਸੇ ਠੰਢੇ ਮੈਦਾਨ ਵਿਚੋਂ ਲੰਘੀ ਹੋਵੇ ਅਤੇ ਸੀਤਾ ਜੀ ਦਾ ਚਿਹਰਾ ਦਗ-ਦਗ ਕਰ ਰਿਹਾ ਸੀ। ਸੋ ਲੋਕ ਖੁਸ਼ ਹੋ ਗਏ ਕਿ ਸੀਤਾ ਜੀ ਪਵਿੱਤਰ ਹਨ।

ਸੀਤਾ ਜੀ ਨੇ ਸਾਰਾ ਸਮਾਂ ਰਾਮ ਜੀ ਦੇ ਵਿਛੋੜੇ ਵਿਚ ਕੱਟਿਆ ਅਤੇ ਰਾਮ ਜੀ ਦੇ ਪਿਆਰ ਤੋਂ ਬਿਨਾਂ ਇਕ ਸ੍ਵਾਸ ਵੀ ਨਹੀਂ ਲੈ ਰਹੀ ਸੀ, ਜਿਸ ਦੇ ਬਾਰੇ ਹਨੂੰਮਾਨ ਨਾਟਕ ਵਿਚ ਇਸ ਤਰ੍ਹਾਂ ਆਉਂਦਾ ਹੈ -

***ਔਹ ਹਨੂਮਾਨ ਕਹਿਓ ਰਘੁਬੀਰ***
***ਕਛੁ ਸੁਧ ਹੈ ਸੀਅ ਕੀ ਛਿਤ ਮਾਹੀ।***
***ਹੈ ਪ੍ਰਭ, ਲੰਕ ਕਲੰਕ ਬਿਨਾ ਸੁ ਬਸਹਿ,***
***ਤਰ ਰਾਵਣ ਬਾਗ ਕੀ ਛਾਹੀ।***
***ਜੀਵਤ ਹੈ?***
***ਕਹਿਬੇ ਹੀ ਕੋ ਨਾਥ!***
***ਸੋ ਕਿਉਂ ਨ ਮਰੀ ਹਮਰੇ ਬਿਛਰਾਹੀ?***
***ਪ੍ਰਾਨ ਵਸੇ ਪਦ ਪੰਕਜ ਮੈਂ,***
***ਜਮ ਆਵਤ ਹੈ ਪਰ ਪਾਵਤ ਨਾਹੀ।***

ਸ੍ਰੀ ਰਾਮ ਚੰਦਰ ਜੀ ਮਹਾਰਾਜ ਬਹੁਤ ਖੁਸ਼ੀਆਂ ਮਨਾਉਂਦੇ ਹੋਏ ਆਪਣੀਆਂ ਸਾਰੀਆਂ ਸਹਾਇਤਾ ਕਰਨ ਵਾਲੀਆਂ ਫੌਜਾਂ ਨੂੰ ਸੁਗਰੀਵ, ਹਨੂੰਮਾਨ ਸਮੇਤ ਦਿਲ ਖੋਲ੍ਹ ਕੇ ਇਨਾਮ ਵੰਡ ਰਹੇ ਹਨ। ਆਪ ਪੁਸ਼ਪ ਵਿਵਾਨ ਵਿਚ ਬੈਠ ਕੇ ਅਯੁੱਧਿਆ ਪਹੁੰਚਦੇ ਹਨ। ਅਯੁੱਧਿਆ ਵਾਸੀਆਂ ਨੇ ਬਹੁਤ ਖੁਸ਼ੀਆਂ ਮਨਾਈਆਂ, ਦੀਪਮਾਲਾ ਕੀਤੀਆਂ। ਉਸ ਦਿਨ ਤੋਂ ਦੀਵਾਲੀ ਦਾ ਜਨਮ ਹੋਇਆ ਜੋ ਬਹੁਤ ਹੀ ਧੂਮ-ਧਾਮ ਨਾਲ ਸਾਰੇ ਭਾਰਤ ਵਰਸ਼ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਵਧੀ ਦੀਆਂ ਤਾਕਤਾਂ ਉਪਰ ਸਤਿ ਨੇ ਫਤਿਹ ਪਾਈ ਸੀ। ਇਸੇ ਤਰ੍ਹਾਂ ਨਾਲ ਸਿੱਖਾਂ ਅੰਦਰ ਵਿਸਾਖੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਕਿਉਂਕਿ ਜ਼ਬਰ ਤੇ ਜ਼ੁਲਮ ਤੇ ਫਤਹਿ ਪਾ ਕੇ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਸ੍ਰੀ ਅੰਮ੍ਰਿਤਸਰ ਵਿਚ ਬਹੁਤ ਸਮੇਂ ਬਾਅਦ ਪਹੁੰਚੇ ਸਨ। ਉਸ ਸਮੇਂ ਉਨ੍ਹਾਂ ਨੇ ਬਹੁਤ ਹੀ ਦੁਖ ਪਾਉਂਦੇ, ਸਹਿਕ-ਸਹਿਕ ਕੇ ਮਰ ਰਹੇ 52 ਰਾਜਿਆਂ ਨੂੰ 52 ਕਲੀਆਂ ਵਾਲਾ ਚੋਲਾ ਪਾ ਕੇ ਬਚਾਇਆ ਸੀ। ਇਸ ਕੌਤਕ ਨੂੰ ਅਨੁਭਵ ਕਰਕੇ ਸਾਰੇ ਸੰਸਾਰ ਨੇ ਉਨ੍ਹਾਂ ਨੂੰ ਬੰਦੀ ਛੋੜ ਦਾ ਨਵਾਂ ਨਾਮ ਦਿਤਾ। ਉਹ ਇਥੇ ਵੀ ਬੰਦੀਆਂ ਨੂੰ ਛੁਡਾਉਂਦੇ ਹਨ ਅਤੇ ਦਰਗਾਹ ਵਿਚ ਵੀ ਜਦੋਂ ਅਸੀਂ ਆਪਣੇ ਕਰਮਾਂ ਕਰਕੇ ਬੰਨ੍ਹੇ ਹੋਵਾਂਗੇ ਉਥੇ ਵੀ ਸਤਿਗੁਰੂ ਨੇ ਸਾਡੀ ਸਹਾਇਤਾ ਕਰਨੀ ਹੈ ਜਿਵੇਂ ਕਿ ਫੁਰਮਾਨ ਹੈ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀਵਾਰ॥***

*ਪੰਨਾ - 1281*

ਸ੍ਰੀ ਰਾਮ ਚੰਦਰ ਜੀ ਮਹਾਰਾਜ ਦੇ ਅਯੁੱਧਿਆ ਪੁਜਣ ਤੇ ਸਾਰੇ ਦੇਸ਼ ਵਿਚ ਖੁਸ਼ੀਆਂ ਮਨਾਈਆਂ ਗਈਆਂ। ਉਹ ਸੁੱਖ ਪੂਰਵਕ ਰਹਿਣ ਲੱਗੇ ਪਰ ਜਿਉਂ-ਜਿਉਂ ਸਮਾਂ ਬੀਤਦਾ ਗਿਆ ਉਸ ਸਮੇਂ ਪਰਜਾ ਵਿਚ ਇਕ ਸ਼ੱਕ ਸਾਮ੍ਹਣੇ ਉਭਰ ਕੇ ਆ ਗਿਆ ਕਿ ਨੌਂ ਮਹੀਨੇ ਸੀਤਾ ਜੀ ਰਾਵਣ ਦੇ ਬਾਗ ਵਿਚ ਰਹਿਣ ਪਿਛੋਂ ਕਿਵੇਂ ਆਪਣਾ ਸਤਿ ਰੱਖਣ ਵਿਚ ਕਾਮਯਾਬ ਰਹੀ? ਰਾਵਣ ਮਹਾਨ ਸ਼ਕਤੀਸ਼ਾਲ ਰਾਜਾ ਸੀ ਜਿਸ ਦੇ ਜੀਵਨ ਵਿਚ ਮਰਿਆਦਾ ਅਤੇ ਬੇਮਰਿਆਦਾ ਲਈ ਕੋਈ ਫਰਕ ਨਹੀਂ ਸੀ। ਇਹ ਹੋ ਨਹੀਂ ਸਕਦਾ ਕਿ ਸੀਤਾ ਜੀ ਦਾ ਸਤਿ ਕਾਇਮ ਰਹਿ ਗਿਆ ਹੋਵੇ। ਜਿਹੜੇ ਸ਼ਰਧਾਲੂ ਪੁਰਸ਼ ਸਨ ਉਹ ਕਹਿੰਦੇ ਸਨ ਕਿ ਸੀਤਾ ਜੀ ਦੀ ਅਗਨ ਪ੍ਰੀਕਸ਼ਾ ਹੋਈ ਹੈ। ਉਹ ਅਗਨ ਵਿਚੋਂ ਸਾਬਤ ਨਿਕਲ ਆਈ ਹੈ। ਉਸ ਤੇ ਦੋਸ਼ ਨਹੀਂ ਲਾਉਣਾ ਚਾਹੀਦਾ।

ਇਕ ਸਮਾਂ ਐਸਾ ਆਇਆ ਜਿਸ ਤੇ ਸ੍ਰੀ ਰਾਮ ਚੰਦਰ ਜੀ ਨੇ ਲੋਕ ਰਾਏ ਜਾਨਣ ਦਾ ਯਤਨ ਕੀਤਾ। ਆਪ ਬੀਰ ਯਾਤਰਾ ਕਰਕੇ ਥਾਂ-ਥਾਂ ਜਾ ਕੇ ਲੋਕਾਂ ਤੋਂ ਪੁਛਦੇ ਰਹੇ ਕਿ ਤੁਹਾਡਾ ਕੀ ਖਿਆਲ ਹੈ? ਤਾਂ ਉਹ ਕਹਿ ਦਿੰਦੇ ਕਿ ਖਿਆਲ ਦੀ ਕੀ ਗੱਲ ਹੈ। ਰਾਵਣ ਤੋਂ ਤਾਂ ਕੋਈ ਬਚ ਹੀ ਨਹੀਂ ਸਕਦਾ। ਅਸੀਂ ਕਿਹੜਾ ਅਗਨ ਪ੍ਰੀਕਸ਼ਾ ਦੇਖੀ ਹੈ, ਸੁਣਿਆ ਹੀ ਹੈ। ਸੁਣੀ ਅਤੇ ਦੇਖੀ ਗੱਲ ਵਿਚ ਬਹੁਤ ਫਰਕ ਹੈ। ਕੀ ਪਤਾ ਇਹ ਗੱਲ ਆਪੇ ਬਣਾ ਲਈ ਹੋਵੇ। ਸ੍ਰੀ ਰਾਮ ਚੰਦਰ ਨੇ ਅੱਛਾ ਨਹੀਂ ਕੀਤਾ। ਉਹ ਅੱਜ ਅਯੁੱਧਿਆ ਦੇ ਤਖਤ ਤੇ ਬਿਰਾਜਮਾਨ ਹਨ। ਉਹ ਰਾਮ ਅਵਤਾਰ ਨਹੀਂ ਹਨ, ਰਾਜੇ ਹਨ। ਰਾਜ ਦੇ ਨਿਯਮ ਹੁੰਦੇ ਹਨ ਜਿਨ੍ਹਾਂ ਦਾ ਪਾਲਣ ਕਰਨਾ ਰਾਜੇ ਲਈ ਬਹੁਤ ਅਵਸ਼ਕ ਹੁੰਦਾ ਹੈ। ਉਸ ਦਾ ਸਭ ਤੋਂ ਮੁੱਖ ਫਰਜ਼ ਲੋਕ ਰਾਏ ਹੁੰਦਾ ਹੈ ਜਿਸ ਦੀ ਕਦਰ ਰਾਜੇ ਨੂੰ ਆਪਣੇ ਸਾਰੇ ਕੰਮ ਪਿਛੇ ਰੱਖ ਕੇ ਕਰਨੀ ਪੈਂਦੀ ਹੈ। ਸ੍ਰੀ ਰਾਮ ਚੰਦਰ ਜੀ ਤਾਂ ਸੀਤਾ ਜੀ ਨੂੰ ਪਿਆਰ ਕਰਦੇ ਹੀ ਹਨ ਕਿਉਂਕਿ ਉਹ ਉਨ੍ਹਾਂ ਦੀ ਪਤਨੀ ਹੈ। ਉਨ੍ਹਾਂ ਨੂੰ ਲੋਕ ਰਾਏ ਦੀ ਕੋਈ ਪ੍ਵਾਹ ਨਹੀਂ ਹੈ। ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਲੋਕ ਰਾਏ ਜਾਨਣ ਅਤੇ ਸੀਤਾ ਜੀ ਦਾ ਤਿਆਗ ਕਰਨ।

ਅਖੀਰ ਇਸੇ ਤਰ੍ਹਾਂ ਹੋਇਆ ਸ੍ਰੀ ਰਾਮ ਚੰਦਰ ਜੀ ਨੇ ਸ੍ਰੀ ਵਸ਼ਿਸ਼ਟ ਜੀ ਦੀ ਸਲਾਹ ਨਾਲ ਇਕ ਦਰਬਾਰ ਕੀਤਾ ਜਿਸਦਾ ਮੁੱਖ ਵਿਸ਼ਾ ਲੋਕ ਰਾਏ ਦਾ ਜਾਨਣਾ ਸੀ ਕਿ ਕੀ ਪਰਜਾ ਸੀਤਾ ਜੀ ਨੂੰ ਪਵਿੱਤਰ ਸਮਝਦੀ ਹੈ? ਸ੍ਰੀ ਰਾਮ ਚੰਦਰ ਜੀ ਤੇ ਸੀਤਾ ਜੀ ਪਰਿਵਾਰਕ ਸੁੱਖ ਮਾਨਣ, ਪਰਜਾ ਇਸ ਗੱਲ ਨਾਲ ਸਹਿਮਤ ਨਹੀਂ ਹੈ ਅਤੇ ਸੀਤਾ ਜੀ ਨੂੰ ਕਲੰਕਿਤ ਜਾਣ ਕੇ ਉਸ ਦਾ ਤਿਆਗ ਕਰ ਦੇਣ? ਭਾਵੇਂ ਸ੍ਰੀ ਰਾਮ ਚੰਦਰ ਜੀ, ਲਛਮਣ, ਭਰਤ ਅਤੇ ਸ਼ਤਰੂਗਨ, ਸਾਰੇ ਹੀ ਸੀਤਾ ਜੀ ਦੀ ਪਵਿੱਤਰਤਾ ਅੱਗੇ ਸੀਸ ਨਿਵਾਉਂਦੇ ਸਨ। ਰਿਸ਼ੀ ਮੁਨੀ ਵੀ ਉਸ ਨੂੰ ਪਵਿੱਤਰ ਸਮਝਦੇ ਹੋਏ ਦੇਵੀ ਮੰਨਦੇ ਸਨ ਅਤੇ ਉਸਦੀਆਂ ਗੁਪਤ ਸ਼ਕਤੀਆਂ ਤੋਂ ਪੂਰੀ ਤਰ੍ਹਾਂ ਜਾਣੂੰ ਸਨ ਪਰ ਫੇਰ ਵੀ ਲੋਕ ਰਾਏ ਲਈ ਗਈ। ਬਹੁਤਿਆਂ ਨੇ ਸੀਤਾ ਜੀ ਉਪਰ ਸ਼ੱਕ ਕੀਤਾ ਅਤੇ ਉਸ ਨੂੰ ਕਲੰਕਤ ਜਾਨਿਆ।

ਸ੍ਰੀ ਰਾਮ ਚੰਦਰ ਜੀ ਮਹਾਰਾਜ ਨੂੰ ਰਾਜਾ ਰਾਮ ਹੋਣ ਦੀ ਹੈਸੀਅਤ ਵਿਚ ਸੀਤਾ ਜੀ ਦਾ ਤਿਆਗ ਕਰਨਾ ਪਿਆ। ਲਛਮਣ ਜੀ ਨੇ ਸੀਤਾ ਜੀ ਨੂੰ ਰੱਥ ਵਿਚ ਬਿਠਾਇਆ ਅਤੇ ਉਹ ਨਦੀਆਂ ਨਾਲੇ ਲੰਘਦਾ ਹੋਏ 25-30 ਦਿਨਾਂ ਵਿਚ ਅੰਮ੍ਰਿਤਸਰ ਦੇ ਨੇੜੇ ਪਹੁੰਚੇ। ਜਿਥੇ ਉਸ ਸਮੇਂ ਘੋਰ ਗਹਿਬਰ ਵਣ ਸਨ ਪਰ ਉਥੇ ਆਦਿ ਵਾਸੀਆਂ ਦਾ ਵਾਸਾ ਬਹੁਤ ਘਟ ਚੁਕਿਆ ਸੀ ਕਿਉਂਕਿ ਆਰੀਅਨਾਂ ਨੇ ਉਨ੍ਹਾਂ ਦੇ ਵੱਡੇ-ਵੱਡੇ ਰਾਜ ਖੋਹ ਕੇ ਉਨ੍ਹਾਂ ਨੂੰ ਦੱਖਣ ਦਿਸ਼ਾ ਵਲ ਧੱਕ ਦਿਤਾ ਸੀ ਅਤੇ ਪੰਜਾਬ ਪੂਰੀ ਤਰ੍ਹਾਂ ਖਾਲੀ ਕਰਾ ਲਿਆ ਸੀ। ਉਥੇ ਇਕ ਮਹਾਨ ਰਿਸ਼ੀ ਬਾਲਮੀਕ ਜੀ ਦਾ ਆਸ਼ਰਮ ਸੀ, ਉਥੇ ਸੀਤਾ ਜੀ ਨੂੰ ਛੱਡ ਗਏ।

ਸੀਤਾ ਜੀ ਵੀ ਜਾਣਦੀ ਸੀ ਕਿ ਮੇਰੇ ਪਤੀ ਇਸ ਸਮੇਂ ਲੋਕ ਰਾਏ ਦੀ ਕਦਰ ਕਰਦੇ ਹੋਏ ਕਿੰਨਾ ਦੁੱਖ ਮਹਿਸੂਸ ਕਰ ਰਹੇ ਹੋਣਗੇ ਅਤੇ ਮੇਰੇ ਦੁਖ ਨੂੰ ਕਿਵੇਂ ਮਹਿਸੂਸ ਕਰਦੇ ਹੋਣਗੇ। ਕਿਉਂਕਿ ਮੈਂ ਤਾਂ ਉਨ੍ਹਾਂ ਤੋਂ ਬਗੈਰ ਇਕ ਸਾਹ ਵੀ ਨਹੀਂ ਲੈ ਸਕਦੀ।

ਇਹ ਭਾਰਤੀ ਇਤਿਹਾਸ ਵਿਚ ਐਸੀ ਦੁਖਾਂਤ ਕਥਾ ਹੈ ਜੋ ਅੱਜ ਵੀ ਪਿਆਰ ਕਰਨ ਵਾਲਿਆਂ ਨੂੰ, ਕਦਰਾਂ ਵਾਲਿਆਂ ਨੂੰ ਹਲੂਣਾ ਦੇ ਜਾਂਦੀ ਹੈ। ਸ੍ਰੀ ਰਾਮ ਚੰਦਰ ਜੀ ਸੀਤਾ ਜੀ ਨੂੰ ਬਣਵਾਸ ਦੇ ਕੇ ਆਪ ਰਾਜ ਕਰਨ ਲਗ ਗਏ। ਸੰਸਾਰ ਵਿਚ ਵਾਹਿਗੁਰੂ ਜੀ ਨੇ ਐਸਾ ਕੋਈ ਨਿਯਮ ਨਹੀਂ ਬਣਾਇਆ ਜਿਸ ਕਰਕੇ ਸਾਰੇ ਲੋਕ ਕਿਸੇ ਦੀ ਪ੍ਰਸ਼ੰਸਾ ਕਰਨ ਜਾਂ ਸਾਰੇ ਲੋਕ ਕਿਸੇ ਦੀ ਨਿੰਦਿਆ ਕਰਨ। ਇਥੋਂ ਤਕ ਕਿ ਬੁਰੇ ਤੋਂ ਬੁਰੇ ਆਦਮੀ ਵਿਚ ਵੀ ਕੋਈ ਨਾ ਕੋਈ ਗੁਣ ਹੁੰਦਾ ਹੈ। ਜਿਸ ਕਰਕੇ ਉਸ ਦੇ ਗੁਣਾਂ ਦੀ ਕਦਰ ਉਸ ਨੂੰ ਵੀ ਪਿਆਰਾ ਬਣਾ ਦਿੰਦੀ ਹੈ।

ਇਸੇ ਸਬੰਧ ਵਿਚ ਇਕ ਕਥਾ ਹੈ ਕਿ ਇਕ ਵਾਰੀ ਫਿਰੋਜ਼ਪੁਰ ਵਿਚ ਇਕ ਬੜਾ ਖੂਨ-ਖੁਆਰ ਡਾਕੂ ਹੋਇਆ ਹੈ ਜਿਸ ਨੂੰ ਸੰਮੀ ਡਾਕੂ ਕਹਿ ਕੇ ਲੋਕ ਜਾਣਦੇ ਸਨ। ਇਕ ਵਾਰੀ ਇਕ ਬਿਰਧ ਮਾਤਾ ਨੂੰ ਸੰਦੇਸ਼ਾ ਆਇਆ ਕਿ ਉਸ ਦੀ ਲੜਕੀ ਨੇ ਇਕ ਪੁੱਤਰ ਨੂੰ ਜਨਮ ਦਿਤਾ ਹੈ, ਉਨ੍ਹਾਂ ਨੇ ਵਧਾਈਆਂ ਭੇਜੀਆਂ ਹਨ। ਮਾਤਾ ਨੇ ਉਸ ਸਮੇਂ ਦੇ ਰਿਵਾਜ਼ ਅਨੁਸਾਰ ਘਿਓ ਲਿਆ, ਚਾਰੋ ਮਗਜ਼ ਆਦਿ ਪਾ ਕੇ ਜੱਚਾ ਦੇ ਖਾਣ ਵਾਸਤੇ ਪੰਜੀਰੀ ਬਣਾਈ ਜਿਸ ਵਿਚ ਖ਼ੂਬ ਕਲਾਂ, ਕਮਰ ਕਸ ਆਦਿ ਸਿਹਤ ਨੂੰ ਠੀਕ ਕਰਨ ਵਾਲੀਆਂ ਚੀਜ਼ਾਂ ਪਾਈਆਂ ਅਤੇ ਨਾਲ ਹੀ ਉਸ ਨਵਜੰਮੇ ਬੱਚੇ ਵਾਸਤੇ ਸ਼ੁਕਲੇ ਬਣਾਏ। ਸੋਨੇ ਦਾ ਕੜਾ ਬਣਾਇਆ ਅਤੇ ਲੜਕੀ ਦੀ ਸੱਸ ਨੂੰ ਦੇਣ ਲਈ ਗਰੀਬੋ ਗਰੀਬ ਇਕ ਗਹਿਣਾ ਬਣਾਇਆ। ਪੰਜ ਚਾਰ ਤਿਓਰ ਬਣਾ ਕੇ ਉਹ ਲੜਕੀ ਨੂੰ ਦੇਣ ਵਾਸਤੇ ਤੁਰ ਪਈ। ਉਸ ਨੇ ਪੰਜੀਰੀ ਵਾਲੀ ਬਲਟੋਹੀ ਸਿਰ ਉਪਰ ਚੁੱਕ ਲਈ, ਗਹਿਣੇ ਵੀ ਉਸ ਨੇ ਪੰਜੀਰੀ ਵਿਚ ਗੁਪਤ ਕਰਕੇ ਰੱਖ ਲਏ ਅਤੇ ਪੈਸੇ ਵੀ ਉਸ ਨੇ ਕਿਸੇ ਢੰਗ ਕਪੜਿਆਂ ਵਿਚ ਸੀਅ ਕੇ ਛੁਪਾਏ ਹੋਏ ਸਨ। ਅਜੇ ਮੂੰਹ ਹਨ੍ਹੇਰਾ ਸੀ। ਸਾਜਰੇ ਦੀ ਤੁਰੀ ਹੋਈ ਉਹ ਮਾਤਾ ਉਸ ਥਾਂ ਪਹੁੰਚ ਗਈ ਜਿਥੇ ਇਕ ਦਰਖਤਾਂ ਦੀ ਲੰਮੀ ਝੜੀ ਸੀ। ਆਮ ਤੌਰ ਤੇ ਉਸ ਥਾਂ ਤੇ ਸਰਕਾਰ ਦੇ ਭਗੌੜੇ, ਕਾਤਲ, ਡਾਕੂ ਆਦਿ ਰਿਹਾ ਕਰਦੇ ਸਨ। ਉਸ ਸਮੇਂ ਉਹ ਉਸ ਝੜੀ ਵਿਚੋਂ ਲੰਘਣ ਤੋਂ ਬਹੁਤ ਝਿਜਕ ਰਹੀ ਸੀ ਉਹ ਕੀ ਦੇਖਦੀ ਹੈ ਕਿ ਉਸ ਦੇ ਸਾਮ੍ਹਣੇ ਇਕ ਬਹੁਤ ਮਜ਼ਬੂਤ ਸਰੀਰ ਵਾਲਾ ਬੰਦਾ ਆ ਗਿਆ। ਜਿਸ ਦੇ ਮੋਢੇ ਤੇ ਗੰਡਾਸੀ ਰੱਖੀ ਹੋਈ ਸੀ। ਜਿਸ ਦਾ ਕੱਦ ਇਕ ਬਲਵਾਨ ਪਹਿਲਵਾਨ ਵਰਗਾ ਸੀ। ਉਸ ਦੇ ਮੁਛਹਿਰੇ ਉਪਰ ਨੂੰ ਖੜ੍ਹੇ ਸਨ। ਦੇਖਣ ਤੇ ਡਰ ਲਗਦਾ ਸੀ, ਮਾਤਾ ਇਕ ਦਮ ਘਬਰਾ ਗਈ।

ਤਾਂ ਉਸ ਨੇ ਪਹਿਲ ਕਰਦਿਆਂ ਕਿਹਾ ਕਿ ਮਾਤਾ! ਤੂੰ ਐਨੇ ਸਾਜਰੇ ਆ ਗਈ, ਤੈਨੂੰ ਡਰ ਨਹੀਂ ਲੱਗਿਆ - ਇਸ ਝੜੀ ਵਿਚ ਲੰਘਣ ਤੋਂ? ਤਾਂ ਮਾਤਾ ਨੇ ਕਿਹਾ ਕਿ ਮੈਨੂੰ ਪਤਾ ਹੈ ਇਥੇ ਸੰਮੀ ਡਾਕੂ ਰਹਿੰਦਾ ਹੈ ਉਹ ਤਾਂ ਕਿਸੇ ਨੂੰ ਛਡਦਾ ਹੀ ਨਹੀਂ ਪਰ ਮੈਂ ਕੀ ਕਰਾਂ। ਮੇਰੀ ਲੜਕੀ ਦੇ ਘਰ ਪੁੱਤਰ ਹੋਇਆ ਹੈ। ਉਸ ਦੇ ਲਈ ਮੈਂ ਪੰਜੀਰੀ ਲੈ ਕੇ ਜਾ ਰਹੀ ਹਾਂ। ਤਾਂ ਉਸ ਨੇ ਕਿਹਾ ਕਿ ਕੋਈ ਟੂੰਮ, ਛੱਲਾ ਵੀ ਲੈ ਜਾਣਾ ਸੀ। ਤਾਂ ਮਾਤਾ ਨੇ ਕਿਹਾ ਕਿ ਗਰੀਬ ਆਦਮੀ ਹਾਂ ਇਹ ਪੰਜੀਰੀ ਹੀ ਬੜੀ ਮੁਸ਼ਕਲ ਨਾਲ ਬਣਾਈ ਹੈ। ਉਸ ਬੰਦੇ ਨੇ ਕਿਹਾ ਕਿ ਮਾਤਾ! ਬਲਟੋਹੀ (ਟੋਕਣੀ) ਮੈਨੂੰ ਦੇ ਦੇ ਮੈਂ ਤੈਨੂੰ ਜੰਗਲ ਲੰਘਾ ਦੇਵਾਂ। ਐਵੇਂ ਕੋਈ ਚੋਰ, ਡਾਕੂ ਖੋਹ ਕੇ ਖਾ ਲਵੇ। ਮਾਤਾ ਨੇ ਕਿਹਾ ਕਿ ਪੁੱਤਰ! ਤੂੰ ਤਾਂ ਮੈਨੂੰ ਰੱਬ ਵਰਗਾ ਹੋ ਕੇ ਟਕਰਿਆ ਹੈਂ ਮੈਂ ਕਿਸ ਤਰ੍ਹਾਂ ਤੇਰਾ ਧੰਨਵਾਦ ਕਰਾਂ। ਉਸ ਨੇ ਕਿਹਾ ਕਿ ਮਾਤਾ! ਆਦਮੀ ਬੁਰਾ ਵੀ ਹੁੰਦਾ ਹੈ ਉਸ ਵਿਚ ਕਈ ਚੰਗੀਆਂ ਆਦਤਾਂ ਵੀ ਹੁੰਦੀਆਂ ਹਨ। ਬੁਰੇ ਵਿਚ ਬੁਰਿਆਈ ਹੀ ਨਹੀਂ ਹੁੰਦੀ, ਕਈ ਗੁਣ ਵੀ ਹੁੰਦੇ ਹਨ। ਬੁਰੇ ਬੰਦੇ ਵਿਚ ਜੋ ਗੁਣ ਹਨ ਉਨ੍ਹਾਂ ਨਾਲ ਸਾਂਝ ਪਾ ਲੈਣੀ ਚਾਹੀਦੀ ਹੈ, ਜੋ ਬੁਰਿਆਈ ਹੈ ਉਸ ਨੂੰ ਨਜ਼ਰ ਅੰਦਾਜ਼ ਕਰ ਦੇਣਾ ਚਾਹੀਦਾ ਹੈ। ਐਨਾ ਕਹਿ ਕੇ ਉਸ ਨੇ ਬਲਟੋਹੀ ਸਿਰ ਤੇ ਰੱਖ ਲਈ। ਮਾਈ ਦਾ ਡਰ ਦੂਰ ਕਰਦਾ ਹੋਇਆ ਉਸ ਨੂੰ ਜੰਗਲ ਪਾਰ ਕਰਾ ਆਇਆ। ਜਦੋਂ ਉਹ ਬਲਟੋਹੀ ਮਾਤਾ ਨੂੰ ਦੇਣ ਲੱਗਿਆ ਤਾਂ ਕਿਹਾ ਕਿ ਲੈ ਮਾਤਾ, ਹੁਣ ਤੈਨੂੰ ਕੋਈ ਖਤਰਾ ਨਹੀਂ ਹੈ, ਇਸ ਝੜੀ ਵਿਚ ਹੀ ਖਤਰਾ ਸੀ। ਇਹ ਵੀ ਕਈ ਮੀਲ ਦਾ ਇਕ ਜੰਗਲ ਹੀ ਹੈ। ਉਸ ਡਾਕੂ ਨੇ ਆਪਣੇ ਕੋਲੋਂ ਹੀ 30 ਰੁਪਏ ਦਿਤੇ ਅਤੇ ਕਿਹਾ ਕਿ ਲੜਕੀ ਨੂੰ ਟੂੰਮ ਟਿਲਾ ਬਣਾ ਕੇ ਦੇ

ਦੇਵੀਂ। ਵਧਾਈਆਂ ਦੀ ਖੁਸ਼ੀ ਹੈ ਮਾਤਾ ਨੇ ਅਸੀਸਾਂ ਦਿਤੀਆਂ, ਪੁੱਤਰ ਜਵਾਨੀ ਮਾਣ! ਜਗ ਜੀਉਂਦਾ ਰਹਿ! ਤੈਨੂੰ ਮਹਾਰਾਜ ਜੀ ਬਰਕਤਾਂ ਬਖਸ਼ਣ। ਜਦੋਂ ਉਹ ਮੁੜਨ ਲੱਗਿਆ ਤਾਂ ਮਾਤਾ ਨੇ ਉਸ ਨੂੰ ਕਿਹਾ ਕਿ ਪੁੱਤਰ! ਤੂੰ ਮੈਨੂੰ ਆਪਣਾ ਨਾਮ ਤਾਂ ਦਸਿਆ ਹੀ ਨਹੀਂ? ਤਾਂ ਉਸ ਨੇ ਕਿਹਾ ਕਿ ਮਾਤਾ! ਤੂੰ ਮੇਰਾ ਨਾਮ ਪੁੱਛ ਕੇ ਕੀ ਲੈਣਾ ਹੈ, ਮੈਨੂੰ ਤਾਂ ਲੋਕ ਬਹੁਤ ਬੁਰਾ ਕਹਿੰਦੇ ਹਨ। ਮੇਰੇ ਤੋਂ ਦਹਿਸ਼ਤ ਖਾਂਦੇ ਹੋਏ ਰੋਟੀ ਖਾਣਾ ਵੀ ਭੁੱਲ ਜਾਂਦੇ ਹਨ। ਕਹਿਣ ਲੱਗੀ, "ਤੂੰ ਤਾਂ ਐਨਾ ਚੰਗਾ ਹੈਂ। ਕੀ ਗੱਲ?" ਉਸ ਨੇ ਕਿਹਾ ਕਿ ਗੱਲ ਤਾਂ ਕੋਈ ਨਹੀਂ, ਬਦ ਨਾਲੋਂ ਬਦਨਾਮ ਜ਼ਿਆਦਾ ਬੁਰਾ ਗਿਣਿਆ ਜਾਂਦਾ ਹੈ। ਉਸ ਨੇ ਕਿਹਾ ਕਿ ਬੇਟਾ! ਸੰਜੋਗਾਂ ਨਾਲ ਫੇਰ ਮੇਲੇ ਹੋ ਜਾਂਦੇ ਹਨ, ਮੈਂ ਆਪਣੀ ਲੜਕੀ ਨਾਲ ਜਾ ਕੇ ਤੇਰਾ ਜਸ ਕਰਾਂਗੀ। ਤਾਂ ਉਸ ਨੇ ਕਿਹਾ ਕਿ ਮੈਂ ਹੀ ਸੰਮੀ ਡਾਕੂ ਹਾਂ। ਤਾਂ ਮਾਤਾ ਹੈਰਾਨ ਹੋ ਗਈ ਕਿ ਇਹ ਸੰਮੀ ਡਾਕੂ ਸੀ ਜਿਸ ਨੇ ਮੈਨੂੰ ਐਨੇ ਘੋਰ ਵਣ ਵਿਚੋਂ ਲੰਘਾ ਦਿਤਾ ਅਤੇ 30 ਰੁਪਏ ਭੀ ਦਿਤੇ। ਸੋ ਇਸ ਤਰ੍ਹਾਂ ਦੇ ਨਾਲ ਆਦਮੀ ਵਿਚ ਬਹੁਤ ਵਾਰੀ ਔਗੁਣ ਵੀ ਹੋਇਆ ਕਰਦੇ ਹਨ ਪਰ ਉਸ ਦੇ ਮੁਕਾਬਲੇ ਤੇ ਗੁਣ ਵੀ ਬਹੁਤ ਵੱਡੇ ਹੋਇਆ ਕਰਦੇ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਤੁਸੀਂ ਗੁਣਾਂ ਨਾਲ ਸਾਂਝ ਪਾਓ, ਔਗੁਣਾਂ ਨੂੰ ਨਜ਼ਰ ਅੰਦਾਜ਼ ਕਰ ਦੇਵੋ। ਜਿਵੇਂ ਕਿ ਫੁਰਮਾਨ ਹੈ -

*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥*
*ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥*
*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥*
*ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥*
*ਪੰਨਾ - 765*

ਸੰਸਾਰ ਦਾ ਸੁਭਾਅ ਹੈ ਕਿ ਕਿਸੇ ਵਿਚ 99 ਗੁਣ ਹੋਣ ਪਰ ਇਕ ਅਵਗੁਣ ਹੋਵੇ ਤਾਂ ਉਸ ਨੂੰ ਅਵਗੁਣਹਾਰ ਕਹਿਣਗੇ। ਆਪਣੇ ਕਿਰਦਾਰ ਵਲ ਝਾਤੀ ਮਾਰ ਕੇ ਨਹੀਂ ਦੇਖਦੇ ਅਤੇ ਦੂਸਰੇ ਦੇ ਨੁਕਸ ਕੱਢਣ ਵਾਸਤੇ ਤਿਆਰ ਬਰ ਤਿਆਰ ਰਹਿੰਦੇ ਹਨ। ਭਾਵੇਂ ਲਿਖਾਰੀ ਹੋਵੇ, ਭਾਵੇਂ ਕੋਈ ਬੁਲਾਰਾ ਹੋਵੇ, ਉਹ ਆਪਣੇ ਵਲ ਨਹੀਂ ਦੇਖਦੇ।

ਇਕ ਵਾਰੀ ਇਸ ਤਰ੍ਹਾਂ ਆਉਂਦਾ ਹੈ ਕਿ ਇਕ ਬੀਬੀ ਤੋਂ ਕੋਈ ਭੁੱਲ ਹੋ ਗਈ, ਉਸ ਦਾ ਕਿਸੇ ਪਰਪੁਰਸ਼ ਨਾਲ ਸੰਗ ਹੋ ਗਿਆ। ਉਸ ਸਮੇਂ ਦੇ ਕਾਨੂੰਨ ਅਨੁਸਾਰ ਆਦਮੀ ਨੂੰ ਤਾਂ ਸਜ਼ਾ ਨਾ ਮਿਲੀ ਪਰ ਬੀਬੀ ਨੂੰ ਸੰਗਸਾਰ (ਪੱਥਰ ਮਾਰ-ਮਾਰ ਕੇ ਮਾਰਨ) ਕਰਨ ਦੀ ਸਜ਼ਾ ਮਿਲੀ। ਉਥੇ ਨੇੜੇ ਹੀ ਈਸਾ ਜੀ ਨਿਵਾਸ ਰਖਦੇ ਸਨ। ਉਹ ਉਥੇ ਦੌੜ ਕੇ ਚਲੀ ਗਈ ਅਤੇ ਕਹਿਣ ਲੱਗੀ ਹੇ ਪ੍ਰਭੂ! ਮੇਰੇ ਤੋਂ ਭੁੱਲ ਹੋ ਗਈ। ਕਿਉਂਕਿ ਮੇਰਾ ਮਨ ਐਨਾ ਬੇਸਮਝੀ ਵਿਚ ਆਇਆ ਕਿ ਮੈਨੂੰ ਸਤਿ ਤੇ ਅਸਤਿ ਦੀ ਪਛਾਣ ਨਾ ਰਹੀ, ਮੈਨੂੰ ਕਿਸੇ ਤਰੀਕੇ ਨਾਲ ਬਚਾ ਲਵੋ। ਹੇ ਪ੍ਰਭੂ! ਮੈਂ ਆਪ ਦੀ ਸ਼ਰਨ ਵਿਚ ਆਈ ਹਾਂ, ਮੈਨੂੰ ਬਚਾ ਲਓ।

ਤਾਂ ਈਸਾ ਜੀ ਨੇ ਕਿਹਾ ਕਿ ਬੇਟੀ! ਇਸ ਸੰਸਾਰ ਵਿਚ ਪ੍ਰਭੂ ਤੋਂ ਬਿਨਾਂ ਕਿਸੇ ਦਾ ਜੀਵਨ ਸੁੱਚਾ ਨਹੀਂ ਹੈ। ਕਿਸੇ ਜੀਵ ਉਪਰ ਕ੍ਰਿਪਾ ਹੋ ਜਾਵੇ ਤਾਂ ਸਤ ਕਾਇਮ ਰਹਿ ਜਾਂਦਾ ਹੈ। ਪਰ ਜੋ ਅਵਗੁਣ ਕਰਕੇ ਪਸ਼ਚਾਤਾਪ ਕਰ ਲੈਂਦਾ ਹੈ ਉਹ ਵੀ ਪ੍ਰਭੂ ਦੇ ਦਰ ਤੇ ਮਾਫ ਹੋ ਜਾਂਦਾ ਹੈ। ਪ੍ਰਭੂ ਬਖਸ਼ਿੰਦ ਹੈ, ਉਹ ਕਿਸੇ ਦੇ ਔਗੁਣ ਨਹੀਂ ਵਿਚਾਰਦਾ। ਜਦੋਂ ਸੱਚੇ ਦਿਲੋਂ ਉਸ ਪਾਸ ਅਰਦਾਸ ਕਰੋ, ਉਹ ਔਗੁਣ ਮਾਫ ਕਰ ਦਿੰਦਾ ਹੈ। ਬੇਟਾ! ਇਨ੍ਹਾਂ ਨੂੰ ਅੱਗੇ ਆਉਣ ਦੇਹ। ਜਦੋਂ ਪੱਥਰ ਮਾਰਨ ਵਾਲਿਆਂ ਨੇ ਘੇਰਾ ਪਾ ਲਿਆ ਤਾਂ ਉਸ ਸਮੇਂ ਈਸਾ ਜੀ ਦੇ ਹੱਥ ਵਿਚ ਭੀ ਇਕ ਪੱਥਰ ਸੀ ਕਿਉਂਕਿ ਰਾਜੇ ਦਾ ਹੁਕਮ ਸੀ ਕਿ ਸਭ ਨੂੰ ਪੱਥਰ ਮਾਰਨੇ ਪੈਣੇ ਹਨ। ਈਸਾ ਜੀ ਨੇ ਆਪਣੀ ਬਾਂਹ ਉਚੀ ਕੀਤੀ। ਗਰਜਵੀਂ ਆਵਾਜ਼ ਵਿਚ ਕਿਹਾ, ਠਹਿਰੋ! ਇਸ ਅਬਲਾ ਦੇ ਉਹ ਪੱਥਰ ਮਾਰੇ ਜਿਸ ਨੇ ਕਦੇ ਆਪ ਕੋਈ ਗਲਤੀ ਨਾ ਕੀਤੀ ਹੋਵੇ। ਆਪਣੇ ਅੰਦਰੋਂ ਵਿਚਾਰੋ, ਅੱਲਾਹ ਦੀ ਦਰਗਾਹ ਵਿਚ ਗੁਨਹਗਾਰ ਨਾ ਬਣੋ। ਇਕ ਤਾਂ ਪਹਿਲਾਂ ਗੁਨਾਹ ਕੀਤੇ ਹਨ ਅਤੇ ਦੂਸਰਾ ਇਸ ਅਬਲਾ ਨੂੰ ਪੱਥਰ ਮਾਰ-ਮਾਰ ਕੇ ਮਾਰਨ ਦਾ ਗੁਨਾਹ ਕਰ ਰਹੇ ਹੋ। ਈਸਾ ਜੀ ਦੀ ਗੱਲ ਸੁਣ ਕੇ ਸਭ ਦੀਆਂ ਬਾਹਵਾਂ ਨੀਵੀਆਂ ਹੋ ਗਈਆਂ ਤੇ ਚੁੱਪ ਚਾਪ ਖੜ੍ਹੇ ਹੋ ਗਏ। ਇਸ ਤਰ੍ਹਾਂ ਅਵਗੁਣ ਸਭ ਦੇ ਅੰਦਰ ਹਨ ਕੋਈ ਵਿਰਲਾ ਪੁਰਸ਼ ਹੀ ਹੈ, ਜਿਸ ਦੇ ਅੰਦਰ ਕੋਈ ਅਵਗੁਣ ਨਾ ਹੋਵੇ। ਸਭ ਤੋਂ ਵੱਡਾ ਅਵਗੁਣ ਹੈ ਕਿ ਪ੍ਰਭੂ ਨੂੰ ਭੁੱਲੇ ਰਹਿਣਾ, ਉਸ ਤੋਂ ਦਾਤਾਂ ਲੈ ਕੇ ਭੁੱਲੇ ਰਹਿਣਾ, ਇਸ ਨੂੰ ਅਕ੍ਰਿਤਘਣ ਕਿਹਾ ਜਾਂਦਾ ਹੈ। ਅਕ੍ਰਿਤਘਣ ਵਾਸਤੇ ਮਹਾਂਪੁਰਸ਼ਾਂ ਨੇ ਬਹੁਤ ਬਚਨ ਕੀਤੇ ਹਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਫੁਰਮਾਨ ਕੀਤਾ ਹੈ-

*ਮਦ ਵਿਚਿ ਰਿੱਧਾ ਪਾਇਕੈ ਕੁੱਤੇ ਦਾ ਮਾਸ॥*
*ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ॥*
*ਰੱਤੂ ਭਰਿਆ ਕੱਪੜਾ ਕਰਿ ਕੱਜਣ ਤਾਸੁ॥*
*ਢੱਕ ਲੈ ਚੱਲੀ ਚੂਹੜੀ ਕਰਿ ਭੋਗ ਬਿਲਾਸੁ॥*
*ਆਖਿ ਸੁਣਾਏ ਪੁੱਛਿਆ ਲਾਹੇ ਵਿਸਵਾਸੁ॥*
*ਨਦਰੀ ਪਵੈ ਅਕ੍ਰਿਤਘਣ ਮਤ ਹੋਇ ਵਿਣਾਸੁ॥*
*ਭਾਈ ਗੁਰਦਾਸ ਜੀ, ਵਾਰ 35/9*

ਸੋ ਗੱਲ ਆਪਾਂ ਰਾਮ ਚੰਦਰ ਜੀ ਦੀ ਕਰ ਰਹੇ ਸੀ। ਸਾਰੇ ਲੋਕਾਂ ਦੀ ਨਿੰਦਿਆ, ਨੁਕਤਾਚੀਨੀ ਸੁਣ ਕੇ ਸੀਤਾ ਜੀ ਨੂੰ ਰਾਮ ਚੰਦਰ ਜੀ ਨੂੰ ਮਜਬੂਰਨ ਦੂਰ ਜੰਗਲਾਂ ਵਿਚ ਛੱਡਣਾ ਪਿਆ। ਆਪ ਉਹ ਰਾਜ ਕਰਨ ਲੱਗੇ।

ਇਕ ਵਾਰੀ ਲਛਮਣ ਜੀ ਨੂੰ ਨਾਲ ਲੈ ਕੇ ਆਪ ਆਪਣੇ ਰਾਜ ਵਿਚ ਭ੍ਰਮਣ ਕਰਦੇ ਹੋਏ ਜਾ ਰਹੇ ਸਨ। ਅਚਾਨਕ ਗੱਲਬਾਤ ਛਿੜ ਗਈ ਤੇ ਕਹਿਣ ਲੱਗੇ, "ਲਛਮਣ! ਮੇਰੇ ਤੋਂ ਸੀਤਾ ਜੀ ਦਾ ਤਿਆਗ ਤਾਂ ਪਰਜਾ ਨੇ ਕਰਾ ਦਿਤਾ, ਹੁਣ ਤਾਂ ਮੇਰੀ ਨਿੰਦਿਆ ਨਹੀਂ ਕਰਦੇ ਹੋਣਗੇ?" ਲਛਮਣ ਜੀ ਨੇ ਕਿਹਾ ਕਿ ਹੇ ਪ੍ਰਭੂ! ਸੰਸਾਰ ਦਾ ਸੁਭਾਅ ਹੈ ਇਹ ਕਦੇ ਵੀ ਇਕ ਗੱਲ ਉਤੇ ਸਹਿਮਤ ਨਹੀਂ ਹੁੰਦਾ, ਜਿਵੇਂ ਭਾਵਰ ਸਾਮ੍ਰਿਤ ਵਿਚ ਲਿਖਿਆ ਹੈ -

*ਗੁਣ ਮਾਰਗ ਸੁਧੈ ਚਲੋ ਖਲ ਨਿੰਦਾ ਡਰ ਡਾਰ।*
*ਵਿਧਿ ਖਲ ਕੁਛ ਐਸੇ ਰਚੇ ਗੁਣ ਮੇਂ ਦੋਸ਼ ਉਚਾਰ।*

ਭਾਵੇਂ ਆਪ ਕਿੰਨੇ ਵੀ ਸੁਥਰੇ ਰਸਤੇ ਉਪਰ ਚਲੋ, ਫੇਰ ਵੀ ਮੂਰਖ ਲੋਕ ਨਿੰਦਾ ਕਰਦੇ ਰਹਿੰਦੇ ਹਨ। ਨਿੰਦਕਾਂ ਦਾ ਇਹ ਸੁਭਾਅ ਹੀ ਹੁੰਦਾ ਹੈ ਕਿ ਉਹ ਗੁਣ ਵਿਚ ਵੀ ਦੋਸ਼ ਭਾਲਦੇ

ਹਨ। ਜਿਵੇਂ ਸੀਸ ਮਹੱਲ ਵਿਚ ਇਕ ਕੀੜਾ ਦਾਖਲ ਕੀਤਾ ਜਾਵੇ, ਉਹ ਕੀੜਾ ਦੀਵਾਰਾਂ ਉਪਰ ਦੌੜਿਆ ਤਲਾਸ਼ ਕਰਦਾ ਹੈ ਕਿ ਕਿਤੇ ਕੋਈ ਤਰੇੜ ਮਿਲ ਜਾਵੇ। ਇਸ ਤਰ੍ਹਾਂ ਨਿੰਦਕ ਪੁਰਸ਼, ਮਹਾਂਪੁਰਸ਼ਾਂ ਦੇ ਪਹਾੜਾਂ ਜਿੱਡੇ-ਵੱਡੇ ਗੁਣਾਂ ਦੀ ਕਦਰ ਤਾਂ ਨਹੀਂ ਕਰਦਾ ਪਰ ਉਨ੍ਹਾਂ ਦੀ ਕ੍ਰਿਆ ਨੂੰ ਨਾ ਸਮਝ ਕੇ ਉਨ੍ਹਾਂ ਵਿਚ ਦੋਸ਼ ਆਰੋਪਣ ਕਰਦਾ ਹੈ। ਭਾਵਰ ਸਾਮ੍ਰਿਤ ਵਿਚ ਆਉਂਦਾ ਹੈ ਕਿ ਦੁਨੀਆਂ ਦਮੂਹੀ ਹੈ। ਸਾਰੇ ਲੋਕ ਨਾ ਕਿਸੇ ਵੀ ਸੂਰਤ ਵਿਚ ਕਿਸੇ ਨੂੰ ਚੰਗਾ ਕਹਿੰਦੇ ਹਨ, ਨਾ ਹੀ ਕਿਸੇ ਨੂੰ ਮਾੜਾ ਕਹਿੰਦੇ ਹਨ। ਉਹ ਆਪਣੀ ਸੋਚ ਦੀ ਐਨਕ ਨਾਲ ਦੁਨੀਆਂ ਦੇ ਗੁਣਾਂ, ਔਗੁਣਾ ਦਾ ਨਿਰਣਾ ਕਰਦੇ ਹਨ –

***ਸੇਵ ਕਰੋ ਤੁ ਕਹੇਂ ਕੁਛ ਚਾਹਿਤ ਨਾਹਿ ਕਰੋ ਤੁ ਕਹੇਂ ਢਿਠਤਾਈ।***
***ਜੋ ਪਦ ਬੰਦਨ ਜਾਇ ਕਰੌਂ ਤੁ ਕਹੇਂ ਹਮ ਤੇ ਉਰ ਮਾਹਿੰ ਡਰਾਈ।***
***ਨਾਹਿ ਕਰੋ ਤੁ ਕਹੇਂ ਯਹਿ ਮੂਰਖ ਬ੍ਰਿਧ ਅਬ੍ਰਿਧ ਕੀ ਸਾਰ ਨ ਕਾਈ।***
***ਜਾਨਤ ਹੈ ਜਨ ਕਾਤਮਜਾਪਤਿ ਔਰ ਕਰੌਂ ਅਬ ਕਾਹਿ ਸੁਨਾਈ।***
***ਜਗ ਲਾਜ ਜਹਾਂ ਜਹਾਜਕਹੇਂ ਜੜਤਾ ਬ੍ਰਤ ਧਾਰਣ ਤੇ ਖਲ ਦੰਭ ਉਚਾਰੇ।***
***ਰਣ ਸੂਰ ਕੋ ਕ੍ਰੂਰ ਕਹੇਂ ਜਗ ਮੈਂ ਰਿਜੁ ਭਾਵਹਿ ਬੁਧਿ ਬਿਹੀਨ ਪੁਕਾਰੇ।***
***ਮਧੁ ਬੈਨਨ ਦੀਨ ਕਹੇਂ ਨਰ ਕੋ ਜੁ ਬਖਾਨ ਕਰੈ ਸੁ ਬਚਾਲ ਬਿਚਾਰੇ।***
***ਗੁਣ ਕੌਨ ਅਹੇ ਗੁਣਵਾਨਨ ਕੋ ਖਲ ਦੋਖਨ ਤੇ ਜੋਇ ਨਾਹਿੰ ਲਤਾਰੇ।***

ਜਨਮਸਾਖੀ ਵਿਚ ਆਉਂਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਏਮਨਾਬਾਦ ਗਏ ਹੋਏ ਸਨ। ਆਪ ਭਾਈ ਲਾਲੋ ਦਾ ਪ੍ਰੇਮ ਦੇਖ ਕੇ ਉਥੇ ਠਹਿਰ ਗਏ। ਆਪ ਜੀ ਨੇ ਸਾਨੂੰ ਮਤ ਦੇਣ ਵਾਸਤੇ ਕਰੜੀ ਤਤਕਿਸ਼ਾ ਸ਼ੁਰੂ ਕਰ ਦਿਤੀ। ਰੇਤ ਤੇ ਅੱਕ ਦਾ ਅਹਾਰ ਕੀਤਾ ਅਤੇ ਰੋੜਾਂ ਦੀ ਗੁਰੂ ਨੇ ਵਿਛਾਈ ਕਰਕੇ ਬਖਸ਼ਿਸ਼ ਦਾ ਦਰ ਪ੍ਰਾਪਤ ਕਰਦਿਆਂ ਪਿਛੋਂ ਘਾਲ ਕਮਾਈ ਕਰਕੇ ਅਸਾਨੂੰ ਸਬਕ ਦਿਤਾ।

***ਪਹਿਲਾਂ ਬਾਬੇ ਪਾਯਾ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ।***
***ਰੇਤ ਅੱਕ ਅਹਾਰ ਕਰ ਰੋੜਾਂ ਦੀ ਗੁਰ ਕਰੀ ਵਿਛਾਈ।***
***ਭਾਰੀ ਕਰੀ ਤਪੱਸਯਾ ਬਡੇ ਭਾਗ ਹਰਿ ਸਿਉ ਬਨਿ ਆਈ।***
***ਬਾਬਾ ਪੈਧਾ ਸੱਚਖੰਡ ਨਉਨਿਧਿ ਨਾਮ ਗਰੀਬੀ ਪਾਈ।***
***ਬਾਬਾ ਦੇਖੇ ਧਯਾਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ।***
***ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।***
***ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ।***
***ਚੜ੍ਹਿਆ ਸੋਧਣ ਧਰਤਿ ਲੁਕਾਈ।***

***ਭਾਈ ਗੁਰਦਾਸ ਜੀ, ਵਾਰ 1/24***

ਉਥੇ ਰਹਿੰਦਿਆਂ ਮਰਦਾਨਾ ਜਦੋਂ ਸ਼ਹਿਰ ਵਿਚ ਜਾਂਦਾ ਹੈ ਤਾਂ ਗੁਰੂ ਮਹਾਰਾਜ ਜੀ ਦੀ ਬਹੁਤ ਨਿੰਦਿਆ ਸੁਣਦਾ ਹੈ। ਉਸ ਨੂੰ ਵੀ ਕੁਰਾਹੀਏ ਦਾ ਡੂੰਮ ਆਖ ਕੇ ਬੁਲਾਇਆ ਜਾਂਦਾ ਹੈ। ਪਿਆਰ ਵਾਲੇ ਤੋਂ ਆਪਣੇ ਗੁਰੂ ਦੀ ਨਿੰਦਿਆ ਨਹੀਂ ਸੁਣੀ ਜਾਂਦੀ। ਭਾਈ ਮਰਦਾਨੇ ਨੇ ਅੱਲਾਹ ਪਾਸ ਦੋਵੇਂ ਹੱਥ ਜੋੜ ਕੇ ਸਿਜਦਾ ਕੀਤਾ ਕਿ ਗੁਰੂ ਨਾਨਕ ਤਾਂ ਤੇਰਾ ਹੀ ਸਰੂਪ ਹੈ, ਇਹ ਮੂਰਖ ਕਿਉਂ ਨਿੰਦਿਆ ਕਰਦੇ ਹਨ। ਉਹ ਜਦੋਂ ਗੁਰੂ ਮਹਾਰਾਜ ਜੀ ਪਾਸ ਆਉਂਦਾ ਹੈ ਤਾਂ ਗੁਰੂ ਮਹਾਰਾਜ ਨੂੰ ਆਪਣੇ ਹਿਰਦੇ ਦੀ ਵੇਦਨਾ ਦਸਦਾ ਹੈ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ‘‘ਮਰਦਾਨਿਆਂ! ਦੁਨੀਆਂ ਵਿਚ ਆਪਣੀ ਪਤ ਰੱਖਣੀ ਬਹੁਤ ਮੁਸ਼ਕਲ ਹੈ –

***ਏਸ ਕਲੀਓ ਪੰਜ ਭੀਤਿਓ ਕਿਉ ਕਰਿ ਰਖਾ ਪਤਿ।***
***ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ।***
***ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ॥***
***ਜੇ ਬਹਿ ਰਹਾ ਤਾ ਆਖੀਐ ਬੈਠਾ ਸਥਰ ਘਤ।***
***ਉਠ ਜਾਈ ਤਾ ਆਖੀਐ ਛਾਰੁ ਗਇਆ ਸਿਰ ਘਤਿ।***
***ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ।***
***ਕਾਈ ਗਲੀ ਨ ਮੇਵਨੀ ਜਿਥੇ ਕਢਾ ਭਤਿ।***
***ਏਥੇ ਓਥੈ ਨਾਨਕਾ ਕਰਤਾ ਰਖੈ ਪਤਿ।***

ਇਸੇ ਤਰ੍ਹਾਂ ਦੇ ਨਾਲ ਜੋ ਮਹਾਂਪੁਰਸ਼ ਹੁੰਦੇ ਹਨ ਉਹ ਉਸਤਤ ਨਿੰਦਿਆਂ ਦੀ ਪ੍ਰਵਾਹ ਹੀ ਨਹੀਂ ਕਰਿਆ ਕਰਦੇ। ਉਹ ਆਪਣੇ ਸਤਿ ਦੇ ਮਾਰਗ ਤੇ ਦ੍ਰਿੜ੍ਹਤਾ ਨਾਲ ਚਲ ਕੇ ਸੰਸਾਰ ਨੂੰ ਸਿੱਧਾ ਰਾਹ ਦਿਖਾਉਂਦੇ ਹਨ। ਸੋ ਲਛਮਣ ਜੀ ਨੇ ਕਿਹਾ ਕਿ ਹੇ ਪ੍ਰਭੂ! ਲੋਕਾਂ ਦਾ ਸੁਭਾਅ ਸਮਾਨ ਨਹੀਂ ਹੁੰਦਾ, ਤੁਸੀਂ ਆਪ ਸਭ ਕੁਝ ਜਾਣਦੇ ਹੋ। ਮਾਤਾ ਸੀਤਾ ਜੀ ਮਹਾਨ ਪਵਿੱਤਰ ਸਤੀ ਹੋਣ ਦੇ ਬਾਵਜੂਦ ਮੂਰਖ ਲੋਕਾਂ ਦੇ ਕਹਿਣ ਤੇ ਵਿਛੋੜੇ ਦਾ ਦੁੱਖ ਭੋਗ ਰਹੀ ਹੈ। ਆਪ ਮਰਿਆਦਾ ਪਰਸ਼ੋਤਮ ਹੋ, ਮਰਿਆਦਾ ਦੇ ਅਸੂਲਾਂ ਦੀ ਪਾਲਣਾ ਕਰਦੇ ਹੋਏ ਸੀਤਾ ਜੀ ਨੂੰ ਦੂਰ ਬਣਵਾਸੀ ਬਣਾ ਦਿਤਾ। ਤੁਸੀਂ ਤਾਂ ਸਭ ਕੁਝ ਜਾਣਦੇ ਹੋਂ ਪਰ ਮਰਿਆਦਾ ਦਾ ਪਾਲਣ ਕਰਦੇ ਹੋਏ ਬੇਪ੍ਰਵਾਹ ਹੋ। ਇਸ ਤਰ੍ਹਾਂ ਦੇ ਬਚਨ ਕਰਦੇ-ਕਰਦੇ ਉਨ੍ਹਾਂ ਦੇ ਅੱਗੋਂ ਇਕ ਮਿਰਗ ਨਿਕਲਿਆ। ਉਨ੍ਹਾਂ ਮਿਰਗ ਦੇ ਪਿਛੇ ਘੋੜੇ ਲਾਏ, ਮ੍ਰਿਗ ਜੰਗਲ ਵਿਚ ਛੁਪ ਗਿਆ। ਅੱਗੇ ਜੰਗਲ ਸਾਫ ਕਰਕੇ ਖੇਤ ਆ ਗਏ ਜਿਥੇ ਕਿਸਾਨਾਂ ਨੇ ਬੜੀ ਮਿਹਨਤ ਕਰਕੇ ਖੇਤੀ ਬੀਜੀ ਹੋਈ ਸੀ। ਇਨ੍ਹਾਂ ਦੋਹਾਂ ਨੂੰ ਪਿਆਸ ਲੱਗੀ। ਇਕ ਕਿਸਾਨ ਜੋ ਹਲ ਚਲਾ ਰਿਹਾ ਸੀ, ਉਸ ਦੇ ਪਾਸ ਪਹੁੰਚੇ ਅਤੇ ਕਿਹਾ ਕਿ ਅਸਾਨੂੰ ਜਲ ਪਿਲਾ। ਸ੍ਰੀ ਰਾਮ ਚੰਦਰ ਜੀ ਦੇਖਦੇ ਹਨ ਕਿ ਕਿਸਾਨ ਅਤੇ ਬੈਲਾਂ ਨੇ ਗੋਡਿਆਂ ਤਕ ਲੋਹੇ ਦੇ ਬੂਟ ਪਹਿਨੇ ਹੋਏ ਹਨ। ਸਰੀਰ ਉਤੇ ਲੋਹੇ ਦੀ ਜਾਲੀ ਦਾ ਕੋਟ, ਸਿਰ ਤੇ ਲੋਹੇ ਦਾ ਟੋਪ ਪਹਿਨਿਆ ਹੋਇਆ ਹੈ, ਬਲਦਾਂ ਉਤੇ ਜਾਲੀ ਦੇ ਝੁੱਲ ਦਿਤੇ ਹੋਏ ਹਨ। ਬੜੇ ਹੈਰਾਨ ਹੋਏ ਕਿ ਇਹ ਕਿਹੋ ਜਿਹੀ ਵਰਦੀ ਹੈ। ਆਪ ਨੇ ਪਾਣੀ ਪੀ ਕੇ ਪਿਆਸ ਬੁਝਾਈ। ਸੁਭਾਵਿਕ ਹੀ ਸ੍ਰੀ ਰਾਮ ਚੰਦਰ ਜੀ ਨੇ ਕਿਸਾਨ ਨੂੰ ਪੁਛਿਆ ਕਿ ਇਹ ਤੂੰ ਐਨਾ ਲੋਹਾ ਆਪਣੇ ਅਤੇ ਇਨ੍ਹਾਂ ਬੈਲਾਂ ਦੇ ਸਰੀਰ ਉਪਰ ਕਿਉਂ ਬੰਨ੍ਹਿਆ ਹੋਇਆ ਹੈ ਤਾਂ ਉਸ ਨੇ ਕਿਹਾ ਕਿ ਮਹਾਰਾਜ! ਇਸ ਦੇਸ਼ ਵਿਚ ਜਿਥੇ ਅਸੀਂ ਰਹਿੰਦੇ ਹਾਂ, ਭੂਮੀ ਵਿਚ ਵੱਡੇ-ਵੱਡੇ ਬਿੱਛੂ ਰਹਿੰਦੇ ਹਨ ਜਿਨ੍ਹਾਂ ਵਿਚ ਐਨੀ ਜ਼ਹਿਰ ਹੈ ਕਿ ਉਹ ਪੱਥਰ ਵਿਚ ਵੀ ਡੰਗ ਮਾਰ ਦੇਣ, ਸੰਖੀਆ ਬਣਾ ਦਿੰਦੇ ਹਨ। ਉਨ੍ਹਾਂ ਦੇ ਡਰ ਕਰਕੇ ਮੈਂ ਤੇ ਮੇਰੇ ਬੈਲਾਂ ਨੇ ਲੋਹੇ ਦੇ ਬੂਟ ਪਾਏ ਹੋਏ ਹਨ। ਇਹ ਜੋ ਬਲਦਾਂ ਉਪਰ ਝੁੱਲ ਤੇ ਟੋਪ ਦੀ ਗੱਲ ਕੀਤੀ ਹੈ ਉਸ ਬਾਰੇ ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਇਥੇ ਇਕ ਬਹੁਤ ਤਿੱਖੀ ਚੁੰਝ ਵਾਲਾ ਪੰਛੀ ਰਹਿੰਦਾ ਹੈ ਇਹ ਪੰਛੀ ਚੁੰਝ ਮਾਰ ਕੇ ਮਾਸ ਕੱਢ ਕੇ ਲੈ ਜਾਂਦੇ ਹਨ। ਉਨ੍ਹਾਂ ਦੇ ਡਰ ਕਰਕੇ ਲੋਹੇ ਦਾ ਕੋਟ ਤੇ ਟੋਪ ਪਾਇਆ ਹੋਇਆ ਹੈ। ਸੁਭਾਵਿਕ ਹੀ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਐ ਕਿਸਾਨ! ਜਿਸ ਭੂਮੀ ਵਿਚ ਐਨਾ ਦੋਸ਼ ਹੋਵੇ, ਤੁਸੀਂ ਉਸ ਨੂੰ ਛੱਡ ਕਿਉਂ ਨਹੀਂ ਦਿੰਦੇ? ਇਤਨੀ ਭੂਮੀ ਬਾਹਰ ਪਈ ਹੈ ਜਿਥੇ

ਤੁਸੀਂ ਖੇਤੀ ਕਰ ਸਕਦੇ ਹੋਂ, ਐਨੇ ਨਦੀ ਨਾਲੇ ਚਲ ਰਹੇ ਹਨ ਜਿਥੋਂ ਤੁਸੀਂ ਆਪਣੇ ਖੇਤਾਂ ਨੂੰ ਪਾਣੀ ਲਾ ਸਕਦੇ ਹੋਂ। ਐਨੇ ਦੋਸ਼ ਵਾਲੀ ਭੂਮੀ ਤੁਹਾਨੂੰ ਛੱਡ ਦੇਣੀ ਚਾਹੀਦੀ ਹੈ। ਉਸ ਵੇਲੇ ਕਿਸਾਨ ਨੇ ਕਿਹਾ ਕਿ ਮਹਾਰਾਜ! ਆਪਣੀ ਇਸਤ੍ਰੀ ਅਤੇ ਭੂਮੀ ਵਿਚ ਕਿੰਨੇ ਵੀ ਦੋਸ਼ ਕਿਉਂ ਨਾ ਹੋਣ, ਕੋਈ ਅਣਖ ਵਾਲਾ ਬੰਦਾ ਆਪਣੀ ਭੂਮੀ ਅਤੇ ਇਸਤ੍ਰੀ ਦਾ ਕਦੇ ਵੀ ਤਿਆਗ ਨਹੀਂ ਕਰ ਸਕਦਾ। ਇਹ ਤਾਂ ਸ੍ਰੀ ਰਾਮ ਚੰਦਰ ਜੀ ਹੀ ਸਨ ਜਿਨ੍ਹਾਂ ਨੇ ਇਕ ਧੋਬੀ ਦੇ ਕਹਿਣ ਤੇ ਆਪਣੀ ਇਸਤ੍ਰੀ ਤੇ ਸ਼ੱਕ ਕਰਕੇ ਉਸ ਨੂੰ ਛੱਡ ਦਿਤਾ। ਉਹ ਸਤੀ ਸੀਤਾ ਇਸ ਸ਼ੱਕ ਕਰਕੇ ਮਹਾਂ ਦੁਖ ਭੋਗ ਰਹੀ ਹੈ। ਉਸ ਨੇ ਬਹੁਤ ਨਿੰਦਿਆ ਕੀਤੀ ਕਿ ਰਾਮ ਚੰਦਰ ਜੀ ਨੇ ਸੀਤਾ ਜੀ ਦਾ ਤਿਆਗ ਕਰਕੇ ਬਹੁਤ ਬੁਰਾ ਕੀਤਾ ਹੈ। ਕਿਸਾਨ ਨੇ ਹੱਲ ਫੇਰ ਜੋੜ ਲਿਆ। ਸ੍ਰੀ ਰਾਮ ਚੰਦਰ ਜੀ ਤੇ ਲੱਛਮਣ ਜੀ ਘੋੜਿਆਂ ਤੇ ਚੜ੍ਹਣ ਲੱਗੇ ਤਾਂ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਦੇਖੋ! ਲੱਛਮਣ! ਆਪਾਂ ਸੀਤਾ ਜੀ ਬਾਰੇ ਪੂਰੀ ਤਰ੍ਹਾਂ ਜਾਣਦੇ ਹਾਂ ਕਿ ਉਹ ਮਹਾਂ ਪਵਿੱਤਰ ਦੇਵੀ ਹੈ ਪਰ ਲੋਕਾਂ ਦੀ ਨਿੰਦਿਆ ਸੁਣ ਕੇ ਉਸ ਦਾ ਤਿਆਗ ਕਰ ਦਿਤਾ। ਹੁਣ ਇਸ ਗੱਲ ਦੀ ਦੂਸਰੇ ਲੋਕ ਨਿੰਦਾ ਕਰਦੇ ਹਨ। ਸੋ ਇਹ ਲੋਕ ਲਾਜ ਦੀ ਵਾਸ਼ਨਾ ਪ੍ਰਭੂ ਦੇ ਦਰਸ਼ਨ ਵਿਚ ਬਹੁਤ ਭਾਰੀ ਵਿਘਨ ਹੈ।

ਚੌਥੀ ਵਾਸ਼ਨਾ ਸਾਸ਼ਤਰ ਵਾਸ਼ਨਾ ਹੋਇਆ ਕਰਦੀ ਹੈ। ਕਿਤਾਬਾਂ ਦੇ ਢੇਰਾਂ ਦੇ ਢੇਰ ਲਾ ਲੈਣੇ ਅਤੇ ਹਰ ਸਮੇਂ ਪੜ੍ਹਦੇ ਹੀ ਰਹਿਣਾ। ਪੜ੍ਹ-ਪੜ੍ਹ ਕੇ ਲੋਕਾਂ ਨੂੰ ਸੁਣਾਉਣਾ ਅਤੇ ਇਹ ਵਾਸ਼ਨਾ ਰੱਖਣੀ ਕਿ ਲੋਕ ਮੇਰੇ ਪ੍ਰਵਚਨ ਸੁਣ ਕੇ, ਗਾਉਣਾ ਸੁਣ ਕੇ ਮੋਹਿਤ ਹੋ ਜਾਣ। ਮੇਰੇ ਵਰਗਾ ਹੋਰ ਕੋਈ ਰਾਗੀ, ਕਥਾਕਾਰ, ਲੈਕਚਰਾਰ ਨਾ ਹੋਵੇ ਅਤੇ ਇਹ ਵਾਸ਼ਨਾ ਸਦਾ ਲੱਗੀ ਰਹਿਣੀ ਕਿ ਮੈਂ ਵੱਧ ਤੋਂ ਵੱਧ ਗ੍ਰੰਥ ਪੜ੍ਹ ਲਵਾਂ। ਉਨ੍ਹਾਂ ਵਿਚੋਂ ਕੁਟੇਸ਼ਨਾਂ ਯਾਦ ਕਰਕੇ ਮੈਂ ਭਰੀਆਂ ਸਭਾਵਾਂ ਵਿਚ ਸੁਣਾ ਕੇ ਜਸ ਲਵਾਂ। ਲੋਕ ਇਹ ਕਹਿਣ ਕਿ ਅਜਿਹਾ ਵਿਦਵਾਨ ਅਸੀਂ ਕੋਈ ਨਹੀਂ ਦੇਖਿਆ। ਇਹ ਸਾਸ਼ਤਰ ਵਾਸ਼ਨਾ ਕਹਾਉਂਦੀ ਹੈ।

ਐਸਾ ਗ੍ਰੰਥਾਂ ਵਿਚ ਆਉਂਦਾ ਹੈ ਕਿ ਇਕ ਭਾਰਦ੍ਵਾਜ ਮੁਨੀ ਹੋਏ ਹਨ ਜਿਹੜੇ ਅਨੇਕ ਪ੍ਰਕਾਰ ਦੀਆਂ ਔਸ਼ੁਧੀਆਂ ਖਾ ਕੇ ਆਪਣੇ ਗਲੇ ਦੇ ਸੁਰ ਨੂੰ ਐਨਾ ਮੀਠਾ ਰਖਦੇ ਸਨ ਕਿ ਲੋਕ ਸੁਣ ਕੇ ਮੋਹਿਤ ਹੋ ਜਾਂਦੇ ਸਨ। ਉਹ ਇਸੇ ਖਿਆਲ ਵਿਚ ਰਹਿੰਦੇ ਸਨ ਅਤੇ ਬ੍ਰਹਮ ਚਿੰਤਨ ਦਾ ਉਨ੍ਹਾਂ ਨੂੰ ਸਮਾਂ ਨਹੀਂ ਸੀ ਮਿਲਦਾ। ਇਸ ਵਾਸ਼ਨਾ ਅਧੀਨ ਉਹ ਪ੍ਰਭੂ ਨੂੰ ਭੁੱਲੇ ਰਹਿੰਦੇ ਸਨ। ਬਿਰਧ ਹੋਣ ਤੇ ਵੀ ਉਨ੍ਹਾਂ ਨੇ ਇਸ ਖਿਆਲ ਨੂੰ ਨਾ ਛੱਡਿਆ।

ਐਸਾ ਲਿਖਿਆ ਮਿਲਦਾ ਹੈ ਕਿ ਇਕ ਵਾਰੀ ਇੰਦਰ ਉਸ ਦੇ ਪਾਸ ਆਇਆ, ਉਸ ਨੇ ਉਸ ਦੇ ਬਚਨ ਸੁਣੇ। ਇੰਦਰ ਨੇ ਪੁਛਿਆ ਕਿ ਮੁਨੀ ਜੀ! ਤੁਸੀਂ ਬ੍ਰਹਮ ਚਿੰਤਨ ਕਿੰਨਾ ਸਮਾਂ ਕਰਦੇ ਹੋਂ? ਉਸ ਨੇ ਕਿਹਾ ਕਿ ਬ੍ਰਹਮ ਚਿੰਤਨ ਦਾ ਸਮਾਂ ਤਾਂ ਘੱਟ ਮਿਲਦਾ ਹੈ ਪਰ ਮੇਰੇ ਮਨ ਵਿਚ ਇਕ ਲਾਲਸਾ ਰਹਿੰਦੀ ਹੈ ਕਿ ਮੈਂ ਪਾਠ ਵਗੈਰਾ ਕਰਦਾ ਜਾਵਾਂ ਅਤੇ ਲੋਕ ਸੁਣ ਕੇ ਵਾਹਵਾ-ਵਾਹਵਾ ਕਰਦੇ ਰਹਿਣ। ਇੰਦਰ ਨੇ ਕਿਹਾ ਕਿ ਜੇ ਤੁਹਾਨੂੰ ਹੋਰ ਆਯੂ ਮਿਲ ਜਾਵੇ ਤਾਂ ਫੇਰ ਤੁਸੀਂ ਕੀ ਕਰੋਂਗੇ? ਤਾਂ ਉਸ ਨੇ ਕਿਹਾ ਕਿ ਮੈਂ ਉਸ ਮਿਲੀ ਹੋਈ ਆਯੂ ਵਿਚ ਵੀ ਲੋਕਾਂ ਨੂੰ ਆਪਣੇ ਪ੍ਰਵਚਨ ਸੁਣਾ ਕੇ ਮੋਹਿਤ ਕਰਾਂਗਾ। ਤਾਂ ਇੰਦਰ ਨੇ ਕਿਹਾ ਕਿ ਮੁਨੀ ਜੀ! ਕੰਠ ਤਾਂ ਤੁਹਾਡੇ ਵਸ ਵਿਚ ਨਹੀਂ ਹੈ, ਇਹ ਤਾਂ ਪ੍ਰਭੂ ਦੇ ਵਸ ਵਿਚ ਹੈ। ਜਿਸ ਨੂੰ ਜੋ ਇੰਦਰਾ ਦਿੰਦਾ ਹੈ ਉਹ ਨੇਤ ਦੇ ਮੁਤਾਬਿਕ ਉਸਦੀ ਵਰਤੋਂ ਕਰਦਾ ਹੈ। ਤੁਸੀਂ ਵਾਸ਼ਨਾ ਵਿਚ ਫਸੇ ਹੋਏ ਹੋਂ, ਇਸ ਵਾਸ਼ਨਾ ਦਾ ਤਿਆਗ ਕਰੋ ਅਤੇ ਬ੍ਰਹਮ ਚਿੰਤਨ ਕਰੋ। ਤੁਹਾਡਾ ਅੰਤ ਬਹੁਤ ਦੂਰ ਨਹੀਂ ਹੈ। ਮਾਨਸ ਜਨਮ ਬਹੁਤ ਭਾਗਾਂ ਨਾਲ ਮਿਲਿਆ ਹੈ ਤੁਸੀਂ ਉਹ ਕੰਮ ਕਰੋ ਜਿਸ ਬਾਰੇ ਗੁਰੂ ਨਾਨਕ ਪਾਤਸ਼ਾਹ ਨੇ ਵੀ ਫੁਰਮਾਨ ਕੀਤਾ ਹੈ -

***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥***

***ਪੰਨਾ - 467***

ਗੁਰੂ ਮਹਾਰਾਜ ਜੀ ਨੇ ਸ਼ਾਸਤਰ ਵਾਸ਼ਨਾ ਬਾਰੇ ਬਾਣੀ ਵਿਚ ਬਹੁਤ ਥਾਂ ਤੇ ਜ਼ਿਕਰ ਕੀਤਾ ਹੈ -

***ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ॥***
***ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ॥***
***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥***
***ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ॥***
***ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ॥***
***ਮੰਨੇ ਨਾਉ ਬਿਸੰਖ ਦਰਗਹ ਪਾਵਣਾ॥***
***ਖਾਲਕ ਕਉ ਆਦੇਸੁ ਢਾਢੀ ਗਾਵਣਾ॥***
***ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥ ਪੰਨਾ - 148***

ਇਸੇ ਨੂੰ ਹੋਰ ਵਿਸਥਾਰ ਦਿੰਦੇ ਹੋਏ ਗੁਰੂ ਮਹਾਰਾਜ ਨੇ ਫੁਰਮਾਇਆ ਹੈ-

***ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ।।***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥***
***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥***

***ਪੰਨਾ - 467***

ਸੋ ਇਹ ਸ਼ਾਸਤਰ ਵਾਸ਼ਨਾ ਪ੍ਰਭੂ ਮਿਲਾਪ ਵਿਚ ਬੰਧਨ ਰੂਪ ਹੈ। ਇਹ ਵਾਸ਼ਨਾ ਵੱਡੇ-ਵੱਡੇ ਰਿਸ਼ੀਆਂ-ਮੁਨੀਆਂ ਨੂੰ ਹੋਈ। ਨਾਰਦ ਨੂੰ ਹੋਈ, ਜਿਹੜਾ 64 ਪ੍ਰਕਾਰ ਦੀ ਵਿਦਿਆ ਵਿਚ ਪ੍ਰਬੀਨ ਸੀ। ਪਰ ਉਸ ਦੇ ਮਨ ਵਿਚ ਸ਼ਾਂਤੀ ਨਾ ਆਈ। ਉਸ ਨੇ ਸੰਤ ਕੁਮਾਰ ਰਿਸ਼ੀਆਂ ਨੂੰ ਜਾ ਕੇ ਆਪਣਾ ਦੁਖ ਦਸਿਆ ਕਿ ਕ੍ਰਿਪਾ ਕਰੋ, ਮੈਨੂੰ ਇਸ ਦੁਖ ਵਿਚੋਂ ਕੱਢੋ। ਤਾਂ ਉਹ ਕਹਿਣ ਲੱਗੇ ਕਿ ਤੂੰ ਕੇਵਲ ਪੁਸਤਕਾਂ ਹੀ ਪੜ੍ਹੀਆਂ ਹਨ, ਤੂੰ ਤੱਤ ਨੂੰ ਨਹੀਂ ਜਾਣਿਆ। ਤੱਤ ਨੂੰ ਨਾ ਜਾਨਣ ਵਾਲਾ ਜੋ ਪਠਨ ਪਾਠ ਕਰਦਾ ਹੈ, ਵਿਦਵਾਨ ਬਣ ਕੇ ਜੋ ਆਪਣੀ ਕਲਮ ਚਲਾਉਂਦਾ ਹੈ, ਦੁਨੀਆਂ ਨੂੰ ਸੁਮੱਤ ਦਿੰਦਾ ਹੈ ਉਸ ਨੇ ਜੇ ਬੁੱਝਿਆ ਨਹੀਂ ਗੁਰੂ ਮਹਾਰਾਜ ਜੀ ਦੇ ਫੁਰਮਾਨ ਮੁਤਾਬਿਕ -

***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥***

***ਪੰਨਾ - 467***

ਤਾਂ ਉਹ ਵਿਦਵਾਨ ਪੁਰਸ਼ ਨਹੀਂ ਹੈ ਉਹ ਕੇਵਲ ਚੁੰਚ

ਗਿਆਨੀ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

***ਜਗੁ ਕਊਆ ਮੁਖਿ ਚੁੰਚ ਗਿਆਨੁ॥ ਪੰਨਾ - 832***

ਉਸ ਨੇ ਤਤੂ ਨੂੰ ਨਹੀਂ ਜਾਣਿਆ ਅਤੇ ਉਸ ਵਿਦਵਾਨ ਦਾ ਦਰਜਾ ਗੁਰੂ ਮਹਾਰਾਜ ਜੀ ਦੇ ਅਨੁਸਾਰ ਬਹੁਤ ਹੀ ਨੀਵਾਂ ਚਲਿਆ ਜਾਂਦਾ ਹੈ। ਆਪ ਫੁਰਮਾਨ ਕਰਦੇ ਹਨ –

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥***
***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥***
***ਪੰਨਾ - 251***

ਉਹ ਕੁਝ ਵੀ ਨਹੀਂ ਹੈ, ਕੜਛੀ ਦੀ ਨਿਆਈਂ ਉਸ ਨੂੰ ਬਿਰਤੀ ਕਿੰਨੇ ਵੀ ਸੁਆਦੂ ਭੋਜਨ ਬਣਾ ਲਓ ਉਸ ਨੂੰ ਕੋਈ ਅਨੰਦ ਨਹੀਂ ਆਉਂਦਾ। ਉਹ ਸੁੰਨੀ ਹੀ ਘੁੰਮਦੀ ਹੈ।

***ਪੜਣਾ ਗੁਣਨਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥***
***ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ॥***
***ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥***
***ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ॥***
***ਪੰਨਾ - 650***

ਪੜ੍ਹਨਾ ਕੋਈ ਬੁਰੀ ਗੱਲ ਨਹੀਂ ਹੈ ਪਰ ਉਸ ਦੇ ਪਿਛੇ ਇਕ ਜੀਵਨ ਕੰਮ ਕਰਿਆ ਕਰਦਾ ਹੈ ਕਿ ਜੇ ਅਧਿਆਤਮਕ ਗ੍ਰੰਥ ਪੜ੍ਹਨੇ ਹਨ ਤਾਂ ਉਹ ਇਸ ਲਈ ਪੜ੍ਹੇ ਜਾਂਦੇ ਹਨ ਕਿ ਸਾਨੂੰ ਆਤਮ ਤੱਤ ਦੀ ਕੁਝ ਪਛਾਣ ਹੋ ਜਾਵੇ। ਜੇ ਇਹ ਭਾਵਨਾ ਮਨ ਵਿਚ ਨਹੀਂ ਹੈ, ਆਤਮ ਤੱਤ ਨੂੰ ਨਹੀਂ ਜਾਣਿਆ ਫਿਰ ਤਾਂ ਉਹ ਸੁਖ ਤੋਂ ਖਾਲੀ ਹੀ ਰਹਿ ਗਿਆ ਜਿਵੇਂ ਸਲੂਣੀਆਂ ਸਬਜ਼ੀਆਂ ਵਿਚ ਬੇਅੰਤ ਕਿਸਮ ਦੇ ਮਸਾਲੇ ਪਾ ਕੇ ਉਸ ਨੂੰ ਸੁਆਦੂ ਬਣਾਇਆ ਜਾਂਦਾ ਹੈ, ਉਸ ਦੀ ਸੁਗੰਧ ਦੂਰ-ਦੂਰ ਤਕ ਫੈਲ ਜਾਂਦੀ ਹੈ ਪਰ ਕੜਛੀ ਨੂੰ ਕੋਈ ਸੁਆਦ ਨਹੀਂ ਆਇਆ ਕਰਦਾ। ਉਹ ਸਬਜ਼ੀ ਵਿਚ ਘੁੰਮਦੀ ਤਾਂ ਰਹਿੰਦੀ ਹੈ ਪਰ ਉਹ ਰਸ ਤੋਂ ਖਾਲੀ ਰਹਿੰਦੀ ਹੈ। ਬ੍ਰਹਮ ਚਿੰਤਨ ਮੁੱਖ ਕਰਮ ਹੈ, ਪੜ੍ਹਨ ਦੀ ਵਾਸ਼ਨਾ ਤਿਆਗ ਕੇ ਬ੍ਰਹਮਚਿੰਤਨ ਕਰਨਾ ਚਾਹੀਦਾ ਹੈ। ਆਪਣੇ ਸਰੂਪ ਦਾ ਜਦੋਂ ਤਕ ਗਿਆਨ ਨਹੀਂ ਹੁੰਦਾ ਅਤੇ ਪਰੀਪੂਰਨ ਵਾਹਿਗੁਰੂ ਜੀ ਜਦੋਂ ਤਕ ਅੰਦਰ ਪ੍ਰਗਟ ਨਹੀਂ ਹੁੰਦਾ ਉਸ ਸਮੇਂ ਤਕ ਪੜ੍ਹਨਾ ਇਕ ਬੋਝ ਹੀ ਹੋਇਆ ਕਰਦਾ ਹੈ। ਇਕ ਥਕੇਵਾਂ ਹੁੰਦਾ ਹੈ ਕਿਸੇ ਲੇਖੇ ਵਿਚ ਨਹੀਂ ਪਿਆ ਕਰਦਾ। ਰੋਜ਼ੀ ਤਾਂ ਵਾਹਿਗੁਰੂ ਜੀ ਨੇ ਪ੍ਰਾਲਬਧ ਕਰਮ ਅਨੁਸਾਰ ਸਭ ਨੂੰ ਦੇਣੀ ਹੀ ਹੈ ਪਰ ਮੁਖ ਕਰਮ ਤਾਂ ਵਾਹਿਗੁਰੂ ਜੀ ਦੀ ਪ੍ਰਾਪਤੀ ਹੈ, ਛਿਨ-ਛਿਨ ਕਰਕੇ ਅਉਧ ਬੀਤਦੀ ਤੁਰੀ ਜਾਂਦੀ ਹੈ।

ਕਈ ਪ੍ਰੇਮੀਆਂ ਦਾ ਇਹ ਖਿਆਲ ਹੁੰਦਾ ਹੈ ਕਿ ਪੜ੍ਹਨ ਤੋਂ ਬਗੈਰ ਆਦਮੀ ਅਣਜਾਣ ਰਹਿੰਦਾ ਹੈ, ਉਸ ਨੂੰ ਕੁਝ ਵੀ ਪਤਾ ਨਹੀਂ ਹੁੰਦਾ, ਇਸ ਪੜ੍ਹਨ ਬਾਰੇ ਇਥੇ ਗੱਲ ਨਹੀਂ ਕੀਤੀ ਜਾ ਰਹੀ। ਦੁਨੀਆਂ ਦੇ ਕਾਰਜਾਂ ਲਈ ਉਨ੍ਹਾਂ ਪੁਸਤਕਾਂ ਦਾ ਪੜ੍ਹਨਾ ਜਿਵੇਂ ਸਾਇੰਸ ਦੀਆਂ ਪੁਸਤਕਾਂ ਹਨ, ਮੈਡੀਕਲ ਦੀਆਂ ਪੁਸਤਕਾਂ ਹਨ, ਇੰਜਨੀਅਰ, ਹਿਸਟਰੀ, Geography ਜਾਂ ਰਾਜਨੀਤਿਕ ਦੀਆਂ ਪੁਸਤਕਾਂ ਹਨ ਇਹ ਕੇਵਲ ਜਾਣਕਾਰੀ ਵਧਾਉਂਦੀਆਂ ਹਨ। ਸਮਾਜ ਵਿਚ ਆਪਣੀ ਰੋਜ਼ੀ ਕਮਾਉਣ ਦੇ ਕਰਮ ਨੂੰ ਸੁਖਾਲਾ ਬਣਾਉਂਦੀਆਂ ਹਨ ਪਰ ਇਹ ਸਭ ਕੁਝ ਕਰਕੇ ਆਦਮੀ ਸੁਖਾਲਾ ਨਹੀਂ ਕਹਾ ਸਕਦਾ ਕਿਉਂਕਿ ਉਸ ਨੇ ਇਹ ਵਿਦਿਆ ਨਹੀਂ ਪੜ੍ਹੀ ਜਿਸ ਵਿਦਿਆ ਅਨੁਸਾਰ ਉਹ ਕਾਮ ਦੇ ਮਾਰੂ ਪੰਜੇ ਵਿਚੋਂ ਸੁਤੰਤਰ ਹੋ ਸਕੇ। ਦੁੰਦਰ ਕ੍ਰੋਧ ਦੀ ਭੈ ਦਾਇਕ ਜਕੜ ਵਿਚੋਂ ਨਿਕਲ ਸਕੇ, ਮੋਹ ਦੇ ਅਨੇਕ ਤੰਦਾਂ ਵਿਚੋਂ ਸੁਤੰਤਰ ਹੋ ਸਕੇ। ਲੋਭ ਅਤੇ ਅਭਿਮਾਨ ਨੂੰ ਸਮਝ ਸਕੇ। ਇਸੇ ਤਰ੍ਹਾਂ ਨਾਲ ਇਹ ਪੁਸਤਕਾਂ ਪੜ੍ਹਨ ਨਾਲ ਨਹੀਂ ਪਤਾ ਲਗਦਾ ਕਿ ਰਾਜ, ਮਾਲ, ਰੂਪ, ਜਾਤ, ਜੋਬਨ ਤੋਂ ਕਿਵੇਂ ਛੁਟਕਾਰਾ ਪਾਇਆ ਜਾ ਸਕਦਾ ਹੈ। ਨਾ ਹੀ ਉਸ ਨੂੰ ਇਹ ਪਤਾ ਲਗਦਾ ਹੈ ਕਿ ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਵਿਸ਼ਿਆਂ ਵਿਚੋਂ ਕਿਵੇਂ ਨਿਕਲਿਆ ਜਾ ਸਕਦਾ ਹਾਂ। ਪੰਜ ਕਲੇਸ਼ ਉਸ ਦੇ ਮਨ ਨੂੰ ਹਰ ਵਕਤ ਪੀੜਤ ਕਰਦੇ ਰਹਿੰਦੇ ਹਨ। ਇਨ੍ਹਾਂ ਪੰਜਾਂ ਕਲੇਸ਼ਾਂ – ਅਵਿਦਿਆ, ਅਭੀਨਿਵੇਸ਼, ਅਸੀਮਿਤਾ, ਰਾਗ, ਦ੍ਵੈਸ਼ ਵਿਚੋਂ ਕਿਵੇਂ ਛੁਟਕਾਰਾ ਪਾ ਸਕਦੇ ਹਾਂ। ਪੁਸਤਕਾਂ ਪੜ੍ਹਨ ਤੇ ਉਸ ਦੀ ਅਕਲ ਬਹੁਤ ਤਿੱਖੀ ਹੋ ਜਾਵੇਗੀ, ਉਹ ਜਾਣ ਜਾਏਗਾ ਕਿ ਧੋਖੇ ਕਿਵੇਂ ਦਿਤੇ ਜਾ ਸਕਦੇ ਹਨ, ਦੂਸਰੇ ਨੂੰ ਕਿਵੇਂ ਛਲਿਆ ਜਾ ਸਕਦਾ ਹੈ, ਦੂਸਰੇ ਨੂੰ ਕਿਵੇਂ ਪਰੇਸ਼ਾਨ ਕੀਤਾ ਜਾ ਸਕਦਾ ਹੈ। ਉਹ ਕਾਨੂੰਨ ਦੀਆਂ ਕਿਤਾਬਾਂ ਪੜ੍ਹ ਕੇ ਇਸ ਕਾਬਲ ਹੋ ਜਾਂਦਾ ਹੈ ਕਿ ਸੱਚੇ ਸੁੱਚੇ ਸੁਖੀ ਵਸਦਿਆਂ ਬੰਦਿਆਂ ਨੂੰ ਕਿਵੇਂ ਪਰੇਸ਼ਾਨ ਕੀਤਾ ਜਾ ਸਕਦਾ ਹੈ। ਇਸ ਵਿਦਿਆ ਨੂੰ ਮਹਾਰਾਜ ਮੂਰਖਾਂ ਦੀ ਵਿਦਿਆ ਆਖਦੇ ਹਨ ਜੇ ਪੜ੍ਹ ਕੇ ਆਦਮੀ ਆਪਣੇ ਆਪ ਨੂੰ ਬੁਝ ਲਵੇਂ ਉਹ ਪੜ੍ਹਿਆ ਹੋਇਆ ਬੰਦਾ ਪ੍ਰਵਾਨ ਹੋਇਆ ਕਰਦਾ ਹੈ –

***ਪੜਿਆ ਬੂਝੈ ਸੋ ਪਰਵਾਣੁ॥***
***ਜਿਸੁ ਸਿਰਿ ਦਰਗਹ ਕਾ ਨੀਸਾਣੁ॥ ਪੰਨਾ - 662***

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥***
***ਪੰਨਾ - 140***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਨਾਮ ਪੜ੍ਹਨਾ, ਨਾਮ ਬੁਝਣਾ ਇਹ ਗੁਰੂ ਦੀ ਮਤ ਹੈ –

***ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥***
***ਪੰਨਾ - 140***

ਗੁਰੂ ਦੀ ਮਤ ਧਾਰਨ ਕਰਕੇ, ਨਾਮ ਧਨ ਖਟ ਕੇ ਅਸੀਂ ਭੰਡਾਰੇ ਭਰ ਲੈਂਦੇ ਹਾਂ ਜੋ ਇਥੇ ਵੀ ਨਿਭਦੇ ਹਨ ਅਤੇ ਦਰਗਾਹ ਵਿਚ ਵੀ ਥਾਂ ਮਿਲਦਾ ਹੈ ਕੋਈ ਵੀ ਉਨ੍ਹਾਂ ਨੂੰ ਟੋਕਾ-ਟੋਕੀ ਨਹੀਂ ਕਰਦਾ, ਸਾਰੇ ਉਨ੍ਹਾਂ ਦਾ ਸਤਿਕਾਰ ਕਰਦੇ ਹਨ –

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥ ਪੰਨਾ - 252***

ਸਭ ਉਸ ਦਾ ਆਦਰ ਕਰਦੇ ਹਨ ਅਤੇ ਅਰੇ-ਅਰੇ ਕੋਈ ਨਹੀਂ ਕਹਿੰਦਾ।

ਗੁਰੂ ਨਾਨਕ ਪਾਤਸ਼ਾਹ ਅਜੇ ਬਚਪਨ ਵਿਚ ਹੀ ਸਨ। ਆਪ ਦੇ ਪਿਤਾ ਜੀ ਨੇ ਸੋਚਿਆ ਕਿ ਇਨ੍ਹਾਂ ਨੂੰ ਪੜ੍ਹਨ ਪਾ ਦਿਤਾ ਜਾਵੇ। ਦੂਸਰੇ ਦਿਨ ਨਾਨਕ ਜੀ ਨੂੰ ਸਮੇਂ ਸਿਰ ਮਾਤਾ ਤ੍ਰਿਪਤਾ ਜੀ ਨੂੰ ਕਹਿ ਕੇ ਨਵੇਂ ਕੱਪੜੇ ਪਾ ਕੇ ਤਿਆਰ ਕਰ ਦਿਤਾ। ਆਪ ਜੀ ਨੇ ਨੌਕਰ ਦੇ ਸਿਰ ਉਪਰ ਇਕ ਸ਼ੱਕਰ ਦੀ

ਪਰਾਤ ਅਤੇ ਇਕ ਵਸਤਰ ਰੱਖ ਕੇ ਪਾਠਸ਼ਾਲਾ ਵਲ ਨੂੰ ਚਲ ਪਏ। ਗੁਰੂ ਨਾਨਕ ਨਾਲ ਬਚਨ ਕਰਦੇ ਜਾਂਦੇ ਹਨ ਕਿ ਬੇਟਾ! ਹੁਣ ਤੂੰ ਦਿਲ ਲਾ ਕੇ ਪੜ੍ਹੀਂ, ਪੜ੍ਹਨ ਵਾਲੇ ਬੰਦੇ ਦੁਨੀਆਂ ਵਿਚ ਬਹੁਤ ਵੱਡੇ ਹੋ ਜਾਂਦੇ ਹਨ, ਉਨ੍ਹਾਂ ਦਾ ਦੁਨੀਆਂ ਵਿਚ ਮਾਣ ਹੁੰਦਾ ਹੈ, ਉਹ ਹਰ ਪਾਸੇ ਵਡਿਆਈ ਪ੍ਰਾਪਤ ਕਰਦੇ ਹਨ। ਉਨ੍ਹਾਂ ਦੇ ਮੁਕਾਬਲੇ ਤੇ ਜੋ ਓਮੀ ਪੁਰਸ਼ ਹਨ ਉਹ ਕਿਤੇ ਵੀ ਮਾਣ ਪ੍ਰਾਪਤ ਨਹੀਂ ਕਰਦੇ, ਨਾ ਹੀ ਉਨ੍ਹਾਂ ਨੂੰ ਕਿਤੇ ਕੋਈ ਰੋਜ਼ਗਾਰ ਮਿਲਦਾ ਹੈ। ਉਹ ਮਜ਼ਦੂਰੀਆਂ ਕਰਕੇ ਆਪਣਾ ਪੇਟ ਭਰਦੇ ਹਨ। ਪਰਿਵਾਰ ਬਹੁਤ ਦੁਖੀ ਹੋ ਜਾਂਦਾ ਹੈ, ਪਰ ਇਸ ਦੇ ਵਿਪਰੀਤ ਜੋ ਪੜ੍ਹਿਆ ਹੋਇਆ ਹੈ ਉਹ ਚੰਗੇ ਅਹੁਦੇ ਪ੍ਰਾਪਤ ਕਰ ਲੈਂਦਾ ਹੈ ਜੋ ਬੜੀ ਦੇਰ ਤਕ ਖਤਮ ਨਹੀਂ ਹੁੰਦੇ, ਕੋਈ ਵਣਜ ਵਪਾਰ ਕਰ ਲੈਂਦਾ ਹੈ। ਧਨ ਜੁੜ ਜਾਂਦਾ ਹੈ, ਸ਼ਾਂਤੀ ਨਾਲ ਜੀਵਨ ਬਤੀਤ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਪਿਤਾ ਦੀਆਂ ਇਹ ਗੱਲਾਂ ਸੁਣਦੇ-ਸੁਣਦੇ ਪਾਠਸ਼ਾਲਾ ਪਹੁੰਚ ਜਾਂਦੇ ਹਨ। ਉਥੇ ਮਹਿਤਾ ਕਾਲੂ ਜੀ ਨੇ ਪਾਧੇ ਨੂੰ ਕਿਹਾ ਕਿ ਨਾਨਕ ਜੀ ਨੂੰ ਪਾਠਸ਼ਾਲਾ ਵਿਚ ਪੜ੍ਹਨ ਵਾਸਤੇ ਲਿਆਇਆ ਹਾਂ। ਇੰਨਾ ਕਹਿ ਕੇ ਨੌਕਰ ਵਲ ਇਸ਼ਾਰਾ ਕੀਤਾ ਅਤੇ ਉਸ ਨੇ ਸ਼ੱਕਰ ਅਤੇ ਕੱਪੜਾ (ਥਾਨ) ਪਾਧਾ ਜੀ ਦੇ ਅੱਗੇ ਰੱਖ ਦਿਤਾ। ਮਹਿਤਾ ਕਾਲੂ ਜੀ ਨੇ ਸਵਾ ਰੁਪਿਆ ਪਾਂਧਾ ਜੀ ਨੂੰ ਦਕਸ਼ਣਾ ਦਿਤੀ। ਨਾਲ ਹੀ ਕਿਹਾ ਕਿ ਪਾਧਾ ਜੀ! ਤੁਸੀਂ ਜਿਉਂ-ਜਿਉਂ ਨਾਨਕ ਨੂੰ ਪੜ੍ਹਾਓਂਗੇ ਮੈਂ ਤੁਹਾਡੀ ਭੇਟਾ ਅਨਾਜ ਦੀਆਂ ਬੋਰੀਆਂ, ਕਪਾਹ, ਗੰਨੇ, ਗੁੜ, ਸ਼ੱਕਰ ਅਤੇ ਸਬਜ਼ੀਆਂ-ਭਾਜੀਆਂ, ਬਾਲਣ ਭੇਜਦਾ ਰਹਾਂਗਾ। ਪ੍ਰਭੂ ਦੀ ਕ੍ਰਿਪਾ ਨਾਲ ਅਸਾਡੇ ਪਾਸ ਬਹੁਤ ਮੱਝਾਂ ਗਾਈਆਂ ਹਨ, ਦੁੱਧ ਵੀ ਬਹੁਤ ਵਾਧੂ ਹੈ, ਮੈਂ ਆਪਣੇ ਨੌਕਰ ਪਾਸ ਦੁੱਧ ਭੇਜਦਾ ਰਹਾਂਗਾ ਪਰ ਤੁਸੀਂ ਮਿਹਨਤ ਕਰਕੇ ਪੜ੍ਹਾਉਣਾ। ਪਾਧਾ ਜੀ ਜਾਣਦੇ ਸਨ ਕਿ ਮਹਿਤਾ ਕਾਲੂ ਰਾਏ ਬੁਲਾਰ ਦੇ ਖਾਸ ਮੈਨੇਜਰ ਹਨ ਜਿਨ੍ਹਾਂ ਦਾ ਕੰਮ ਫਸਲ ਦੀ ਕਣਕੂਤ ਕਰਨਾ, ਹੋਰ ਰਾਜਸੀ ਕੰਮਾਂ ਵਿਚ ਸੇਵਾ ਕਰਨਾ ਸੀ, ਪਿੰਡ ਵਿਚੋਂ ਉਹ ਸਭ ਤੋਂ ਪ੍ਰਮੁੱਖ ਗਿਣੇ ਜਾਂਦੇ ਸਨ। ਰਾਏ ਬੁਲਾਰ ਜੀ ਦਾ ਵੀ ਨਾਨਕ ਜੀ ਵਲ ਖਾਸ ਧਿਆਨ ਰਹਿੰਦਾ ਸੀ ਕਿਉਂਕਿ ਉਨ੍ਹਾਂ ਦੇ ਬਾਰੇ ਬਹੁਤ ਸਾਰੇ ਪਤਵੰਤਿਆਂ ਤੋਂ ਬੜੀ ਸੰਜੀਦਗੀ ਨਾਲ ਨਿਤ ਹੋ ਰਹੇ ਕੌਤਕ ਸੁਣ ਰਿਹਾ ਸੀ। ਗੁਰੂ ਨਾਨਕ ਬਾਰੇ ਉਹਦੇ ਮਨ ਵਿਚ ਸ਼ਰਧਾ ਸੀ। ਇਹ ਵੀ ਉਸ ਦੇ ਮਨ ਵਿਚ ਪੱਕਾ ਖਿਆਲ ਸੀ ਕਿ ਇਹ ਬਾਲਕ ਅੱਲਾਹ ਤਾਲਾ ਵਲੋਂ ਸੰਸਾਰ ਦੀ ਕਲਿਆਣ ਵਾਸਤੇ ਭੇਜਿਆ ਗਿਆ ਹੈ। ਇਸ ਕਰਕੇ ਵੀ ਉਹ ਮਹਿਤਾ ਕਾਲੂ ਨਾਲ ਵਿਸ਼ੇਸ਼ ਨੇੜਤਾ ਰਖਿਆ ਕਰਦਾ ਸੀ। ਪਾਧਾ ਜੀ ਵੀ ਇਸ ਗੱਲ ਨੂੰ ਜਾਣਦੇ ਸਨ ਉਨ੍ਹਾਂ ਨੇ ਗੁਰੂ ਨਾਨਕ ਦੇ ਕੌਤਕ ਸੁਣ ਰੱਖੇ ਸਨ। ਉਸ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਆਮ ਬਾਲਕਾਂ ਵਰਗਾ ਨਹੀਂ ਸੀ ਸਮਝਿਆ।

ਉਸ ਨੇ ਗੁਰੂ ਨਾਨਕ ਜੀ ਨੂੰ ਪਿਆਰ ਕੀਤਾ ਅਤੇ ਕਿਹਾ ਕਿ ਤੂੰ ਕੱਲ੍ਹ ਨੂੰ ਫੱਟੀ ਲਿਆਵੀਂ, ਕਲਮ ਇਥੋਂ ਮਿਲ ਜਾਵੇਗੀ, ਸਿਆਹੀ, ਦਵਾਤ ਇਥੇ ਮਿਲ ਜਾਵੇਗੀ, ਗਾਜਣੀ ਇਥੇ ਹੁੰਦੀ ਹੀ ਹੈ, ਤੂੰ ਫੱਟੀ ਧੋ ਲਈਂ ਅਤੇ ਗਾਜਣੀ ਲਾ ਲਈ ਜਦੋਂ ਸੁੱਕ ਜਾਵੇਗੀ ਉਸ ਵੇਲੇ ਤੂੰ ਮੇਰੇ ਕੋਲ ਲੈ ਕੇ ਆਈਂ। ਮੈਂ ਉਸ ਉਪਰ ਅੱਖਰ ਲਿਖ ਦੇਵਾਂਗਾ। ਉਨ੍ਹਾਂ ਅੱਖਰਾਂ ਨੂੰ ਦੇਖ ਕੇ ਤੂੰ ਅੱਖਰ ਲਿਖਣੇ ਹੋਣਗੇ। ਗੁਰੂ ਨਾਨਕ ਨੇ ਕਿਹਾ ਕਿ ਪਾਧਾ ਜੀ! ਜਿਵੇਂ ਤੁਸੀਂ ਕਿਹਾ ਹੈ ਮੈਂ ਓਵੇਂ ਹੀ ਕਰ ਲਵਾਂਗਾ।

ਪਾਧਾ ਜੀ ਚਲੇ ਗਏ ਪਰ ਗੁਰੂ ਨਾਨਕ ਜੀ ਉਥੇ ਹੀ ਰਹੇ। ਆਪ ਜੀ ਦੀ ਸਖਸ਼ੀਅਤ ਵਿਚ ਇਤਨੀ ਮਿਕਨਾਤੀਸੀ ਸ਼ਕਤੀ ਸੀ ਕਿ ਜੋ ਵੀ ਕੋਈ ਦੇਖਦਾ ਸੀ ਉਹ ਖਿੱਚ ਖਾ ਕੇ ਧੂਹਿਆ ਜਾਂਦਾ ਸੀ। ਗੁਰੂ ਨਾਨਕ ਪਾਤਸ਼ਾਹ ਲਈ ਪਿਆਰ ਉਸ ਦੇ ਅੰਦਰ ਆਪਣੇ ਆਪ ਹੀ ਹੁਲਾਰੇ ਮਾਰਨ ਲਗ ਜਾਂਦਾ ਸੀ। ਇਸੇ ਤਰ੍ਹਾਂ ਹੋਇਆ, ਅੱਜ ਬਾਲਕ ਪਾਧਾ ਜੀ ਦੇ ਜਾਣ ਤੋਂ ਬਾਅਦ ਰੋਲਾ-ਰੱਪਾ ਨਹੀਂ ਸੀ ਪਾ ਰਹੇ, ਉਹ ਨਾਨਕ ਜੀ ਦੇ ਦੁਆਲੇ ਝੁਰਮਟ ਪਾ ਕੇ ਬੜੀ ਸ਼ਾਂਤੀ ਨਾਲ ਬੈਠੇ ਸਨ। ਗੁਰੂ ਨਾਨਕ ਜੀ ਉਨ੍ਹਾਂ ਨਾਲ ਬਹੁਤ ਮਿੱਠੇ ਬਚਨ ਕਰ ਰਹੇ ਸਨ।

ਦੂਸਰੇ ਦਿਨ ਗੁਰੂ ਨਾਨਕ ਪਾਤਸ਼ਾਹ ਫੱਟੀ ਲੈ ਗਏ ਅਤੇ ਸੁਕਾ ਕੇ ਪਾਧਾ ਜੀ ਪਾਸ ਆਏ, ਉਹ ਬੜਾ ਪ੍ਰਸੰਨ ਹੋਇਆ। ਗੁਰੂ ਨਾਨਕ ਦੇ ਚਿਹਰੇ ਵਲ ਤੱਕਣ ਲੱਗਿਆ, ਅੰਦਰ ਕੋਈ ਖਿੱਚ ਖਾਧੀ, ਬੇਮਾਲੂਮਾਂ ਸਤਿਕਾਰ ਉਸ ਦੇ ਹਿਰਦੇ ਵਿਚ ਜਾਗ ਪਿਆ। ਉਸ ਨੂੰ ਪੰਡਤ ਹਰਦਾਸ ਜੀ ਦੇ ਪਹਿਲਾਂ ਕਹੇ ਹੋਏ ਬਚਨ ਯਾਦ ਆ ਗਏ। ਹਰਦਾਸ ਜੀ ਨੇ ਕਿਹਾ ਸੀ ਕਿ ਪਾਧਾ ਜੀ! ਨਾਨਕ ਦੇ ਜੋ ਗ੍ਰਹਿ ਹਨ, ਉਨ੍ਹਾਂ ਨੂੰ ਦੇਖ ਕੇ ਪਤਾ ਲਗਦਾ ਹੈ ਕਿ ਜੋਤਸ਼ ਵਿਦਿਆ ਦੇ ਮਤ ਅਨੁਸਾਰ ਉਹ ਐਨੇ ਮਹਾਨ ਹਨ, ਐਨੇ ਸਰਵੋਤਮ ਹਨ ਜਿਨ੍ਹਾਂ ਦੇ ਮੁਕਾਬਲੇ ਦਾ ਕੋਈ ਵੀ ਸੰਸਾਰ ਵਿਚ ਨਹੀਂ ਆਇਆ। ਮੈਨੂੰ ਤਾਂ ਕਈ ਵਾਰੀ ਭੁਲੇਖਾ ਪੈ ਜਾਂਦਾ ਹੈ ਕਿ ਇਹ ਈਸ਼ਵਰ ਦਾ ਖਾਸ ਅਵਤਾਰ ਹਨ। ਮੈਂ ਜਦੋਂ ਦੀ ਜਨਮ ਪਤਰੀ ਬਣਾਈ ਹੈ ਮੈਂ ਉਸ ਵੇਲੇ ਤੋਂ ਹੀ ਸਤਿਕਾਰ ਵਿਚ ਰਹਿੰਦਾ ਹਾਂ। ਈਸ਼ਵਰ ਕਰੇ ਅਸਾਡੇ ਜਿਉਂਦੇ-ਜਿਉਂਦੇ ਇਨ੍ਹਾਂ ਦਾ ਪ੍ਰਤਾਪ ਵਧੇ ਅਤੇ ਇਨ੍ਹਾਂ ਦਾ ਅਸਲੀ ਰੂਪ ਅਸੀਂ ਤਕ ਸਕੀਏ।

ਵਿਦੇਸ਼ੀਆਂ ਦੇ ਰਾਜ ਕਰਕੇ ਸਾਡੇ ਧਾਰਮਕ ਵਿਸ਼ਵਾਸ਼ ਬਹੁਤ ਕਮਜ਼ੋਰ ਹੋ ਚੁਕੇ ਹਨ, ਅਸੀਂ ਡਾਵਾਂਡੋਲ ਹੋਏ ਪਏ ਹਾਂ। ਮੈਂ ਇਨ੍ਹਾਂ ਦੇ ਗ੍ਰਹਿਆਂ ਤੋਂ ਹਿਸਾਬ ਲਾਇਆ ਹੈ ਕਿ ਇਹ ਪਹਿਲੇ ਅਵਤਾਰਾਂ ਤੋਂ ਕਿਤੇ ਵੱਡੇ ਅਵਤਾਰ ਹਨ। ਉਹ ਅਵਤਾਰ ਤਾਂ ਇਕ-ਇਕ ਕੰਮ ਕਰਨ ਵਾਸਤੇ ਹੀ ਆਏ ਸਨ। ਸ੍ਰੀ ਰਾਮ ਚੰਦਰ ਜੀ ਮਰਿਆਦਾ ਕਾਇਮ ਕਰਨ ਵਾਸਤੇ ਅਤੇ ਰਾਵਣ ਵਰਗੇ ਅਨੀਤੀ ਕਰਨ ਵਾਲਿਆਂ ਨੂੰ ਦੰਡ ਦੇਣ ਵਾਸਤੇ ਆਏ ਸਨ। ਕ੍ਰਿਸ਼ਨ ਮਹਾਰਾਜ ਜੀ ਨੇ ਸਤਿ ਦੀ ਜਿੱਤ ਕਰਦਿਆਂ ਅਤੇ ਅਸਤਿ ਨੂੰ ਬਿਲਕੁਲ ਖਤਮ ਕੀਤਾ। ਉਨ੍ਹਾਂ ਦਾ ਦਿਤਾ ਗਿਆ ਗਿਆਨ ਗੀਤਾ ਵਿਚ ਅੱਜ ਵੀ ਸੰਸਾਰ ਨੂੰ ਰਸਤਾ ਦਿਖਾ ਰਿਹਾ ਹੈ। ਇਹ ਨਾਨਕ ਦੀ ਮੈਨੂੰ ਗਿਆਤ ਹੋਈ ਹੈ ਕਿ ਇਹ ਗੁਰੂ ਅਵਤਾਰ ਹੋਣਗੇ। ਗੁਰੂ ਅਵਤਾਰ ਨਾਮ ਦੀ ਦਾਤ ਦਿਆ ਕਰਦਾ ਹੈ ਅਤੇ ਜੀਵਾਂ ਨੂੰ ਪ੍ਰਭੂ ਦੇ ਨਾਲ ਮਿਲਾ ਦਿਆ ਕਰਦਾ ਹੈ। ਇਹ ਕੋਈ ਐਸਾ ਸੁਖੈਨ ਮਾਰਗ ਜਗਿਆਸੂ ਨੂੰ ਦਸਣਗੇ ਕਿ ਉਹ ਉਲਟੀਆਂ-ਫੁਲਟੀਆਂ ਪਰਸਥਿਤੀਆਂ ਹੋਣ ਦੇ ਬਾਵਜੂਦ ਵੀ ਆਪਣੇ ਅੰਦਰ ਹੀ ਪ੍ਰਭੂ ਨੂੰ ਟੋਲ ਲਿਆ ਕਰਨਗੇ। ਐਸੀਆਂ ਗੱਲਾਂ ਜਦੋਂ ਤਲਵੰਡੀ ਦੇ ਵਿਦਵਾਨ ਇੱਕਠੇ ਹੁੰਦੇ ਹਨ ਉਸ ਵੇਲੇ ਆਮ ਹੀ ਕਰ ਲਿਆ ਕਰਦੇ ਸਨ। ਜਦੋਂ ਉਨ੍ਹਾਂ ਨੇ ਸੁਣਨਾ ਕਿ ਨਾਨਕ ਜੀ ਆਪਣੀਆਂ

ਮੁੰਦਰੀਆਂ ਉਤਾਰ ਕੇ ਲੋੜਵੰਦਾਂ ਨੂੰ ਦੇ ਦਿੰਦੇ ਹਨ, ਮਾਤਾ ਜੀ ਤੋਂ ਵਧੀਆ-ਵਧੀਆ ਚੀਜ਼ਾਂ ਲਿਆ ਕੇ ਗਰੀਬਾਂ ਨੇ ਦੇ ਦਿੰਦੇ ਹਨ, ਅਜਿਹੀਆਂ ਗੱਲਾਂ ਪਾਰਖੂਆਂ ਨੂੰ ਬਹੁਤ ਹੈਰਾਨ ਕਰ ਦਿੰਦੀਆਂ ਸਨ ਕਿ ਇਹ ਬਾਲਕ ਆਮ ਬਾਲਕ ਨਹੀਂ ਹੈ। ਇਹ ਤਾਂ ਆਪ ਹੀ ਪ੍ਰਮੇਸ਼ਰ ਮਾਨਵ ਕਲਿਆਣ ਵਾਸਤੇ ਦੇਹ ਧਾਰ ਕੇ ਆਇਆ ਹੈ।

ਪਾਧਾ ਜੀ ਦੇ ਮਨ ਵਿਚ ਅਜਿਹੇ ਸੰਸਕਾਰ ਸਨ। ਅੱਜ ਗੁਰੂ ਨਾਨਕ ਪਾਤਸ਼ਾਹ ਉਸ ਦੇ ਸਾਮ੍ਹਣੇ ਸਾਕਾਰ ਰੂਪ ਵਿਚ ਬੈਠੇ ਸਨ, ਫੱਟੀ ਪਾਧਾ ਜੀ ਦੇ ਹੱਥ ਵਿਚ ਸੀ, ਉਹ ਕਿਸੇ ਅਗੰਮੀ ਰਸ ਨੂੰ ਮਹਿਸੂਸ ਕਰ ਰਿਹਾ ਸੀ। ਉਸ ਨੂੰ ਇਸ ਤਰ੍ਹਾਂ ਲਗ ਰਿਹਾ ਸੀ ਕਿ ਗੁਰੂ ਨਾਨਕ ਦਾ ਵਜੂਦ ਸ਼ਾਂਤੀ ਹੀ ਸ਼ਾਂਤੀ ਫੈਲਾ ਰਿਹਾ ਹੈ। ਸਾਰੀ ਪਾਠਸ਼ਾਲਾ ਦੇ ਬੱਚੇ ਚੁੱਪ ਬੈਠੇ ਸਨ ਅਤੇ ਰੌਲਾ ਨਹੀਂ ਪਾ ਰਹੇ। ਉਸ ਨੂੰ ਇਹ ਨਹੀਂ ਕਹਿਣਾ ਪੈ ਰਿਹਾ ਸੀ ਕਿ ਬੱਚਿਓ! ਚੁੱਪ ਕਰ ਜਾਓ। ਅੱਜ ਬੱਚੇ ਆਪੇ ਹੀ ਚੁੱਪ ਬੈਠੇ ਸਨ। ਇਹੋ ਅਸਰ ਉਸ ਦੇ ਮਨ ਉਪਰ ਪੈ ਰਿਹਾ ਸੀ ਅਤੇ ਸਤਿਕਾਰ ਨਾਲ ਇਕ ਟਕ ਨਾਨਕ ਜੀ ਵਲ ਦੇਖ ਰਿਹਾ ਸੀ। ਕੋਈ ਰਸ ਮਹਿਸੂਸ ਕਰ ਰਿਹਾ ਸੀ, ਚਿਤ ਵਿਚ ਕੋਈ ਇਕਾਗਰਤਾ ਪ੍ਰਤੀਤ ਦੇ ਰਹੀ ਸੀ, ਫੁਰਨੇ ਖਤਮ ਹੋਏ ਪਏ ਸਨ, ਕਲਪਨਾ ਨੇੜੇ ਤੇੜੇ ਵੀ ਨਹੀਂ ਸੀ, ਅੰਦਰੋਂ ਹੀ ਅੰਦਰੋਂ ਹੈਰਾਨ ਹੋ ਰਿਹਾ ਸੀ ਕਿ ਇਸ ਬਾਲਕ ਦਾ ਕਿੰਨਾ ਪ੍ਰਭਾਵ ਹੈ, ਇਸ ਦੇ ਅੰਦਰ ਕਿੰਨੀ ਸ਼ਾਂਤੀ ਹੋਵੇਗੀ ਜੋ ਚੌਗਿਰਦੇ ਨੂੰ ਸ਼ਾਂਤ ਕਰ ਰਹੀ ਹੈ। ਇਨ੍ਹਾਂ ਗਹਿਰੀਆਂ ਸੋਚਾਂ ਵਿਚੋਂ ਇਕ ਦਮ ਨਿਕਲਿਆ ਅਤੇ ਮਹਿਸੂਸ ਕਰਦਾ ਹੈ ਕਿ ਨਾਨਕ ਬਾਲਕ ਨੇ ਮੇਰੇ ਉਤੇ ਕੋਈ ਤ੍ਰਾਟਕ ਤਾਂ ਨਹੀਂ ਕਰ ਦਿਤਾ? ਸਾਵਧਾਨ ਹੋਏ, ਕਲਮ ਚੁੱਕੀ, ਦਵਾਤ ਵਿਚ ਲਾਈ, ਫੱਟੀ ਫੜ ਕੇ ਝੁੱਡਣੇ ਹੇਠ ਆਪਣਾ ਹੱਥ ਪਾਇਆ ਅਤੇ ਆਪਣੇ ਪੱਟਾਂ ਤੇ ਰੱਖੀ। ਉਪਰ ਲਿਖ ਦਿਤਾ 'ਓਂ ਨਮਹੋ ਸਿਧੰ'। ਗੁਰੂ ਨਾਨਕ ਇਨ੍ਹਾਂ ਲਿਖੇ ਅੱਖਰਾਂ ਵਲ ਬਹੁਤ ਹੀ ਡੂੰਘੇ ਧਿਆਨ ਨਾਲ ਦੇਖ ਰਹੇ ਸਨ। ਜਦੋਂ ਪਾਧਾ ਦੂਸਰੀ ਵਾਰ ਕਲਮ ਸਿਆਹੀ ਵਿਚ ਲਾਉਣ ਲੱਗਿਆ ਤਾਂ ਗੁਰੂ ਨਾਨਕ ਜੀ ਨੇ ਕਿਹਾ ਕਿ ਪਾਧਾ ਜੀ! ਇਹ ਤੁਸੀਂ ਕੀ ਲਿਖਿਆ ਹੈ, ਇਹ ਵੀ ਤੁਸੀਂ ਮੈਨੂੰ ਪੜ੍ਹਾਉਣਾ ਹੈ? ਤਾਂ ਉਸ ਨੇ ਕਿਹਾ ਕਿ ਨਾਨਕ! ਇਹ ਸ਼ਾਸ਼ਤਰਾਂ ਦੀ ਮਰਿਆਦਾ ਹੈ ਕਿ ਜਦੋਂ ਵੀ ਕੋਈ ਚਿੱਠੀ ਲਿਖਣੀ ਹੋਵੇ, ਕੋਈ ਹੋਰ ਲਿਖਤ ਨਮਿਸ਼ਤ ਕਰਨੀ ਹੋਵੇ, ਤਾਂ ਉਤੇ ਮੰਗਲ ਦੇ ਸ਼ੁਭ ਅੱਖਰ ਲਿਖੇ ਜਾਇਆ ਕਰਦੇ ਹਨ। ਹੁਣ ਕਿਉਂਕਿ ਮੈਂ ਇਹ ਲਿਖ ਕੇ ਪੈਂਤੀ ਦੇ ਅੱਖਰ ਪਾ ਕੇ ਦੇਣੇ ਹਨ ਇਸ ਕਰਕੇ ਓਅੰਕਾਰ ਨੂੰ ਨਮਸ਼ਕਾਰ ਕਰਕੇ ਕਾਰਜ ਦੀ ਸਿੱਧੀ ਲਈ ਅਰਦਾਸ ਕੀਤੀ ਹੈ। ਨਾਨਕ ਜੀ ਕਹਿਣ ਲੱਗੇ, "ਪਾਧਾ ਜੀ! ਤੁਸੀਂ ਓਅੰਕਾਰ ਲਿਖਿਆ ਹੈ ਜਿਸ ਨੂੰ ਤੁਸੀਂ 'ਓਅੰ' ਕਿਹਾ ਹੈ ਮੇਰਾ ਖਿਆਲ ਹੈ ਕਿ ਤੁਸੀਂ ਉਸ ਓਅੰਕਾਰ ਨੂੰ ਤਾਂ ਜਾਣਦੇ ਹੀ ਹੋਵੋਂਗੇ? ਉਸ ਵੇਲੇ ਪਾਧਾ ਜੀ ਹੈਰਾਨ ਹੋ ਗਏ ਅਤੇ ਸੋਚਣ ਲਗ ਗਏ ਕਿ ਮੈਂ ਹੁਣ ਆਪਣੀ ਕਮਜ਼ੋਰੀ ਕਿਵੇਂ ਲੁਕਾਵਾਂ, ਸੱਚ ਦਾ ਮੁਜੱਸਮਾਂ ਸਾਮ੍ਹਣੇ ਲਟ-ਲਟ ਰੋਸ਼ਨੀ ਦੇ ਰਿਹਾ ਹੈ, ਝੂਠ ਦਾ ਹਨ੍ਹੇਰਾ ਹੁਣ ਟਿਕ ਨਹੀਂ ਰਿਹਾ ਆਖਿਰ ਕਹਿਣਾ ਹੀ ਪਿਆ ਕਿ ਨਾਨਕ! ਮੈਂ ਤਾਂ ਰਸਮੋ-ਰਸਮੀ ਇਹ ਮੰਗਲ ਲਿਖਿਆ ਹੈ, ਮੈਂ ਓਅੰਕਾਰ ਨੂੰ ਅਜੇ ਨਹੀਂ ਜਾਣਿਆ, ਨਾ ਓਅੰਕਾਰ ਦਾ ਮੈਨੂੰ ਪਤਾ ਹੈ।

ਗੁਰੂ ਨਾਨਕ ਕਹਿਣ ਲੱਗੇ ਹੇ ਪਾਧਾ! ਤੁਸੀਂ ਓਅੰਕਾਰ ਨੂੰ ਜਾਣੇ ਬਿਨਾਂ ਨਮਸ਼ਕਾਰ ਕਿਵੇਂ ਕਰ ਦਿਤੀ, ਤੁਹਾਡਾ ਤਾਂ ਉਸ ਨਾਲ ਸਬੰਧ ਹੀ ਜੁੜਿਆ ਨਹੀਂ ਹੋਇਆ, ਕਾਰਜ ਤਾਂ ਤੁਹਾਡਾ ਤਾਂ ਹੀ ਸਿੱਧ ਹੋਵੇਗਾ ਜੇ ਤੁਸੀਂ ਉਸ ਨੂੰ ਪਛਾਣ ਕੇ ਕਾਰਜ ਸਿੱਧੀ ਲਈ ਅਰਦਾਸ ਕਰੋਂ। ਅੱਜ ਪਾਧਾ ਜੀ ਨੇ ਇਹ ਅੱਖਰ ਪਹਿਲੀ ਵਾਰ ਸੁਣੇ ਸਨ। ਉਸ ਨੂੰ ਲੱਗਿਆ ਕਿ ਕੋਈ ਮਹਾਨ ਰਿਸ਼ੀ-ਮੁਨੀ, ਮਹਾਨ ਅਵਤਾਰ ਮੇਰੇ ਸਾਮ੍ਹਣੇ ਬੈਠਾ ਹੈ ਜੋ ਮੈਨੂੰ ਸੁਮੱਤ ਦੇਣ ਵਾਸਤੇ ਮੇਰੇ ਭਾਗ ਜਾਗਣ ਤੇ ਮੇਰੇ ਨਾਲ ਸੰਪਰਕ ਕਰਨ ਲਈ ਬੈਠਾ ਹੈ। ਉਹ ਮੈਨੂੰ ਵਿਦਿਆ ਗੁਰੂ ਜਾਣ ਕੇ ਆਇਆ ਹੈ ਪਰ ਮੈਂ ਤਾਂ ਉਸ ਦੇ ਪਹਿਲੇ ਬਚਨ ਨੇ ਹੀ ਬਿਲਕੁਲ ਅਣਜਾਣ ਬਣਾ ਦਿਤਾ ਕਿਉਂਕਿ ਮੈਂ ਕਦੇ ਵੀ ਓਅੰਕਾਰ ਬਾਰੇ ਨਹੀਂ ਸੋਚਿਆ ਕਿ ਉਹ ਕੀ ਹੈ? ਕਿਥੇ ਰਹਿੰਦਾ ਹੈਂ? ਅਜੇ ਪਾਧਾ ਜੀ! ਇਹ ਗੱਲ ਸੋਚ ਹੀ ਰਹੇ ਸੀ, ਉਸੇ ਵੇਲੇ ਗੁਰੂ ਨਾਨਕ ਨੇ ਇਹ ਪ੍ਰਸ਼ਨ ਕਰ ਦਿਤਾ ਕਿ ਤੁਸੀਂ ਮੈਨੂੰ ਕੀ ਪੜ੍ਹਾਉਣਾ ਚਾਹੁੰਦੇ ਹੋ ਅਤੇ ਕਿਉਂ ਪੜ੍ਹਾਉਣਾ ਚਾਹੁੰਦੇ ਹੋ? ਉਸ ਵੇਲੇ ਪਾਧਾ ਜੀ ਸੁਰਤ ਵਿਚ ਆਏ, ਆਪਣੇ ਆਪ ਨੂੰ ਅਕੇ ਆਪਣੀ ਮਾਨਸਿਕ ਸ਼ਕਤੀ ਨੂੰ ਇਕੱਠਾ ਕੀਤਾ ਅਤੇ ਕਹਿਣ ਲੱਗੇ ਹੇ ਨਾਨਕ! ਮੈਂ ਤੈਨੂੰ ਲੇਖੇ ਪਤੇ ਕਰਨ ਵਾਲੀ ਵਿਦਿਆ ਪੜ੍ਹਾਵਾਂਗਾ, ਜਿਸ ਵਿਚ ਗਣਿਤ ਵਿਦਿਆ, ਪਹਾੜੇ, ਸਵਾਏ, ਡੇਢੇ, ਉਂਚੇ, ਢਾਂਚੇ, ਢਾਈਏ ਅਤੇ ਅਨੇਕ ਵਿਧੀਆਂ ਦਸਾਂਗਾ ਜਿਨ੍ਹਾਂ ਨੂੰ ਵਰਤ ਕੇ ਤੂੰ ਹਿਸਾਬ ਕਿਤਾਬ ਵਿਚ ਪੂਰੀ ਤਰ੍ਹਾਂ ਮਾਹਰ ਹੋ ਜਾਵੇਂਗਾ। ਇਹ ਸਾਰੀ ਵਿਦਿਆ ਤੈਨੂੰ ਪੜ੍ਹਾ ਦੇਣੀ ਹਨ। ਮੈਂ ਦੇਖਿਆ ਹੈ ਕਿ ਤੂੰ ਜ਼ਹੀਨ ਹੈਂ ਤੂੰ ਥੋੜ੍ਹੇ ਦਿਨਾਂ ਵਿਚ ਸਾਰੀ ਵਿਦਿਆ ਸਿੱਖ ਜਾਵੇਂਗਾ। ਗੁਰੂ ਨਾਨਕ ਨੇ ਕਿਹਾ ਕਿ ਪਾਧਾ ਜੀ! ਇਹ ਪੜ੍ਹ ਕੇ ਮੈਨੂੰ ਕੀ ਫਾਇਦਾ ਹੋਵੇਗਾ? ਉਹ ਝੱਟ ਹੀ ਬੋਲ ਪਿਆ, "ਨਾਨਕ! ਤੈਨੂੰ ਚੰਗੀ ਨੌਕਰੀ ਮਿਲ ਜਾਵੇਗੀ ਜਿਵੇਂ ਕਿ ਤੇਰੇ ਪਿਤਾ ਜੀ ਰਾਏ ਬੁਲਾਰ ਦੇ ਮੁੱਖ ਆਰਥਕ ਪ੍ਰਬੰਧਕ ਹਨ ਇਵੇਂ ਜਿਵੇਂ ਤੂੰ ਵੀ ਬਹੁਤ ਉਚੀ ਪਦਵੀ ਪ੍ਰਾਪਤ ਕਰ ਲਵੇਂਗਾ। ਆਪਣੇ ਨਗਰ ਦੇ ਹਾਕਮ ਦਾ, ਦੌਲਤਖਾਨ ਲੋਧੀ ਨਾਲ ਦੂਰੋਂ ਨੇੜਿਓ ਸਬੰਧ ਹੈ ਇਹ ਨਵਾਬ ਨੂੰ ਕਹਿ ਕੇ ਤੈਨੂੰ ਉਸ ਦੇ ਦਰਬਾਰ ਵਿਚ ਚੰਗੀ ਥਾਂ ਲਵਾ ਦੇਵੇਗਾ। ਜਿਸ ਲਈ ਪੜ੍ਹਾਈ ਬਹੁਤ ਜ਼ਰੂਰੀ ਚੀਜ਼ ਹੈ। ਜੇ ਤੂੰ ਚੰਗੇ ਲੇਖੇ ਪੱਤੇ ਜਾਣ ਗਿਆ ਤਾਂ ਤੂੰ ਉਸ ਦੇ ਆਰਥਕ ਮਹਿਕਮੇ ਵਿਚ ਚੰਗੀ ਪਦਵੀ ਤੇ ਲੱਗ ਜਾਵੇਂਗਾ। ਮੋਟੀ ਗੱਲ ਇਹ ਹੈ ਨਾਨਕ ਜੀ! ਇਹ ਵਿਦਿਆ ਪੜ੍ਹ ਕੇ ਤੈਨੂੰ ਬਹੁਤ ਅੱਛੀ ਰੋਜ਼ੀ ਪ੍ਰਾਪਤ ਹੋ ਜਾਵੇਗੀ। ਜੇ ਤੂੰ ਇਹ ਵਿਦਿਆ ਨਾ ਪੜ੍ਹੀ ਤਾਂ ਜਿਵੇਂ ਅਨਪੜ੍ਹ ਬੰਦਿਆਂ ਦਾ ਹਾਲ ਹੁੰਦਾ ਹੈ ਉਸ ਤਰ੍ਹਾਂ ਹੀ ਹਾਲ ਹੁੰਦਾ ਹੈ।

ਗੁਰੂ ਨਾਨਕ ਝੱਟ ਬੋਲ ਪਏ ਕਿ ਪਾਧਾ ਜੀ! ਰੋਜ਼ੀ ਦੇਣ ਵਾਲਾ ਤਾਂ ਪ੍ਰਭੂ ਆਪ ਹੀ ਹੈ, ਉਹ ਪ੍ਰਭੂ ਜਿਸ ਨੂੰ ਓਅੰਕਾਰ ਕਹਿ ਕੇ ਨਮਸ਼ਕਾਰ ਕੀਤੀ ਹੈ ਉਹ ਸਰਬ ਜੀਆਂ ਨੂੰ ਰੋਜ਼ੀ ਦਿੰਦਾ ਹੈ। ਉਸ ਨੂੰ ਬਿਸੰਭਰ ਆਖਿਆ ਜਾਂਦਾ ਹੈ। ਇਥੇ ਜੀਵ ਦੇ ਹੱਥ ਵਿਚ ਕੁਝ ਵੀ ਨਹੀਂ ਹੈ, ਇਥੇ ਸਾਰੀ ਕ੍ਰਿਆ ਉਸ ਦੇ ਹੁਕਮ ਵਿਚ ਹੋ ਰਹੀ ਹੈ। ਹੁਕਮ ਵਿਚ ਹੀ ਅਮੀਰ ਹੁੰਦਾ ਹੈ, ਹੁਕਮ ਵਿਚ ਹੀ ਗਰੀਬ ਹੋ ਜਾਂਦਾ ਹੈ, ਹੁਕਮ ਵਿਚ ਹੀ ਉਤਮ ਪਦਵੀ ਮਿਲ ਜਾਂਦੀ ਹੈ ਅਤੇ ਹੁਕਮ ਵਿਚ

ਹੀ ਉਤਮ ਪਦਵੀ ਤੋਂ ਵਾਂਝਾ ਰਹਿ ਜਾਂਦਾ ਹੈ। ਉਹ ਪ੍ਰਮੇਸ਼ਰ ਐਨਾ ਸਰਬ ਕਲਾ ਸਮਰੱਥ ਹੈ ਕਿ ਉਹ ਘਟ-ਘਟ ਦੀ ਜਾਣਦਾ ਹੈ ਅਤੇ ਆਪਣੇ ਜੀਆਂ ਨੂੰ ਪੂਰੀ ਤਰ੍ਹਾਂ ਸੰਭਾਲਦਾ ਹੈ ਪਰ ਇਹ ਮੂਰਖ ਜੀਵ ਹਰ ਸਮੇਂ ਆਪਣੇ ਆਪ ਨੂੰ ਪ੍ਰਭੂ ਨਾਲੋਂ ਤੋੜ ਕੇ ਰਖਦਾ ਹੈ ਅਤੇ ਹਉਮੈ ਕਰਕੇ ਆਪਣੇ ਆਪ ਨੂੰ ਜੀਵ ਕਹਾਉਣ ਲਗ ਜਾਂਦਾ ਹੈ। ਜੀਵ-ਪੁਣੇ ਤੋਂ ਹੋਰ ਹੇਠਾਂ ਉਤਰ ਕੇ ਆਪਣੇ ਆਪ ਨੂੰ ਪੰਜਾਂ ਤੱਤਾਂ ਤੋਂ ਬਣੀ ਹੋਈ ਦੇਹ ਸਮਝਣ ਲਗ ਹੀ ਨਹੀਂ ਜਾਂਦਾ, ਸਗਵਾਂ ਪੱਕੀ ਤਰ੍ਹਾਂ ਵਿਸ਼ਵਾਸ਼ ਕਰਦਾ ਹੈ ਕਿ ਮੈਂ ਦੇਹ ਹੀ ਤਾਂ ਹਾਂ। ਦੇਹ ਬਚਪਨ, ਜੁਆਨੀ, ਬੁਢਾਪੇ ਦੇ ਰੂਪ ਧਾਰਦੀ ਨਾਸ਼ਵਾਨ ਹੈ। ਇਸ ਨੂੰ ਪਤਾ ਹੀ ਨਹੀਂ ਮੈਂ ਕੀ ਹਾਂ। ਕਿੰਨਾ ਹੀ ਕਿਉਂ ਨਾ ਪੜ੍ਹ ਲਵੇ ਇਹ ਆਪਣੇ ਆਪ ਨੂੰ ਜੀਵ ਭੀ ਨਹੀਂ ਮੰਨਦਾ, ਅਬਿਨਾਸ਼ੀ ਮੰਨਣ ਦਾ ਤਾਂ ਪ੍ਰਸ਼ਨ ਹੀ ਨਹੀਂ ਉਠਦਾ। ਪਾਧਾ ਜੀ! ਇਹ ਪੜ੍ਹਿਆ ਫਿਰ ਮੂਰਖ ਹੀ ਹੋਇਆ ਨਾ! ਇਸ ਜੀਵ ਨੂੰ ਰੋਜ਼ੀ ਤਾਂ ਪ੍ਰਭੂ ਨੇ ਦੇਣੀ ਹੈ ਇਸ ਨੂੰ ਉਹ ਪੜ੍ਹਾਈ ਪੜ੍ਹਨੀ ਚਾਹੀਦੀ ਹੈ ਜਿਸ ਨਾਲ ਇਸ ਦਾ ਜਨਮ ਮਰਨ ਤੋਂ ਛੁਟਕਾਰਾ ਹੋ ਜਾਵੇ ਕਿਉਂਕਿ ਜਨਮ ਮਰਨ ਦਾ ਬਹੁਤ ਵੱਡਾ ਦੁਖ ਹੈ। ਜੇ ਤੁਸੀਂ ਪੜ੍ਹ ਕੇ ਆਪਣੇ ਆਪ ਨੂੰ ਪਛਾਣਿਆ ਨਹੀਂ, ਹਉਮੈ ਦੇ ਅਧੀਨ ਹੋ ਕੇ ਕੰਮ ਕਰ ਰਹੇ ਹੋ ਤਾਂ ਕਰਮ ਉਸ ਨੂੰ ਬੰਨ੍ਹ ਲੈਂਦੇ ਹਨ ਅਤੇ ਉਹ ਖੂਹ ਦੀਆਂ ਟਿੰਡਾਂ ਵਾਂਗੂੰ ਗੇੜੇ ਖਾਂਦਾ ਹੈ, ਲੱਖ ਚੌਰਾਸੀ ਵਿਚ ਘੁੰਮਦਾ ਰਹਿੰਦਾ ਹੈ ਜਿਵੇਂ ਕਿ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*

*ਪੰਨਾ - 466*

ਉਸ ਵੇਲੇ ਪਾਧਾ ਜੀ ਸਾਵਧਾਨ ਹੋਏ, ਆਪਣੀ ਵਿਦਵਤਾ ਨੂੰ ਇਕ ਪਾਸੇ ਰੱਖ ਦਿਤਾ, ਮਨ ਵਿਚ ਸੋਚਿਆ ਕਿ ਮਨਾ! ਅੱਜ ਕੁਦਰਤੀ ਨਾਨਕ ਵਰਗੀ ਹਸਤੀ ਨਾਲ ਮੇਲ ਹੋਇਆ ਹੈ, ਤੂੰ ਇਸ ਤੋਂ ਅਸਲੀ ਪੜ੍ਹਾਈ ਸਿਖ ਲੈ ਅਤੇ ਕਹਿ ਕਿ ਹੇ ਨਾਨਕ! ਮੈਨੂੰ ਉਹ ਪੜ੍ਹਾਈ ਦਸ, ਜਿਸ ਤੋਂ ਜਨਮ ਮਰਨ ਤੋਂ ਛੁਟਕਾਰਾ ਮਿਲ ਜਾਂਦਾ ਹੈ। ਉਸ ਵੇਲੇ ਗੁਰੂ ਨਾਨਕ ਦੇ ਨੈਣ ਅਧ ਮਿਟੇ ਹੋਏ ਹੋਏ ਸੁਰਤ ਅੰਦਰ ਚਲੀ ਗਈ ਐਉਂ ਲਗਦਾ ਸੀ ਜਿਵੇਂ ਕਿਸੇ ਬਹੁਤ ਵੱਡੀ ਸ਼ਕਤੀ ਦੇ ਨਾਲ ਲਿਵਲੀਨ ਹੋ ਗਏ ਹੋਣ। ਉਸ ਵੇਲੇ ਆਪ ਦੇ ਪਵਿੱਤਰ ਗਲੇ ਵਿਚੋਂ ਕੁਝ ਬਚਨ ਉਚਾਰਨ ਹੋਏ ਜਿਸ ਨੂੰ ਪਾਧਾ ਜੀ ਨੇ ਧਿਆਨ ਨਾਲ ਸੁਣਿਆ ਜੋ ਜਿਨ੍ਹਾਂ ਦਾ ਪ੍ਰਮਾਰਥ ਕੁਝ ਇਸ ਤਰ੍ਹਾਂ ਸੀ।

ਬਾਲਕ ਰੂਪ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਪਾਧਾ ਜੀ! ਇਹ ਜੀਵ ਇਸ ਸੰਸਾਰ ਨੂੰ ਸਤਿ ਜਾਣ ਕੇ ਇਸ ਵਿਚ ਪਰਚ ਗਿਆ ਹੈ ਇਸ ਨੂੰ ਆਪਣੇ ਸਰੂਪ ਦਾ ਗਿਆਨ ਭੁੱਲ ਚੁਕਿਆ ਹੈ। ਇਸ ਨੂੰ ਪੰਜ ਚੋਰ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਕਾਬੂ ਕਰਕੇ ਰਖਦੇ ਹਨ। ਇਨ੍ਹਾਂ ਪੰਜਾਂ ਚੋਰਾਂ ਦਾ ਸਰਦਾਰ ਮੋਹ ਹੈ। ਮੋਹ ਹਉਮੈ ਤੱਤ ਕਰਕੇ ਪੈਦਾ ਹੋਇਆ ਹੈ, ਸ੍ਰਿਸ਼ਟੀ ਦੇ ਆਦਿ ਵਿਚ ਕੇਵਲ ਨਿਰੰਕਾਰ ਹੀ ਸਨ, ਹੁਣ ਵੀ ਓਹੀ ਹਨ। ਜਦੋਂ ਕੁਝ ਵੀ ਨਹੀਂ ਹੋਏਗਾ ਫੇਰ ਵੀ ਓਹੀ ਹੋਣਗੇ। ਵਾਹਿਗੁਰੂ ਜੀ ਨੇ ਆਪਣੇ ਆਪ ਤੋਂ ਆਪੇ ਪ੍ਰਗਟ ਹੋ ਕੇ ਸੰਸਾਰ ਦੀ ਰਚਨਾ ਕੀਤੀ ਜਿਵੇਂ ਕਿ ਫੁਰਮਾਨ ਵੀ ਆਉਂਦਾ ਹੈ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*

*ਪੰਨਾ - 463*

ਵਾਹਿਗੁਰੂ ਜੀ ਨੇ ਮਾਇਆ ਦਾ ਪਸਾਰਾ ਕੀਤਾ ਜਿਸ ਵਿਚ ਹਉਮੈ ਤੱਤ ਸਭ ਤੋਂ ਪ੍ਰਧਾਨ ਹੈ, ਉਸ ਹਉਮੈ ਤੱਤ ਨੇ ਇਸ ਜੀਵ ਨੂੰ ਪ੍ਰਭੂ ਨਾਲੋਂ ਤੋੜ ਕੇ ਵੱਖਰੀ ਹਸਤੀ ਬਣਾ ਦਿਤਾ। ਇਸ ਜੀਵ ਨੂੰ ਪੰਜਾਂ ਤੱਤਾਂ ਨੇ ਕਾਬੂ ਕਰ ਲਿਆ। ਹੰਗਤਾ ਤੇ ਮਮਤਾ ਜਿਸ ਨੂੰ 'ਮੈਂ' ਤੇ 'ਮੇਰੀ' ਆਖਿਆ ਜਾਂਦਾ ਹੈ ਇਸ ਨੂੰ ਤੁਸੀਂ ਪ੍ਰਭੂ ਦੇ ਨਾਮ ਨਾਲ ਜਲਾ (ਫੂਕ) ਕੇ ਸਿਆਹੀ ਬਣਾ ਲਵੋ ਅਤੇ ਲਿਖਣ ਵਾਲਾ ਕਾਗਜ਼ ਸਾਰ ਮਤ ਦਾ ਬਣਾਵੋ। ਸੰਸਾਰ ਵਿਚ ਸਤਿ ਅਤੇ ਅਸਤਿ ਦੋ ਤੱਤ ਪ੍ਰਤੀਤ ਹੋ ਰਹੇ ਹਨ। ਸਤਿ ਤੱਤ ਸਦਾ ਸਦੀਵੀ ਹੈ ਇਹ ਨਾ ਕਦੇ ਘਟਦਾ ਹੈ, ਨਾ ਵਧਦਾ ਹੈ, ਨਾ ਕਿਤੋਂ ਆਉਂਦਾ ਹੈ, ਨਾ ਜਾਂਦਾ ਹੈ ਇਹ ਸਰਬ ਕਲਾ ਸਮਰੱਥ ਪੂਰੀ ਤਰ੍ਹਾਂ ਸਭ ਕੁਝ ਜਾਣਦਾ ਹੈ। ਦੂਜਾ ਤੱਤ ਇਸ ਵਿਚ ਭਰਮ ਵਰਗਾ ਹੈ ਜਿਸ ਤਰ੍ਹਾਂ ਕਿ ਹਨ੍ਹੇਰੇ ਵਿਚ ਇਕ ਰੱਸੀ ਪਈ ਹੋਵੇ, ਉਹ ਪੂਰਾ ਨਿਰਣਾ ਨਾ ਹੋਣ ਕਰਕੇ ਸੱਪ ਪ੍ਰਤੀਤ ਦਿੰਦੀ ਹੈ। ਜਦੋਂ ਰੋਸ਼ਨੀ ਹੋ ਜਾਂਦੀ ਹੈ ਉਸ ਸਮੇਂ ਗਿਆਨ ਹੋ ਜਾਂਦਾ ਹੈ ਕਿ ਇਹ ਸੱਪ ਤਾਂ ਤਿੰਨ ਕਾਲ ਇਸ ਰੱਸੀ ਵਿਚ ਨਹੀਂ ਹੋਇਆ ਕੇਵਲ ਭ੍ਰਾਂਤੀ ਪੈਣ ਕਰਕੇ ਇਹ ਰੱਸੀ ਸੱਪ ਦਿਸਣ ਲੱਗ ਗਈ। ਸੋ ਇਹ ਸੱਪ ਵਾਲੀ ਦ੍ਰਿਸ਼ਟੀ ਮਿਥਿਆ ਹੈ।

ਇਸੇ ਤਰ੍ਹਾਂ ਨਾਲ ਇਹ ਸੰਸਾਰ ਹੈ ਤਾਂ ਪ੍ਰਮੇਸ਼ਰ ਰੂਪ, ਪਰ ਮਾਇਆ ਦਾ ਅਸਰ ਪੈਣ ਕਰਕੇ ਇਹ ਸੰਸਾਰ ਤੋਂ ਵੱਖਰਾ ਦਿਸਣ ਲਗ ਗਿਆ ਪਰ ਜਦੋਂ ਗੁਰੂ ਤੋਂ ਸ਼ਬਦ ਲੈ ਕੇ ਕਮਾਈ ਕਰਕੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਤਾਂ ਇਹ ਮਾਇਆ ਦਾ ਪਾਇਆ ਹੋਇਆ ਮੋਤੀਆ ਬਿੰਦ ਅੱਖਾਂ ਵਿਚੋਂ ਦੂਰ ਹੋ ਕੇ ਰੋਸ਼ਨੀ ਦਿਸਣ ਲਗ ਗਈ। ਉਸ ਵਿਚ ਵਸਤੂ ਦਾ ਅਸਲੀ ਸਰੂਪ ਭੀ ਦਿਸਣ ਲਗ ਗਿਆ। ਜਦੋਂ ਗਿਆਨ ਹੋ ਜਾਂਦਾ ਹੈ ਉਸ ਵੇਲੇ ਮਿਥਿਆ ਦ੍ਰਿਸ਼ਟੀ ਦਾ ਨਾਸ਼ ਹੋ ਜਾਂਦਾ ਹੈ। ਇਹ ਜੀਵ ਤਤੂ ਨੂੰ ਜਾਣ ਲੈਂਦਾ ਹੈ ਅਤੇ ਇਸ ਨੂੰ ਪਤਾ ਲਗ ਜਾਂਦਾ ਹੈ ਕਿ ਕੇਵਲ ਅਧਿਆਸ ਪੱਕ ਜਾਣ ਕਰਕੇ ਮੈਨੂੰ ਆਪਣਾ ਆਪ ਜੀਵ ਪ੍ਰਤੀਤ ਦੇ ਰਿਹਾ ਸੀ ਵੈਸੈ ਸਤਿ ਵਸਤੂ ਇਹ ਸੀ ਕਿ ਇਹ ਪ੍ਰਭੂ ਹੀ ਆਪ ਹੀ ਜੀਵ ਰੂਪ ਵਿਚ ਖੇਡ ਕਰ ਰਿਹਾ ਹੈ। ਮਿਥਿਆ ਦ੍ਰਿਸ਼ਟੀ ਕਰਕੇ ਸੰਸਾਰ ਨਜ਼ਰ ਆਉਂਦਾ ਹੈ। ਜਦੋਂ ਸਾਰ ਮਤ ਉਗਮਦੀ ਹੈ ਤਾਂ ਪਤਾ ਚਲਦਾ ਹੈ ਕਿ ਇਥੇ ਤਾਂ ਪ੍ਰਭੂ ਆਪ ਹੀ ਅਨੇਕ ਰੂਪ ਧਾਰ ਕੇ ਆਪਣੀ ਖੇਲ੍ਹ ਕਰ ਰਿਹਾ ਹੈ। ਮੈਂ ਕੁਝ ਭੀ ਨਹੀਂ ਹਾਂ। ਤੂੰ ਹੀ, ਤੂੰ ਹੀ ਹੈਂ।

ਸੋ ਮਹਾਰਾਜ ਜੀ ਕਹਿਣ ਲੱਗੇ ਕਿ ਪਾਧਾ ਜੀ! ਤੁਸੀਂ ਕਾਗਜ਼ ਇਸ ਸਾਰ ਮਤ ਦਾ ਬਣਾਵੋ। ਹਉਮੈ ਨੂੰ ਖਤਮ ਕਰਕੇ ਉਸ ਦੀ ਸਿਆਹੀ ਬਣਾਵੋ, ਵਾਹਿਗੁਰੂ ਦੇ ਪਿਆਰ ਦੀ ਕਲਮ ਬਣਾਵੋ, ਭਗਤੀ ਭਾਵ ਵਿਚ ਆ ਕੇ ਤੁਸੀਂ ਚਿਤ ਨੂੰ ਲਿਖਾਰੀ ਬਣਾ ਲਵੋ, ਫਿਰ ਜਿਸ ਤਰ੍ਹਾਂ ਮੈਨੂੰ ਤੁਹਾਡੇ ਪਾਸ ਪੜ੍ਹਨਾ ਪਾਇਆ ਗਿਆ ਹੈ ਤੁਸੀਂ ਜਾਣਦੇ ਹੀ ਹੋ ਕਿ ਬਿਨਾਂ ਉਸਤਾਦ ਤੋਂ ਵਿਦਿਆ ਨਹੀਂ ਆਉਂਦੀ ਇਸੇ ਤਰ੍ਹਾਂ ਨਾਲ ਇਹ ਜੋ ਰੂਹਾਨੀ

ਪੜ੍ਹਾਈ ਹੈ, ਇਹ ਵੀ ਸਮਰੱਥ ਗੁਰੂ ਤੋਂ ਬਿਨਾਂ ਨਹੀਂ ਆਇਆ ਕਰਦੀ। ਸੋ ਇਸ ਵਾਸਤੇ ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ ਗੁਰੂ ਤੋਂ ਪੁੱਛ ਕੇ ਤੁਸੀਂ ਲਿਖਣਾ ਸ਼ੁਰੂ ਕਰੋ।

ਪਾਧਾ ਜੀ ਨੇ ਫੇਰ ਕਿਹਾ, "ਹੇ ਨਾਨਕ! ਆਪ ਤੋਂ ਵੱਡਾ ਕੌਣ ਹੈ, ਆਪ ਸਮਰੱਥ ਪੁਰਸ਼ ਹੋਂ, ਆਪ ਹੀ ਮੈਨੂੰ ਦਸੋ ਕਿ ਮੈਂ ਚਿਤ ਲਿਖਾਰੀ ਰਾਹੀਂ ਪਿਆਰ ਵਿਚ ਆਇਆ ਹੋਇਆ ਸਤਿ ਦੇ ਕਾਗਜ਼ ਉਪਰ ਕੀ ਲਿਖਾਂ?" ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਪਾਧਾ ਜੀ! ਤੁਸੀਂ ਅਨੁਭਵ ਕਰੋ ਕਿ ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਨਹੀਂ ਹੈ, ਹਉਮੈ ਦੀ ਕੰਧ ਵਾਹਿਗੁਰੂ ਦੀ ਹੋਂਦ ਜਿਸ ਨੂੰ ਅਸੀਂ ਵੱਡੀ ਹੋਸ਼ ਆਖਦੇ ਹਾਂ ਵੱਡਾ ਆਪਾ ਆਖਦੇ ਹਾਂ ਉਹ ਤੁਹਾਡੀ ਨਿੱਕੀ ਹੋਸ਼ ਦੇ ਵਿਚਾਲੇ ਖੜ੍ਹੀ ਹੈ। ਇਸ ਨਿਸ਼ਚੇ ਵਿਚ ਆਓ ਕਿ ਇਥੇ ਵਾਹਿਗੁਰੂ ਦਾ ਚੇਤਨ ਸਰੂਪ, ਪ੍ਰਮ ਜੋਤ ਆਪੇ ਹੀ ਆਪ ਹੈ, ਇਹ ਜੋ ਮਿਥਿਆ ਭਰਮ ਪਾਇਆ ਹੋਇਆ ਹੈ ਕਿ ਇਥੇ ਮੈਂ ਵੀ ਹਾਂ ਇਸ ਨੂੰ ਜਦੋਂ ਤੁਸੀਂ ਦੂਰ ਕਰ ਲਵੋਂਗੇ, ਉਸ ਵੇਲੇ ਤੁਹਾਨੂੰ ਤੱਤ ਦੀ ਸਮਝ ਆ ਜਾਵੇਗੀ, ਉਸ ਵੇਲੇ ਤੁਹਾਡਾ ਨਿਵਾਸ ਨਾਮ ਮੰਡਲ ਵਿਚ ਹੋ ਜਾਵੇਗਾ ਪਰ ਉਥੇ ਤਕ ਪਹੁੰਚਣ ਲਈ ਤੁਹਾਨੂੰ ਘਾਲ ਕਮਾਈ ਕਰਨੀ ਪਵੇਗੀ। ਗੁਰੂ ਤੋਂ ਸ਼ਬਦ ਲੈ ਕੇ ਉਸ ਨੂੰ ਰਸਨਾ ਨਾਲ ਜਪੋ, ਸ੍ਵਾਸ ਨਾਲ ਜਪੋ, ਸੁਰਤੀ ਨਾਲ ਜਪੋ, ਉਹ ਜਪਦਿਆਂ-ਜਪਦਿਆਂ ਅੰਦਰ ਇਕਾਗਰਤਾ ਪੈਦਾ ਹੋ ਜਾਵੇਗੀ ਅਤੇ ਅਸਲੀਅਤ ਨੇੜੇ ਆਉਂਦੀ ਜਾਵੇਗੀ। ਜਦੋਂ ਪੂਰੀ ਤਰ੍ਹਾਂ ਨਾਲ ਸਤਿ ਦਾ ਗਿਆਨ ਹੋ ਗਿਆ ਉਸ ਵੇਲੇ ਤੁਸੀਂ ਨਾਮ ਮੰਡਲ ਵਿਚ ਨਿਵਾਸ ਰੱਖ ਰਹੇ ਹੋਵੋਂਗੇ। ਸੋ ਇਸ ਕਰਕੇ ਪਿਆਰ ਦੀ ਕਲਮ ਬਣਾ ਕੇ, ਚਿਤ ਨੂੰ ਲਿਖਾਰੀ ਬਣਾ ਕੇ, ਗੁਰੂ ਤੋਂ ਪੁੱਛ ਕੇ ਇਹ ਵਿਚਾਰ ਹਿਰਦੇ ਵਿਚ ਦ੍ਰਿੜ੍ਹ ਕਰੋ, ਪ੍ਰਭੂ ਨਾਮ ਹਿਰਦੇ ਵਿਚ ਲਿਖੋ, ਉਸ ਦੀ ਸਿਫਤ ਸਾਲਾਹ ਲਿਖੋ ਕਿ ਉਹ ਬੇਅੰਤ ਹੈ, ਉਹ ਸਾਰੇ ਜੀਆਂ ਨੂੰ ਪਾਲਦਾ ਹੈ, ਉਸ ਨੇ ਅਨੇਕਾਂ ਭਾਂਤ ਦੀ ਸ੍ਰਿਸ਼ਟੀ ਸਾਜੀ ਹੋਈ ਹੈ, ਫੇਰ ਉਸ ਵਿਚ ਸਮਾਇਆ ਹੋਇਆ ਹੈ। ਸ੍ਰਿਸ਼ਟੀ ਸਾਜਣ ਤੋਂ ਪਿਛੋਂ ਸ੍ਰਿਸ਼ਟੀ ਦੇ ਕਣ-ਕਣ ਵਿਚ ਆਪ ਹੀ ਬੈਠਾ ਹੈ। ਪਾਧਾ ਜੀ! ਉਹ ਨਿਰਾ ਪਿਆਰ ਹੈ, ਸਤਿ ਹੈ, ਚੇਤਨ ਹੈ, ਅਨੰਦ ਹੈ ਉਸ ਦੇ ਗੁਣਾਂ ਦਾ ਕੋਈ ਅੰਤ ਨਹੀਂ। ਤੁਸੀਂ ਸੁਰਤੀ ਦੇ ਨਾਲ ਗੁਰੂ ਤੋਂ ਲਿਆ ਮੰਤਰ ਜਪੋ ਅਤੇ ਉਸਦੀ ਸਿਫਤ ਸਾਲਾਹ ਕਰੋ। ਇਹ ਵੀ ਆਪਣੇ ਚਿਤ ਵਿਚ ਲਿਖ ਲਓ ਕਿ ਉਸ ਦੇ ਪਸਾਰੇ ਦਾ ਕੋਈ ਅੰਤ ਨਹੀਂ, ਉਸ ਦੀਆਂ ਦਾਤਾਂ ਦਾ ਕੋਈ ਅੰਤ ਨਹੀਂ, ਉਸ ਦੀ ਸਿਫਤ ਸਾਲਾਹ ਦਾ ਕੋਈ ਅੰਤ ਨਹੀਂ ਹੈ। ਉਸ ਦਾ ਪਾਰਾਵਾਰ ਕਿੱਡਾ ਵੱਡਾ ਹੈ ਉਸ ਦਾ ਕੋਈ ਵੀ ਅੰਤ ਨਹੀਂ ਹੈ। ਆਕਾਰਾਂ ਦਾ ਵੀ ਕੋਈ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਇਸ ਅੰਤ ਨੂੰ ਪਾਉਣ ਵਾਸਤੇ ਜਦੋਂ ਤੋਂ ਸੰਸਾਰ ਦੀ ਰਚਨਾ ਹੋਈ ਦੇਵੀ ਦੇਵਤੇ, ਪੀਰ, ਪੈਗੰਬਰ, ਔਲੀਏ ਸਾਰੇ ਹੀ ਕੋਸ਼ਿਸ਼ ਕਰਦੇ ਰਹੇ ਹਨ ਪਰ ਇਸ ਦਾ ਅੰਤ ਕੋਈ ਵੀ ਨਾ ਪਾ ਸਕਿਆ। ਬ੍ਰਹਮਾ ਵੀ 36 ਜੁਗ ਭਾਲਦਾ ਰਿਹਾ ਪਰ ਜਿੰਨਾ ਕੋਈ ਜਾਣ ਜਾਂਦਾ ਹੈ ਉਸ ਤੋਂ ਹੋਰ ਅੱਗੇ ਉਸ ਦਾ ਪਸਾਰਾ ਫੈਲਿਆ ਹੋਇਆ ਨਜ਼ਰ ਆਉਂਦਾ ਹੈ। ਉਹ ਵਾਹਿਗੁਰੂ ਜੀ ਆਪਣੇ ਆਪ ਨੂੰ ਆਪੇ ਹੀ ਜਾਣਦਾ ਹੈ ਉਸ ਨੇ ਅਣਗਿਣਤ ਪਾਤਾਲ ਬਣਾ ਦਿਤੇ, ਉਸ ਦੇ ਬਣਾਏ ਹੋਏ ਅਕਾਸ਼ਾਂ ਦਾ ਕੋਈ ਅੰਤ ਨਹੀਂ ਪਾ ਸਕਦਾ ਉਸ ਦੇ ਬਾਰੇ ਕੋਈ ਲੇਖਾ ਲਿਖਿਆ ਨਹੀਂ ਜਾ ਸਕਦਾ ਕਿਉਂਕਿ ਲੇਖਾ ਲਿਖਿਆਂ ਪੂਰਾ ਨਹੀਂ ਹੋਣਾ। ਇਸ ਦਾ ਵਿਨਾਸ਼ ਹੋ ਜਾਂਦਾ ਹੈ। ਸੋ ਉਸ ਦੀ ਬੇਅੰਤਤਾ ਵਿਚ ਆਪਣੇ ਆਪ ਨੂੰ ਲੀਨ ਕਰਕੇ ਲਿਖਣਾ ਹੈ ਕਿ ਉਸ ਪ੍ਰਭੂ ਦਾ ਕੋਈ ਅੰਤ ਪਾਰਾਵਾਰ ਨਹੀਂ ਹੈ।

ਪਾਧਾ ਜੀ! ਜੇ ਤੁਸੀਂ ਇਹ ਲੇਖਾ ਲਿਖਣਾ ਜਾਣ ਜਾਵੋਂ ਤਾਂ ਜਿਥੇ ਜਾ ਕੇ ਸੱਚੀ ਦਰਗਾਹ ਵਿਚ ਇਸ ਜੀਵ ਤੋਂ ਇਸ ਦੇ ਕੀਤੇ ਕਰਮਾਂ ਦੇ ਲੇਖੇ ਮੰਗੇ ਜਾਂਦੇ ਹਨ ਉਥੇ ਇਹ ਨਾਮ ਸਹਾਈ ਹੁੰਦਾ ਹੈ ਅਤੇ ਯਮ ਰਾਜੇ ਦਾ ਕੋਈ ਵਸ ਨਹੀਂ ਚਲਦਾ। ਜਿਸ ਦਰਗਾਹ ਵਿਚ ਬੇਅੰਤ ਵਡਿਆਈਆਂ ਮਿਲਦੀਆਂ ਹਨ, ਬੇਅੰਤ ਖੁਸ਼ੀਆਂ ਤੇ ਚਾਓ ਦਾ ਮਾਹੌਲ ਰਹਿੰਦਾ ਹੈ, ਜਿਨ੍ਹਾਂ ਨੇ ਇਸ ਸੰਸਾਰ ਵਿਚ ਸੱਚੇ ਨਾਮ ਨੂੰ ਹਿਰਦੇ ਵਿਚ ਵਸਾਇਆ ਹੈ ਉਨ੍ਹਾਂ ਦਾ ਉਥੇ ਮਾਣ ਹੁੰਦਾ ਹੈ। ਸੋ ਇਸ ਤਰ੍ਹਾਂ ਨਾਲ ਜਿਸ ਨੇ ਆਪਣੇ ਹਿਰਦੇ ਵਿਚ ਲੇਖਾ ਲਿਖਿਆ ਹੈ ਉਹ ਜਿਥੇ ਵੀ ਜਾਵੇਗਾ, ਉਥੇ ਉਸ ਨੂੰ ਵਡਿਆਈ ਹੀ ਮਿਲੇਗੀ ਅਤੇ ਨਾਮ ਤੋਂ ਉਪਜਿਆ ਖੇੜਾ ਉਸ ਦੇ ਸੰਗ ਸਾਥ ਰਹੇਗਾ। ਜਿਨ੍ਹਾਂ ਨੇ ਇਸ ਸੰਸਾਰ ਵਿਚ ਸ੍ਵਾਸ-ਸ੍ਵਾਸ ਨਾਮ ਜਪਿਆ ਹੈ ਉਹ ਦਰਗਾਹ ਵਿਚ ਮਾਣ ਪਾਉਂਦੇ ਹਨ ਉਨ੍ਹਾਂ ਦੇ ਮੁਖ ਤੇ ਟਿੱਕੇ ਲਾ ਕੇ ਸ਼੍ਰੋਮਣੀ ਦਰਜਾ ਮਿਲਦਾ ਹੈ।

ਹੇ ਪਾਧਾ ਜੀ! ਇਹ ਨਾਮ ਆਪਣੇ ਆਪ ਨਹੀਂ ਜਪਿਆ ਜਾ ਸਕਦਾ। ਬ੍ਰਹਮ ਨੇਸ਼ਟੀ, ਬ੍ਰਹਮ ਬਕਤਾ, ਬ੍ਰਹਮ ਸ੍ਰੋਤਰੀ, ਪੂਰਨ ਸਤਿਗੁਰੂ ਦੀ ਕ੍ਰਿਪਾ ਹੋਵੇ, ਬਖਸ਼ਿਸ਼ ਹੋਵੇ ਤਾਂ ਇਹ ਨਾਮ ਹਿਰਦੇ ਵਿਚ ਵਸਦਾ ਹੈ। ਨਾਮ ਤੋਂ ਬਗੈਰ ਜਿੰਨੇ ਵੀ ਕਰਮ ਇਹ ਜੀਵ ਕਰਦਾ ਹੈ ਉਹ ਸਾਰੇ ਦੇ ਸਾਰੇ ਦਰਗਾਹ ਦੇ ਰਸਤੇ ਵਿਚ ਲੁਟੇ ਜਾਂਦੇ ਹਨ। ਯਮਰਾਜਾ ਜਾਗਾਤੀ ਬਣ ਕੇ ਬਿਖੜੇ ਘਾਟਾਂ ਤੋਂ ਕਰਮਾਂ ਦੇ ਪੁੰਨ ਲੈ ਕੇ ਲੰਘਾਉਂਦਾ ਹੈ, ਇਹ ਕਰਮ ਧਰਮ ਬਹੁਤਾ ਸਾਥ ਨਹੀਂ ਦਿੰਦੇ। ਸੋ ਇਸ ਕਰਕੇ ਹੋਰ ਸਾਰੀਆਂ ਗੱਲਾਂ ਬੇਅਰਥ ਹਨ। ਸੰਸਾਰ ਦੀ ਚਾਲ ਐਸੀ ਚਲ ਰਹੀ ਹੈ ਅਸੀਂ ਸਾਰੇ ਦੇਖ ਰਹੇ ਹਾਂ ਕਿ ਇਸ ਸੰਸਾਰ ਵਿਚ ਕਰਮਾਂ ਦੇ ਬੰਨ੍ਹੇ ਹੋਏ ਜੀਵ ਪ੍ਰਭੂ ਹੁਕਮ ਵਿਚ ਜੰਮਦੇ ਹਨ ਅਤੇ ਜਿਨ੍ਹਾਂ ਨੇ ਇਸ ਜਨਮ ਦੇ ਕਰਮ ਭੋਗ ਲਏ ਹਨ, ਉਹ ਇਥੋਂ ਚਲੇ ਜਾਂਦੇ ਹਨ। ਇਥੇ ਸੰਸਾਰ ਵਿਚ ਆ ਕੇ ਵੱਡੀਆਂ-ਵੱਡੀਆਂ ਉਪਾਧੀਆਂ ਆਪਣੇ ਨਾਮ ਨਾਲ ਲਾਉਂਦੇ ਹਨ। ਕੋਈ ਸਰਦਾਰ ਬਹਾਦਰ ਕਹਾਉਂਦਾ ਹੈ, ਕੋਈ ਖਾਨ ਬਹਾਦਰ ਕਹਾਉਂਦਾ, ਕੋਈ ਵੱਡਾ ਸੇਠ ਕਹਾਉਂਦਾ ਹੈ। ਕੋਈ ਰਾਏ ਬਹਾਦਰ ਹੈ, ਬਹੁਤ ਸਾਰੇ ਇਥੇ ਕੀਤੇ ਹੋਏ ਕਰਮਾਂ ਅਨੁਸਾਰ ਮੰਗਤੇ ਪੈਦਾ ਹੁੰਦੇ ਹਨ। ਜਿਨ੍ਹਾਂ ਨੇ ਸ੍ਰੇਸ਼ਟ ਕਰਮ ਕੀਤੇ ਹੋਏ ਹਨ ਉਹ ਪੁੰਨਾਂ ਦੇ ਬਲ ਕਰਕੇ ਵੱਡੇ ਦਰਬਾਰ ਵਾਲੇ ਬਣ ਜਾਂਦੇ ਹਨ। ਉਸ ਨੂੰ ਹਕੂਮਤ ਮਿਲ ਜਾਂਦੀ ਹੈ, ਉਸ ਦਾ ਕਿਹਾ ਹੋਇਆ ਕਾਨੂੰਨ ਬਣਦਾ ਹੈ, ਜੀਵ ਉਸ ਕਾਨੂੰਨ ਅਨੁਸਾਰ ਚਲਦੇ ਹਨ। ਇਥੇ ਤਾਂ ਇਹ ਗੱਲਾਂ ਹੋ ਜਾਂਦੀਆਂ ਹਨ ਪਰ ਪਾਧਾ ਜੀ! ਛੋਟੇ ਵੱਡੇ ਦਾ ਪਤਾ ਉਸ ਸਮੇਂ ਲਗਦਾ ਹੈ ਜਦੋਂ ਇਹ ਜੀਵ ਸੰਸਾਰ ਛੱਡ ਕੇ ਲੇਖੇ ਦੇਣ ਲਈ ਸੰਸਾਰ ਵਿਚੋਂ ਚਲਿਆ ਜਾਂਦਾ ਹੈ ਫੇਰ ਪਤਾ ਲਗਦਾ ਹੈ ਕਿ ਨਾਮ ਤੋਂ ਬਗੈਰ ਐਵੇਂ ਬੇਕਾਰ ਕੰਮਾਂ ਵਿਚ ਆਪਣਾ ਜੀਵਨ ਲੰਘਾ ਦਿਤਾ, ਪ੍ਰਭੂ ਦਾ ਨਾਮ ਨਾ ਜਪਿਆ। ਹੇ ਪਾਧਾ ਜੀ! ਤੁਸੀਂ ਆਪ ਹੀ ਦੇਖ ਲਓ, ਤੁਹਾਡੇ ਮਨ ਵਿਚ

ਉਸ ਪ੍ਰਭੂ ਦਾ ਅਦਬ ਹੈ ਕਿ ਨਹੀਂ, ਕਿਉਂਕਿ ਉਸ ਨੇ ਤਾਂ ਇਕ-ਇਕ ਸੁਆਸ ਦਾ ਲੇਖਾ ਲੈਣਾ ਹੈ, ਪਤਾ ਨਹੀਂ ਅਸਾਡੇ ਨਾਲ ਕਿਵੇਂ ਵਰਤੇ। ਪਰ ਮੈਨੂੰ ਲਗਦਾ ਹੈ ਕਿ ਸੰਸਾਰ ਦੇ ਸਾਰੇ ਲੋਕ ਉਨ੍ਹਾਂ ਕੰਮਾਂ ਕਾਰਾਂ ਵਿਚ ਖਪ-ਖਪ ਕੇ ਆਪਣਾ ਸਮਾਂ ਬਤੀਤ ਕਰ ਦਿੰਦੇ ਹਨ ਜਿਹੜੇ ਦਰਗਾਹ ਵਿਚ ਜਾ ਕੇ ਕੁਝ ਵੀ ਸਹਾਇਤਾ ਨਹੀਂ ਕਰਦੇ। ਦੇਖੋ, ਇਥੇ ਜੀਵ ਧਨ ਕਮਾਉਂਦਾ ਹੈ, ਵੱਡੇ ਮਹੱਲ ਬਣਾਉਂਦਾ ਹੈ, ਵੱਡੀਆਂ-ਵੱਡੀਆਂ ਜਾਇਦਾਦਾਂ ਖਰੀਦਦਾ ਹੈ, ਬਹੁਤ ਵੱਡੇ-ਵੱਡੇ ਆਡੰਬਰ ਰਚਦਾ ਹੈ ਪਰ ਇਹ ਸਾਰੀਆਂ ਚੀਜ਼ਾਂ ਸੰਸਾਰ ਵਿਚ ਹੀ ਰਹਿ ਜਾਂਦੀਆਂ ਹਨ। ਸੋ ਇਸ ਕਰਕੇ ਇਨ੍ਹਾਂ ਨੂੰ ਨਿਕੰਮੇ ਕੰਮ ਆਖਿਆ ਗਿਆ ਹੈ। ਅਸਲੀ ਕੰਮ ਪ੍ਰਭੂ ਦਾ ਨਾਮ ਜਪਣਾ ਹੈ ਅਤੇ ਅੱਗੇ ਦਰਗਾਹ ਵਿਚ ਜਾ ਕੇ ਵਡਿਆਈ ਦਿਵਾਉਂਦਾ ਹੈ ਅਤੇ ਧੰਨ-ਧੰਨ ਦੇ ਅਵਾਜ਼ੇ ਦਰਗਾਹ ਵਿਚੋਂ ਆਉਂਦੇ ਹਨ। ਉਸ ਦੀ ਮਾਤਾ ਨੂੰ ਧੰਨ-ਧੰਨ ਕਿਹਾ ਜਾਂਦਾ ਹੈ। ਉਹ ਆਪ ਤਾਂ ਤਰਦਾ ਹੀ ਹੈ ਅਤੇ ਆਪਣੀਆਂ ਕੁਲਾਂ ਦਾ ਵੀ ਉਧਾਰ ਕਰ ਦਿੰਦਾ ਹੈ। ਦੇਖੋ ਪਾਧਾ ਜੀ! ਤੁਸੀਂ ਵੀ ਹਰ ਰੋਜ਼ ਦੇਖ ਰਹੇ ਹੋ ਕਿ ਤਖਤਾਂ ਤੇ ਬੈਠਣ ਵਾਲੇ ਨਵੇਂ-ਨਵੇਂ ਰਾਜੇ ਬਣ ਜਾਂਦੇ ਹਨ ਪਰ ਥੋੜ੍ਹਾ ਸਮਾਂ ਰਾਜ ਕਰਨ ਪਿਛੋਂ ਸੰਸਾਰ ਤੋਂ ਚਲੇ ਜਾਂਦੇ ਹਨ। ਉਹ ਵੱਡੇ ਸੁਲਤਾਨ, ਵੱਡੇ ਖਾਨ, ਵੱਡੇ ਮਹਾਰਾਜੇ ਸਭ ਮਿੱਟੀ ਵਿਚ ਰਲ ਕੇ ਮਿੱਟੀ ਬਣ ਜਾਂਦੇ ਹਨ ਪਰ ਅਸਲੀ ਗੱਲ ਇਹ ਹੈ ਕਿ ਸੰਸਾਰ ਰਹਿਣ ਦਾ ਥਾਂ ਨਹੀਂ ਹੈ। ਇਹ ਜੀਵ ਕਰਮ ਭੋਗਦਾ ਹੋਇਆ, ਹਉਮੈ ਦਾ ਬੰਨ੍ਹਿਆ ਹੋਇਆ ਜੰਮਦਾ ਮਰਦਾ ਰਹਿੰਦਾ ਹੈ। ਹਉਮੈ ਕਰਕੇ ਪੁੰਨਾਂ ਪਾਪਾਂ ਦਾ ਕਰਤਾ ਬਣ ਕੇ ਚੰਗੇ ਮੰਦੇ ਫਲ ਭੋਗਦਾ ਹੈ, ਅਨੇਕਾਂ ਜੂਨਾਂ ਵਿਚ ਘੁੰਮਦਾ ਹੈ। ਬੜੀ ਮੁਸ਼ਕਲ ਨਾਲ ਮਾਨਸ ਜਨਮ ਪ੍ਰਾਪਤ ਹੁੰਦਾ ਹੈ ਪਰ ਇਹ ਆਪਣਾ ਮਾਨਸ ਜਨਮ ਵੀ ਬਿਰਥਾ ਗੁਆ ਦਿੰਦਾ ਹੈ। ਇਸ ਦਾ ਜਨਮ ਵੈਰ, ਵਿਰੋਧ ਦੇ ਲੇਖੇ ਲਗਦਾ ਹੈ, ਇਸ ਦੇ ਸਰੀਰ ਨੂੰ ਕਾਮ ਅਤੇ ਕ੍ਰੋਧ ਪੀੜਤ ਰਖਦੇ ਹਨ। ਮੋਹ ਵਿਚ ਫਸਿਆ ਹੋਇਆ ਇਹ ਜੀਵ ਵਾਸ਼ਨਾ ਦੇ ਅਧੀਨ ਹੋਇਆ ਹੋਇਆ ਵਾਸ਼ਨਾ ਦੇ ਮੁਤਾਬਿਕ ਕਦੇ ਕੋਈ ਸਰੀਰ ਧਾਰਦਾ ਹੈ, ਕਦੇ ਸੱਪ ਬਣਦਾ ਹੈ, ਕਦੇ ਪ੍ਰੇਤ ਬਣਦਾ ਹੈ, ਕਦੇ ਕੁੱਤਾ ਅਤੇ ਕਦੇ ਕੁੱਤਿਆਂ ਦੇ ਸਿਰ ਵਿਚ ਪੈਣ ਵਾਲਾ ਕੀੜਾ ਬਣਦਾ ਹੈ। ਲੋਭੀ ਹੋਇਆ ਹੋਇਆ ਆਪ ਹਲਕਿਆ ਰਹਿੰਦਾ ਹੈ ਅਤੇ ਦੂਸਰਿਆਂ ਤੋਂ ਚੀਜ਼ਾਂ ਖੋਹ-ਖੋਹ ਕੇ ਢੇਰ ਲਾ ਲੈਂਦਾ ਹੈ। ਜਦੋਂ ਸੱਚੇ ਸਾਹਿਬ ਦਾ ਹੁਕਮ ਆ ਜਾਂਦਾ ਹੈ ਫੇਰ ਉਸ ਵੇਲੇ ਸੰਸਾਰ ਤੋਂ ਰੋਂਦਾ ਕੁਰਲਾਉਂਦਾ ਜਾਂਦਾ ਹੈ ਅਤੇ ਅੱਗੇ ਜਾ ਕੇ ਲੇਖੇ ਦੇਣੇ ਪੈਂਦੇ ਹਨ ਜਿਵੇਂ ਤਿਲਾਂ ਵਿਚੋਂ ਤੇਲ ਕੱਢ ਲਈਦਾ ਹੈ ਇਸੇ ਤਰ੍ਹਾਂ ਨਾਲ ਕੋਈ ਵੀ ਪਾਪ ਛੁਪਿਆ ਨਹੀਂ ਰਹਿੰਦਾ, ਉਹ ਸਾਰੇ ਸਾਮ੍ਹਣੇ ਆ ਜਾਂਦੇ ਹਨ ਤਾਂ ਫੇਰ ਪਛਤਾਉਂਦਾ ਹੈ। ਰੋਂਦਾ ਹੈ ਫਿਰ ਕੀ ਬਣੇ, ਸੋਚੋ।

ਸੋ ਇਸ ਕਰਕੇ ਪਾਧਾ ਜੀ! ਇਹ ਪੜ੍ਹਾਈ ਜੋ ਤੁਸੀਂ ਮੈਨੂੰ ਪੜ੍ਹਾਉਣ ਲੱਗੇ ਹੋਂ, ਇਹ ਦਰਗਾਹ ਵਿਚ ਸਹਾਇਤਾ ਨਹੀਂ ਕਰਦੀ। ਰੋਜ਼ੀ ਵਾਹਿਗੁਰੂ ਜੀ ਸਭ ਨੂੰ ਦਿੰਦੇ ਹਨ। ਜੀਵ ਕਰਮਾਂ ਮੁਤਾਬਿਕ ਦੁਖ ਸੁਖ ਭੋਗਦਾ ਹੈ। ਰੋਜ਼ੀ ਪਹਿਲਾਂ ਬਣਦੀ ਹੈ ਜੀ ਪਿਛੋਂ ਬਣਦਾ ਹੈ। ਵਾਹਿਗੁਰੂ ਦੇ ਹੁਕਮ ਵਿਚ ਹੀ ਉਸ ਨੂੰ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਵਾਹਿਗੁਰੂ ਦੇ ਹੁਕਮ ਵਿਚ ਹੀ ਉਹ ਭੁੱਖਾ ਮਰਦਾ ਫਿਰਦਾ ਹੈ। ਕਰਮਾਂ ਦਾ ਬੰਨ੍ਹਿਆ ਹੋਇਆ ਜੀਵ ਨਰਕਾਂ ਸੁਰਗਾਂ ਵਿਚ ਘੁੰਮੇਟਣੀਆਂ ਖਾਂਦਾ ਹੈ। ਸੋ ਇਸ ਕਰਕੇ ਅਸਲੀ ਪੜ੍ਹਾਈ ਮਾਨਸ ਸਰੀਰ ਧਾਰ ਕੇ ਪ੍ਰਭੂ ਦਾ ਨਾਮ ਜਪਣਾ, ਸਤਿਸੰਗ ਕਰਨਾ ਹੀ ਹੈ ਇਸ ਜੀਵ ਦੇ ਹੱਥ ਵਿਚ ਕੁਝ ਵੀ ਨਹੀਂ ਹੈ, ਕਰਨ ਕਰਾਵਨ ਵਾਲਾ ਆਪੇ ਆਪ ਨਾਥ ਹੈ। ਇਹ ਜੀਵ ਕਰਮ ਤਾਂ ਕਰਦਾ ਹੈ ਫੇਰ ਇਸ ਨੂੰ ਹੁਕਮ ਦੇ ਅਧੀਨ ਹੋ ਕੇ ਚਲਣਾ ਹੀ ਪੈਂਦਾ ਹੈ, ਇਹ ਆਪਣੀ ਪਰਾਲਬਧ ਨੂੰ ਆਪ ਨਹੀਂ ਬਦਲ ਸਕਦਾ। ਸੋ ਇਸ ਕਰਕੇ ਜਿਸ ਕੰਮ ਨੂੰ ਕਰਨ ਵਾਸਤੇ ਜੀਵ ਸੰਸਾਰ ਵਿਚ ਆਇਆ ਹੈ ਉਹ ਕੰਮ ਵਾਹਿਗੁਰੂ ਜੀ ਦੀ ਬੰਦਗੀ ਕਰਨਾ ਹੈ। ਬਾਕੀ ਜੋ ਹੋਰ ਪੜ੍ਹਾਈਆਂ ਹਨ ਉਹ ਕਿੱਤਾ ਤਾਂ ਸਿਖਾ ਦਿੰਦੀਆਂ ਹਨ ਪਰ ਉਹ ਜਮਾਂ ਤੋਂ ਨਹੀਂ ਛੁਡਾ ਸਕਦੀਆਂ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

*ਪੜਿਆ ਲੇਖੇਦਾਰੁ ਲੇਖਾ ਮੰਗੀਐ॥*
*ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ॥*

*ਪੰਨਾ - 1288*

ਸੋ ਗੁਰੂ ਮਹਾਰਾਜ ਜੀ ਨੇ ਪਾਧਾ ਜੀ ਨੂੰ ਉਸ ਸਮੇਂ ਫੁਰਮਾਨ ਕੀਤਾ-

*ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥*
*ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥*
*ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥*
*ਬਾਬਾ ਏਹੁ ਲੇਖਾ ਲਿਖਿ ਜਾਣੁ॥*
*ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥ ਰਹਾਉ॥*
*ਜਿਥੈ ਮਿਲਹਿ ਵਡਿਆਈਆ ਸਦ ਖੁਸੀ ਸਦ ਚਾਉ॥*
*ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥*
*ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥*
*ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥*
*ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ॥*
*ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥*
*ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥*
*ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥*
*ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ॥*

*ਪੰਨਾ - 16*

ਸੋ ਪੜ੍ਹਨ ਦੀ ਵਾਸ਼ਨਾ ਬਾਰੇ ਬਹੁਤ ਲੰਮੀ ਚੌੜੀ ਵਿਚਾਰ ਕੀਤੀ ਹੈ। ਕਈ ਪ੍ਰੇਮੀਆਂ ਦੇ ਮਨ ਵਿਚ ਇਹ ਸ਼ੰਕਾ ਉਪਜ ਸਕਦਾ ਹੈ ਕਿ ਫੇਰ ਪੜ੍ਹਾਈ ਕਿਹੜੀ ਹੋਈ ਜਿਹੜੀ ਸ੍ਰੇਸ਼ਟ ਹੈ?

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੇ ਪੜ੍ਹ ਲਿਖ ਕੇ ਆਦਮੀ ਦੇ ਅੰਦਰੋਂ ਕੂੜ ਦੀ ਮੈਲ ਨਾ ਉਤਰੀ ਉਸ ਦੇ ਵਿਪਰੀਤ ਉਸ ਦੇ ਅੰਦਰ ਹਉਮੈ ਦੀ ਮੈਲ ਹੋਰ ਗਾੜ੍ਹੀ ਹੋ ਗਈ ਤਾਂ ਫੇਰ ਪੜ੍ਹਾਈ ਨੇ ਤਾਂ ਕੋਈ ਸਹਾਇਤਾ ਨਾ ਕੀਤੀ ਜੇ ਉਸ ਵਿਚੋਂ ਲਭ, ਲੋਭ, ਮੋਹ, ਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ ਬਾਹਰ ਨਾ ਹੋਏ। ਤਾਂ ਪੜ੍ਹਾਈ ਨੇ ਉਹ ਕੰਮ ਨਾ ਕੀਤਾ ਜੋ ਕਰਨਾ ਚਾਹੀਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ

ਕਰਦੇ ਹਨ ਕਿ ਅਸਲ ਵਿਚ ਪੜ੍ਹਿਆ ਓਹੀ ਹੈ ਜਿਸ ਨੇ ਮਾਨਸ ਜਨਮ ਦੀ ਮਹੱਤਤਾ ਨੂੰ ਪਛਾਣ ਲਿਆ ਅਤੇ 84 ਲੱਖ ਜੂਨਾਂ ਦੇ ਚੱਕਰ ਵਿਚੋਂ ਛੁਟ ਜਾਣ ਲਈ ਅਸਲੀ ਰਾਹ ਪਛਾਣ ਲਿਆ। ਜਾਂਦਾ ਹੈ ਅਤੇ ਇਸ ਮਾਰਗ ਤੇ ਚੱਲਣ ਲਈ ਹਰ ਸਮੇਂ ਪ੍ਰਭੂ ਦਾ ਨਾਮ ਜਪਦਾ ਹੈ –

*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮ ਨਾਮੁ ਗਲਿ ਹਾਰੁ॥* *ਪੰਨਾ - 938*

ਸਾਸ਼ਤਰ ਅਨੇਕ ਹਨ, ਜਾਨਣਹਾਰ ਵਿਸ਼ਿਆਂ ਦੀ ਕੋਈ ਗਿਣਤੀ ਨਹੀਂ ਹੈ, ਆਦਮੀ ਪਾਸ ਸਮਾਂ ਬਹੁਤ ਹੀ ਥੋੜ੍ਹਾ ਹੈ। ਪੁਸਤਕਾਂ ਪੜ੍ਹ ਕੇ ਸਾਰ ਵਸਤੂ ਦੀ ਪ੍ਰਾਪਤੀ ਨਹੀਂ ਹੁੰਦੀ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*
*ਪੰਨਾ - 467*

ਜਿਸ ਤਰ੍ਹਾਂ ਨਾਲ ਹੰਸ ਦੇ ਅੱਗੇ ਦੁੱਧ ਰੱਖਿਆ ਜਾਵੇ ਤਾਂ ਉਹ ਆਪਣੀ ਖਟਿਆਈ ਵਾਲੀ ਚੁੰਝ ਮਾਰ ਕੇ ਦੁੱਧ ਤੋਂ ਥੋੜ੍ਹਾ ਪਿਛੇ ਹਟ ਕੇ ਇੰਤਜ਼ਾਰ ਕਰਦਾ ਹੈ, ਦੁੱਧ ਫਟ ਜਾਂਦਾ ਹੈ ਅਤੇ ਉਹ ਹੰਸ ਪਾਣੀ ਛੱਡ ਕੇ ਦੁੱਧ ਦੀਆਂ ਫੁੱਟੀਆਂ ਖਾ ਲੈਂਦਾ ਹੈ। ਵਿਦਿਆ ਦਾ ਕੋਈ ਅੰਤ ਨਹੀਂ ਹੈ ਪਰ ਅਸਲੀ ਚੀਜ਼ ਜੇ ਪ੍ਰਭੂ ਨਾਲ ਪਿਆਰ ਨਾ ਹੋਇਆ ਤਾਂ ਹਰ ਹਾਲਤ ਵਿਚ ਨਰਕ ਵਿਚ ਜਾਣਾ ਪੈਂਦਾ ਹੈ –

*ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ॥*
*ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ॥*
*ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ॥*
*ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ॥*
*ਪੰਨਾ - 70*

ਪਾਧਾ ਜੀ ਅਸਲੀ ਵਿਦਿਆ ਬਾਰੇ ਜਾਣ ਗਏ। ਗੁਰੂ ਨਾਨਕ ਪਾਤਸ਼ਾਹ ਨੇ ਗੁਰੂ ਰੂਪ ਹੋ ਕੇ ਨਾਮ ਦੀ ਦਾਤ ਬਖਸ਼ ਦਿਤੀ। ਪਾਧਾ ਜੀ ਕ੍ਰਿਤ-ਕ੍ਰਿਤ ਹੋ ਕੇ ਵਿਸਮਾਦ ਦੇ ਘਰ ਪੁੱਜ ਕੇ ਆਤਮ ਅਨੰਦ ਵਿਚ ਲੀਨ ਹੋ ਗਏ। ਸਾਰੀਆਂ ਵਾਸ਼ਨਾਵਾਂ ਖੈ ਹੋ ਗਈਆਂ, ਮਨ ਦਾ ਨਾਸ਼ ਹੋ ਗਿਆ। ਤਤ ਗਿਆਨ ਪ੍ਰਗਟ ਹੋ ਕੇ ਦਿਬਜ ਨੇਤਰ ਖੁਲ੍ਹ ਗਏ। ਦੇਖਦਾ ਹੈ ਇਕੋ ਜੋਤ ਸਾਰੇ ਪਰੀਪੂਰਨ ਹੈ, ਇਕੋ ਜੋਤਿ ਦਾ ਪਸਾਰਾ ਹੈ, ਆਪੇ ਆਪਣੇ ਰੰਗ ਵਿਚ ਪ੍ਰਭੂ ਖੇਲ੍ਹ ਰਿਹਾ ਹੈ।

ਇਸ ਤੋਂ ਅਗਲੀ ਵਾਸ਼ਨਾ ਅੰਨਸ਼ਠਾਨ ਵਾਸ਼ਨਾ ਹੋਇਆ ਕਰਦੀ ਹੈ। ਉਹ ਕਰਮ ਕਰਨ ਵਿਚ ਸਦਾ ਜੁਟਿਆ ਰਹਿੰਦਾ ਹੈ। ਪਰ ਉਹ ਈਸ਼ਵਰ ਚਿੰਤਨ ਲਈ ਕੋਈ ਸਮਾਂ ਕੱਢ ਨਹੀਂ ਸਕਿਆ ਕਰਦਾ। ਇਸ ਤਰ੍ਹਾਂ ਦੇ ਨਾਲ ਜਿੰਨੀ ਦੇਰ ਤਕ ਪ੍ਰਭੂ ਦਾ ਧਿਆਨ ਨਹੀਂ ਕਰਦਾ, ਸਤਿਸੰਗ ਨਹੀਂ ਕਰਦਾ ਉਨਾਂ ਚਿਰ ਆਤਮ ਤੱਤ ਦੀ ਪ੍ਰਾਪਤੀ ਨਹੀਂ ਕਰ ਸਕਦਾ। ਐਸਾ ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਆਤਮ ਤੱਤ ਦੀ ਵਿਚਾਰ ਕਰਨ ਵਾਲੇ ਪ੍ਰੇਮ ਸੁੱਖੀ ਹੋ ਜਾਂਦੇ ਹਨ –

*ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥*
*ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ॥*
*ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ॥*
*ਸੁਣਿ ਪੰਡਿਤ ਕਰਮਾ ਕਾਰੀ॥*
*ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥*
*ਪੰਨਾ - 635*

ਸੋ ਵਾਸ਼ਨਾਵਾਂ ਬੰਧਨ ਦਾ ਮੂਲ ਹਨ। ਇਹ ਵਾਹਿਗੁਰੂ ਜੀ ਦੇ ਰਸਤੇ ਵਿਚ ਬਹੁਤ ਵੱਡੀਆਂ ਰੁਕਾਵਟਾਂ ਹਨ। ਜਦੋਂ ਤਕ ਇਸ ਜੀਵ ਦੀ ਵਾਸ਼ਨਾ ਖ੍ਰੈ ਨਹੀਂ ਹੋ ਜਾਂਦੀ ਉਨੀਂ ਦੇਰ ਤਕ ਇਹ ਵਾਸ਼ਨਾ ਦਾ ਬੰਨ੍ਹਿਆ ਹੋਇਆ ਜੰਮਦਾ ਮਰਦਾ ਰਹੇਗਾ। ਸਭ ਤੋਂ ਭਿਆਨਕ ਵਾਸ਼ਨਾ ਦੇਹ ਵਾਸ਼ਨਾ ਹੈ, ਇਹ ਆਪਣੇ ਆਤਮ ਸਰੂਪ ਨੂੰ ਭੁੱਲ ਕੇ ਸਦਾ ਹੀ ਪੰਜ ਤੱਤ ਦੀ ਦੇਹ ਆਪਣੇ ਆਪ ਨੂੰ ਮੰਨਦਾ ਰਹਿੰਦਾ ਹੈ। ਉਸ ਦੇਹ ਨੂੰ ਸ਼ਿੰਗਾਰਨ ਵਾਸਤੇ ਅਨੇਕ ਕਿਸਮ ਦੇ ਸਾਬਣ ਵਗੈਰਾ ਵਰਤਦਾ ਹੈ, ਅਨੇਕ ਕਿਸਮ ਦੇ ਸੈਂਟ ਲਾਉਂਦਾ ਹੈ, ਪਾਊਡਰਾਂ ਦੀ ਮਦਦ ਨਾਲ ਆਪਣੇ ਅਸਲੀ ਰੰਗ ਨੂੰ ਢੱਕ ਦੇ ਨਕਲੀ ਰੰਗ ਦਿਖਾਉਂਦਾ ਹੈ, ਇਸ ਦੇਹ ਨੇ ਤਾਂ ਮਿੱਟੀ ਬਣ ਜਾਣਾ ਹੈ। ਸੋ ਇਸ ਨੂੰ ਆਪਣੇ ਆਤਮ ਸਰੂਪ ਦੀ ਪਛਾਣ ਕਰਨੀ ਚਾਹੀਦੀ ਹੈ। ਮੈਂ ਦੇਹ ਹਾਂ, ਇਸ ਪ੍ਰਕਾਰ ਦੀ ਭਾਵਨਾ ਬੁੱਧੀ ਵਿਚ ਦ੍ਰਿੜ੍ਹ ਹੋ ਜਾਂਦੀ ਹੈ, ਇਹ ਦ੍ਰਿੜ੍ਹ ਬੁੱਧੀ ਨਰਕਾਂ ਨੂੰ ਦੇਣ ਵਾਲੀ ਹੈ, ਬਹੁਤ ਵੱਡੀਆਂ ਲਹਿਰਾਂ ਵਾਲੀ ਬੈ-ਤਰਨੀ ਨਦੀ ਹੈ। ਬੁੱਧੀ ਦੀ ਐਸੀ ਦ੍ਰਿੜ੍ਹਤਾ ਤਲਵਾਰ ਦੀ ਤਿੱਖੀ ਧਾਰ ਵਾਂਗੂੰ ਕੱਟਣ ਵਾਲੀ ਹੈ। ਇਹ ਬੁੱਧੀ ਸਾਰਾ ਜਤਨ ਲਗਾ ਕੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ, ਗੁਰੂ ਦੇ ਸ਼ਬਦ ਦੀ ਸਾਧਨਾ ਕਰਕੇ ਅਤੇ ਤੱਤ ਬੇਤੇ ਮਹਾਂਪੁਰਸ਼ ਤੋਂ ਗਿਆਨ ਦੀ ਪ੍ਰਾਪਤੀ ਕਰਕੇ, ਦੂਰ ਕਰਨੀ ਚਾਹੀਦੀ ਹੈ। ਮਹਾਂਪੁਰਸ਼ਾਂ ਦਾ ਐਸਾ ਅਨੁਭਵ ਹੈ ਕਿ ਦੇਹ ਵਾਸ਼ਨਾ ਵਿਚ ਪਰਚੀ ਹੋਈ ਦ੍ਰਿੜ੍ਹ ਬੁੱਧੀ ਨਾਲ ਜੋ ਪਾਪ ਲਗਦਾ ਹੈ ਉਹ ਕ੍ਰੋੜਾਂ ਗਊਆਂ ਦੇ ਮਾਰਨ ਤੋਂ ਵੀ ਵੱਧ ਹੁੰਦਾ ਹੈ। ਇਹ ਦੇਹ ਅਸ਼ੁੱਧ ਹੈ ਇਸ ਵਿਚ ਵਿਸ਼ਟਾ, ਅਸਟ, ਰਕਤ, ਚਮ ਵਿਚ ਵਲੇਟੇ ਹੋਏ ਹਨ। ਇਸਦਾ ਗੁਮਾਨ ਕਰਦਾ ਹੈ –

*ਬਿਸਟਾ ਅਸਟ ਰਕਤੁ ਪਰੇਟੇ ਚਾਮ॥*
*ਇਸੁ ਊਪਰਿ ਲੇ ਰਾਖਿਓ ਗੁਮਾਨ॥* *ਪੰਨਾ - 374*

ਮਾਤਾ ਦੀ ਕੁੱਖ ਰੂਪ ਸਥਾਨ ਕਰਕੇ ਵੀ ਇਹ ਦੇਹ ਅਸ਼ੁਧ ਹੈ, ਮਾਤਾ ਦੇ ਰਕਤ ਅਤੇ ਪਿਤਾ ਦੇ ਬਿੰਦ ਤੋਂ ਪੈਦਾ ਹੋਣ ਕਰਕੇ ਭੀ ਅਪਵਿੱਤਰ ਹੈ। ਅਸ਼ੁਧ ਵਸਤੂ ਹੈ, ਮਲਮੂਤਰ ਦੇ ਆਸਰੇ ਜੋ ਦੇਹ ਖੜ੍ਹੀ ਹੈ ਉਹ ਵੀ ਅਸ਼ੁੱਧ ਹੈ, ਨੌਂ ਦੁਆਰਿਆਂ ਵਿਚੋਂ ਮੈਲ ਨਿਕਲਦੀ ਰਹਿੰਦੀ ਹੈ ਇਸ ਕਰਕੇ ਵੀ ਇਹ ਅਸ਼ੁਧ ਹੈ ਅਤੇ ਅਤਿਅੰਤ ਮੈਲੀ ਹੈ; ਆਤਮਾ ਅਤਿਅੰਤ ਨਿਰਮਲ ਹੈ।

ਜੇ ਆਤਮ ਤੱਤ ਨੂੰ ਇਸ ਨੇ ਬੁੱਝ ਲਿਆ ਤਾਂ ਇਹ ਪਾਕ ਹੈ। ਸੋ ਇਸ ਕਰਕੇ ਇਹ ਨੌਂ ਦੁਆਰਿਆਂ ਵਾਲੀ ਦੇਹ ਤੋਂ ਮੈਲ, ਫੁੱਟੇ ਹੋਏ ਘੜੇ ਦੀ ਨਿਆਈਂ ਹੈ ਜੋ ਹਰ ਸਮੇਂ ਗਿਰਦੀ ਰਹਿੰਦੀ ਹੈ ਵਾਂਗੂੰ ਹੈ। ਇਸ ਕਰਕੇ ਅਸੀਂ ਦੇਹ ਨੂੰ ਨਾ ਅੰਦਰੋਂ ਸ਼ੁੱਧ ਕਰ ਸਕਦੇ ਹਾਂ, ਨਾ ਬਾਹਰੋਂ ਸ਼ੁੱਧ ਕਰ ਸਕਦੇ ਹਾਂ। ਇਸ ਨੂੰ ਸ਼ੁੱਧ ਰੱਖਣ ਲਈ ਇਕੋ ਸਾਧਨ ਹੈ ਕਿ ਮਲੀਨ ਵਾਸ਼ਨਾਵਾਂ ਤਿਆਗਣੀਆਂ ਚਾਹੀਦੀਆਂ ਹਨ। ਇਸ ਦੀ ਪਵਿੱਤਰਤਾ ਲਈ ਇਸ ਵਿਚ ਖਿਮਾ, ਦਇਆ, ਸੰਤੋਖ ਧਾਰਨ ਕਰਨੇ ਚਾਹੀਦੇ ਹਨ। ਹੱਥਾਂ ਨਾਲ ਸੰਤਾਂ ਦੀ ਸੇਵਾ ਕਰਨੀ, ਨੇਤਰਾਂ ਨਾਲ

ਮਹਾਂਪੁਰਸ਼ਾਂ ਦੇ ਦਰਸ਼ਨ ਕਰਨੇ, ਕੰਨਾਂ ਨਾਲ ਹਰੀ ਜਸ ਸਰਵਣ ਕਰਨਾ ਇਸ ਨਾਲ ਇਹ ਦੇਹ ਪਵਿੱਤਰ ਹੁੰਦੀ ਹੈ –

***ਇਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੇ ਤੂੰ ਸਦਾ ਨਾਪਾਕ॥ ਪੰਨਾ - 374***

ਇਸ ਜੀਵ ਨੂੰ ਸੋਝੀ ਆਉਣੀ ਚਾਹੀਦੀ ਹੈ ਕਿ ਮੈਂ ਆਤਮ ਸਰੂਪ ਹਾਂ, ਪਰੀਪੂਰਨ ਬ੍ਰਹਮ ਹਾਂ, ਮੈਂ ਅਸੰਗ ਹਾਂ, ਮੈਂ ਅਭਿਨਾਸੀ ਹਾਂ, ਅਜਰ ਹਾਂ, ਅਮਰ ਹਾਂ ਇਹ ਵਾਸ਼ਨਾ ਜਦੋਂ ਦ੍ਰਿੜ੍ਹ ਹੁੰਦੀ ਹੈ ਤਾਂ ਇਸ ਜੀਵ ਦਾ ਛੁਟਕਾਰਾ ਹੁੰਦਾ ਹੈ। ਭੋਗਾਂ ਦੀ ਵਾਸ਼ਨਾ ਗਿਆਨ ਨਹੀਂ ਹੋਣ ਦਿੰਦੀ। ਵਾਸ਼ਨਾ ਦੇ ਪ੍ਰਭਾਵ ਕਰਕੇ ਯੋਗ ਭ੍ਰਸ਼ਟ ਨੂੰ ਵੀ ਇਥੇ ਜਨਮ ਲੈਣਾ ਪੈਂਦਾ ਹੈ ਵਿਦੇਹ ਮੁਕਤੀ ਨਹੀਂ ਹੋਣ ਦਿੰਦੀ। ਵਿਆਸ ਜੀ ਨੂੰ ਸ਼ੁਭ ਵਾਸ਼ਨਾ ਹੋਈ ਕਿ ਮੈਂ ਸੰਸਾਰ ਵਿਚ ਧਰਮ ਗ੍ਰੰਥਾਂ ਦੇ ਅਨੁਭਵ ਪ੍ਰਗਟ ਕਰਦਾ ਰਹਾਂ। ਇਸ ਵਾਸ਼ਨਾ ਕਰਕੇ ਉਨ੍ਹਾਂ ਦੀ ਵਿਦੇਹ ਮੁਕਤੀ ਨਹੀਂ ਹੋਈ। ਉਨ੍ਹਾਂ ਨੂੰ 4 ਅਰਬ 32 ਕਰੋੜ ਸਾਲ ਵਿਦੇਹ ਮੁਕਤੀ ਵਾਸਤੇ ਇੰਤਜ਼ਾਰ ਕਰਨਾ ਪਵੇਗਾ। ਇਸ ਕਰਕੇ ਉਨ੍ਹਾਂ ਨੂੰ ਕਾਰਕ ਪਦਵੀ ਪ੍ਰਾਪਤ ਹੋਈ ਹੈ। ਵਾਸ਼ਨਾ ਦਾ ਬੰਧਨ ਬਹੁਤ ਹੀ ਭਿਆਨਕ ਹੈ।

ਵਸ਼ਿਸ਼ਟ ਜੀ ਕਹਿੰਦੇ ਹਨ ਕਿ ਹੇ ਰਾਮ ਜੀ! ਜਿਨ੍ਹਾਂ ਪੁਰਸ਼ਾਂ ਨੇ ਵਾਸ਼ਨਾ ਤੋਂ ਮਨ ਹਟਾ ਲਿਆ ਹੈ, ਮਨੋ ਨਾਸ਼ ਦੀ ਅਵਸਥਾ ਪ੍ਰਾਪਤ ਕਰ ਲਈ ਹੈ, ਵਾਸ਼ਨਾ ਖ੍ਰੈ ਹੋ ਗਈ ਹੈ ਉਨ੍ਹਾਂ ਦੇ ਹਿਰਦੇ ਵਿਚ ਤੱਤ ਗਿਆਨ ਪ੍ਰਗਟ ਹੋ ਜਾਂਦਾ ਹੈ ਅਤੇ ਚਿੱਤ ਪਰਮ ਸ਼ਾਂਤ ਹੋ ਜਾਂਦਾ ਹੈ। ਜਿਹੜਾ ਪ੍ਰੇਮੀ ਜਾਗ੍ਰਤ ਵਿਚ ਵੀ ਸਖੋਪਤ ਦੀ ਨਿਆਈ ਅਫੁਰ ਅਵਸਥਾ ਵਿਚ ਵਰਤਦਾ ਹੈ, ਜਿਸ ਨੂੰ ਜਾਗ੍ਰਤ ਵਿਚ ਵੀ ਮਾਇਆ ਦੇ ਪਦਾਰਥਾਂ ਦਾ ਭਾਨ ਨਹੀਂ ਹੁੰਦਾ ਉਹ ਵਾਸ਼ਨਾ ਰਹਿਤ ਪੁਰਸ਼ ਜੀਵਨ ਮੁਕਤ ਕਿਹਾ ਜਾਂਦਾ ਹੈ। ਐਸੇ ਪੁਰਸ਼ ਪੂਜਣ ਲਾਇਕ ਹੁੰਦੇ ਹਨ। ਇਸ ਵਾਸਤੇ ਹੇ ਬੁੱਧੀਵਾਨ ਰਾਮ! ਜੋ ਪੁਰਸ਼ ਹਿਰਦੇ ਵਿਚੋਂ ਹਰ ਵਾਸ਼ਨਾ ਨੂੰ ਤਿਆਗ ਦਿੰਦਾ ਹੈ, ਵਿਖਸ਼ੇਪ ਰਹਿਤ ਹੋ ਜਾਂਦਾ ਹੈ ਉਹ ਜੀਵਨ ਮੁਕਤ ਪੁਰਸ਼ ਸ਼ਾਖਸ਼ਾਤ ਪ੍ਰਮੇਸ਼ਰ ਹੋਇਆ ਕਰਦਾ ਹੈ।

ਹੇ ਰਾਮ ਜੀ! ਮੈਂ ਵੀ ਸਾਰੇ ਸਾਸ਼ਤਰਾਂ ਦੀ ਵਿਚਾਰ ਕਰ ਲਈ ਹੈ ਅਤੇ ਸੰਤਾਂ ਨੂੰ ਮਿਲ ਕੇ ਪ੍ਰਸਪਰ ਵਿਚਾਰ ਕਰਕੇ ਇਹ ਤੱਤ ਕੱਢਿਆ ਹੈ ਕਿ ਵਾਸ਼ਨਾ ਦੇ ਤਿਆਗ ਰੂਪ ਮੋਨ ਤੋਂ ਪਰ੍ਹੇ ਹੋਰ ਕੋਈ ਵੀ ਉਤਮ ਪਦਵੀ ਨਹੀਂ ਹੈ। ਵਾਸ਼ਨਾ ਹੀ ਬੰਧਨ ਹੈ ਤਾਂ ਤੇ ਵਾਸ਼ਨਾ ਨੂੰ ਤਿਆਗ ਕੇ ਮੁਕਤ ਹੋ ਜਾਵੋ। ਵਾਸ਼ਨਾ ਦੇ ਤਿਆਗ ਦਾ ਸਾਧਨ ਸਤਿ ਉਪਦੇਸ਼ ਧਾਰਨ ਵਾਲੇ ਨੂੰ ਹੀ ਹੋਇਆ ਕਰਦਾ ਹੈ। ਗੁਰੂ ਲੋਕ ਆਪਣੇ ਸਿੱਖ ਨੂੰ, ਆਪਣੇ ਭਗਤ ਨੂੰ ਜਨਮ ਮਰਨ ਤੋਂ ਮੁਕਤ ਕਰਾ ਦਿੰਦੇ ਹਨ। ਸੂਲੀ ਤੋਂ ਕੰਡਾ ਬਣਾ ਦਿੰਦੇ ਹਨ। ਸਕੇਤ ਮੰਡੀ ਦੇ ਰਾਜੇ ਦੀ ਕਥਾ ਵਾਂਗੂੰ ਸੁਪਨੇ ਵਿਚ ਹੀ ਉਸਦਾ ਜਨਮ ਭੁਗਤਾ ਦਿੰਦੇ ਹਨ। ਇਹ ਵਾਹਿਗੁਰੂ ਦੇ ਦਰਬਾਰ ਵਿਚ ਆਸਾ ਅੰਦੇਸ਼ਾ ਪਟ ਜੜੇ ਹਨ। ਸਰਬ ਵਾਸ਼ਨਾ ਦਾ ਤਿਆਗ ਕਰਕੇ ਇਹ ਦਰਵਾਜ਼ਾ ਖੁਲ੍ਹਦਾ ਹੈ ਪਰ ਅੰਦੇਸ਼ੇ ਦੀਆਂ ਜੰਜੀਰਾਂ ਇਸ ਨੂੰ ਅਗੇ ਚਲਣ ਨਹੀਂ ਦਿੰਦੀਆਂ। ਇਹ ਸਾਰੀ ਸ੍ਰਿਸ਼ਟੀ ਹੁਕਮ ਵਿਚ ਚਲ ਰਹੀ ਹੈ ਜੋ ਹਰ ਜੀਵ ਦੇ ਮੱਥੇ ਵਿਚ ਲਿਖਿਆ ਹੋਇਆ ਹੈ ਜੋ ਕੁਝ ਪ੍ਰਾਪਤ ਹੋਣਾ ਹੈ ਉਹ ਇਸ ਦੀ ਪ੍ਰਾਲਬਧ ਅਨੁਸਾਰ ਹੋ ਹੀ ਜਾਂਦਾ ਹੈ। ਪਦਾਰਥਾਂ ਦਾ ਹੋਣਾ, ਨਾ ਹੋਣਾ ਇਹ ਵੀ ਪਰਾਲਬਧ ਅਨੁਸਾਰ ਹੀ ਹੈ। ਇਹ ਮਨੁੱਖ ਇਸ ਸਿਧਾਂਤ ਨੂੰ ਛੱਡ ਕੇ ਹਰ ਵਕਤ ਚਿੰਤਾ ਕਰਦਾ ਰਹਿੰਦਾ ਹੈ, ਡਰਦਾ ਰਹਿੰਦਾ ਹੈ। ਇਸ ਨੂੰ ਅਨੇਕ ਕਿਸਮ ਦੇ ਡਰ ਹਨ ਜਿਵੇਂ ਮੇਰਾ ਜੋੜਿਆ ਹੋਇਆ ਧਨ ਕਿਤੇ ਚਲਿਆ ਨਾ ਜਾਵੇ, ਮੇਰਾ ਚਲ ਰਿਹਾ ਵਪਾਰ ਕਿਤੇ ਘਾਟੇ ਵਿਚ ਨਾ ਚਲਿਆ ਜਾਵੇ; ਮੇਰੇ ਟਰੱਕ, ਬੱਸਾਂ ਹਨ ਇਨ੍ਹਾਂ ਦਾ ਕਿਤੇ ਐਕਸੀਡੈਂਟ ਨਾ ਹੋ ਜਾਵੇ, ਮੇਰਾ ਪੁੱਤਰ ਚੜ੍ਹਾਈ ਨਾ ਕਰ ਜਾਵੇ, ਮੇਰੇ ਦੁਸ਼ਮਣ ਮੈਨੂੰ ਕਿਤੇ ਮਾਰ ਨਾ ਦੇਣ, ਪੁਲਿਸ ਮੇਰੇ ਉਪਰ ਕਿਤੇ ਕੋਈ ਕੇਸ ਨਾ ਬਣਾ ਦੇਵੇ, ਮੈਂ ਬਿਮਾਰ ਹੋਇਆ ਹਾਂ ਕਿਤੇ ਮਰ ਹੀ ਨਾ ਜਾਵਾਂ। ਐਸੇ ਅਨੇਕਾਂ ਅੰਦੇਸ਼ੇ ਇਸ ਜੀਵ ਦੇ ਮਨ ਨੂੰ ਹਰ ਵਕਤ ਪੀੜਤ ਰਖਦੇ ਹਨ। ਜਦੋਂ ਸਤਿਸੰਗ ਵਿਚ ਜਾ ਕੇ ਇਸ ਨੂੰ ਸੋਝੀ ਆਉਂਦੀ ਹੈ ਕਿ ਵਾਹਿਗੁਰੂ ਜੀ ਤਾਂ ਸਦਾ-ਸਦਾ ਦਿਆਲ ਹਨ ਉਨ੍ਹਾਂ ਦਾ ਭਜਨ ਕਰਨ ਨਾਲ ਸਾਰੇ ਡਰ ਖਤਮ ਹੋ ਜਾਂਦੇ ਹਨ ਅਤੇ ਇਹ ਮਨੋ ਤਨੋ ਇਕਾਗਰ ਹੋ ਕੇ ਸ਼ਰਧਾ ਭਾਵਨਾ ਦੇ ਨਾਲ ਜਦੋਂ ਪ੍ਰਭੂ ਨੂੰ ਪਿਆਰ ਕਰਦਾ ਹੈ ਉਸ ਵੇਲੇ ਇਸ ਦੇ ਡਰ ਖਤਮ ਹੋ ਜਾਂਦੇ ਹਨ। ਜਦੋਂ ਇਹ ਨਾਮ ਜਪ ਕੇ ਮੌਤ ਦਾ ਪਰਲਾ ਕੰਢਾ ਦੇਖ ਲੈਂਦਾ ਹੈ ਉਸ ਵੇਲੇ ਇਸ ਨੂੰ ਮਰਨ ਦਾ ਵੀ ਡਰ ਨਹੀਂ ਰਹਿੰਦਾ ਜਿਵੇਂ ਕਿ ਫੁਰਮਾਨ ਹੈ –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***
***ਪੰਨਾ - 1365***

ਜੋ ਹੁਕਮ ਅਨੁਸਾਰ ਹੋਣਾ ਹੈ ਉਹ ਹੋ ਕੇ ਹੀ ਰਹੇਗਾ। ਮੇਰਾ ਰੋਕਿਆ ਰੁਕਣਾ ਨਹੀਂ, ਮੇਰੀ ਗੱਲਬਾਤ, ਸੋਚ, ਵਿਚਾਰ ਸਾਰੇ ਹੁਕਮ ਅਧੀਨ ਹਨ, ਮੇਰੇ ਉਦਮ ਭੀ ਹੁਕਮ ਅਧੀਨ ਹਨ। ਡਰ ਦੀ ਲੋੜ ਨਹੀਂ। ਹੁਕਮ ਬੁਝਣ ਦੀ ਲੋੜ ਹੈ।

ਇਸ ਪੁਸਤਕ ਵਿਚ ਅਨੇਕ ਪ੍ਰਮਾਣ ਦੇ ਕੇ ਵਿਚਾਰ ਕੀਤੀ ਗਈ ਹੈ ਕਿ ਵਾਹਿਗੁਰੂ ਦੇ ਮਾਰਗ ਤੇ ਚੱਲਣ ਦੀਆਂ ਜੋ ਰੁਕਾਵਟਾਂ ਹਨ ਉਹ ਦੁੱਖ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਅਨੇਕ ਕਿਸਮ ਦੇ ਵਿਸ਼ੇ, ਅਨੇਕ ਕਿਸਮ ਦੇ ਰਸ ਅਤੇ ਅਨੇਕ ਕਿਸਮ ਦੇ ਭੋਗ ਹਨ। ਕਰਮ ਧਰਮ ਸਭ ਬੰਧਨ ਹਨ, ਆਸਾ ਤੇ ਅੰਦੇਸਾ ਦੇ ਬਜਰ ਕਪਾਟ ਗੁਰੂ ਤੋਂ ਕੁੰਜੀ ਲਏ ਬਗੈਰ ਨਹੀਂ ਖੁਲ੍ਹ ਸਕਦੇ। ਗੁਰੂ ਪਾਸ ਕੁੰਜੀ ਹਰੀ ਨਾਮ ਦੀ ਹੈ। ਨਾਮ ਜਪ ਕੇ, ਨਾਮ ਨਾਲ ਪਿਆਰ ਪਾ ਕੇ ਇਹ ਦਰਵਾਜ਼ਾ ਵੀ ਖੁਲ੍ਹ ਜਾਇਆ ਕਰਦਾ ਹੈ ਹੁਣ ਇਸ ਤੋਂ ਅੱਗੇ ਜੋ ਰਸਤਾ ਹੈ ਉਹ ਵੀ ਬਹੁਤ ਭਿਆਨਕ ਹੈ ਇਸ ਵਿਚ ਅਸਾਡਾ ਵਾਹ ਮਾਇਆ ਨਾਲ ਪੈਂਦਾ ਹੈ। ਮਾਇਆ ਦੀ ਖਾਈ ਜਲ ਹਾਂਡੇ ਬਹੁਤ ਡੂੰਘੀ ਹੈ ਇਸ ਨੂੰ ਤਰਨਾ ਬਹੁਤ ਹੀ ਮੁਸ਼ਕਲ ਹੈ। ਜਿਉਂਦੇ ਮਰਨਾ ਪੈਂਦਾ ਹੈ ਫੇਰ ਸੱਚਾ ਜੀਵਨ ਪ੍ਰਾਪਤ ਹੋ ਕੇ ਤਰ ਹੁੰਦਾ ਹੈ। ਜਦੋਂ ਸਤਿਪੁਰਸ਼ਾਂ ਨਾਲ ਮਿਲ ਕੇ ਮਾਇਆ ਦੀ ਪਾਈ ਹੋਈ ਭੁੱਲ ਉਪਰ ਨਾਮ ਜਪ ਦਾ ਪੁਲ ਬਣਾ ਲੈਂਦਾ ਹੈ ਤਾਂ ਸਤਿ ਦੇ ਆਸਣ ਉਤੇ ਬਿਰਾਜਮਾਨ ਪ੍ਰਭੂ ਨਾਲ ਇਸ ਦਾ ਸੰਪਰਕ ਸੁਖਾਲਾ ਹੋ ਜਾਂਦਾ ਹੈ। ਇਹ ਵਿਚਾਰ ਇਸੇ ਲੜੀ ਦੀ ਦੂਸਰੀ ਪੁਸਤਕ ਵਿਚ ਯਥਾਸ਼ਕਤ ਵਾਹਿਗੁਰੂ ਜੀ ਦੀ ਪ੍ਰੇਰਨਾ ਨਾਲ ਕੀਤੇ ਜਾਣ ਦੀ ਆਸ ਹੈ।

**ਸਮਾਪਤ**

# ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

**ਇਕ ਨਾਸਤਿਕ ਸੁਆਮੀ**

ਇਕ ਬਹੁਤ ਬੁਧੀਮਾਨ, ਪੜ੍ਹੇ ਲਿਖੇ ਸਵਾਮੀ ਸਨ ਪਰ ਉਹ ਪਰਮਾਤਮਾ ਨੂੰ ਨਹੀਂ ਮੰਨਦੇ ਸਨ, ਜਿਸ ਕਿਸੇ ਵਿਚ ਵੀ ਦੂਸਰਾ ਵਿਸ਼ਵਾਸ਼ ਕਰਦਾ ਦਰਸਾਉਂਦਾ, ਉਹ ਬੜੀ ਚਤੁਰਾਈ ਨਾਲ ਦਲੀਲ ਦੇ ਕੇ ਉਸ ਨੂੰ ਕੱਟ ਦਿੰਦੇ। ਬਹੁਤ ਸਾਰੇ ਵਿਦਵਾਨ ਉਨ੍ਹਾਂ ਤੋਂ ਦੂਰ ਹੀ ਰਹਿਣਾ ਪਸੰਦ ਕਰਦੇ ਸਨ ਪਰ ਮੇਰੇ ਨਾਲ ਉਨ੍ਹਾਂ ਦੀ ਚੰਗੀ ਮਿਤਰਤਾ ਸੀ, ਮੈਨੂੰ ਉਨ੍ਹਾਂ ਦੀ ਪੜ੍ਹਾਈ, ਲਿਖਾਈ, ਗਿਆਨ ਅਤੇ ਤਰਕ ਬਹੁਤ ਆਕਰਸ਼ਕ ਕਰਦਾ ਸੀ, ਉਨ੍ਹਾਂ ਦਾ ਸਾਰਾ ਮਨ ਅਤੇ ਸ਼ਕਤੀ ਤਰਕ ਵਲ ਹੀ ਲੱਗੀ ਰਹਿੰਦੀ ਸੀ। ਉਹ ਗਿਆਨੀ ਸਨ, ਹਠਵਾਦੀ ਸਨ।

ਉਹ ਕਹਿੰਦੇ ਸਨ, "ਮੈਨੂੰ ਸਮਝ ਨਹੀਂ ਆਉਂਦੀ ਲੋਕੀ ਮੇਰੇ ਕੋਲ ਪੜ੍ਹਨ ਲਿਖਣ ਕਿਉਂ ਨਹੀਂ ਆਉਂਦੇ।

ਮੈਂ ਆਮ ਤੌਰ ਤੇ ਉਨ੍ਹਾਂ ਨੂੰ ਕਹਿੰਦਾ, "ਤੁਸੀਂ ਉਨ੍ਹਾਂ ਦਾ ਵਿਸ਼ਵਾਸ਼ ਖਤਮ ਕਰਦੇ ਹੋ ਉਹ ਕਿਉਂ ਤੁਹਾਡੇ ਕੋਲ ਆਉਣ? ਉਹ ਤੁਹਾਡੇ ਕੋਲੋਂ ਡਰਦੇ ਹਨ।"

ਉਹ ਬੜੇ ਮੰਨੇ ਪਰਮੰਨੇ ਬੰਦੇ ਸਨ ਉਨ੍ਹਾਂ ਨੇ ਇਕ ਪੁਸਤਕ ਲਿਖੀ ਸੀ ਜਿਸ ਵਿਚ ਸਾਰੀਆਂ ਫਿਲੌਸਫੀਆਂ ਨੂੰ ਨਖੇਦਿਆ ਗਿਆ ਸੀ, ਮਾਨਸਿਕ ਘੋਲ ਵਾਸਤੇ ਬਹੁਤ ਚੰਗੀ ਪੁਸਤਕ ਹੈ, ਇਸ ਦਾ ਨਾਂ ਹੈ, ਖਟ ਦਰਸ਼ਨ ਜਾਂ ਭਾਰਤੀ ਫਿਲੌਸਫੀ ਦੀਆਂ ਛੇ ਪ੍ਰਨਾਲੀਆਂ। 'Khat Dharshana or Six Systems of Indian Philosophy.' ਤਿਬਤੀ ਅਤੇ ਚੀਨੀ ਉਨ੍ਹਾਂ ਦੀ ਵਿਦਵਤਾ ਦਾ ਬੜਾ ਸਤਿਕਾਰ ਕਰਦੇ ਹਨ, ਉਨ੍ਹਾਂ ਨੂੰ ਚੀਨ ਸੱਦਿਆ, ਉਨ੍ਹਾਂ ਨੇ ਸੋਚਿਆ ਜੇ ਭਾਰਤ ਵਰਸ਼ ਵਿਚ ਕੋਈ ਵਿਦਵਾਨ ਹੈ ਤਾਂ ਕੇਵਲ ਇਹ ਹੀ ਹੈ।

ਉਹ ਰੱਬ ਨੂੰ ਨਹੀਂ ਮੰਨਦੇ ਸਨ ਫੇਰ ਵੀ ਉਹ ਪ੍ਰਚਾਰਕ ਸਨ। ਉਹ ਕਹਿੰਦੇ ਸਨ ਮੈਂ ਪ੍ਰਚਾਰਕ ਪ੍ਰਥਾ ਖਤਮ ਕਰਨ ਲਈ ਹੀ ਪ੍ਰਚਾਰਕ ਬਣਿਆ ਹਾਂ, ਉਹ ਸਭ ਐਵੇਂ ਹੀ ਹਨ, ਇਹ ਸਾਰੇ ਸਮਾਜ ਉਤੇ ਭਾਰੀ ਬੋਝ ਹਨ, ਮੈਨੂੰ ਕੁਛ ਵੀ ਠੀਕ ਨਹੀਂ ਲੱਗਿਆ ਇਹੋ ਹੀ ਮੈਂ ਸੰਸਾਰ ਨੂੰ ਦਸਣਾ ਹੈ, ਉਹ ਕਹਿੰਦੇ ਸਨ ਜੇ ਕੋਈ ਮੈਨੂੰ ਇਹ ਪਰਤੱਖ ਕਰਕੇ ਦਿਖਾ ਦੇਵੇ ਕਿ ਰੱਬ ਹੈ, ਮੈਂ ਉਸ ਦਾ ਸ਼ਿਸ਼ ਬਣ ਜਾਵਾਂਗਾ।

ਇਕ ਵਾਰੀ ਉਸ ਨੇ ਮੈਨੂੰ ਪੁਛਿਆ, "ਕੀ ਤੁਸੀਂ ਮੇਰੀ ਕਸਮ ਜਾਣਦੇ ਹੋ?"

ਮੈਂ ਉਤਰ ਦਿਤਾ ਜਿਹੜਾ ਤੁਹਾਨੂੰ ਆਪਣਾ ਸ਼ਿਸ਼ ਬਣਾਏਗਾ, ਉਹ ਵੱਡਾ ਮੂਰਖ ਹੀ ਹੋਵੇਗਾ।

ਉਹ ਕਹਿਣ ਲੱਗੇ, "ਇਸ ਗੱਲ ਤੋਂ ਤੁਹਾਡਾ ਕੀ ਭਾਵ ਹੈ?"

ਮੈਂ ਜਵਾਬ ਦਿਤਾ ਤੁਹਾਡੇ ਇਸ ਮੂਰਖ ਮਨ ਦਾ ਕੋਈ ਕੀ ਕਰ ਸਕਦਾ ਹੈ? ਤੁਸੀਂ ਤਾਂ ਆਪਣੇ ਮਨ ਨੂੰ ਇਕੋ ਪਾਸਿਓ ਤਿੱਖਾ ਕਰੀਂ ਗਏ ਹੋ, ਦੂਸਰਾ ਪਾਸਾ ਦੇਖਿਆ ਹੀ ਨਹੀਂ।"

ਉਹ ਅੱਗੋਂ ਤੁਰੰਤ ਬੋਲੇ, "ਤੂੰ ਮੂਰਖ ਹੈਂ? ਤੂੰ ਵੀ ਤਾਂ ਅਣਜਾਣੀਆਂ ਗੱਲਾਂ ਕਰਦਾ ਹੈ, ਜੋ ਤੁਸੀਂ ਦਸਦੇ ਹੋ, ਕੇਵਲ ਇਕ ਮਿਥਿਆ ਹੈ।

ਮੈਂ ਵਾਹਿਗੁਰੂ ਅੱਗੇ ਅਰਦਾਸ ਕੀਤੀ, ਭਾਵੇਂ ਕੁਝ ਵੀ ਕਿਉਂ ਨਾ ਹੋ ਜਾਵੇ ਭਾਵੇਂ ਮੈਨੂੰ ਜਾਨ ਕਿਉਂ ਨਾ ਦੇਣੀ ਪਵੇ, ਮੈਂ ਇਸ ਨੂੰ ਕੁਝ ਡੂੰਘਾ ਸੱਚ ਦਿਖਾ ਕੇ ਰਹਾਂਗਾ।

ਇਕ ਦਿਨ ਮੈਂ ਪੁਛਿਆ, "ਤੁਸੀਂ ਹਿਮਾਲੀਆ ਦੇਖਿਆ ਹੈ?"

ਉਨ੍ਹਾਂ ਨੇ ਜਵਾਬ ਦਿਤਾ, "ਨਹੀਂ ਕਦੀ ਨਹੀਂ।"

ਮੈਂ ਉਨ੍ਹਾਂ ਨੂੰ ਕਿਹਾ, "ਗਰਮੀਆਂ ਵਿਚ ਪਹਾੜਾਂ ਤੇ ਜਾਣਾ ਸੁਹਾਵਣਾ ਅਤੇ ਸੌਖਾ ਹੁੰਦਾ ਹੈ, ਪਹਾੜ ਸੋਹਣੇ ਲਗਦੇ ਹਨ। ਮੈਂ ਸੋਚ ਰਿਹਾ ਸੀ ਜੇ ਇਹ ਕਦੀ ਮੇਰੇ ਨਾਲ ਆਉਣ ਲਈ ਮੰਨ ਜਾਣ ਤਾਂ ਮੈਂ ਚੰਗੀ ਤਰ੍ਹਾਂ ਠੀਕ ਕਰ ਦਿਆਂ।"

ਉਹ ਕਹਿਣ ਲੱਗੇ, "ਉਹ ਇਕ ਚੀਜ਼ ਹੈ ਜੋ ਮੈਨੂੰ ਪਿਆਰੀ ਲਗਦੀ ਹੈ, ਐਨੇ ਸੋਹਣੇ ਪਹਾੜ ਪਰ ਉਸ ਵਿਚ ਪਰਮਾਤਮਾ ਦੀ ਕੀ ਲੋੜ ਹੈ।"

ਮੈਂ ਸੋਚਿਆ ਮੈਂ ਇਨ੍ਹਾਂ ਨੂੰ ਇਹੋ ਜਿਹੀ ਸਥਿਤੀ ਵਿਚ ਪਾ ਦਿਆਂਗਾ ਕਿ ਇਨ੍ਹਾਂ ਨੂੰ ਰੱਬ ਤੇ ਵਿਸ਼ਵਾਸ਼ ਲਿਆਉਣਾ ਹੀ ਪਵੇਗਾ। ਮੈਂ ਸੋਚਿਆ ਇਨ੍ਹਾਂ ਨੂੰ ਔਖੇ ਰਸਤੇ ਤੋਂ ਸਭ ਤੋਂ ਉਚੇ ਪਹਾੜ ਉਤੇ ਲੈ ਜਾਇਆ ਜਾਏ, ਮੈਂ ਇਕ ਤੰਬੂ ਲੈ ਲਿਆ, ਕੁਝ ਕੁ ਬਿਸਕੁਟ ਅਤੇ ਕੁਝ ਮੇਵਾ ਲੈ ਕੇ ਅਸੀਂ ਕੈਲਾਸ਼ ਪਰਬਤ ਵਲ ਤੁਰ ਪਏ, ਮੈਂ ਪੂਰਨ ਵਿਸ਼ਵਾਸ਼ੀ ਹਾਂ, ਮੈਂ ਅਰਦਾਸ ਕੀਤੀ, ਹੇ ਵਾਹਿਗੁਰੂ! ਕੋਈ ਸਮਸਿਆ ਐਸੀ ਖੜ੍ਹੀ ਕਰੀ ਕਿ ਇਨ੍ਹਾਂ ਨੂੰ ਵਾਹਿਗੁਰੂ ਉਤੇ ਵਿਸ਼ਵਾਸ਼ ਆ ਜਾਵੇ, ਇਹ ਬਿਲਕੁਲ ਬੇਬਸ ਹੋ ਜਾਣ ਅਤੇ ਵਾਹਿਗੁਰੂ ਦੀ ਸਹਾਇਤਾ ਲਈ ਪੁਕਾਰਣ। ਮੈਂ ਜਵਾਨ ਸੀ, ਅੱਲੜ ਸੀ, ਮੈਂ ਇਨ੍ਹਾਂ ਨੂੰ ਔਖੇ ਰਸਤੇ ਤੋਂ ਲੈ ਗਿਆ ਮੈਨੂੰ ਆਪ ਨਹੀਂ ਪਤਾ ਸੀ, ਅਸੀਂ ਕਿਥੇ ਜਾ ਰਹੇ ਹਾਂ, ਛੇਤੀ ਹੀ ਅਸੀਂ ਗੁਆਚ ਗਏ। ਮੈਂ ਹਿਮਾਲੀਆ ਦਾ ਜੰਮਪਲ ਹਾਂ, ਮੈਨੂੰ ਠੰਢ ਨਹੀਂ ਲਗਦੀ, ਇਕ ਖਾਸ ਆਸਣ ਵਿਚ ਬੈਠ ਕੇ ਅਤੇ ਖਾਸ ਤਰ੍ਹਾਂ ਸਾਹ ਲੈਣ ਨਾਲ ਠੰਢ ਨਹੀਂ ਲਗਦੀ ਪਰ ਵਿਚਾਰੇ ਸਵਾਮੀ ਜੀ ਦਾ ਠੰਢ ਨਾਲ ਬੁਰਾ ਹਾਲ ਹੋ ਗਿਆ, ਉਨ੍ਹਾਂ ਨੂੰ ਠੰਢ ਵਿਚ ਰਹਿਣ ਦਾ ਸੁਭਾਅ ਨਹੀਂ ਸੀ, ਹਮਦਰਦੀ ਵਜੋਂ ਅਤੇ ਇਹ ਦਸਣ ਲਈ ਕਿ ਮੈਂ ਉਸ ਨੂੰ ਪਿਆਰ ਕਰਦਾ ਹਾਂ, ਮੈਂ ਉਸ ਨੂੰ ਆਪਣਾ ਕੰਬਲ ਵੀ ਦੇ ਦਿਤਾ, ਮੈਂ ਉਸ ਨੂੰ 14000 ਫੁੱਟ ਦੀ ਉਚਾਈ ਤਕ ਲੈ ਗਿਆ, ਉਸ ਤੋਂ ਬਾਦ ਉਹ ਕਹਿਣ ਲੱਗਾ, ਹੁਣ ਮੈਂ ਚੰਗੀ ਤਰ੍ਹਾਂ ਸਾਹ ਨਹੀਂ ਲੈ ਸਕਦਾ।

ਮੈਂ ਕਿਹਾ, "ਮੈਨੂੰ ਤਾਂ ਕੋਈ ਮੁਸ਼ਕਲ ਨਹੀਂ ਹੋ ਰਹੀ।"

ਉਹ ਕਹਿਣ ਲੱਗੇ, "ਤੂੰ ਜਵਾਨ ਹੈਂ ਤੈਨੂੰ ਕੋਈ ਫਰਕ ਨਹੀਂ ਪੈਂਦਾ।" ਮੈਂ ਕਿਹਾ, "ਹਾਰ ਨਾ ਮੰਨੋ।"

ਰੋਜ਼ ਉਹ ਮੈਨੂੰ ਫਿਲੋਸਫੀ ਪੜ੍ਹਾਉਂਦੇ, ਮੈਂ ਉਨ੍ਹਾਂ ਨੂੰ ਸੋਹਣੇ ਦ੍ਰਿਸ਼ ਵਿਚ ਲੁਭਾਉਣ ਦਾ ਜਤਨ ਕਰਦਾ ਮੈਂ ਕਹਿੰਦਾ, "ਕਿੰਨਾ ਸੋਹਣਾ ਲਗਦਾ ਹੈ ਕੁਦਰਤ ਦੇ ਐਨੇ ਕੋਲ ਹੋ ਕੇ।

ਜਦੋਂ ਸਾਨੂੰ ਪਹਾੜਾਂ ਵਿਚ ਫਿਰਦਿਆਂ ਕੋਈ ਚਾਰ ਦਿਨ ਹੋ ਗਏ ਤਾਂ ਬਰਫ ਪੈਣੀ ਸ਼ੁਰੂ ਹੋ ਗਈ, ਅਸੀਂ 15000 ਫੁੱਟ ਦੀ ਉਚਾਈ ਉਤੇ ਕੈਂਪ ਲਗਾਇਆ ਹੋਇਆ ਸੀ, ਸਾਡਾ ਤੰਬੂ ਚੋਟੀ ਜਿਹਾ ਸੀ, 4 ਫੁੱਟ ਬਾਈ 5 ਫੁਟ, ਜਦੋਂ ਦੋ ਫੁੱਟ ਬਰਫ ਪੈ ਗਈ ਮੈਂ ਕਿਹਾ, "ਤੁਹਾਨੂੰ ਪਤਾ ਹੈ ਕਿ ਏਥੇ ਕੋਈ ਸੱਤ ਅੱਠ ਫੁੱਟ ਬਰਫ ਪਏਗੀ ਸਾਡਾ ਤੰਬੂ ਵੀ ਬਰਫ ਵਿਚ ਹੀ ਦਬਿਆ ਜਾਵੇਗਾ, ਅਸੀਂ ਵੀ ਵਿਚ ਹੀ ਦਬੇ ਜਾਵਾਂਗੇ।"

ਉਹ ਕਹਿਣ ਲੱਗੇ, "ਇਸ ਤਰ੍ਹਾਂ ਨਾ ਕਹੋ, ਮੈਂ ਕਿਹਾ, ਮੈਂ ਤਾਂ ਸਚ ਹੀ ਦਸ ਰਿਹਾ ਹਾਂ।"

"ਕੀ ਅਸੀਂ ਵਾਪਸ ਜਾ ਸਕਦੇ ਹਾਂ?"

"ਕੋਈ ਰਸਤਾ ਹੀ ਨਹੀਂ, ਸਵਾਮੀ ਜੀ।"

"ਅਸੀਂ ਕੀ ਕਰਾਂਗੇ?"

ਮੈਂ ਉਤਰ ਦਿਤਾ, "ਮੈਂ ਅਰਦਾਸ ਕਰਦਾ ਹਾਂ ਵਾਹਿਗੁਰੂ ਅੱਗੇ।

ਉਹ ਕਹਿਣ ਲੱਗੇ, "ਮੈਂ ਤਾਂ ਯਥਾਰਥ ਨੂੰ ਹੀ ਮੰਨਦਾ ਹਾਂ, ਮੈਂ ਬੇਵਕੂਫੀਆਂ ਵਿਚ ਵਿਸ਼ਵਾਸ਼ ਨਹੀਂ ਕਰਦਾ, ਜੋ ਤੂੰ ਕਹਿ ਰਿਹਾ ਹੈਂ।

ਮੈਂ ਕਿਹਾ, "ਮੇਰੇ ਵਾਹਿਗੁਰੂ ਦੀ ਕ੍ਰਿਪਾ ਨਾਲ ਬਰਫ ਬੰਦ ਹੋ ਜਾਏਗੀ, ਜੇ ਤੁਸੀਂ ਆਪਣੀ ਫਿਲੋਸਫੀ ਬੁੱਧੀ ਨਾਲ ਰੋਕ ਸਕਦੇ ਹੋ ਤਾਂ ਜੀ ਸਦਕੇ ਕਰੋ, ਕੋਸ਼ਿਸ਼ ਕਰੋ।

ਉਹ ਕਹਿਣ ਲੱਗੇ, "ਮੈਨੂੰ ਇਹ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਤੇਰੀ ਅਰਦਾਸ ਨਾਲ ਬਰਫ ਬੰਦ ਹੋਈ, ਬਰਫ ਤਾਂ ਭਾਵੇਂ ਉਸ ਤਰ੍ਹਾਂ ਹੀ ਬੰਦ ਹੋ ਗਈ ਹੋਵੇ।

ਹੁਣ ਤਕ ਇਸ ਵਾਦ-ਵਿਵਾਦ ਹੁੰਦਿਆਂ ਬਰਫ ਤੰਬੂ ਦੇ ਚਾਰੋਂ ਤਰਫ ਚਾਰ ਫੁੱਟ ਹੋ ਚੁਕੀ ਸੀ, ਉਨ੍ਹਾਂ ਦਾ ਸਾਹ ਵੀ ਘੁਟਿਆ ਜਾਣ ਲਗ ਪਿਆ ਸੀ, ਮੈਂ ਬਰਫ ਵਿਚ ਛੇਕ ਕਰ ਦਿੰਦਾ ਹਾਂ ਤਾ ਕਿ ਅਸੀਂ ਸਾਹ ਲੈ ਸਕੀਏ ਪਰ ਉਹ ਤਾਂ ਫੇਰ ਛੇਤੀ ਹੀ ਬੰਦ ਹੋ ਜਾਏਗਾ ਮੈਨੂੰ ਇੰਨਾਂ ਜ਼ਰੂਰ ਪਤਾ ਸੀ ਕਿ ਕੁਛ ਨਾ ਕੁਛ ਤਾਂ ਜ਼ਰੂਰ ਹੋਵੇਗਾ, ਜਾਂ ਤਾਂ ਅਸੀਂ ਮਰ ਜਾਵਾਂਗੇ ਜਾਂ ਫੇਰ ਇਹ ਵਾਹਿਗੁਰੂ ਉਤੇ ਵਿਸ਼ਵਾਸ਼ ਲੈ ਆਉਣਗੇ।

ਆਖਰਕਾਰ ਉਹ ਕਹਿਣ ਲੱਗੇ, "ਕੁਝ ਕਰ, ਤੇਰਾ ਮਾਸਟਰ ਗੁਰੂ ਬਹੁਤ ਵੱਡਾ ਹੈ, ਮੈਂ ਉਨ੍ਹਾਂ ਦੀ ਬਹੁਤ ਵਾਰੀ ਬੇਇਜ਼ਤੀ ਕੀਤੀ ਹੈ, ਸ਼ਾਇਦ ਇਸ ਕਰਕੇ ਹੀ ਮੈਨੂੰ ਇਹ ਭੁਗਤਣਾ ਪੈ ਰਿਹਾ ਹੈ।" ਹੁਣ ਤਕ ਉਹ ਬਹੁਤ ਡਰ ਗਏ ਸਨ।

ਮੈਂ ਕਿਹਾ, "ਜੇ ਤੁਸੀਂ ਅਰਦਾਸ ਕਰਨੀ ਸ਼ੁਰੂ ਕਰੋ ਤਾਂ ਪੰਜ ਮਿੰਟ ਵਿਚ ਬਰਫ ਰੁਕ ਜਾਏਗੀ, ਸੂਰਜ ਨਿਕਲ ਆਏਗਾ, ਜੇ ਤੁਸੀਂ ਨਹੀਂ ਅਰਦਾਸ ਕਰੋਗੇ ਤੁਸੀਂ ਤਾਂ ਮਰੋਗੇ ਹੀ ਮਰੋਗੇ ਮੈਨੂੰ ਨਾਲ ਮਾਰ ਦਿਓਗੇ, ਮੈਨੂੰ ਵਾਹਿਗੁਰੂ ਨੇ ਇਹ ਹੀ ਹੁਣ ਕਿਹਾ ਹੈ।"

ਉਹ ਕਹਿਣ ਲੱਗੇ, "ਸੱਚ? ਤੁਸੀਂ ਇਹ ਕਿਸ ਤਰ੍ਹਾਂ ਸੁਣ ਰਹੇ ਹੋ?"

ਮੈਂ ਕਿਹਾ, "ਉਹ ਮੇਰੇ ਨਾਲ ਗੱਲ ਕਰ ਰਹੇ ਹਨ।"

ਉਨ੍ਹਾਂ ਨੂੰ ਮੇਰੇ ਉਤੇ ਵਿਸ਼ਵਾਸ਼ ਆਉਣ ਲਗ ਗਿਆ, "ਉਹ ਕਹਿਣ ਲੱਗੇ, ਜੇ ਸੂਰਜ ਨਾ ਚੜ੍ਹਿਆ, ਮੈਂ ਤੈਨੂੰ ਮਾਰ ਦਿਆਂਗਾ, ਕਿਉਂਕਿ ਮੈਂ ਆਪਣੀ ਕਸਮ ਤੋੜ ਰਿਹਾ ਹਾਂ।"

ਭੈ ਵਿਚ ਆ ਕੇ ਇਹੋ ਜਿਹਾ ਬੰਦਾ ਛੇਤੀ ਹੀ ਆਪਣੀ ਸ਼ਰਧਾ ਛਡ ਜਾਂਦਾ ਹੈ, ਉਹ ਅੱਖਾਂ ਵਿਚ ਹੰਝੂ ਭਰ ਕੇ ਅਰਦਾਸ ਕਰਨ ਲਗ ਪਏ। ਮੈਂ ਸੋਚਿਆ ਜੇ ਪੰਜ ਮਿੰਟ ਵਿਚ ਬਰਫ ਨਾ ਬੰਦ ਹੋਈ ਤਾਂ ਇਨ੍ਹਾਂ ਦਾ ਹਿਰਦਾ ਹੋਰ ਵੀ ਕਠੋਰ ਹੋ ਜਾਵੇਗਾ। ਮੈਂ ਵੀ ਅਰਦਾਸ ਕੀਤੀ।

ਵਾਹਿਗੁਰੂ ਦੀ ਮਿਹਰ ਹੋਈ, ਪੂਰੇ ਪੰਜ ਮਿੰਟ ਬਾਦ ਬਰਫ ਬੰਦ ਹੋ ਗਈ, ਸੂਰਜ ਚਮਕ ਆਇਆ, ਉਹ ਹੈਰਾਨ ਹੋ ਗਏ, ਮੈਂ ਵੀ ਹੈਰਾਨ ਹੋ ਗਿਆ। ਉਹ ਪੁਛਣ ਲੱਗੇ, "ਕੀ ਅਸੀਂ ਜੀਉਂਦੇ ਰਹਾਂਗੇ?"

ਮੈਂ ਕਿਹਾ, "ਹਾਂ, ਵਾਹਿਗੁਰੂ ਦੀ ਮਿਹਰ ਹੈ, ਉਨ੍ਹਾਂ ਦਾ ਹੁਕਮ ਹੈ ਅਸੀਂ ਜੀਉਂਦੇ ਰਹੀਏ, ਉਹ ਕਹਿਣ ਲੱਗੇ, "ਹੁਣ ਮੈਨੂੰ ਪਤਾ ਲੱਗਾ, ਕੋਈ ਐਸੀ ਸ਼ਕਤੀ ਹੈ ਜਿਸ ਬਾਰੇ ਮੈਂ ਸਮਝਿਆ ਨਹੀਂ, ਜਿਸ ਨੂੰ ਜਾਣਿਆ ਨਹੀਂ।"

ਉਸ ਤੋਂ ਬਾਦ ਉਨ੍ਹਾਂ ਨੇ ਕਸਮ ਖਾਧੀ ਕਿ ਰਹਿੰਦਾ ਜੀਵਨ ਉਹ ਚੁੱਪ ਹੀ ਰਹਿਣਗੇ। ਉਹ ਇੱਕੀ ਸਾਲ ਉਸ ਤੋਂ ਬਾਦ ਰਹੇ ਪਰ ਉਹ ਕਿਸੇ ਨਾਲ ਬੋਲੇ ਨਹੀਂ, ਜੇ ਕੋਈ ਵਾਹਿਗੁਰੂ ਦੀ ਗੱਲ ਕਰਦਾ, ਉਹ ਅਨੰਦ ਵਿਚ ਆ ਕੇ ਰੋਂਦੇ। ਉਸ ਤੋਂ ਬਾਦ ਉਨ੍ਹਾਂ ਨੇ ਹੋਰ ਪੁਸਤਕਾਂ ਵੀ ਲਿਖੀਆਂ, ਮਹਿਮਾ ਸਤੋਤਰ (Hymns of the Lord) ਤੇ ਵਿਆਖਿਆ ਵੀ ਲਿਖੀ।

ਮਾਨਸਿਕ ਘੋਲ ਤੋਂ ਬਾਦ, ਸਾਨੂੰ ਪਤਾ ਲਗਦਾ ਹੈ ਬੁੱਧੀ ਤੋਂ ਪਰ੍ਹੇ ਵੀ ਕੁਝ ਹੈ। ਇਕ ਉਹ ਪੱਧਰ ਆਉਂਦਾ ਹੈ ਕਿ ਬੁੱਧੀ ਕੰਮ ਨਹੀਂ ਕਰਦੀ, ਕੇਵਲ ਅਨੁਭਵ ਹੀ ਸਾਡਾ ਮਾਰਗ ਦਰਸ਼ਨ ਕਰਦਾ ਹੈ। ਬੁੱਧੀ ਘੋਖਦੀ ਹੈ, ਨਾਪਦੀ ਹੈ, ਨਿਰਣਾ ਕਰਦੀ ਹੈ, ਸਵੀਕਾਰ ਕਰਦੀ ਹੈ ਜਾਂ ਫੇਰ ਨਿਖੇਦਦੀ ਹੈ, ਇਹ ਮਨ ਦੇ ਕੇਂਦਰ ਵਿਚ ਹੁੰਦਾ ਹੈ ਪਰ ਅਨੁਭਵ ਵਿਚ ਇਕ ਪਰਸਪਰ ਵਹਿਣ ਹੈ, ਸਵੈ ਪਰੇਰਿਤ, ਜਿਹੜਾ ਤੁਹਾਡੇ ਅੰਦਰੋਂ ਫੁਟਦਾ ਹੈ। ਇਹ ਸੋਮਾ ਕੇਵਲ ਉਦੋਂ ਹੀ ਚਾਲੂ ਹੁੰਦਾ ਹੈ ਜਦੋਂ ਮਨ ਸ਼ਾਂਤ ਸੰਤੁਲਿਤ ਤੇ ਸੁਚਿਤਤਾ ਵਿਚ ਆ ਜਾਵੇ, ਉਹ ਪਵਿੱਤਰ ਅੰਤਰਦ੍ਰਿਸ਼ਟੀ ਚੇਤਨਤਾ ਦਾ ਵਿਸਤਾਰ ਕਰਕੇ, ਪਰਤੱਖ ਗਿਆਨ ਪ੍ਰਗਟ ਕਰਦਾ ਹੈ। ਜੀਵਨ ਦਾ ਮਨੋਰਥ ਸਾਮ੍ਹਣੇ ਆ ਜਾਂਦਾ ਹੈ, ਗਿਆਨ ਹੋ ਜਾਂਦਾ ਹੈ, ਅਗਿਆਨ ਦੂਰ ਹੋ ਜਾਂਦਾ ਹੈ। ਬਹੁਤ ਸਾਰੇ ਅਨੁਭਵਾਂ ਪਿਛੋਂ, ਪਰਤੱਖ ਗਿਆਨ ਮਾਰਗ ਪਰਦਰਸ਼ਕ ਬਣ ਜਾਂਦਾ ਹੈ, ਅੰਤਰਦ੍ਰਿਸ਼ਟੀ ਸਹਿਜ ਹੀ ਆਉਣ ਲਗ ਪੈਂਦੀ ਹੈ।

ਇਕ ਦਮ ਮੈਨੂੰ ਵਿਚਾਰ ਆਇਆ, ਨਾਲ ਹੀ ਮੈਨੂੰ ਤੁਲਸੀਦਾਸ ਜੀ ਦਾ ਉਚਾਰਿਆ ਬਚਨ ਵੀ ਯਾਦ ਆਇਆ, ਪਰਮਾਤਮਾ ਦੇ ਡਰ ਤੋਂ ਬਿਨਾਂ ਪਰਮਾਤਮਾ ਨਾਲ ਪ੍ਰੇਮ ਨਹੀਂ ਹੋ ਸਕਦਾ, ਪ੍ਰੇਮ ਤੋਂ ਬਿਨਾਂ ਪ੍ਰਤੱਖ ਗਿਆਨ ਹੋ ਨਹੀਂ ਸਕਦਾ। ਭੈ, ਪਰਮਾਤਮਾ ਬਾਰੇ ਚੇਤਨਤਾ ਜਗਾਉਂਦਾ ਹੈ, ਸੰਸਾਰ ਦਾ

ਡਰ, ਡਰ ਵਧਾਉਂਦਾ ਹੈ। ਇਹ ਸਵਾਮੀ ਸ਼ਰਧਾ ਨਾਲ ਭਰਪੂਰ ਹੋ ਕੇ, ਚੇਤਨਤਾ ਭਰਪੂਰ ਅਨੁਭਵ ਕਰਕੇ ਪਰਮਾਤਮਾ ਦੇ ਭੈ ਵਿਚ ਆ ਗਏ। ਮਾਨਸਿਕ ਉਛਲ ਕੱਦ ਕੇਵਲ ਇਕ ਕਸਰਤ ਹੈ ਜੋ ਭੈ ਪੈਦਾ ਕਰਦੀ ਹੈ ਪਰ ਪਰਮਾਤਮਾ ਦਾ ਪਿਆਰ ਸਾਰੇ ਭੈ ਅਤੇ ਬੰਧਨਾਂ ਤੋਂ ਮੁਕਤ ਕਰਦਾ ਹੈ।

## ਮੌਤ ਦਾ ਸਾਮ੍ਹਣਾ

ਇਸ ਘਟਨਾ ਦਾ ਪਹਿਲਾ ਭਾਗ ਉਦੋਂ ਦਾ ਹੈ ਜਦੋਂ ਮੈਂ ਸੱਤ ਸਾਲ ਦਾ ਸੀ ਅਤੇ ਦੂਸਰਾ ਭਾਗ ਉਦੋਂ ਦਾ ਹੈ ਜਦੋਂ ਮੈਂ ਅਠਾਈ ਸਾਲ ਦਾ ਸੀ।

ਜਦੋਂ ਮੈਂ ਸੱਤ ਸਾਲ ਦਾ ਸੀ, ਬਨਾਰਸ ਤੋਂ ਬਹੁਤ ਸਾਰੇ ਪੰਡਤ ਬੁਲਾਏ ਗਏ, ਉਹ ਮੇਰਾ ਭਵਿੱਖ ਦੱਸਣ, ਮੈਂ ਬੂਹੇ ਦੇ ਬਾਹਰ ਖੜ੍ਹਾ ਸਭ ਕੁਝ ਸੁਣ ਰਿਹਾ ਸੀ। ਉਨ੍ਹਾਂ ਸਭ ਨੇ ਕਿਹਾ, ਇਹ ਬੱਚਾ ਅਠਾਈ ਸਾਲ ਦੀ ਉਮਰ ਵਿਚ ਮਰ ਜਾਏਗਾ, ਉਨ੍ਹਾਂ ਨੇ ਠੀਕ ਤਰੀਕ ਵੀ ਦੇ ਦਿਤੀ।

ਮੈਂ ਐਨਾ ਡਰ ਗਿਆ, ਮੈਂ ਰੋਣ ਲਗ ਪਿਆ, ਫੇਰ ਮੈਂ ਸੋਚਿਆ, ਮੇਰੇ ਕੋਲ ਤਾਂ ਐਨਾ ਥੋੜ੍ਹਾ ਸਮਾਂ ਹੈ, ਮੈਂ ਤਾਂ ਬਿਨਾਂ ਕੁਝ ਕੀਤੇ ਹੀ ਮਰ ਜਾਵਾਂਗਾ, ਮੈਂ ਆਪਣਾ ਮਨੋਰਥ ਕਿਸ ਤਰ੍ਹਾਂ ਪੂਰਾ ਕਰੇਗਾ? ਮੇਰੇ ਗੁਰੂਦੇਵ, ਮੇਰੇ ਕੋਲ ਆਏ, ਕਹਿਣ ਲੱਗੇ, "ਤੂੰ ਕਿਉਂ ਰੋ ਰਿਹਾ ਹੈਂ?"

"ਮੈਂ ਮਰ ਜਾਵਾਂਗਾ," ਮੈ ਕਿਹਾ।"

ਉਹ ਪੁਛਣ ਲੱਗੇ, "ਇਹ ਗੱਲ ਤੈਨੂੰ ਕਿਸ ਨੇ ਕਹੀ ਹੈ?"

ਮੈਂ ਕਿਹਾ, "ਇਨ੍ਹਾਂ ਸਭ ਨੇ ਕਹੀ ਹੈ, ਮੈਂ ਅੰਦਰ ਬੈਠੇ ਸਾਰੇ ਜੋਤਸ਼ੀਆਂ ਵਲ ਇਸ਼ਾਰਾ ਕਰਦੇ ਕਿਹਾ।"

ਉਨ੍ਹਾਂ ਨੇ ਮੇਰਾ ਹੱਥ ਫੜਿਆ, ਕਹਿਣ ਲੱਗੇ, "ਆ ਮੇਰੇ ਨਾਲ।" ਉਹ ਮੈਨੂੰ ਉਸ ਕਮਰੇ ਵਿਚ ਲੈ ਗਏ, ਜਿਥੇ ਜੋਤਸ਼ੀ ਬੈਠੇ ਸੀ, ਤੁਸੀਂ ਕਹਿ ਰਹੇ ਹੋ ਇਹ ਬੱਚਾ ਅਠਾਈ ਸਾਲ ਦੀ ਉਮਰ ਵਿਚ ਮਰ ਜਾਏਗਾ?"

ਸਾਰੇ ਇਕੱਠੇ ਬੋਲੇ, "ਬਿਲਕੁਲ।"

"ਕੀ ਤੁਸੀਂ ਠੀਕ ਕਹਿ ਰਹੇ ਹੋ?"

"ਹਾਂ, ਇਹ ਅਠਾਈ ਸਾਲ ਦੀ ਆਯੂ ਵਿਚ ਮਰ ਜਾਏਗਾ, ਕੋਈ ਤਾਕਤ ਨਹੀਂ ਇਸ ਨੂੰ ਬਚਾ ਸਕਦੀ।"

ਮੇਰੇ ਗੁਰੂਦੇਵ ਨੇ ਮੇਰੇ ਵਲ ਮੂੰਹ ਕੀਤਾ ਅਤੇ ਕਹਿਣ ਲੱਗੇ, "ਤੈਨੂੰ ਦਸਾਂ ਇਹ ਸਾਰੇ ਹੀ ਤੇਰੇ ਤੋਂ ਪਹਿਲਾਂ ਚੜ੍ਹਾਈ ਕਰ ਜਾਣਗੇ, ਤੂੰ ਬਹੁਤ ਸਾਲ ਜੀਏਂਗਾ, ਮੈਂ ਤੈਨੂੰ ਆਪਣੇ ਸਾਲ ਦੇ ਦਿਆਂਗਾ।"

ਉਹ ਕਹਿਣ ਲੱਗੇ, "ਇਹ ਕਿਵੇਂ ਹੋ ਸਕਦਾ ਹੈ?"

ਮੇਰੇ ਗੁਰੂ ਦੇਵ ਕਹਿਣ ਲੱਗੇ, "ਤੁਹਾਡੀ ਭਵਿੱਖ ਬਾਣੀ ਗਲਤ ਹੈ, ਇਸ ਤੋਂ ਉਪਰ ਵੀ ਕੁਝ ਹੈ।" ਉਹ ਮੈਨੂੰ ਕਹਿਣ ਲੱਗੇ, "ਤੂੰ ਚਿੰਤਾ ਨਾ ਕਰ ਪਰ ਉਸ ਦਿਨ ਤੈਨੂੰ ਮੌਤ ਦਾ ਸਾਮ੍ਹਣਾ ਜ਼ਰੂਰ ਕਰਨਾ ਪਵੇਗਾ, ਸਮਾਂ ਬੀਤ ਗਿਆ ਮੈਂ ਸਭ ਕੁਝ ਭੁੱਲ ਭੁਲਾ ਗਿਆ।

ਜਦੋਂ ਮੈਂ ਅਠਾਈ ਸਾਲ ਦਾ ਹੋਇਆ ਮੇਰੇ ਗੁਰੂਦੇਵ ਨੇ ਮੈਨੂੰ ਇਕ ਪਹਾੜ ਉਤੇ ਜਾਣ ਲਈ ਕਿਹਾ, ਜਿਹੜਾ 11, 000 ਫੁੱਟ ਦੀ ਉਚਾਈ ਉਤੇ ਸੀ, ਰਿਸ਼ੀਕੇਸ਼ ਤੋਂ ਕੋਈ ਸੱਠ ਮੀਲ ਦੂਰ ਸੀ, ਮੈਂ ਦੁਰਗਾ ਪੂਜਾ ਕੀਤੀ, ਆਪਣੀਆਂ ਖੜ੍ਹਾਵਾਂ ਪਾਈਆਂ, ਧੋਤੀ ਬੰਨੀ, ਸ਼ਾਲ ਦੀ ਬੁੱਕਲ ਮਾਰੀ, ਪਾਣੀ ਦਾ ਭਾਂਡਾ ਲਿਆ ਤੇ ਤੁਰ ਪਿਆ। ਮੈਂ ਪਹਾੜ੍ਹਾਂ ਤੇ ਖੁਲ੍ਹਾ ਫਿਰਿਆ ਕਰਦਾ ਸੀ, ਮਾਤਾ ਦੇ ਮੰਤਰ ਪੜ੍ਹਦਾ, ਭੇਟਾ ਗਾਉਂਦਾ, ਪਹਾੜ ਮੇਰਾ ਘਰ ਸੀ, ਇਕ ਵਾਰੀ ਮੈਂ 20, 000 ਫੁੱਟ ਦੀ ਉਚਾਈ ਉਤੇ ਪਹੁੰਚ ਗਿਆ, ਮੈਨੂੰ ਪੂਰਾ ਭਰੋਸਾ ਸੀ ਮੈਂ ਹੋਰ ਵੀ ਉਪਰ ਜਾ ਸਕਦਾ ਹਾਂ, ਬਿਨਾਂ ਕਿਸੇ ਔਖਿਆਈ ਦੇ।

ਇਕ ਦਿਨ ਮੈਂ ਗਾ ਰਿਹਾ ਸੀ, ਇਕੱਲਾ ਮੈਂ ਇਕ ਬੜੀ ਡੂੰਘੀ ਘਾਟੀ ਦੇ ਨੇੜੇ ਜਾ ਰਿਹਾ ਸੀ, ਮੈਂ ਆਪਣੇ ਆਪ ਨੂੰ ਬਾਦਸ਼ਾਹ ਸਮਝ ਰਿਹਾ ਸੀ, ਉਸ ਇਕਾਂਤ ਵਿਚ ਮੈਂ ਉਪਰ ਜਾ ਰਿਹਾ ਸੀ, ਇਕ ਦਮ ਮੇਰਾ ਪੈਰ ਚੀੜ ਦੀਆਂ ਪੱਤੀਆਂ ਉਤੋਂ ਫਿਸਲਿਆ ਤੇ ਥੱਲੇ ਰੁੜਦਾ ਹੀ ਚਲਾ ਗਿਆ, ਮੈਂ ਸੋਚਿਆ ਲੈ ਮੈਂ ਖਤਮ ਹੋ ਗਿਆ, ਪਰ ਜਦੋਂ ਕੋਈ 500 ਫੁੱਟ ਥੱਲੇ ਧੜੰਮ ਕਰਕੇ ਗਿਆ, ਮੈਂ ਇਕ ਛੋਡੀ ਜਿਹੀ ਕੰਡਿਆਲੀ ਝਾੜੀ ਨਾਲ ਅੜ ਗਿਆ, ਕੰਡੇ ਮੇਰੇ ਪੇਟ ਵਿਚ ਬੁਰੀ ਤਰ੍ਹਾਂ ਚੁਭ ਗਏ, ਉਸ ਝਾੜੀ ਦੇ ਥੱਲੇ ਬਹੁਤ ਡੂੰਘਾ ਸੀ, ਝਾੜੀ ਮੇਰੇ ਭਾਰ ਨਾਲ ਝੁਕ ਗਈ, ਇਕ ਵਾਰੀ ਮੈਂ ਪਹਾੜ ਵਲ ਦੇਖਾਂ, ਇਕ ਵਾਰੀ ਥੱਲੇ ਵਗਦੀ ਗੰਗਾ ਨੂੰ ਦੇਖਾਂ, ਮੈਂ ਅੱਖਾਂ ਬੰਦ ਕਰ ਲਈਆਂ ਪਰ ਜਦ ਖੋਲ੍ਹੀਆਂ ਕੀ ਦੇਖਿਆ ਖੂਨ ਵਗ ਰਿਹਾ ਹੈ, ਪੇਟ ਵਿਚੋਂ ਜਿਥੇ ਕੰਡਿਆ ਵਾਲੀ ਝਾੜੀ ਦੀ ਟਾਹਣੀ ਚੁੱਭੀ ਹੋਈ ਸੀ, ਇਹ ਤਾਂ ਕੁਝ ਨਹੀਂ ਸੀ ਪਰ ਮੌਤ ਸਿਰ ਤੇ ਖੜ੍ਹੀ ਸੀ।

ਮੈਂ ਸਾਰੇ ਮੰਤਰ ਉਚਾਰੇ ਜਿੰਨੇ ਵੀ ਮੈਨੂੰ ਆਉਂਦੇ ਸਨ, ਈਸਾ ਜੀ ਦੇ ਮੰਤਰ, ਬੋਧੀ ਮੰਤਰ, ਸਭ ਚੇਤੇ ਕੀਤੇ, ਮੈਂ ਕਈ ਮੱਠਾਂ ਵਿਚ ਗਿਆ ਹੋਇਆ ਸੀ, ਬਹੁਤ ਸਾਰੇ ਮੰਤਰ ਮੈਨੂੰ ਯਾਦ ਸਨ ਪਰ ਕਿਸੇ ਨੇ ਕੁਝ ਨਾ ਕੀਤਾ, ਬੜੇ ਦੇਵੀ ਦੇਵਤੇ ਵੀ ਧਿਆਏ, ਫੇਰ ਮੈਂ ਕਿਹਾ, ਓ ਦੁਨੀਆਂ ਦੇ ਮਾਲਕ, ਮੇਰੀ ਸਹਾਇਤਾ ਕਰੋ, ਕੋਈ ਮਦਦ ਨਾ ਆਈ। ਮੈਂ ਅਜੇ ਤਕ ਆਪਣਾ ਹੌਸਲਾ ਨਹੀਂ ਸੀ ਹਾਰਿਆ, ਜਦੋਂ ਮੈਂ ਆਪਣਾ ਆਪ ਸੰਭਾਲਿਆ ਮੈਨੂੰ ਯਾਦ ਆਇਆ, ਮੈਂ ਮਰਨ ਨਹੀਂ ਲੱਗਾ, ਮੇਰੀ ਆਤਮਾ ਦੀ ਕੋਈ ਮ੍ਰਿਤੂ ਕੋਈ ਨਹੀਂ, ਮੈਂ ਅਟਲ ਹਾਂ, ਮੈਂ ਡਰ ਕਿਉਂ ਰਿਹਾ ਹਾਂ, ਮੈਂ ਤਾਂ ਆਪਣੇ ਆਪ ਨੂੰ ਇਹ ਸਰੀਰ ਸਮਝ ਬੈਠਾ ਹਾਂ।

ਮੈਂ ਉਸ ਝਾੜੀ ਉਤੇ ਕੋਈ ਵੀਹ ਮਿੰਟ ਲੇਟਿਆ ਰਿਹਾ, ਫਿਰ ਮੈਨੂੰ ਯਾਦ ਆਇਆ, ਜੋ ਗੁਰੂਦੇਵ ਨੇ ਕਿਹਾ ਸੀ ਉਨ੍ਹਾਂ ਨੇ ਮੈਨੂੰ ਕਿਹਾ ਸੀ, ਜਦੋਂ ਵੀ ਤੂੰ ਮੈਨੂੰ ਯਾਦ ਕਰੇਗਾ, ਤੈਨੂੰ ਮੇਰੀ ਲੋੜ ਹੋਵੇਗੀ, ਮੈਂ ਜ਼ਰੂਰ ਪਹੁੰਚਾਂਗਾ, ਕਿਸੇ ਨਾ ਕਿਸੇ ਭੇਸ ਵਿਚ ਪਰ ਤੂੰ ਇਹ ਆਦਤ ਨਹੀਂ ਪਾਉਣੀ, ਮੈਂ ਸੋਚਿਆ ਮੈਂ ਆਪਣਾ ਹੌਸਲਾ ਤਾਂ ਦੇਖ ਲਿਆ ਹੈ ਹੁਣ ਮੈਂ ਆਪਣੇ ਗੁਰੂ ਨੂੰ ਵੀ ਦੇਖ ਹੀ ਲਵਾਂ। ਇਹ ਸ਼ਿਸ਼ ਲਈ ਇਕ ਬੜਾ ਸੁਭਾਵਿਕ ਹੁੰਦਾ ਹੈ, ਉਹ ਗੁਰੂ ਦੇ ਨੁਕਸ ਦੇਖਣਾ ਚਾਹੁੰਦਾ ਹੈ, ਆਪਣੀਆਂ ਕਮਜ਼ੋਰੀਆਂ ਨੂੰ ਨਹੀਂ ਦੇਖਣਾ ਚਾਹੁੰਦਾ, ਹਰ ਵੇਲੇ ਗੁਰੂ ਨੂੰ ਹੀ ਪਰਖਣਾ ਚਾਹੁੰਦਾ ਹੈ।

ਕਿਉਂਕਿ ਖੂਨ ਬਹੁਤ ਨਿਕਲ ਚੁਕਾ ਸੀ ਮੈਨੂੰ ਚੱਕਰ ਆ ਰਹੇ ਸਨ, ਸਭ ਕੁਝ ਮੈਨੂੰ ਧੁੰਧਲਾ ਦਿਸ ਰਿਹਾ ਸੀ, ਮੈਂ ਬੇਹੋਸ਼ ਹੋ ਰਿਹਾ ਸੀ, ਮੈਂ ਕੁਝ ਬੀਬੀਆਂ ਦੀ ਆਵਾਜ਼ ਸੁਣੀ, ਉਹ ਘਾਹ ਕੱਟਣ ਆਈਆਂ ਸੀ, ਇਕ ਨੇ ਥੱਲੇ ਦੇਖਿਆ ਤੇ ਕਹਿਣ ਲੱਗੀ ਉਹ ਦੇਖੋ, ਬੰਦਾ ਮਰਿਆ ਪਿਆ।

ਮੈਂ ਸੋਚਿਆ, ਜੇ ਇਨ੍ਹਾਂ ਨੇ ਸੋਚ ਲਿਆ ਕਿ ਮੈਂ ਮਰਿਆ ਪਿਆ ਹਾਂ, ਇਹ ਮੈਨੂੰ ਏਥੇ ਹੀ ਛੱਡ ਕੇ ਚਲੀਆ ਜਾਣਗੀਆਂ, ਮੈਂ ਕਿਸ ਤਰ੍ਹਾਂ ਉਨ੍ਹਾਂ ਨੂੰ ਦਸ ਸਕਦਾ ਸੀ ਕਿ ਮੈਂ ਹਾਲੇ ਜੀਉਂਦਾ ਹਾਂ? ਮੇਰਾ ਸਿਰ ਥੱਲੇ ਸੀ, ਮੇਰੀ ਲੱਤਾਂ ਉਪਰ ਸੀ, ਉਹ ਮੇਰੇ ਕੋਲੋਂ ਕੁਛ ਸੌ ਫੁਟਾਂ ਤੇ ਦੂਰ ਸਨ, ਮੈਂ ਬੋਲ ਤਾਂ ਨਹੀਂ ਸਕਦਾ ਸੀ ਮੈਂ ਆਪਣਾ ਪੈਰ ਹਿਲਾਇਆ।

ਉਹ ਕਹਿਣ ਲੱਗੀਆ, "ਨਹੀਂ, ਨਹੀਂ, ਉਹ ਮਰਿਆ ਨਹੀਂ ਪਿਆ ਉਹ ਤਾਂ ਲੱਤਾਂ ਹਿਲਾ ਰਿਹਾ ਹੈ, ਉਹ ਜੀਉਂਦਾ ਹੀ ਹੋਣਾ ਹੈ, ਉਹ ਬੜੀਆਂ ਹੌਂਸਲੇ ਵਾਲੀਆਂ ਸੀ ਉਹ ਹੇਠਾਂ ਆਈਆਂ, ਉਨ੍ਹਾਂ ਨੇ ਮੇਰੇ ਲੱਕ ਦੁਆਲੇ ਰੱਸੀ ਬੰਨ੍ਹੀ ਅਤੇ ਮੈਨੂੰ ਉਪਰ ਖਿਚ ਲਿਆ। ਜਿਹੜੀ ਟਹਿਣੀ ਮੇਰੇ ਪੇਟ ਵਿਚ ਖੁਭ ਸੀ ਉਹ ਹਾਲੇ ਉਸੇ ਤਰ੍ਹਾਂ ਹੀ ਸੀ, ਮੈਂ ਕਿਹਾ ਏਸ ਵੇਲੇ ਤਾਂ ਮੈਨੂੰ ਹੌਂਸਲਾ ਕਰਨਾ ਹੀ ਪਵੇਗਾ, ਮੈਂ ਪੇਟ ਨੂੰ ਦਬਾਇਆ ਅਤੇ ਉਹ ਟਹਿਣੀ ਖਿੱਚ ਕੇ ਕੱਢ ਦਿਤੀ, ਉਹ ਮੈਨੂੰ ਉਤੇ ਲੈ ਆਈਆਂ ਤੇ ਪਗਡੰਡੀ ਉਤੇ ਪਾ ਦਿਤਾ। ਉਨ੍ਹਾਂ ਮੈਨੂੰ ਪੁਛਿਆ, ਕੀ ਮੈਂ ਤੁਰ ਸਕਦਾ ਹਾਂ, ਮੈਂ ਕਿਹਾ, ਹਾਂ। ਪਹਿਲਾਂ ਮੈਨੂੰ ਆਪਣੀ ਹੀ ਹਾਲਤ ਦਾ ਅੰਦਾਜ਼ਾ ਨਹੀਂ ਹੋਇਆ, ਉਸ ਟਹਿਣੀ ਨੇ ਮੇਰਾ ਅੰਦਰ ਛਿਲ ਦਿਤਾ ਸੀ। ਉਨ੍ਹਾਂ ਨੇ ਸੋਚਿਆ, ਇਹ ਸਵਾਮੀ ਹੈ, ਆਪਣੀ ਦੇਖਭਾਲ ਕਰ ਹੀ ਲਵੇਗਾ। ਉਨ੍ਹਾਂ ਨੇ ਕਿਹਾ, ਪਿਛੇ-ਪਿਛੇ ਟੁਰਿਆ ਆ, ਜਦੋਂ ਤਕ ਪਿੰਡ ਨਾ ਆ ਜਾਵੇ। ਪਿੰਡ ਆ ਗਿਆ, ਉਹ ਆਪੋ ਆਪਣੇ ਘਰੀ ਚਲੀਆਂ ਗਈਆਂ, ਮੈਂ ਚੱਲਣ ਦੀ ਕੋਸ਼ਿਸ਼ ਕੀਤੀ ਪਰ ਮੈਂ ਬੇਹੋਸ਼ ਹੋ ਕੇ ਡਿੱਗ ਪਿਆ। ਮੈਂ ਗੁਰੂਦੇਵ ਦਾ ਧਿਆਨ ਕੀਤਾ ਤੇ ਕਿਹਾ ਮੈਂ ਤਾਂ ਗਿਆ, ਮੇਰਾ ਜੀਵਨ ਹੁਣ ਖਤਮ ਹੈ ਤੁਸੀਂ ਮੈਨੂੰ ਪਾਲਿਆ ਪੋਸਿਆ, ਮੇਰੇ ਲਈ ਸਭ ਕੁਝ ਕੀਤਾ, ਹੁਣ ਮੈਂ ਮਰਨ ਲੱਗਾਂ, ਬਿਨਾਂ ਗਿਆਨ ਪ੍ਰਾਪਤੀ ਦੇ।

ਅਚਾਨਕ ਮੈਂ ਦੇਖਿਆ ਗੁਰੂਦੇਵ ਖੜ੍ਹੇ ਸੀ, ਮੈਂ ਸੋਚਿਆ ਮੈਨੂੰ ਝੋਲਾ ਪੈ ਰਿਹਾ ਹੈ। ਮੈਂ ਪੁਛਿਆ, "ਕੀ ਤੁਸੀਂ ਸੱਚੀ ਮੁਚੀ ਹੀ ਇਥੇ ਮੇਰੇ ਕੋਲ ਹੋ? ਮੈਂ ਸੋਚਿਆ ਤੁਸੀਂ ਮੈਨੂੰ ਛੱਡ ਗਏ ਹੋ।"

ਉਹ ਕਹਿਣ ਲੱਗੇ, ਤੂੰ ਘਬਰਾਉਂਦਾ ਕਿਉਂ ਹੈਂ? ਤੈਨੂੰ ਕੁਝ ਨਹੀਂ ਹੋਣ ਲੱਗਾ, ਤੈਨੂੰ ਚੇਤੇ ਨਹੀਂ ਇਹ ਦਿਨ, ਤਾਰੀਖ, ਤੇਰੀ ਮੌਤ ਦੀ ਘੜੀ ਸੀ, ਸੋ ਅੱਜ ਤੂੰ ਉਹ ਭੁਗਤ ਲਿਆ, ਹੁਣ ਸਭ ਕੁਝ ਠੀਕ ਹੈ, ਤੂੰ ਬਿਲਕੁਲ ਠੀਕ ਹੈਂ?"

ਹੌਲੀ-ਹੌਲੀ ਮੈਨੂੰ ਹੋਸ਼ ਆਈ, ਉਨ੍ਹਾਂ ਨੇ ਕੋਈ ਪੱਤੀਆਂ ਲਿਆਦੀਆਂ, ਕੁੱਟ ਕੇ ਮੇਰੇ ਜ਼ਖਮ ਉਤੇ ਲਾਈਆਂ, ਉਹ ਮੈਨੂੰ ਨੇੜੇ ਦੀ ਗੁਫਾ ਵਿਚ ਲੈ ਗਏ ਤੇ ਕੁਝ ਲੋਕਾਂ ਨੂੰ ਕਹਿ ਗਏ ਕਿ ਮੇਰੀ ਦੇਖ ਭਾਲ ਕਰਨ। ਉਹ ਕਹਿਣ ਲੱਗੇ, "ਮੌਤ ਵੀ ਟਾਲੀ ਜਾ ਸਕਦੀ ਹੈ।" ਫੇਰ ਉਹ ਚਲੇ ਗਏ, ਦੋ ਹਫਤਿਆਂ ਵਿਚ ਮੇਰਾ ਜ਼ਖਮ ਠੀਕ ਹੋ ਗਿਆ ਪਰ ਉਸ ਦਾ ਨਿਸ਼ਾਨ ਹਾਲੇ ਵੀ ਹੈ।

ਉਸ ਅਨੁਭਵ ਵਿਚ ਮੈਂ ਦੇਖਿਆ ਕਿ ਸੱਚਾ ਨਿਸੁਆਰਥੀ ਗੁਰੂ ਕਿਵੇਂ ਤੁਹਾਡੀ ਸਹਾਇਤਾ ਕਰਦਾ ਹੈ, ਸ਼ਿਸ਼ ਭਾਵੇਂ ਕਿੰਨੀ ਦੂਰ ਹੀ ਕਿਉਂ ਨਾ ਹੋਵੇ। ਮੈਂ ਜਾਣਿਆ ਕਿ ਗੁਰੂ ਸ਼ਿਸ਼ ਦਾ ਰਿਸ਼ਤਾ ਕਿੰਨਾ ਪਵਿੱਤਰ ਅਤੇ ਉਚਾ ਹੈ, ਏਸ ਨੂੰ ਵਰਨਣ ਨਹੀਂ ਕੀਤਾ ਜਾ ਸਕਦਾ।

## ਮਾਨਸਿਕ ਸ਼ਕਤੀਆਂ

ਅਸੀਂ ਇਸ ਪੁਸਤਕ ਦੇ ਦੱਸ ਭਾਗ ਪੜ੍ਹ ਚੁਕੇ ਹਾਂ, ਜਿਨ੍ਹਾਂ ਵਿਚ ਵੱਖ-ਵੱਖ ਪੱਥ ਦਰਸਾਏ ਗਏ ਹਨ। ਇਹ ਦਸਵਾਂ ਭਾਗ ਹੈ - ਮਾਨਸਿਕ ਸ਼ਕਤੀਆਂ ਦਾ।

ਮਨ ਸ਼ਕਤੀਆਂ ਦਾ ਭੰਡਾਰ ਹੈ, ਇਸ ਵਿਚ ਛੁਪੀਆਂ ਸ਼ਕਤੀਆਂ ਨੂੰ ਵਰਤੋਂ ਵਿਚ ਲਿਆ ਕੇ ਤੁਸੀਂ ਸੰਸਾਰ ਦੀ ਕੋਈ ਵੀ ਕਾਮਯਾਬੀ ਹਾਸਲ ਕਰ ਸਕਦੇ ਹੋ। ਮਨ ਨੂੰ ਜੇ ਸੋਧ ਲਿਆ ਜਾਵੇ, ਇਕਤ੍ਰਿਤ ਕਰ ਲਿਆ ਜਾਵੇ, ਅੰਤਰਮੁਖੀ ਕਰਕੇ ਇਹ ਅਤੀ ਗਹਿਰਾ ਜਾ ਸਕਦਾ ਹੈ, ਡੂੰਘਾ ਜਾ ਸਕਦਾ ਹੈ। ਇਹ ਸਭ ਤੋਂ ਉਤਮ ਤੇ ਸੂਖਮ ਸਾਜ਼ ਹੈ।

## ਰੇਤ ਉਤੇ ਦਿਤੀ ਗਈ ਸਿਖਿਆ

ਜੇ ਤੁਸੀਂ ਪੂਰੀ ਇਕਾਗਰਤਾ ਨਾਲ, ਮਨ ਚਿਤ ਇਕਾਗਰ ਕਰਕੇ ਕਿਸੇ ਵਲ ਦੇਖੋ, ਤਾਂ ਬੜੀ ਛੇਤੀ ਦੂਸਰੇ ਨੂੰ ਪ੍ਰਭਾਵਿਤ ਕਰ ਸਕਦੇ ਹੋ, ਇਹ ਗੱਲ ਮੈਨੂੰ ਇਕ ਸਵਾਮੀ ਜੀ ਨੇ ਦੱਸੀ ਸੀ ਜਦੋਂ ਮੈਂ ਛੋਟਾ ਹੁੰਦਾ ਸੀ, ਉਨ੍ਹਾਂ ਦਾ ਨਾਂ ਚਕਰਵਰਤੀ ਸੀ। ਉਹ ਭਾਰਤ ਦੇ ਮੰਨੇ ਹੋਏ ਗਣਿਤ ਸਾਸ਼ਤਰੀ ਸਨ ਅਤੇ chakarvarti Mathematics ਪੁਸਤਕ ਦੇ ਰਚੇਤਾ ਸੀ, ਉਹ ਵੀ ਮੇਰੇ ਗੁਰੂਦੇਵ ਦੇ ਸ਼ਿਸ਼ ਸਨ, ਉਨ੍ਹਾਂ ਦਾ ਕਹਿਣਾ ਸੀ ਕਿ ਦੇਖਣਾ ਬਹੁਤ ਹੀ ਸ਼ਕਤੀ ਵਾਲਾ ਹੋ ਸਕਦਾ ਹੈ ਜਿਸ ਨਾਲ ਕਿਸੇ ਨੂੰ ਵੀ ਪ੍ਰਭਾਵਿਤ ਕੀਤਾ ਜਾ ਸਕਦਾ ਹੈ, ਇਸ ਨੂੰ ਤ੍ਰਾਟਕ ਵੀ ਕਹਿੰਦੇ ਹਨ।

ਜਦੋਂ ਬਾਹਰੀ ਮਨ ਨੂੰ ਕਿਸੇ ਚੀਜ਼ ਉਤੇ ਇਕਾਗਰ ਕੀਤਾ ਜਾਂਦਾ ਹੈ, ਉਸ ਨੂੰ ਦ੍ਰਿਸ਼ਟੀ ਜਮਾਉਣੀ, ਧਿਆਨ ਨਾਲ ਦੇਖਣਾ ਕਿਹਾ ਜਾ ਸਕਦਾ ਹੈ, ਜਦੋਂ ਮਨ ਨੂੰ ਅੰਤਰ ਇਕਾਗਰ ਕੀਤਾ ਜਾਵੇ ਤਾਂ ਇਸ ਨੂੰ ਇਕਾਗਰਤਾ, ਇਕੱਤਰੀਕਰਨ ਕਿਹਾ ਜਾਂਦਾ ਹੈ। ਇਕਾਗਰ ਮਨ ਦੀਆਂ ਅਥਾਹ ਸ਼ਕਤੀਆਂ ਹਨ, ਦੇਖਣ ਦੇ ਵੱਖ-ਵੱਖ ਤਰੀਕੇ ਹਨ, ਹਰ ਇਕ ਆਪਣੀ ਵੱਖਰੀ-ਵੱਖਰੀ ਸ਼ਕਤੀ ਮਨ ਨੂੰ ਦਿੰਦਾ ਹੈ। ਤੁਸੀਂ ਕਿਸੇ ਚੀਜ਼ ਨੂੰ ਵੀ ਦੇਖ ਸਕਦੇ ਹੋ, ਦੋਨੋਂ ਭਰਵੱਟਿਆਂ ਦੇ ਵਿਚ ਦੀ ਥਾਂ ਦੋਨੋਂ ਨਾਸਿਕਾ ਦੇ ਵਿਚ, ਮੋਮਬੱਤੀ ਦੀ ਰੋਸ਼ਨੀ ਨੂੰ, ਪ੍ਰਭਾਤ ਦੇ ਸੂਰਜ ਨੂੰ, ਚੰਦਰਮਾ ਨੂੰ ਪਰ ਇਹ ਸਭ ਕੁਝ ਕਰਨ ਲਈ ਕੁਝ ਸਾਵਧਾਨੀ ਵਰਤਣੀ ਚਾਹੀਦੀ ਹੈ ਨਹੀਂ ਤਾਂ ਮਾਨਸਿਕ ਅਤੇ ਸਰੀਰਕ ਵਿਕਾਰ ਪੈਦਾ ਹੋ ਸਕਦੇ ਹਨ।

ਸੋਚਣ ਸ਼ਕਤੀ ਸਾਰੇ ਸੰਸਾਰ ਵਿਚ ਮੰਨੀ ਹੋਈ ਹੈ, ਇਕਾਗਰ ਮਨ ਕੀ ਨਹੀਂ ਕਰ ਸਕਦਾ, ਪਰ ਜਦੋਂ ਅਸੀਂ ਇਸ ਨੂੰ ਸੰਸਾਰਕ ਉਪਲਬਧੀਆਂ ਵਿਚ ਲਗਾ ਲੈਂਦੇ ਹਾਂ, ਅਸੀਂ ਸੁਆਰਥੀ ਕਾਮਨਾਵਾਂ ਵਿਚ ਫਸ ਜਾਂਦੇ ਹਾਂ। ਬਹੁਤ ਸਾਰੇ ਇਸ ਰਸਤੇ ਤੇ ਚਲਣ ਵਾਲੇ ਰਿੱਧੀਆਂ ਸਿੱਧੀਆਂ ਦਾ ਸ਼ਿਕਾਰ ਬਣ ਜਾਂਦੇ ਹਨ, ਆਪਣਾ (goal) ਮੰਤਵ ਭੁੱਲ ਹੀ ਜਾਂਦੇ ਹਨ।

ਸ਼ਾਂਤੀ, ਸਵੈ ਪੂਰਨਤਾ ਭੁੱਲ ਹੀ ਜਾਂਦੇ ਹਨ।

ਇਕ ਦਿਨ ਸਵਾਮੀ ਮੈਨੂੰ ਕਹਿਣ ਲੱਗੇ, "ਅੱਜ ਮੈਂ ਤੈਨੂੰ ਕੁਝ ਕਰਕੇ ਦਿਖਾਵਾਂਗਾ, ਕਚਹਿਰੀ ਜਾਹ ਅਤੇ ਕੋਈ ਇਹੋ ਜਿਹਾ ਬੰਦਾ ਢੂੰਡ ਲਿਆ ਜਿਸ ਉਤੇ ਬੇਕਸੂਰੇ ਹੀ ਅਤਿਆਚਾਰ ਹੋ ਰਹੇ ਹਨ।"

ਮੈਂ ਇਕ ਵਕੀਲ ਨੂੰ ਪੁਛਿਆ, "ਕੀ ਤੁਸੀਂ ਮੈਨੂੰ ਇਹੋ ਜਿਹਾ ਕੋਈ ਬੰਦਾ ਦਸ ਸਕਦੇ ਹੋ, ਜਿਹੜਾ ਬੇਕਸੂਰੇ ਹੀ ਸਜ਼ਾ ਭੁਗਤ ਰਿਹਾ ਹੈ।"

ਉਹ ਕਹਿਣ ਲੱਗਾ, "ਹਾਂ, ਮੇਰੇ ਕੋਲ ਇਕ ਇਹੋ ਜਿਹਾ ਕੇਸ ਹੈ।"

ਮੈਂ ਵਾਪਿਸ ਗਿਆ, ਸਵਾਮੀ ਜੀ ਕਹਿਣ ਲੱਗੇ, "ਅੱਛਾ! ਇਹ ਬੰਦਾ ਛੁਟ ਜਾਏਗਾ, ਮੈਂ ਤੈਨੂੰ ਜਜਮੈਂਟ ਦਾ ਇਕ ਇਕ ਅੱਖਰ ਦਸ ਦਿੰਦਾ ਹਾਂ ਜੋ ਲਿਖਾਈ ਜਾਏਗੀ। ਉਨ੍ਹਾਂ ਨੇ ਮੈਨੂੰ ਉਹ ਜਜਮੈਂਟ ਲਿਖਾ ਦਿਤੀ, ਉਹ ਆਪ ਭਾਵੇਂ ਵਕੀਲ ਨਹੀਂ ਸਨ, ਕਹਿਣ ਲੱਗੇ, ਮੈਂ ਇਸ ਵਿਚ ਜਾਣ ਬੁਝ ਕੇ ਤਿੰਨ ਗਲਤੀਆਂ ਕੀਤੀਆਂ ਹਨ, ਇਹ ਜਜਮੈਂਟ ਬਿਲਕੁਲ ਮੇਰੇ ਡਿਕਟੇਸ਼ਨ ਦੀ ਤਰ੍ਹਾਂ ਹੀ ਹੋਵੇਗੀ ਅਤੇ ਉਸ ਵਿਚ ਇਹ ਤਿੰਨ ਗਲਤੀਆਂ ਵੀ ਹੋਣਗੀਆਂ, ਮੈਂ ਉਸ ਡਿਕਟੇਸ਼ਨ ਨੂੰ ਟਾਈਪ ਕਰ ਦਿਤਾ।

ਜਦੋਂ ਬਾਦ ਵਿਚ ਜਜਮੈਂਟ ਦਿਤੀ ਗਈ ਇਕ-ਇਕ ਅੱਖਰ ਕੌਮਾ, ਫੁੱਲ ਸਟਾਪ, ਉਸ ਤਰ੍ਹਾਂ ਹੀ ਸੀ ਉਹ ਕਹਿਣ ਲੱਗੇ, ਮੇਰੀ ਡਿਕਟੇਸ਼ਨ ਨਾਲ ਮਿਲਾਓ, ਤੁਸੀਂ ਦੇਖੋਗੇ ਉਹੀ ਦੋ ਕੌਮੇ ਅਤੇ ਇਕ ਸਮਾਂ ਨਹੀਂ ਲਿਖੇ ਗਏ, ਮੈਂ ਦੇਖਿਆ ਡਿਕਟੇਸ਼ਨ ਦਾ ਹਰ ਅੱਖਰ ਉਸ ਤਰ੍ਹਾਂ ਹੀ ਸੀ ਜਿਸ ਤਰ੍ਹਾਂ ਸਵਾਮੀ ਜੀ ਨੇ ਲਿਖਾਇਆ ਸੀ।

ਮੈਂ ਕਿਹਾ, "ਸਵਾਮੀ ਜੀ! ਤੁਸੀਂ ਤਾਂ ਸੰਸਾਰ ਦੀ ਦਸ਼ਾ ਬਦਲ ਸਕਦੇ ਹੋ।"

ਉਹ ਕਹਿਣ ਲੱਗੇ, "ਮੈਂ ਇਹ ਤਾਂ ਨਹੀਂ ਕਹਿ ਸਕਦਾ, ਨਾ ਹੀ ਇਹ ਮੇਰਾ ਉਦੇਸ਼ ਹੈ, ਮੈਂ ਤਾਂ ਕੇਵਲ ਇਹ ਹੀ ਦਿਖਾਉਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਗੱਲ ਨੂੰ ਸਮਝ ਸਕੋ ਕਿ ਤੁਸੀਂ ਕਿਤੇ ਬੈਠੇ ਵੀ ਚੰਗਾ ਕੰਮ ਕਰਾਉਣ ਲਈ ਦੂਸਰੇ ਦਾ ਮਨ ਪ੍ਰਭਾਵਿਤ ਕਰ ਸਕਦੇ ਹੋ, ਭਾਵੇਂ ਕਿੰਨੀ ਦੂਰ ਵੀ ਹੋਵੋ, ਸਹਾਇਤਾ ਕੀਤੀ ਜਾ ਸਕਦੀ ਹੈ।

ਮੈਂ ਪੁਛਿਆ, "ਤੁਹਾਡੀ ਇਸ ਸ਼ਕਤੀ ਦਾ ਰਾਜ਼ ਕੀ ਹੈ?" ਮੈਂ ਤੈਨੂੰ ਰਾਜ਼ ਦਸ ਦਿਆਗਾਂ ਪਰ ਤੂੰ ਉਸ ਦਾ ਅਭਿਆਸ ਕਰਨਾ ਨਹੀਂ ਚਾਹੇਂਗਾ। ਮੈਂ ਅਭਿਆਸ ਕੀਤਾ, ਮੈਨੂੰ ਅੱਛਾ ਵੀ ਲੱਗਾ ਪਰ ਫੇਰ ਮੈਂ ਛੱਡ ਦਿਤਾ, ਇਕ ਤਾਂ ਸਮਾਂ ਬਹੁਤ ਲਗਦਾ ਸੀ, ਇਕ ਬਾਕੀ ਚੀਜ਼ਾਂ ਨੂੰ ਤੁਹਾਨੂੰ ਛੱਡਣਾ ਪੈਂਦਾ ਸੀ।

ਉਹ ਸਵਾਮੀ ਬਹੁਤ ਦਿਆਲੂ ਸਨ ਉਨ੍ਹਾਂ ਨੇ ਮੈਨੂੰ ਗਣਿਤ ਰਾਹੀਂ ਫਿਲੋਸਫੀ ਵੀ ਪੜ੍ਹਾਈ। ਹਰ ਇਕ ਹਿੰਦਸਾ ਉਪਨਿਸ਼ਦ ਦੇ ਅਧਾਰ ਤੇ ਉਨ੍ਹਾਂ ਨੇ ਮੈਨੂੰ ਸਮਝਾਇਆ। ਜ਼ੀਰੋ ਤੋਂ ਲੈ ਕੇ ਇਕ ਸੌ ਤਕ ਉਨ੍ਹਾਂ ਨੇ ਫਿਲੌਸਫੀ ਦੇ ਆਧਾਰ ਨਾਲ ਹਿਸਾਬ ਦੇ ਅਰਥ ਸਮਝਾਏ।

ਹਿਸਾਬ ਦਾ ਹਿੰਦਸਾ ਅਤੇ ਹੋਰ ਸਾਰੇ ਹਿੰਦਸੇ ਇਕ ਦੀ ਹੀ ਗੁਣਾਂ ਹਨ, ਬਿਲਕੁਲ ਇਸ ਤਰ੍ਹਾਂ ਹੀ ਸੱਚ ਕੇਵਲ ਇਕ ਹੀ ਹੈ, ਬਾਕੀ ਨਾ ਉਸ ਇਕ ਦੀ ਗੁਣਾਂ ਹੀ ਹਨ, ਸੋਟੀ ਨਾਲ ਗੰਗਾ ਦੇ ਕੰਡੇ ਪਏ ਹੋਏ ਰੇਤੇ ਉਤੇ ਲਕੀਰਾਂ ਵਾਹ ਕੇ ਉਨ੍ਹਾਂ ਨੇ ਤਿਕੋਨ ਬਣਾ ਕੇ ਦਸਿਆ, ਜੀਵਨ ਕਿਵੇਂ ਇਕ ਸਾਰ ਤਿਕੋਨ ਹੈ। ਇਕ ਪਾਸਾ ਸਰੀਰਕ, ਦੂਸਰੀ ਤਿਕੋਨ ਦੀ ਲਕੀਰ ਅੰਤਰ ਦੀਆਂ ਦਸ਼ਾਵਾਂ ਅਤੇ ਤੀਸਰੀ ਬਾਹਰੀ ਸੰਸਾਰ, ਕਿਵੇਂ ਇਕ ਸਾਰ ਤਿਕੋਨ ਬਣਾਉਂਦਾ ਹੈ, ਜਿਵੇਂ ਕਿ ਸਾਰੇ ਹਿੰਦਸੇ ਉਸ ਵਿਚੋਂ ਨਿਕਲੇ ਹਨ, ਜਿਸ ਨੂੰ ਨਾਪਿਆ ਨਹੀਂ ਜਾ ਸਕਦਾ, ਇਸ ਤਰ੍ਹਾਂ ਹੀ ਇਹ ਸਾਰਾ ਸੰਸਾਰ, ਉਸ ਅਮਿਤ ਦਾ ਹੀ ਪਸਾਰਾ ਹੈ। ਜੀਵਨ ਇਕ ਚੱਕਰ ਹੈ ਜਿਸ ਨੂੰ ਉਹ ਜ਼ੀਰੋ ਜਾਂ ਗੋਲ ਦਾਇਰੇ ਦੀ ਮਿਸਾਲ ਨਾਲ ਸਮਝਾਉਂਦੇ, ਇਹ ਗੋਲ ਚੱਕਰ ਇਕ ਬਿੰਦੂ ਤੋਂ ਬਣਿਆ ਹੈ। ਉਹ ਇਕ ਹੋਰ ਮਿਸਾਲ ਵੀ ਦਿੰਦੇ, ਦੋ ਬਿੰਦੂ ਹਨ ਜੰਮਣਾ ਤੇ ਮਰਨਾ। ਜੀਵਨ ਉਹ ਰੇਖਾ ਹੈ, ਜਿਹੜੀ ਇਨ੍ਹਾਂ ਦੋਹਾਂ ਨੂੰ ਮਿਲਾਉਂਦੀ ਹੈ ਜੀਵਨ ਦਾ ਉਹ ਹਿੱਸਾ ਜਿਹੜਾ ਦਿਸਦਾ ਨਹੀਂ, ਉਹ ਇਕ ਅਣਮੁਕਦੀ ਰੇਖਾ ਹੈ।

ਹਿਸਾਬ ਪੜ੍ਹਨ ਲਈ ਜਿਹੜੀ ਮੇਰੇ ਅੰਦਰ ਹਾਰ ਪੈਦਾ ਹੋ ਗਈ ਸੀ, ਉਹ ਜਾਂਦੀ ਰਹੀ। ਉਸ ਤੋਂ ਬਾਦ ਮੈਂ ਹਿਸਾਬ ਬੜੇ ਸ਼ੌਂਕ ਨਾਲ ਪੜ੍ਹਨ ਲਗ ਪਿਆ, ਮੈਂ ਦੇਖਿਆ, ਗਣਿਤ ਇਕ ਪ੍ਰਤੱਖ ਸਪਸ਼ਟ ਵਿਗਿਆਨ ਹੈ, ਜਿਹੜਾ ਸਾਰੇ ਵਿਗਿਆਨ ਦੀ ਜੜ੍ਹ ਹੈ, ਪਰ ਗਣਿਤ ਦੀ ਆਪਣੀ ਜੜ੍ਹ ਸਾਂਖਯ ਫਿਲੌਸਫੀ ਵਿਚ ਹੈ, ਸਾਂਖਯ ਫਿਲੌਸਫੀ ਸਭ ਤੋਂ ਪੁਰਾਣੀ ਫਿਲੌਸਫੀ ਹੈ ਜਿਸ ਰਾਹੀਂ ਸਰੀਰ ਨੂੰ ਜਾਣਿਆ ਜਾਂਦਾ ਹੈ, ਸਰੀਰ ਦੇ ਹਿੱਸਿਆਂ ਨੂੰ ਮਨ ਦੇ ਸਰੂਪ ਨੂੰ ਅਤੇ ਮਨ ਦੀਆਂ ਕ੍ਰਿਆਵਾਂ ਨੂੰ ਸਮਝਿਆ ਜਾਂਦਾ ਹੈ, ਯੋਗ ਉਹ ਵਿਗਿਆਨ ਹੈ, ਜਿਹੜਾ ਤੁਹਾਨੂੰ ਸੂਖਸ਼ਮ ਚੇਤਨਤਾ ਤਕ ਪਹੁੰਚਾਉਂਦਾ ਹੈ, ਸਾਂਖਯ ਨੂੰ ਪੜ੍ਹ ਕੇ ਮੇਰੇ ਮਨ ਦੇ ਸਾਰੇ ਸ਼ੰਕੇ ਮਿਟ ਗਏ, ਮੇਰੇ ਧਾਰਮਿਕ ਗ੍ਰੰਥ ਚੰਗੀ ਤਰ੍ਹਾਂ ਸਮਝ ਆ ਗਏ।

ਉਨ੍ਹਾਂ ਦੀ ਸਿਖਿਆ ਦਾ ਆਖਰੀ ਦਿਨ ਬੜਾ ਹੀ ਵਚਿਤਰ ਸੀ, ਉਹ ਕਹਿਣ ਲੱਗੇ, ਪਹਿਲੇ ਜ਼ੀਰੋ ਬਣਾ ਇਸ ਦੇ ਪਿਛੇ ਏਕਾ ਲਗਾ, 01 ਹਰ ਜ਼ੀਰੋ ਦੀ ਕੀਮਤ ਤਾਂ ਹੀ ਹੈ ਜੇ ਉਸ ਨੂੰ ਜ਼ੀਰੋ ਤੋਂ ਪਹਿਲਾਂ ਲਗਾਇਆ ਜਾਵੇ, ਸੰਸਾਰ ਦੀਆਂ ਸਾਰੀਆਂ ਪਦਾਰਥਾਂ ਜ਼ੀਰੋ ਦੀ ਤਰ੍ਹਾਂ ਹੀ ਹਨ, ਉਸ ਇਕ ਨੂੰ ਜਾਣੇ ਬਿਨਾਂ ਇਨ੍ਹਾਂ ਪਦਾਰਥਾਂ ਦੀ ਕੋਈ ਕੀਮਤ ਨਹੀਂ, ਜਦੋਂ ਅਸੀਂ ਉਸ ਇਕ ਨੂੰ ਯਾਦ ਕਰਦੇ ਹਾਂ, ਉਦੋਂ ਹੀ ਜੀਵਨ ਮਨੋਰਥਮਈ ਉਦੇਸ਼ਮਈ ਬਣਦਾ ਹੈ ਨਹੀਂ ਤਾਂ ਇਹ ਇਕ ਬੋਝ ਹੀ ਹੈ।

ਇਹ ਸਵਾਮੀ ਫੇਰ ਹਿਮਾਲੀਆ ਵਿਚ ਹੋਰ ਅੱਗੇ ਚਲੇ ਗਏ, ਮੈਂ ਮੁੜ ਉਨ੍ਹਾਂ ਨੂੰ ਕਦੀ ਨਹੀਂ ਮਿਲ ਸਕਿਆ, ਮੈਂ ਅਭਾਰੀ ਹਾਂ, ਉਨ੍ਹਾਂ ਗੁਰੂ ਜਨਾਂ ਦਾ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਮੈਨੂੰ ਸਿਖਾਉਣ ਵਿਚ ਪੜ੍ਹਾਉਣ ਵਿਚ ਲਗਾਇਆ।

# ਸ਼੍ਰੋਮਣੀ ਸ਼ਹੀਦੀ
## ਪਰਤਛਿ ਰਿਦੈ ਗੁਰ ਅਰਜੁਨ ਕੈ
## ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਸਮੇਂ ਧਾਰਮਕ, ਸਿਆਸੀ, ਭਾਈਚਾਰਕ, ਆਰਥਕ ਹਾਲਾਤ ਐਨੇ ਅੰਧਕਾਰਮਈ ਹੋ ਗਏ ਸਨ ਜਿਨ੍ਹਾਂ ਨੂੰ ਜਾਣ ਕੇ ਇਹ ਪਤਾ ਲਗਦਾ ਹੈ ਕਿ ਭਾਰਤ ਵਰਸ਼ ਵਿਚ ਇਸਲਾਮ ਤੋਂ ਬਗੈਰ ਦੂਜੇ ਸਾਰੇ ਧਰਮਾਂ ਦੇ ਬੰਦਿਆਂ ਨੂੰ ਜਿਨ੍ਹਾਂ ਨੂੰ ਅਸੀਂ ਹਿੰਦੂ ਕਹਿ ਸਕਦੇ ਹਾਂ ਭਾਵੇਂ ਉਹ ਬੋਧੀ ਸੀ, ਭਾਵੇਂ ਜੈਨੀ ਸੀ, ਚਾਹੇ ਕੋਈ ਵੀ ਸੀ, ਕਿਸੇ ਵੀ ਜਾਤ ਧਰਮ ਦਾ ਸੀ, ਉਸ ਦੇ ਕੋਲੋਂ ਜੀਉਣ ਦੇ ਹੱਕ ਹੀ ਖੋਹੇ ਗਏ। ਇਹ ਸਮਾਂ ਉਸ ਵੇਲੇ ਤੋਂ ਸ਼ੁਰੂ ਹੁੰਦਾ ਹੈ ਜਦੋਂ ਸੁਬਗਤਗੀਨ ਨੇ ਨੌਵੀਂ ਸਦੀ ਦੇ ਅੰਤ ਵਿਚ ਭਾਰਤ ਵਰਸ਼ ਉਤੇ ਆਕਰਮਣ ਕੀਤਾ ਸੀ ਉਨ੍ਹਾਂ ਵਿਚੋਂ ਹੀ ਮਹਿਮੂਦ ਅਤੇ ਹੋਰ ਅਨੇਕਾਂ ਖਾਨਦਾਨ ਗੁਲਾਮਾਂ, ਗੌਰੀ, ਖਿਲਜੀ, ਲੋਧੀ, ਮੁਗਲ ਆਦਿ ਅਨੇਕਾਂ ਸੁਲਤਾਨ ਆਏ, ਉਨ੍ਹਾਂ ਦੇ ਰਾਜ ਪਵਿੱਤਰ ਕੁਰਾਨ ਸਰੀਫ ਵਿਚ ਦਿਤੀਆਂ ਹਦਾਇਤਾਂ ਦੇ ਮੁਤਾਬਿਕ ਹੋਇਆ ਕਰਦੇ ਸਨ। ਇਸਲਾਮੀ ਰਾਜ ਵਿਚ ਦੀਨੀ ਲੋਕ ਉਲਮਾ ਅਤੇ ਕਾਜ਼ੀ ਆਦਿਕ ਧਾਰਮਕ ਮਰਿਆਦਾ ਦਾ ਪ੍ਰਚਾਰ ਕਰਨ ਤੋਂ ਇਲਾਵਾ ਕੰਮ ਕਾਜ ਲਈ ਜੋ ਕਾਨੂੰਨ ਚਲ ਰਹੇ ਸਨ, ਉਨ੍ਹਾਂ ਵਿਚ ਦਖਲ ਅੰਦਾਜ਼ੀ ਕਰਕੇ ਕੁਰਾਨੀ ਕਾਨੂੰਨ ਪ੍ਰਚਲਤ ਕਰਿਆ ਕਰਦੇ ਸਨ। ਸ਼ਰ੍ਹਾ ਦੀ ਰਾਖੀ ਲਈ ਇਕ ਤਾਂ ਸ਼ਰ੍ਹਾ ਦੇ ਗਿਆਨ ਦਾ ਪ੍ਰਚਾਰ ਜ਼ੋਰਾਂ ਤੇ ਸੀ ਅਤੇ ਇਸਲਾਮੀ ਸ਼ਰ੍ਹਾ ਦੇ ਅਧੀਨ ਹੀ ਭਾਰਤ ਵਰਸ਼ ਵਿਚ ਰਾਜ ਸਾਸ਼ਨ ਚਲਿਆ ਕਰਦਾ ਸੀ, ਬਾਦਸ਼ਾਹ ਨੂੰ ਮਦਦ ਦੇਣ ਲਈ, ਉਲਮਾਂ ਕਾਜ਼ੀ ਆਦਿ ਹੋਇਆ ਕਰਦੇ ਸਨ ਪਰ ਜਿਸ ਉਲਮਾਂ ਨੂੰ ਸਰਕਾਰੀ ਸੇਵਾ ਲਈ ਚੁਣਿਆ ਜਾਂਦਾ ਸੀ ਉਸ ਨੂੰ ਸੇਖ-ਉਲ-ਇਸਲਾਮ ਕਹਿੰਦੇ ਸਨ। ਇਸਲਾਮੀ ਰਾਜ ਵਿਚ ਮੁਸਲਮਾਨ ਬਾਦਸ਼ਾਹ ਇਨ੍ਹਾਂ ਧਾਰਮਕ ਆਗੂਆਂ ਦੀ ਨਿਗਰਾਨੀ ਵਿਚ ਰਾਜ ਕਰਿਆ ਕਰਦੇ ਸਨ। ਸੇਖ-ਉਲ ਇਸਲਾਮ ਜਿਸ ਕੰਮ ਨੂੰ ਇਸਲਾਮ ਦੇ ਵਿਰੁਧ ਸਮਝਦਾ ਸੀ ਉਸੇ ਵੇਲੇ ਬਾਦਸ਼ਾਹ ਨੂੰ ਖਬਰਦਾਰ ਕਰਦਾ ਸੀ ਅਤੇ ਉਸ ਨੂੰ ਸ਼ਰਾ ਦੇ ਰਾਹ ਪਾ ਦਿੰਦਾ ਸੀ ਇਸ ਨੂੰ ਦੀਨੀ ਹਕੂਮਤ ਕਿਹਾ ਜਾਂਦਾ ਸੀ। ਇਸਲਾਮੀ ਰਾਜ ਵਿਚ ਕੇਵਲ ਇਸਲਾਮ ਦਾ ਹੀ ਪ੍ਰਚਾਰ ਕੀਤਾ ਜਾਂਦਾ ਸੀ ਅਤੇ ਹੋਰ ਕਿਸੇ ਧਰਮ ਦਾ ਪ੍ਰਚਾਰ ਨਹੀਂ ਹੋ ਸਕਿਆ ਕਰਦਾ ਸੀ ਜਿਵੇਂ ਕਿ ਅੱਜਕਲ੍ਹ ਸਾਉਦੀ ਅਰਬੀ ਵਗੈਰਾ ਅਰਬ ਦੇਸ਼ਾਂ ਦੇ ਕਾਨੂੰਨ ਚਲ ਰਹੇ ਹਨ ਭਾਰਤ ਵਿਚ ਨਾਗਰਤਾ ਕੇਵਲ ਮੁਸਲਮਾਨਾਂ ਨੂੰ ਹੀ ਮਿਲਦੀ ਸੀ। ਬਾਕੀ ਕੌਮਾਂ ਇਥੇ ਹਿੰਦੂਆਂ ਸਮੇਤ ਬਹੁਤ ਵੱਡੀ ਗਿਣਤੀ ਵਿਚ ਰਹਿੰਦੀਆਂ ਸਨ, ਤਾਂ ਉਨ੍ਹਾਂ ਨੂੰ ਘਟੀਆ ਕਿਸਮ ਦੇ ਲੋਕ ਗਿਣਿਆ ਜਾਂਦਾ ਸੀ। ਕੁਰਾਨ ਸ਼ਰੀਫ ਵਿਚ ਦਰਜ ਹੈ ਕਿ ਕਾਫਰਾਂ ਨੂੰ ਕਹੋ ਜੇ ਉਹ ਆਪਣੇ ਅਧਰਮੀ ਰਾਹ ਨੂੰ ਛੱਡ ਦੇਣ ਤਾਂ ਉਨ੍ਹਾਂ ਨੂੰ ਮਾਫ ਕਰ ਦਿਤਾ ਜਾਵੇਗਾ ਪਰ ਜੇ ਇਹ ਕੁਫਰ ਦੇ ਰਾਹ ਤੇ ਹੀ ਰਹਿਣਗੇ ਤਾਂ ਉਨ੍ਹਾਂ ਨੂੰ ਓਦੋਂ ਤਕ ਘਟੀਆ ਗਿਣਿਆ ਜਾਵੇਗਾ ਜਦੋਂ ਤਕ ਸਾਰੇ ਇਸਲਾਮ ਧਰਮ ਵਿਚ ਸ਼ਾਮਿਲ ਨਹੀਂ ਹੋ ਜਾਂਦੇ। ਇਸ ਦਾ ਭਾਵ ਹੈ ਕਿ ਇਸ ਦੇਸ਼ ਵਿਚ ਜੋ ਬਾਕੀ ਆਬਾਦੀ ਸੀ ਉਸ ਨੂੰ ਕਾਫਰ ਕਿਹਾ ਜਾਂਦਾ ਸੀ ਅਤੇ ਕਾਫਰ ਨੂੰ ਮਾਰ ਦੇਣਾ ਖਤਮ ਕਰ ਦੇਣਾ, ਪੁੰਨ ਗਿਣਿਆ ਜਾਂਦਾ ਸੀ। ਜਾਦੂਨਾਥ ਸਰਕਾਰ ਲਿਖਦਾ ਹੈ ਕਿ ਮੁਸਲਮਾਨ ਬਾਦਸ਼ਾਹ ਦਾ ਸਭ ਤੋਂ ਵੱਡਾ ਫਰਜ਼ ਇਹ ਸੀ ਕਿ ਉਹ ਕਾਫਰ ਰਾਜਿਆਂ ਉਪਰ ਹੱਲੇ ਕਰਕੇ ਉਦੋਂ ਤਕ ਯੁੱਧ ਕਰਦਾ ਰਹੇ ਜਦੋਂ ਤਕ ਉਹ ਰਾਜੇ ਖਤਮ ਨਹੀਂ ਹੋ ਜਾਂਦੇ ਜਾਂ ਮੋਮਨ ਨਹੀਂ ਬਣ ਜਾਂਦੇ। ਇਥੋਂ ਦੇ ਰਾਜਿਆਂ ਤੇ ਜਨਤਾ ਦਾ ਜੀਵਨ ਡਰ ਭਰਪੂਰ ਲੰਘ ਰਿਹਾ ਸੀ। ਇਸਾਈਆਂ ਅਤੇ ਯਹੂਦੀਆਂ ਨੂੰ ਅਹਿਲੇ ਕਤਾਬ ਕਿਹਾ ਜਾਂਦਾ ਸੀ। ਇਸਲਾਮੀ ਹਕੂਮਤ ਵਿਚ ਅਨੁਮਤੀਆਂ ਨੂੰ ਕੋਈ ਥਾਂ ਨਹੀਂ ਸੀ ਮਿਲਿਆ ਕਰਦੀ। ਇਨ੍ਹਾਂ ਬਾਦਸ਼ਾਹਾਂ ਦਾ ਵੱਡਾ ਕੰਮ ਇਹ ਹੁੰਦਾ ਸੀ ਕਿ ਦੂਜੇ ਧਰਮਾਂ ਵਾਲਿਆਂ ਦੇ ਧਾਰਮਕ ਅਸਥਾਨ ਪੂਰੀ ਤਰ੍ਹਾਂ ਢਾਹ ਢੇਰੀ ਕਰਕੇ ਉਨ੍ਹਾਂ ਦੀ ਥਾਂ ਖੁਦਾ ਦੇ ਘਰ ਜਿਸ ਨੂੰ ਮਸਜਿਦ ਆਖਦੇ ਹਨ ਉਹ ਉਸਾਰੇ ਜਾਣ। ਗੈਰ ਮੁਸਲਮਾਨਾਂ ਉਪਰ ਉਨ੍ਹਾਂ ਦੀ ਰਾਖੀ ਕਰਨ ਦਾ ਬਹਾਨਾ ਲਾ ਕੇ ਜਜ਼ੀਆ ਲਾਇਆ ਜਾਂਦਾ ਸੀ ਜੋ ਕਿ ਆਮਦਨ ਦਾ ਬਹੁਤ ਵੱਡਾ ਹਿਸਾ ਹੋਇਆ ਕਰਦਾ ਸੀ। ਤੀਰਥਾਂ ਤੇ ਜਾਣ ਸਮੇਂ ਤੀਰਥ ਨਾਹੁਣ ਦਾ ਟੈਕਸ ਲਾਇਆ ਜਾਂਦਾ ਸੀ।

ਇਸਲਾਮੀ ਸ਼ਰ੍ਹਾ ਦੇ ਮੁਤਾਬਿਕ ਇਹ ਕਾਨੂੰਨ ਸੀ ਕਿ ਬੁੱਤ ਪੂਜਾ ਨੂੰ ਉਸ ਦੇਸ਼ ਵਿਚ ਜਿਥੇ ਇਸਲਾਮੀ ਸ਼ਰਾ ਅਨੁਸਾਰ ਦੀਨੀ ਹੁਕਮ ਚਲਦਾ ਹੋਵੇ ਨਹੀਂ ਰਹਿਣ ਦਿਤਾ ਜਾਵੇਗਾ। ਉਨ੍ਹਾਂ ਲਈ ਕੇਵਲ ਇਕੋ ਰਾਹ ਸੀ; ਜਾਂ ਤਾਂ ਉਹ ਇਸਲਾਮ ਧਾਰਨ ਕਰਨ ਜਾਂ ਜ਼ਿੰਦਗੀ ਤੋਂ ਹੱਥ ਧੋਣ। ਇਸਲਾਮ ਦੀ ਇਕ ਸੰਸਥਾ ਦੇ ਆਗੂ ਅਬੂ ਹਨੀਫਾ ਨੇ ਬੁੱਤ ਪ੍ਰਸਤਾਂ ਨੂੰ ਜਿੰਮੀ (ਘਟੀਆ ਕਿਸਮ ਦੇ ਬੰਦਿਆਂ) ਵਜੋਂ ਰਹਿਣ ਦੀ ਆਗਿਆ ਦੀ ਸਿਫਾਰਸ਼ ਕੀਤੀ। ਉਸ ਨੇ ਲਿਖਿਆ ਹੈ ਕਿ ਭਾਵੇਂ ਇਸਲਾਮ ਇਕ ਮਜ਼ਹਬ ਵਲੋਂ ਅਮਨ ਭਰਪੂਰ ਜ਼ਿੰਦਗੀ ਦਾ ਸੁਨੇਹਾ ਦਿੰਦਾ ਹੈ ਆਪਣੇ ਹੀ ਬਾਦਸ਼ਾਹ ਬਾਰੇ ਸਪਸ਼ਟ ਰੂਪ ਵਿਚ ਲਿਖਿਆ ਹੈ ਕਿ ਇਸਲਾਮੀ ਬਾਦਸ਼ਾਹ ਨੇ ਇਸਲਾਮ ਨੂੰ ਮੰਦਾ ਨਹੀਂ ਕਿਹਾ। ਉਹ ਵਕਤ ਅਤੇ ਜ਼ਮਾਨੇ ਦੇ ਅਧੀਨ ਹੋ ਗਿਆ, ਉਨ੍ਹਾਂ ਨੇ ਇਸਲਾਮੀ ਕਾਨੂੰਨਾਂ ਨੂੰ ਛਿੱਕੇ ਤੇ ਟੰਗ ਕੇ ਲੋਕਾਂ ਨੂੰ ਖਾਹਮਖਾਹ ਤੰਗ ਕੀਤਾ। ਇਸਲਾਮੀ ਬਾਦਸ਼ਾਹਾਂ ਦੀ ਬੁਝਾਰਤ ਨੂੰ ਸਲਾਹ ਮਸ਼ਵਰਾ ਦੇਣ ਲਈ ਕਾਜ਼ੀ ਆਦਿ ਹੋਇਆ ਕਰਦੇ ਸਨ, ਉਹ ਸਦਾ ਹੀ ਸਲਾਹ ਦਿਆ ਕਰਦੇ ਸਨ ਕਿ ਹਿੰਦੂਆਂ ਨੂੰ ਪੂਰੀ ਤਰ੍ਹਾਂ ਨਾਲ ਖਤਮ ਕਰ ਦਿਤਾ ਜਾਵੇ ਜਾਂ ਫੇਰ ਐਨਾ ਸਾਹਸਹੀਣ ਕਰ ਦਿਤਾ ਜਾਵੇ ਕਿ ਨਾ ਉਨ੍ਹਾਂ ਕੋਲ ਖਰਚਣ ਲਈ ਪੈਸਾ ਹੋਵੇ, ਨਾ ਖਾਣ ਲਈ ਦਾਣੇ, ਨਾ ਚੜ੍ਹਨ ਲਈ ਸਵਾਰੀ, ਨਾ ਰਹਿਣ ਲਈ ਚੰਗਾ ਮਕਾਨ।

ਉਨ੍ਹਾਂ ਦੀ ਸਮਰਥਾ ਖੋਹ ਲਈ ਜਾਵੇ ਤਾਂ ਕਿ ਉਹ ਅੱਗੇ ਵਾਸਤੇ ਆਪਣੇ ਧਰਮ ਦਾ ਪ੍ਰਚਾਰ ਨਾ ਕਰ ਸਕਣ।

ਇਸ ਦੇਸ਼ ਵਿਚ ਜੋ ਮੁਸਲਮਾਨਾਂ ਤੋਂ ਬਿਨਾਂ ਜੋ ਹਿੰਦੂ, ਬੋਧੀ, ਜੈਨੀ ਆਦਿ ਰਹਿੰਦੇ ਸਨ, ਉਨ੍ਹਾਂ ਨੂੰ ਘਟੀਆ ਸ਼ਹਿਰੀ ਮੰਨਿਆ ਜਾਂਦਾ ਸੀ। ਉਨ੍ਹਾਂ ਦਾ ਕੋਈ ਹੱਕ ਨਹੀਂ ਸੀ। ਬਾਦਸ਼ਾਹ ਦੀ ਮੇਹਰਬਾਨੀ ਸੀ ਉਨ੍ਹਾਂ ਨੂੰ ਜਿਉਂਦਾ ਰਹਿਣ ਦੇਵੇ, ਜਾਂ ਸਭ ਕੁਝ ਖੋਹ ਲਵੇ ਜਾਂ ਉਨ੍ਹਾਂ ਨੂੰ ਇਸਲਾਮ ਵਿਚ ਲੈ ਆਵੇ। ਹਿੰਦੂ ਭਾਵੇਂ ਕਿੰਨਾ ਹੀ ਕਾਬਲ ਕਿਉਂ ਨਾ ਹੋਵੇ ਉਸ ਨੂੰ ਸਰਕਾਰੀ ਨੌਕਰੀ ਉਸ ਦੀ ਲਿਆਕਤ ਦੇ ਮੁਤਾਬਿਕ ਬਿਲਕੁਲ ਹੀ ਨਹੀਂ ਮਿਲਿਆ ਕਰਦੀ ਸੀ। ਐਸੇ ਵੀ ਬਾਦਸ਼ਾਹ ਆਏ ਜਿਵੇਂ ਸਿਕੰਦਰ ਲੋਧੀ ਇਕ ਹਿੰਦੂ ਸੁਨਿਆਰ ਦੀ ਧੀ ਦੀ ਕੁਖੋਂ ਪੈਦਾ ਹੋਇਆ ਸੀ ਪਰ ਉਸ ਨੇ ਆਪਣੀ ਮਾਂ ਦੇ ਧਰਮ ਨਾਲ ਰੱਤੀ ਭਰ ਵੀ ਲਿਹਾਜ਼ ਨਾ ਰੱਖੀ ਇਸ ਨੇ ਤਲਵਾਰ ਦੇ ਜ਼ੋਰ ਨਾਲ ਬਹੁਤ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਲਈ ਕਤਲ ਕੀਤਾ। ਮੁਸਲਮਾਨ ਬਾਦਸ਼ਾਹ ਜਦੋਂ ਕਿਸੇ ਦੇਸ਼ ਨੂੰ ਜਿੱਤ ਲੈਂਦਾ ਸੀ ਤਾਂ ਉਸਦੀਆਂ ਸਾਰੀਆਂ ਜ਼ਮੀਨਾਂ ਤੇ ਕਾਬਜ਼ ਹੋ ਕੇ ਉਹ ਆਪਣੇ ਸਿਪਾਹੀਆਂ ਵਿਚ ਵੰਡ ਦਿੰਦੇ ਸਨ। ਜੋ ਜ਼ਮੀਨਾਂ ਹਿੰਦੂ ਰਾਹਕਾਂ ਦੇ ਕੋਲ ਖੇਤੀ ਕਰਨ ਲਈ ਰਿਹਾ ਰਹਿੰਦੀਆਂ ਸਨ ਉਸ ਦੀ ਅੱਧੀ ਉਪਜ ਮਾਲੀਏ ਦੇ ਤੌਰ ਤੇ ਲਈ ਜਾਂਦੀ ਸੀ। ਕਿਸਾਨ ਐਨਾ ਗਰੀਬ ਹੋ ਚੁਕਿਆ ਸੀ ਕਿ ਉਸ ਕੋਲ ਪਹਿਨਣ ਲਈ ਕਪੜੇ ਨਹੀਂ ਸੀ ਹੁੰਦੇ। ਬੈਲ ਲੈਣ ਲਈ ਵੀ ਕੋਈ ਪੈਸਾ ਨਹੀਂ ਸੀ ਹੁੰਦਾ, ਖੂਹ ਲਾਉਣ ਲਈ ਵੀ ਧਨ ਤੋਂ ਹੀਣਾ ਹੁੰਦਾ ਸੀ।

ਉਸ ਸਮੇਂ ਦੇ ਜੇ ਅਸੀਂ ਹਾਲਾਤ ਲਿਖਦੇ ਹਾਂ ਤਾਂ ਉਹ ਬਹੁਤ ਹੀ ਭਿਆਨਕ ਅਤੇ ਦਰਦਨਾਕ ਹਨ। ਸਪਸ਼ਟ ਸ਼ਬਦਾਂ ਵਿਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਦਸਵੀਂ ਸਦੀ ਤੋਂ ਪੰਜਾਬ ਵਿਚ ਅਤੇ ਹੌਲੀ-ਹੌਲੀ ਭਾਰਤ ਵਿਚ ਇਥੇ ਦੇ ਵਸਨੀਕ ਜੋ ਆਪਣੇ ਧਰਮ ਨੂੰ ਆਪਣੀਆਂ ਜਾਨਾਂ ਵਾਰ ਕੇ ਵੀ ਕਾਇਮ ਰਖਣਾ ਚਾਹੁੰਦੇ ਸਨ ਉਨ੍ਹਾਂ ਦਾ ਜੀਵਨ ਬਹੁਤ ਹੀ ਸੰਤਾਪ ਭਰਿਆ ਸੀ।

ਉਸ ਵੇਲੇ ਦੇ ਸੂਫੀ ਮਹਾਤਮਾ ਬਹੁਤ ਸ਼ਕਤੀਸ਼ਾਲ ਹੋਇਆ ਕਰਦੇ ਸਨ ਜਿਨ੍ਹਾਂ ਵਿਚ ਖੁਆਜਾ ਮਯਊਦੀਨ ਚਿਸ਼ਤੀ, ਕੁਤਬ-ਉਦ-ਦੀਨ ਬੁਖਤਿਆਰ ਕਾਕੀ, ਸੇਖ ਫਰੀਦ-ਉਦ-ਦੀਨ ਗੰਜ-ਏ-ਸ਼ਕਰ, ਦਿਲੀ ਵਾਲੇ ਮਸ਼ਹੂਰ ਸੂਫੀ ਪੀਰ ਬਾਬੇ ਫਰੀਦ ਦੀ ਸੰਪਰਦਾ ਵਿਚ ਸੇਖ ਨਿਯਾਮੂ-ਉਦ-ਦੀਨ-ਔਲੀਆ ਸਨ। ਸੇਖ ਬਦਰ-ਉ-ਦੀਨ ਪੁਸ਼ਾਕ, ਸੇਖ ਨਸ਼ੀਰੋਦੀਨ, ਪਾਣੀਪਤ ਦੇ ਸਰਫੋਦੀਨ ਇਹ ਸਾਰੇ ਬਾਬਾ ਫਰੀਦ ਦੀ ਸੰਪਰਦਾ ਨਾਲ ਸਬੰਧ ਰਖਦੇ ਸਨ। ਇਨ੍ਹਾਂ ਦੇ ਦਿਲ ਵਿਚ ਹਿੰਦੂਆਂ ਲਈ ਬਿਲਕੁਲ ਵੀ ਈਰਖਾ ਨਹੀਂ ਸੀ ਇਸ ਕਰਕੇ ਇਸਲਾਮੀ ਬੰਦੇ ਘਟ ਪਰ ਹਿੰਦੂ ਜ਼ਿਆਦਾ, ਇਨ੍ਹਾਂ ਤੇ ਸ਼ਰਧਾ ਰਖਿਆ ਕਰਦੇ ਸਨ। ਇਨ੍ਹਾਂ ਵਿਚ ਰੂਹਾਨੀ ਸ਼ਕਤੀਆਂ ਦੇ ਭੰਡਾਰੇ ਸਨ। ਭਗਤ ਨਾਮਦੇਵ ਜੀ ਨਿਯਾਮੂਦੀਨ ਔਲੀਆ ਦੇ ਸਮਕਾਲੀ ਸਨ। ਨਾਮਦੇਵ ਜੀ ਮਹਾਂਰਾਸ਼ਟਰ ਦੇ ਰਹਿਣ ਵਾਲੇ ਸਨ, ਉਨ੍ਹਾਂ ਨੇ ਆਪਣੀ ਆਖਰੀ ਉਮਰ ਦੇ ਪੂਰੇ 20 ਵਰ੍ਹੇ ਪੰਜਾਬ ਵਿਚ ਲੰਘਾਏ। ਆਪ ਨੂੰ ਇਸਲਾਮੀ ਰਾਜੇ ਨੇ ਗਊ ਮਾਰ ਕੇ ਜਿਉਂਦੀ ਕਰਨ ਲਈ ਕਿਹਾ। ਜੇ ਨਾ ਜਿਉਂਦੀ ਕੀਤੀ ਤਾਂ ਗਊ ਦੇ ਬਰਾਬਰ ਹੀ ਕਤਲ ਕਰ ਦੇਣ ਦੀ ਧਮਕੀ ਦਿਤੀ। ਕਬੀਰ ਜੀ 1518 ਤਕ ਰਹੇ, ਉਨ੍ਹਾਂ ਨੂੰ ਇਸਲਾਮੀ ਰਾਜਿਆਂ ਦੇ ਕਹਿਰ ਦਾ ਸ਼ਿਕਾਰ ਹੋਣਾ ਪਿਆ। ਉਨ੍ਹਾਂ ਨੂੰ ਕਦੇ ਗੰਗਾ ਵਿਚ ਰੋੜ੍ਹਿਆ ਗਿਆ, ਕਦੇ ਹਾਥੀਆਂ ਅੱਗੇ ਸੁਟਿਆ ਗਿਆ, ਕਦੇ ਧਰਤੀ ਵਿਚ ਦੱਬੇ ਗਏ, ਕਦੇ ਅੱਗ ਵਿਚ ਸਾੜਨ ਦਾ ਜਤਨ ਕੀਤਾ ਪਰ ਵਾਹਿਗੁਰੂ ਜੀ ਨੇ ਉਨ੍ਹਾਂ ਦੀ ਸਦਾ ਹੀ ਰਾਖੀ ਕੀਤੀ। ਉਸੇ ਸਮੇਂ ਵਿਚ ਹੀ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਹੋਇਆ ਜਿਨ੍ਹਾਂ ਦਾ ਸਮਾਂ 1469-1539 ਈ. ਤਕ ਹੈ। ਇਨ੍ਹਾਂ ਭਗਤਾਂ ਨੇ ਹਿੰਦੂਆਂ ਮੁਸਲਮਾਨਾਂ ਵਿਚ ਅਦ੍ਵੈਤ ਦਾ ਪ੍ਰਚਾਰ ਕੀਤਾ। ਇਨ੍ਹਾਂ ਮਹਾਂਪੁਰਸ਼ਾਂ ਨੇ ਸਾਰੇ ਭਾਰਤ ਵਰਸ਼ ਵਿਚ ਜੀਵਨ ਜੀਉਣ ਲਈ ਸਾਹਸ ਪੈਦਾ ਕੀਤਾ ਅਤੇ ਬਿਲਕੁਲ ਮਰ ਮਿੱਟੀ ਹੋ ਚੁੱਕੇ ਭਾਰਤ ਵਰਸ਼ ਦੇ ਗੈਰ ਇਸਲਾਮ ਵਰਗ ਦੇ ਬੰਦਿਆਂ ਨੂੰ ਉਪਦੇਸ਼ ਦਿਤਾ ਕਿ ਉਹ ਇਕ ਪ੍ਰਮੇਸ਼ਰ ਵਿਚ, ਇਕ ਵਾਹਿਗੁਰੂ ਵਿਚ ਅਕੀਦਾ ਰਖਣ ਅਤੇ ਉਨ੍ਹਾਂ ਨੂੰ ਅਧਿਆਤਮਵਾਦ ਦਾ ਉਪਦੇਸ਼ ਦੇ ਕੇ ਉਨ੍ਹਾਂ ਦੇ ਜੀਵਨ ਵਿਚ ਉਤਸ਼ਾਹ ਭਰਿਆ। ਗੁਰੂ ਨਾਨਕ ਸਾਹਿਬ ਅਤੇ ਕਬੀਰ ਜੀ ਦਾ ਮੁਸਲਮਾਨ ਸੰਤਾਂ ਉਤੇ ਬੜਾ ਪ੍ਰਭਾਵ ਪਿਆ। ਜਿਸ ਕਰਕੇ ਉਹ ਸ਼ਰਾ ਤੋਂ ਉਪਰ ਉਠੇ ਅਤੇ ਅਦ੍ਵੈਤ ਸਿਧਾਂਤ ਦੇ ਮੁਤਾਬਿਕ ਸਭ ਵਿਚ ਇਕ ਅੱਲਾਹ ਨੂੰ ਦੇਖਣ ਦਾ ਯਤਨ ਕਰ ਰਹੇ ਸਨ। ਇਸ ਕਰਕੇ ਉਨ੍ਹਾਂ ਦੇ ਬਚਨ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਪਾਤਸ਼ਾਹ ਜੀ ਨੇ ਦਰਜ

ਕੀਤੇ। ਗੁਰੂ ਨਾਨਕ ਪਾਤਸ਼ਾਹ ਜੀ ਦਾ ਮਿਸ਼ਨ ਸੀ ਕਿ ਰਾਜਿਆਂ ਨੂੰ ਵੀ ਸਮਝਾਇਆ ਜਾਵੇ ਅਤੇ ਪਰਜਾ ਨੂੰ ਵੀ ਇਕ ਦੂਜੇ ਤੋਂ ਨਫਰਤ ਕਰਨ ਤੋਂ ਹਟਾਇਆ ਜਾਵੇ ਉਨ੍ਹਾਂ ਨੇ ਸਤਿ ਦਾ ਸਿਧਾਂਤ ਦਿਤਾ –

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ - 1*

ਇਥੇ ਇਕੋ ਵਾਹਿਗੁਰੂ ਨੇ ਆਪਣੀ ਖੇਲ੍ਹ ਕਰਕੇ ਹਰ ਇਕ ਰੂਪ ਧਾਰਨ ਕੀਤਾ ਹੋਇਆ ਹੈ। ਮੁਸਲਮਾਨ ਵੀ ਪ੍ਰਮੇਸ਼ਰ ਦਾ ਹੀ ਰੂਪ ਹਨ, ਹਿੰਦੂ ਵੀ ਪ੍ਰਮੇਸ਼ਰ ਦਾ ਰੂਪ ਹਨ ਦੂਜਾ ਕੋਈ ਨਹੀਂ ਹੈ। ਗੁਰੂ ਨਾਨਕ ਪਾਤਸ਼ਾਹ ਦਾ ਉਪਦੇਸ਼ ਸੀ –

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਪੰਨਾ - 1291*

ਉਨ੍ਹਾਂ ਦੀ ਨਿਗ੍ਹਾ ਵਿਚ ਨਾ ਕੋਈ ਹਿੰਦੂ ਸੀ ਨਾ ਮੁਸਲਮਾਨ ਸੀ, ਇਕੋ ਪ੍ਰਮੇਸ਼ਰ ਦਾ ਪਸਰਿਆ ਹੋਇਆ ਸਾਕਾਰ ਰੂਪ ਸੀ। ਗੁਰੂ ਤੀਜੇ ਪਾਤਸ਼ਾਹ ਨੇ ਪ੍ਰਗਟ ਕੀਤਾ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥ ਪੰਨਾ - 922*

ਗੁਰੂ ਨਾਨਕ ਪਾਤਸ਼ਾਹ, ਨਾਮਦੇਵ, ਬਾਬਾ ਫਰੀਦ ਦੇ ਉਪਦੇਸ਼ਾਂ ਨੇ ਹਿੰਦੂ ਮੁਸਲਮਾਨਾਂ ਦੇ ਵਿਚ ਪਾਈ ਹੋਈ ਬਹੁਤ ਗਹਿਰੀ ਖਾਈ ਉਤੇ ਪੁਲ ਲਾ ਦਿਤਾ। ਕਬੀਰ ਸਾਹਿਬ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ!

*ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ॥*
*ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥*
*ਪੰਨਾ - 1374*

ਗੁਰੂ ਨਾਨਕ ਪਾਤਸ਼ਾਹ ਨੇ ਜ਼ੋਰ ਜ਼ਬਰ ਕਰਨ ਵਾਲਿਆਂ ਨੂੰ ਕਾਹਬੇ ਵਿਚ ਜਾ ਕੇ ਦਸਿਆ ਕਿ ਖੁਦਾ ਕੇਵਲ ਕਾਹਬੇ ਵਿਚ ਹੀ ਨਹੀਂ ਹੈ ਉਹ ਹਰ ਥਾਂ ਦੇ ਉਤੇ ਪਰੀਪੂਰਨ ਹੈ। ਮੁਸਲਮਾਨਾਂ ਦਾ ਵੀ ਓਹੀ ਖੁਦਾ ਹੈ, ਗੈਰ ਮੁਸਲਮਾਨਾਂ ਦਾ ਵੀ ਓਹੀ ਖੁਦਾ ਹੈ। ਸਾਰੇ ਇਕੋ ਖੁਦਾ ਦੇ ਬੰਦੇ ਹਨ। ਕਾਫਰ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿਹੜੇ ਅੱਲਾਹ ਤਾਲਾਹ ਵਿਚ ਯਕੀਨ ਨਹੀਂ ਲਿਆਉਂਦੇ ਅਤੇ ਨਾਸਤਕ ਹਨ। ਉਨ੍ਹਾਂ ਨੂੰ ਜਾਨੋ ਮਾਰ ਕੇ, ਦਬਾਅ ਦੇ ਕੇ, ਡਰ ਦੇ ਕੇ ਇਸਲਾਮ ਵਿਚ ਲਿਆਉਣਾ ਇਹ ਓਨਾਂ ਚਿਰ ਸੰਭਵ ਨਹੀਂ ਜਿੰਨਾਂ ਚਿਰ ਉਨ੍ਹਾਂ ਦੇ ਅੰਦਰਲਾ ਦਿਲ ਇਸਲਾਮ ਮੰਨਣ ਨੂੰ ਤਿਆਰ ਨਾ ਹੋ ਜਾਵੇ।

ਇਸੇ ਸਮੇਂ ਦੀ ਚਾਲ ਵਿਚ ਅਕਬਰ ਤਖਤ ਤੇ ਬੈਠਾ, ਉਸ ਨੇ ਬਹੁਤ ਧਿਆਨ ਦੇ ਨਾਲ ਹਾਲਾਤ ਵਿਚਾਰੇ। ਅਕਬਰ ਤੋਂ ਪਹਿਲਾਂ ਜਦੋਂ ਤੋਂ ਪੰਜਾਬ ਉਤੇ ਪੱਛਮ ਵਲੋਂ ਇਸਲਾਮ ਰਾਜਿਆਂ ਦੇ ਹਮਲੇ ਹੁੰਦੇ ਰਹੇ, ਇਸ ਦੇ ਨਾਲ ਹੀ ਹਿੰਦੂ ਧਰਮ ਅਤੇ ਸਭਿਆਚਾਰ ਉਪਰ ਵੀ ਬਹੁਤ ਵੱਡੇ ਹਮਲੇ ਹੋਏ, ਕਿਉਂਕਿ ਇਸ ਸਮੇਂ ਭਾਰਤ ਵਿਚ ਹਿੰਦੂਆਂ ਦਾ ਰਾਜ ਸੀ। ਇਸ ਵਾਸਤੇ ਸ਼ਰਾ ਵਾਲੇ ਲੋਕਾਂ ਦੇ ਮਨ ਵਿਚ ਹਿੰਦੂਆਂ ਲਈ ਕੁਦਰਤੀ ਤੌਰ ਤੇ ਨਫਰਤ ਸੀ। ਇਸ ਸਮੇਂ ਕੇਵਲ ਪੰਜਾਬ ਦਾ ਹੀ ਨਹੀਂ ਸਾਰੇ ਭਾਰਤ ਵਰਸ਼ ਦਾ ਹਿੰਦੂ ਸਮਾਜ ਢਹਿੰਦੀਆਂ ਕਲਾ ਵਿਚ ਜਾ ਚੁਕਿਆ ਸੀ। ਮਹਾਰਾਜਾ ਹਰਸ਼ ਵਰਧਨ ਦੇ ਸਮੇਂ ਬ੍ਰਾਹਮਣਾਂ ਨੇ ਨਵੇਂ ਸਿਰਿਓਂ ਕਰਮਕਾਂਡ ਦੇ ਸਖਤ ਸੰਗਲ ਤਿਆਰ ਕੀਤੇ ਜਿਸ ਕਰਕੇ ਹੌਲੀ-ਹੌਲੀ ਇਸ ਦਾ ਪ੍ਰਭਾਵ ਵਧਦਾ ਚਲਿਆ ਗਿਆ। ਵਾਹਿਗੁਰੂ ਜੀ ਦੀ ਪਿਆਰ ਭਰੀ ਭਗਤੀ ਦੀ ਥਾਂ ਕਰਮਕਾਂਡਾਂ ਨੇ ਲੈ ਲਈ। ਵਾਹਿਗੁਰੂ ਜੀ ਦੀ ਹੋਂਦ ਉਪਰ ਪੂਰਾ ਵਿਸ਼ਵਾਸ਼ ਨਾ ਹੋਣ ਕਰਕੇ ਸਮਾਜ ਗਤੀਹੀਣ ਹੋ ਗਿਆ। ਬ੍ਰਾਹਮਣਾਂ ਦੀ ਸੁਣਵਾਈ ਹੁੰਦੀ ਸੀ, ਮਾਨਤਾ ਹੋਇਆ ਕਰਦੀ ਸੀ। ਉਨ੍ਹਾਂ ਕਾਰਨ ਕਰਮਕਾਂਡਾਂ ਦਾ ਬੋਲ ਬਾਲਾ ਹੋ ਗਿਆ, ਕਰਮਕਾਂਡ ਦੀ ਮਹਿਮਾ ਕਰਦਿਆਂ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਗਈਆਂ। ਅਜਿਹੇ ਸਮੇਂ ਸੁਭਾਵਿਕ ਹੀ ਲੋਕਾਂ ਦੀ ਚਿੰਤਨ ਸ਼ਕਤੀ ਬਿਲਕੁਲ ਹੀ ਹੇਠਲੇ ਦਰਜੇ ਤੇ ਆ ਗਈ। ਐਉਂ ਸਮਝੋ ਗਿਆਨ ਨੂੰ ਜੰਗਾਲ ਲਗ ਗਿਆ ਬਜਰ ਕਪਾਟ ਪੂਰੀ ਤਰ੍ਹਾਂ ਬੰਦ ਹੋ ਗਏ, ਖਾਣਾ ਪੀਣਾ ਪਹਿਨਣਾ, ਸਫਰ ਕਰਨ ਦੀ ਵਿਅਕਤੀਗਤ ਅਜ਼ਾਦੀ ਬੰਦੇ ਦੇ ਇਰਾਦੇ ਵਿਚੋਂ ਖੋਹ ਲਈ ਗਈ। ਜਾਤ ਪਾਤ, ਛੂਹਾ-ਛਾਹੀ ਦੀ ਭਰਮਾਰ ਹੋ ਗਈ, ਵਿਧਵਾ ਹੋਈ ਇਸਤ੍ਰੀ ਨੂੰ ਜਾਂ ਤਾਂ ਆਪਣੇ ਪਤੀ ਨਾਲ ਚਿਖਾ ਵਿਚ ਸੜਨਾ ਪੈਂਦਾ ਸੀ, ਜੇ ਜਿਉਂਦੀ ਰਹਿ ਜਾਂਦੀ ਸੀ ਤਾਂ ਉਸ ਦੀ ਹਾਲਤ ਬਹੁਤ ਜਹਾਲਤ ਨਾਲ ਲੰਘਦੀ ਸੀ। ਇਸਤ੍ਰੀ ਦੀ ਸਥਿਤੀ ਬਹੁਤ ਨੀਵੀਂ ਹੋ ਗਈ ਇਸ ਨੂੰ ਪੈਰ ਦੀ ਜੁੱਤੀ ਦੀ ਤੁਲਨਾ ਦੇਣੀ ਸ਼ੁਰੂ ਹੋ ਗਈ। ਜੇ ਕੋਈ ਇਸਤ੍ਰੀ ਜ਼ਬਰਦਸਤੀ ਕਿਸੇ ਇਸਲਾਮ ਦੇ ਅਨਿਆਈ ਨੇ ਚੁਕ ਲਈ ਤਾਂ ਉਹ ਹਿੰਦੂ ਸਮਾਜ ਵਿਚ ਦੁਬਾਰਾ ਦਾਖਲ ਨਹੀਂ ਸੀ ਕੀਤੀ ਜਾਂਦੀ। ਉਸ ਨੂੰ ਉਸੇ ਦੇ ਘਰ ਹੀ ਰਹਿਣਾ ਪੈਂਦਾ ਸੀ, ਜਾਂ ਵੇਚ ਦਿੰਦੇ ਸਨ ਜਾਂ ਵੇਸਵਾ ਦਾ ਪੇਸ਼ਾ ਅਪਣਾਉਣਾ ਪੈਂਦਾ ਸੀ। ਬੰਦੇ ਕਈ-ਕਈ ਵਿਆਹ ਕਰਾ ਲੈਂਦੇ ਸਨ। ਸਤੀ ਦਾ ਰਿਵਾਜ ਇਸਤ੍ਰੀ ਦੀ ਬੇਕਦਰੀ ਕਰਕੇ ਬੜੇ ਜ਼ੋਰਾਂ ਤੇ ਚਲ ਰਿਹਾ ਸੀ, ਸਤੀ ਹੋ ਕੇ ਮਰਨ ਨੂੰ ਧਾਰਮਕ ਰੂਪ ਦਿਤਾ ਗਿਆ ਸੀ। ਲਾਰਡ ਵਿਲੀਅਮ ਬੈਂਟਿੰਕ ਨੇ ਇਹ ਰਿਵਾਜ਼ ਕਾਨੂੰਨੀ ਤੌਰ ਤੇ ਆ ਕੇ ਬੰਦ ਕੀਤਾ।

14ਵੀਂ ਸਦੀ ਵਿਚ ਇਕ ਅਰਬ ਯਾਤਰੀ ਇਬਨਬਤੂਤਾ ਆਇਆ ਸੀ ਉਸ ਨੇ ਸਤੀ ਬਾਰੇ ਲਿਖਦਿਆਂ ਦਸਿਆ ਹੈ ਕਿ ਇਕ ਇਸਤ੍ਰੀ ਘੋੜੇ ਉਤੇ ਸਵਾਰ ਹੋ ਕੇ ਜਾ ਰਹੀ ਸੀ, ਪੂਰੇ ਗਹਿਣੇ ਉਸ ਨੇ ਪਹਿਨੇ ਹੋਏ ਸਨ ਅਤੇ ਉਸ ਦੇ ਪਿਛੇ ਢੋਲ ਵਜਦਾ ਜਾ ਰਿਹਾ ਸੀ। ਮੁਸਲਮਾਨ ਵੀ ਉਸ ਦੇ ਪਿਛੇ ਸਨ ਅਤੇ ਕਾਫਰ ਵੀ ਉਸਦੇ ਪਿਛੇ ਜਾ ਰਹੇ ਸਨ। ਉਸ ਦਾ ਪਤੀ ਮਰ ਚੁਕਿਆ ਸੀ ਉਹ ਚਿਖਾ ਉਤੇ ਚੜ੍ਹ ਕੇ ਬੈਠ ਗਈ ਅਤੇ ਉਸ ਨੇ ਆਪਣੇ ਪਤੀ ਦਾ ਸਿਰ ਆਪਣੀ ਗੋਦੀ ਵਿਚ ਲੈ ਲਿਆ ਅਤੇ ਆਪ ਝੁਕ ਗਈ। ਅੱਗ ਲਾ ਦਿਤੀ ਗਈ। ਮੈਂ ਓਨੀਂ ਦੇਰ ਤਕ ਉਥੇ ਖੜ੍ਹਾ ਰਿਹਾ ਜਦੋਂ ਤਕ ਇਹ ਦੋਵੇਂ ਜਲ ਨਹੀਂ ਗਏ।

ਉਸ ਨੇ ਇਕ ਹੋਰ ਘਟਨਾ ਦਾ ਜ਼ਿਕਰ ਕੀਤਾ ਹੈ ਕਿ ਸਤੀ ਹੋਣ ਵਾਲੀਆਂ ਇਸਤ੍ਰੀਆਂ ਦੀ ਤਿੰਨ ਦਿਨ ਬੜੀ ਖਾਤਰ ਕੀਤੀ ਗਈ। ਉਨ੍ਹਾਂ ਨੂੰ ਦੇਖਣ ਵਾਸਤੇ ਦੂਰ ਦਰਾਜ਼ ਤੋਂ ਇਸਤ੍ਰੀਆਂ ਆ ਰਹੀਆਂ ਸਨ। ਚੌਥੇ ਦਿਨ ਇਨ੍ਹਾਂ ਨੂੰ ਘੋੜੇ ਤੇ ਚੜ੍ਹਾਇਆ ਗਿਆ, ਉਨ੍ਹਾਂ ਦੇ ਗਹਿਣੇ ਪਾਏ ਗਏ, ਸੱਜੇ ਹੱਥ ਵਿਚ ਉਨ੍ਹਾਂ ਦੇ ਆਰਸੀਆਂ ਸਨ ਜਿਸ ਤੋਂ ਉਹ ਆਪਣਾ ਚਿਹਰਾ ਦੇਖ ਸਕਦੀਆਂ ਸਨ, ਛੈਣੇ ਵਜ ਰਹੇ ਸੀ, ਢੋਲ ਵਜ ਰਹੇ ਸੀ। ਉਨ੍ਹਾਂ ਦੇ ਕੋਲ ਜਾ ਕੇ ਲੋਕ ਇਹ ਕਹਿ ਰਹੇ ਸਨ ਕਿ ਤੂੰ ਸਵਰਗ ਲੋਕ ਨੂੰ ਜਾ ਰਹੀ ਹੈਂ ਸਾਡਾ ਸੁਨੇਹਾ ਲੈ ਜਾਵੀਂ। ਸਾਡੇ ਭਰਾ, ਮਾਤਾ ਪਿਤਾ, ਸਬੰਧੀਆਂ, ਰਿਸ਼ਤੇਦਾਰਾਂ ਨੂੰ ਸਾਡੀ ਨਮਸਕਾਰ ਆਖੀਂ। ਉਹ ਕਹਿੰਦੀ ਸੀ ਕਿ ਹਾਂ ਮੈਂ ਆਖ ਦੇਵਾਂਗੀ। ਉਹ ਲਿਖਦਾ ਹੈ ਕਿ ਮਿਥੇ ਦਿਨ ਇਹ ਤਿੰਨੇ ਇਸਤ੍ਰੀਆਂ ਘੋੜਿਆਂ ਤੇ ਜਾ ਰਹੀਆਂ ਸਨ, ਘੋੜਿਆਂ ਤੋਂ ਉਤਰ ਕੇ ਪਾਣੀ ਦੇ ਕੁੰਡ ਵਿਚ ਇਸ਼ਨਾਨ ਕਰਕੇ ਸਾਰੇ ਵਸਤਰ, ਗਹਿਣੇ ਉਨ੍ਹਾਂ ਨੇ ਦਾਨ ਕਰ ਦਿਤੇ ਅਤੇ ਫਿਰ ਮੋਟਾ ਅਣਸੀਤਾ ਕਪੜਾ ਆਪਣੇ ਉਪਰ ਤੇ ਮੋਢਿਆਂ ਤੇ ਲਪੇਟ ਲਿਆ ਅਤੇ ਨਾਲ ਹੀ ਇਕ ਟੋਏ ਵਿਚ ਅਗਨ ਪ੍ਰਚੰਡ ਕੀਤੀ ਹੋਈ ਸੀ ਜਿਸ ਵਿਚ ਤਿਲਾਂ ਦਾ ਤੇਲ ਪਾਇਆ ਗਿਆ। 15 ਕੁ ਬੰਦਿਆਂ ਦੇ ਹੱਥਾਂ ਵਿਚ ਬਾਂਸ ਸਨ, ਇਸਤ੍ਰੀ ਦੀ ਨਜ਼ਰ ਤੋਂ ਬਚਾਉਣ ਲਈ ਇਨ੍ਹਾਂ ਪੁਰਸ਼ਾਂ ਨੇ ਖੇਸ ਤਾਣੇ ਹੋਏ ਸਨ। ਇਕ ਇਸਤ੍ਰੀ ਖੇਸ ਵਾਲੇ ਕੋਲ ਆਈ ਉਸ ਨੇ ਉਸ ਦਾ ਖੇਸ ਖਿੱਚ ਲਿਆ ਅਤੇ ਕਿਹਾ ਕਿ ਤੁਸੀਂ ਮੈਨੂੰ ਅੱਗ ਤੋਂ ਡਰਾਉਂਦੇ ਹੋ, ਛੱਡ ਦਿਓ। ਉਸ ਨੇ ਦੋਵੇਂ ਹੱਥ ਜੋੜ ਕੇ ਅੱਗ ਨੂੰ ਨਮਸ਼ਕਾਰ ਕੀਤੀ ਅਤੇ ਅੱਗ ਵਿਚ ਕੁੱਦ ਗਈ। ਇਸੇ ਤਰ੍ਹਾਂ ਬਾਕੀ ਦੋ ਭੀ ਅੱਗ ਵਿਚ ਕੁੱਦ ਪਈਆਂ। ਉਸ ਸਮੇਂ ਢੋਲ, ਛੈਣੇ, ਵਾਜੇ, ਐਨੇ ਵਜਾਏ ਗਏ ਕਿ ਉਨ੍ਹਾਂ ਦੀਆਂ ਚੀਕਾਂ ਨਾ ਸੁਣ ਸਕਣ। ਉਨ੍ਹਾਂ ਲੋਕਾਂ ਨੇ ਇਕ ਦਮ ਉਨ੍ਹਾਂ ਉਤੇ ਲਕੜਾਂ ਸੁੱਟ ਦਿਤੀਆਂ। ਇਹ ਸਾਰੇ ਦ੍ਰਿਸ਼ ਦੇਖ ਕੇ ਮੈਂ ਐਨਾ ਪ੍ਰਭਾਵਿਤ ਹੋਇਆ ਕਿ ਮੈਂ ਗਿਰ ਪੈਣਾ ਸੀ। ਬੜੀ ਮੁਸ਼ਕਲ ਨਾਲ ਮੇਰੇ ਸਾਥੀ ਨੇ ਮੈਨੂੰ ਬਚਾਇਆ।

ਗੁਰੂ ਮਹਾਰਾਜ ਜੀ ਨੇ ਐਸੀਆਂ ਰਸਮਾਂ ਨੂੰ ਹਟਾਉਣ ਦਾ ਬਹੁਤ ਵੱਡਾ ਯਤਨ ਕੀਤਾ। ਸੋ ਇਸ ਤਰ੍ਹਾਂ ਦੀ ਹਾਲਤ ਉਸ ਸਮੇਂ ਹਿੰਦੂ ਸਮਾਜ ਦੀ ਸੀ। ਅਕਬਰ ਦੇ ਰਾਜ ਵਿਚ ਕੁਝ ਸਾਹ ਆਇਆ। ਗੁਰੂ ਤੀਜੇ ਤੇ ਚੌਥੇ ਪਾਤਸ਼ਾਹ ਅਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਵੇਲੇ ਜਨਤਾ ਵਿਚ ਪੂਰੀ ਤਰ੍ਹਾਂ ਜਾਗ੍ਰਤ ਆ ਗਈ। ਉਨ੍ਹਾਂ ਨੇ ਆਪਣੇ ਹੱਕ ਪਛਾਣ ਲਏ। ਜਿਹੜਾ ਇਹ ਜਜ਼ਬਾ 500-600 ਸਾਲ ਤੋਂ ਹਿੰਦੀਆਂ ਵਿਚ ਪੈਦਾ ਹੋ ਚੁਕਿਆ ਸੀ ਕਿ ਸਾਡੇ ਲਈ ਤਾਂ ਪ੍ਰਮੇਸ਼ਰ ਨੇ ਦੁਖ ਹੀ ਲਿਖੇ ਹੋਏ ਹਨ ਉਹ ਗੁਰੂ ਮਹਾਰਾਜ ਜੀ ਦੇ ਉਪਦੇਸ਼ ਨਾਲ ਖਤਮ ਹੋਣਾ ਸ਼ੁਰੂ ਹੋ ਗਿਆ। ਕਿਉਂਕਿ ਗੁਰੂ ਮਹਾਰਾਜ ਜੀ ਦਾ ਜੋ ਉਪਦੇਸ਼ ਸੀ ਉਹ ਚੜ੍ਹਦੀ ਕਲਾ ਦਾ ਸੀ। ਬੰਦੇ ਨੂੰ ਆਪਣੇ ਫਰਜ਼ ਪੂਰੇ ਕਰਨ ਵਾਸਤੇ ਉਤਸ਼ਾਹਤ ਕਰਦਾ ਸੀ, ਮੌਤ ਤੋਂ ਮਨੁੱਖ ਨੂੰ ਡਰ ਲਗਣ ਤੋਂ ਹਟ ਗਿਆ ਸੀ। ਗੁਰੂ ਮਹਾਰਾਜ ਜੀ ਨੇ ਨਾਮ ਮਾਰਗ ਦਾ ਪ੍ਰਕਾਸ਼ ਕਰਕੇ ਮਨੁੱਖ ਨੂੰ ਅੰਦਰੋਂ ਜਗਾ ਦਿਤਾ ਸੀ। ਉਹ ਕਿਸੇ ਦਾ ਜ਼ੁਲਮ ਬੁਜ਼ਦਿਲਾਂ ਵਾਂਗੂੰ ਸਾਹਸਹੀਣਾ ਰਹਿ ਕੇ ਸਹਿਨ ਕਰਨ ਨੂੰ ਤਿਆਰ ਨਹੀਂ ਸੀ। ਉਸ ਦੇ ਅੰਦਰ ਦੁਸ਼ਟਾਂ ਨੂੰ ਦੰਡ ਦੇਣ ਦੇ ਭਾਵ ਪੈਦਾ ਹੋ ਰਹੇ ਸਨ।

ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਪੰਜਾਬ ਦਾ ਮਾਲੀਆ ਅਕਬਰ ਤੋਂ ਮੁਆਫ ਕਰਾ ਦਿਤਾ। ਆਪ ਨੇ, ਲਾਹੌਰ ਵਿਚ ਜਦੋਂ ਬਿਮਾਰੀ ਪਈ, ਉਸ ਵੇਲੇ ਲਾਹੌਰ ਵਿਚ ਜਾ ਕੇ ਆਪਣੀ ਨਿਗਰਾਨੀ ਵਿਚ ਸਾਰੇ ਲਾ-ਵਾਰਸ ਮੁਰਦਿਆਂ ਦਾ ਸਸਕਾਰ ਕਰਾਇਆ। ਆਪ ਜੀ ਐਨੇ ਹਰਮਨ ਪਿਆਰੇ ਹੋ ਗਏ ਕਿ ਬਹੁਤ ਸਾਰੇ ਇਸਲਾਮ ਦੇ ਧਾਰਨੀ ਇਨ੍ਹਾਂ ਦੇ ਸਤਿ ਉਪਦੇਸ਼ਾਂ ਨੂੰ ਮੰਨ ਰਹੇ ਸਨ। ਅਨੇਕ ਬੰਦੇ ਹਿੰਦੂ ਵਰਗ ਦੇ ਜਾਤਾਂ ਪਾਤਾਂ ਦੇ ਬੰਧਨ ਤੋੜ ਕੇ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਣ ਨੂੰ ਇਕ ਪਵਿੱਤਰ ਕਰਮ ਮੰਨਣ ਲਗ ਗਏ ਸਨ। ਚਾਰਾਂ ਵਰਨਾਂ ਦੇ ਬੰਦਿਆਂ ਦੇ ਮਨਾਂ ਵਿਚੋਂ ਆਪਸੀ ਘਿਰਣਾ ਖਤਮ ਕਰਕੇ ਉਨ੍ਹਾਂ ਨੂੰ ਇਕੋ ਆਤਮਾ ਹੋਣ ਦਾ ਗਿਆਨ ਦਿਤਾ ਗਿਆ। ਇਨਸਾਨ ਨੂੰ ਆਪਣੇ ਹੱਕਾਂ ਦਾ ਪਤਾ ਲਗ ਗਿਆ ਅਤੇ ਉਹ ਗੁਰੂ ਉਪਦੇਸ਼ਾਂ ਮੁਤਾਬਿਕ ਮਰ ਮਿਟਣ ਨੂੰ ਆਪਣਾ ਫਰਜ਼ ਹੀ ਸਮਝਣ ਲਗ ਗਿਆ। ਅੰਦਰ ਸਾਹਸ ਪੈਦਾ ਹੋ ਗਿਆ, ਬਹਾਦਰੀ ਆ ਗਈ, ਨਾਮ ਨੇ ਚੜ੍ਹਦੀ ਕਲਾ ਵਿਚ ਪ੍ਰਵੇਸ਼ ਕਰਾ ਦਿਤਾ। ਇਹ ਜਿਹੜਾ ਘਟੀਆਪੁਣ ਦਾ ਅਹਿਸਾਸ ਸੀ ਇਹ ਗੁਰਸਿਖਾਂ ਵਿਚੋਂ ਬਿਲਕੁਲ ਖਤਮ ਹੋ ਗਿਆ। ਆਪਸੀ ਭਾਈਚਾਰਾ ਐਨਾ ਸੰਗਠਤ ਹੋ ਗਿਆ ਕਿ ਜੇ ਇਕ ਦੁਖੀ ਹੋ ਜਾਂਦਾ ਸੀ ਤਾਂ ਸੈਂਕੜੇ ਹੀ ਬੰਦੇ ਉਸ ਦਾ ਦੁਖ ਨਿਵਾਰਣ ਲਈ ਆਪਣਾ ਸਹਿਯੋਗ ਦੇਣਾ ਗੁਰੂ ਦੀਆਂ ਖੁਸ਼ੀਆਂ ਸਮਝਦੇ ਸਨ। ਅਕਬਰ ਦੇ ਰਾਜ ਵੇਲੇ ਕਾਜ਼ੀਆਂ, ਮੁਲਾਣਿਆਂ, ਓਲਮਾਵਾਂ ਆਦਿ ਦਾ ਜ਼ੋਰ ਨਾ ਚਲਿਆ ਕਿਉਂਕਿ ਉਹ ਇਨਸਾਫ ਪਸੰਦ ਬਾਦਸ਼ਾਹ ਸੀ, ਸਭ ਨੂੰ ਇਕ ਨਿਗ੍ਹਾ ਨਾਲ ਦੇਖਦਾ ਸੀ। ਕੱਟੜ ਮੁਲਾਣੇ ਉਲਮਾਂ, ਕਾਜ਼ੀ ਉਸ ਨਾਲ ਘ੍ਰਿਣਾ ਕਰਦੇ ਸਨ ਕਿਉਂਕਿ ਉਹ ਉਨ੍ਹਾਂ ਦੀ ਇਕ ਵੀ ਗੱਲ ਮੰਨਣ ਨੂੰ ਤਿਆਰ ਨਹੀਂ ਸੀ। ਉਸ ਨੇ ਹਿੰਦੂਆਂ ਨੂੰ ਬਹੁਤ ਅਹੁਦੇ ਦਿਤੇ, ਫੌਜਾਂ ਵਿਚ ਜਰਨੈਲ ਬਣਾਇਆ ਪਰ ਉਹ ਸਮਾਂ ਸਦਾ ਨਾ ਰਿਹਾ। ਅਕਬਰ ਪਿਛੋਂ ਜਹਾਂਗੀਰ ਉਨ੍ਹਾਂ ਕੱਟੜ ਮੁਲਾਂ ਮੁਲਾਣਿਆਂ ਦੀ ਤਾਕਤ ਨਾਲ ਤਖਤ ਦਾ ਮਾਲਕ ਬਣਿਆ ਜਿਨ੍ਹਾਂ ਦੇ ਅੰਦਰ ਭਾਰਤ ਵਰਸ਼ ਦੇ ਵਾਸੀਆਂ ਲਈ ਘ੍ਰਿਣਾ ਸੀ। ਉਨ੍ਹਾਂ ਵਿਚ ਸਰਹੰਦੀ ਅਹਿਮਦ ਪੀਰ ਗੁਰੂ ਮਹਾਰਾਜ ਦੇ ਉਪਦੇਸ਼ਾਂ ਨਾਲ ਹੋ ਰਹੇ ਪਰਿਵਰਤਨ ਨੂੰ ਬਹੁਤ ਗਹਿਰੇ ਤੌਰ ਤੇ ਨਰੀਖਣ ਕਰ ਰਿਹਾ ਸੀ। ਉਹ ਬਹੁਤ ਦੁਖੀ ਸੀ। ਉਸ ਅੰਦਰ ਐਨੀ ਘ੍ਰਿਣਾ ਭਰਿਆ ਇਰਾਦਾ ਸੀ ਕਿ ਉਹ ਸਪਸ਼ਟ ਰੂਪ ਵਿਚ ਕਹਿੰਦਾ ਸੀ ਜੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਦਿਤਾ ਜਾਵੇ ਤਾਂ ਹਿੰਦੂ ਤਾਕਤ ਜੋ ਪ੍ਰਤੱਖ ਰੂਪ ਵਿਚ ਉਭਰਦੀ, ਸੰਭਲਦੀ ਅਤੇ ਚੇਤਨਾ ਵਿਚ ਆ ਰਹੀ ਹੈ ਇਹ ਮੁੜ ਕੇ ਉਥੇ ਹੀ ਡੂੰਘੇ ਖੱਡੇ ਵਿਚ ਸੁੱਟੀ ਜਾ ਸਕਦੀ ਹੈ ਜਿਥੋਂ ਇਨ੍ਹਾਂ ਨੂੰ ਗੁਰੂ ਨਾਨਕ ਤੋਂ ਲੈ ਕੇ ਗੁਰੂ ਅਰਜਨ ਪਾਤਸ਼ਾਹ ਦੇ ਉਪਦੇਸ਼ ਨੇ ਸੁਜਾਗ ਕੀਤਾ ਹੈ। ਉਸ ਦੀ ਆਪਣੀ ਜੁੰਡਲੀ ਸੀ। ਜਹਾਂਗੀਰ ਪੂਰੀ ਤਰ੍ਹਾਂ ਕਾਜ਼ੀਆਂ, ਉਲਮਾਂ, ਕੱਟੜ, ਧਾਰਮਕ ਆਗੂਆਂ ਦੇ ਚੁੰਗਲ ਵਿਚ ਫਸਿਆ ਹੋਇਆ ਸੀ। ਉਹ ਵੀ ਇਨ੍ਹਾਂ ਦੀਆਂ ਗੱਲਾਂ ਸੁਣ ਕੇ ਪੂਰੀ ਤਰ੍ਹਾਂ ਗੁਮਰਾਹ ਹੋਇਆ ਹੋਇਆ ਸੀ। ਉਹ ਤਉਜ਼ਕੇ ਜਹਾਂਗੀਰੀ ਵਿਚ ਆਪਣੀ ਹੀ ਲਿਖਤ ਦੇ ਮੁਤਾਬਿਕ ਗੁਰੂ ਘਰ ਦੇ ਨਾਲ ਪੂਰੀ ਤਰ੍ਹਾਂ ਈਰਖਾ ਕਰਕੇ ਕਹਿੰਦਾ ਸੀ ਕਿ ਝੂਠ ਦੀ, ਕੁਫਰ ਦੀ ਦੁਕਾਨ ਚਲ ਰਹੀ ਹੈ ਮੈਂ ਇਸ ਨੂੰ ਬੰਦ ਕਰਨ ਦਾ ਇਰਾਦਾ ਰਖਦਾ ਹਾਂ।

ਇਸ ਦੇ ਲੜਕੇ ਖੁਸਰੋ ਨੇ ਬਗਾਵਤ ਕਰ ਦਿਤੀ ਅਤੇ ਇਹ ਇਸ ਨੂੰ ਦਬਾਉਣ ਲਈ ਲਾਹੌਰ ਤਕ ਪਹੁੰਚਿਆ। ਇਸ ਨੇ ਖੁਸਰੋ ਦੇ ਹਿਮਾਇਤੀਆਂ ਨੂੰ ਬਹੁਤ ਸਖਤ ਸਜ਼ਾਵਾਂ ਦਿਤੀਆਂ। ਸਜ਼ਾਵਾਂ ਦੇਣ ਤੋਂ ਬਾਦ ਕਾਫੀ ਸਮਾਂ ਇਹ ਲਾਹੌਰ ਰਿਹਾ ਤੇ ਇਸ ਜੁੰਡਲੀ ਦਾ ਦਾਓ ਲਗ ਗਿਆ। ਉਨ੍ਹਾਂ ਨੇ ਕੁਝ ਉਹ ਹਿੰਦੂ ਨਾਲ ਰਲਾਏ ਜਿਹੜੇ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਦੇ ਨਾਲ ਸਹਿਮਤੀ ਨਹੀਂ ਰਖਦੇ ਸਨ, ਉਹ ਕਰਮਕਾਂਡ, ਜਾਤ ਪਾਤ, ਤੀਰਥ ਇਸ਼ਨਾਨ, ਸਰਾਧ ਆਦਿ ਦੇ ਥੋਥੇ ਸਿਧਾਂਤ ਦੇ ਮੰਨਣ ਵਾਲੇ ਅਦ੍ਵੈਤ ਸਿਧਾਂਤਾਂ ਤੋਂ ਪੂਰੀ ਤਰ੍ਹਾਂ ਖਿਝਦੇ ਸਨ ਅਤੇ ਬੁੱਤਪ੍ਰਸਤੀ ਵਿਚ ਲਿਪਤ ਸਨ ਉਨ੍ਹਾਂ ਨੇ ਜਹਾਂਗੀਰ ਪਾਸ ਮਸਲਾ ਬਣਾ ਕੇ ਗੁਰੂ ਮਹਾਰਾਜ ਜੀ ਨੂੰ ਸ਼ਹੀਦ ਕਰਨ ਲਈ ਉਤਸ਼ਾਹਤ ਕੀਤਾ। ਇਨ੍ਹਾਂ ਵਿਚੋਂ ਪ੍ਰਮੁੱਖ ਚੰਦੂ ਖਤਰੀ ਸੀ ਜੋ ਦਿੱਲੀ ਕਿਸੇ ਵੱਡੇ ਅਹੁਦੇ ਤੇ ਲੱਗਿਆ ਹੋਇਆ ਸੀ। ਜਹਾਂਗੀਰ ਪਹਿਲਾਂ ਹੀ ਚਾਹੁੰਦਾ ਸੀ, ਉਸ ਨੂੰ ਬਹਾਨਾ ਮਿਲ ਗਿਆ। ਗੁਰੂ ਪੰਜਵੇਂ ਪਾਤਸ਼ਾਹ ਜੀ ਨੂੰ ਲਾਹੌਰ ਬੁਲਾਇਆ ਗਿਆ, ਪ੍ਰਤੱਖ ਰੂਪ ਵਿਚ ਉਹ ਕੋਈ ਵੀ ਦੋਸ਼ ਆਰੋਪਣ ਨਾ ਕਰ ਸਕਿਆ ਕਿਉਂਕਿ ਗੁਰਸਿੱਖੀ ਦਾ ਸਿਧਾਂਤ ਸਦਾ ਹੀ ਸਰਬੱਤ ਦਾ ਭਲਾ ਮੰਗਦਾ ਹੈ, ਉਹ ਰਾਜਿਆਂ ਨੂੰ ਸਦਾ ਹੀ ਸੱਚ ਦਾ ਰਾਜ ਕਰਨ ਦਾ ਉਪਦੇਸ਼ ਦਿੰਦਾ ਹੈ। ਸਦਾ ਹੀ ਦਿਲੋਂ ਸਵੇਰੇ ਸ਼ਾਮ ਅਰਦਾਸ ਕਰਦਾ ਹੈ –

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਗੁਰਸਿਖਾਂ ਵਿਚ ਦ੍ਵੈਤ ਭਾਵਨਾ ਦਾ ਪੂਰੀ ਤਰ੍ਹਾਂ ਅਭਾਵ ਸੀ ਉਹ ਜਿਥੇ ਹਿੰਦੂਆਂ ਨੂੰ ਪਿਆਰ ਕਰਦੇ ਸਨ, ਉਹ ਇਸਲਾਮ ਦੇ ਧਾਰਨੀਆਂ ਨੂੰ ਵੀ ਪੂਰਾ ਪਿਆਰ ਕਰਦੇ ਸਨ। ਕੇਵਲ ਪਿਆਰ ਹੀ ਨਹੀਂ ਕਰਦੇ ਸਨ, ਸਤਿਕਾਰ ਵੀ ਪੂਰਾ ਦਿੰਦੇ ਸਨ। ਇਸ ਦਾ ਸਬੂਤ ਇਹ ਹੈ ਕਿ ਜਦੋਂ ਹਰਿਮੰਦਰ ਸਾਹਿਬ ਦੀ ਬੁਨਿਆਦ ਰੱਖੀ ਗਈ ਤਾਂ ਗੁਰੂ ਮਹਾਰਾਜ ਜੀ ਨੇ ਅਨੇਕਾਂ ਉਚ ਕੋਟੀ ਦੇ ਬ੍ਰਹਮਗਿਆਨੀ ਗੁਰਸਿਖਾਂ ਦੇ ਹੁੰਦਿਆਂ ਮੀਆਂ ਮੀਰ ਦੀ ਰੂਹਾਨੀ ਉਚਤਾ ਨੂੰ ਤਕਦਿਆਂ ਉਸ ਦੇ ਹੱਥੋਂ ਬੁਨਿਆਦ ਰਖਾਈ ਗਈ। ਇਹ ਧਾਰਮਕ ਰਵਾਦਾਰੀ ਦਾ ਮਹਾਨ ਉਚਾ ਕਰਿਸ਼ਮਾ ਸੀ। ਗੁਰਮਤਿ ਵਿਚ ਅਦ੍ਵੈਤ ਸਿਧਾਂਤ ਪ੍ਰਤੱਖ ਰੂਪ ਵਿਚ ਹੈ ਕਿਉਂਕਿ ਗੁਰਮਤਿ ਅਨੁਸਾਰ ਇਹ ਸਾਰਾ ਸੰਸਾਰ ਵਾਹਿਗੁਰੂ ਦਾ ਹੀ ਰੂਪ ਹੈ, ਵਾਹਿਗੁਰੂ ਜੀ ਆਪ ਇਕ ਤੋਂ ਅਨੇਕ ਹੋਏ ਹੋਏ ਹਨ, ਸੁਖਮਨੀ ਸਾਹਿਬ ਵਿਚ ਫੁਰਮਾਨ ਹੈ –

***ਪਾਰਬ੍ਰਹਮ ਕੇ ਸਗਲੇ ਠਾਉ॥***
***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥***
***ਆਪੇ ਕਰਨ ਕਰਾਵਨ ਜੋਗੁ॥***
***ਪ੍ਰਭ ਭਾਵੈ ਸੋਈ ਫੁਨਿ ਹੋਗੁ॥***
***ਪਸਰਿਓ ਆਪਿ ਹੋਇ ਅਨਤ ਤਰੰਗ॥***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥***
***ਜੈਸੀ ਮਤਿ ਦੇਇ ਤੈਸਾ ਪਰਗਾਸ॥***
***ਪਾਰਬ੍ਰਹਮੁ ਕਰਤਾ ਅਬਿਨਾਸ॥***
***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥*** *ਪੰਨਾ - 275*

ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ –

***ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***ਜਾਪੁ ਸਾਹਿਬ***

ਇਸ ਸਿਧਾਂਤ ਦੇ ਹੁੰਦਿਆਂ ਨਾ ਕਿਸੇ ਨਾਲ ਈਰਖਾ ਹੋ ਸਕਦੀ ਹੈ, ਨਾ ਨਫਰਤ ਹੋ ਸਕਦੀ ਹੈ। ਇਸੇ ਸਿਧਾਂਤ ਨੂੰ ਪ੍ਰਤੱਖ ਰੂਪ ਵਿਚ ਓਦੋਂ ਪ੍ਰਵਾਨਗੀ ਮਿਲੀ ਜਦੋਂ ਭਾਈ ਘਨਈਆ ਬਿਨਾਂ ਵਿਤਕਰੇ ਤੋਂ ਯੁੱਧ ਵਿਚ ਗੁਥਮ-ਗੁਥਾ ਹੋਈਆਂ ਫੌਜਾਂ ਨੂੰ ਬ੍ਰਹਮ ਦ੍ਰਿਸ਼ਟੀ ਧਾਰਨ ਕਰਕੇ ਜਲ ਪਿਲਾ ਰਿਹਾ ਸੀ। ਜਦੋਂ ਗੁਰੂ ਮਹਾਰਾਜ ਜੀ ਪਾਸ ਨਾ ਸਮਝਣ ਵਾਲਿਆਂ ਨੇ ਸ਼ਕਾਇਤ ਕੀਤੀ ਤਾਂ ਮਹਾਰਾਜ ਜੀ ਨੇ ਪੁਛਿਆ ਕਿ ਘਨਈਆ! ਤੂੰ ਦੁਸ਼ਮਣਾਂ ਨੂੰ ਪਾਣੀ ਪਿਲਾ ਰਿਹਾ ਸੀ? ਤਾਂ ਉਸ ਨੇ ਕਿਹਾ, ‘‘ਸੱਚੇ ਪਾਤਸ਼ਾਹ! ਕੋਈ ਸਮਾਂ ਸੀ, ਮੈਂ ਘੂਕ ਨੀਂਦ ਵਿਚ ਸੁੱਤਾ ਪਿਆ ਸੀ ਉਸ ਵੇਲੇ ਮੈਨੂੰ ਦੁਸ਼ਮਣ ਤੇ ਮਿਤਰ ਦੀ ਸੋਝੀ ਸੀ, ਪਰ ਜਦੋਂ ਤੂੰ ਮੇਰੇ ਨੇਤਰਾਂ ਵਿਚ ਗਿਆਨ ਦਾ ਸੁਰਮਾ ਪਾ ਦਿਤਾ ਉਸ ਵੇਲੇ ਤੋਂ ਮੈਨੂੰ ਤੇਰੇ ਤੋਂ ਬਗੈਰ ਹੋਰ ਕੋਈ ਨਜ਼ਰ ਹੀ ਨਹੀਂ ਆ ਰਿਹਾ” –

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***
*ਪੰਨਾ - 293*

ਇਸ ਘਟਨਾ ਦਾ ਹੋਰ ਵਿਸਥਾਰ ਕਰਦੇ ਹੋਏ ਭਾਈ ਵੀਰ ਸਿੰਘ ਜੀ ਦਸ਼ਮੇਸ਼ ਪ੍ਰਕਾਸ਼ ਵਿਚ ਅੰਕਤ ਕਰਦੇ ਹਨ –

***‘‘ਤੈਨੂੰ ਪਿਆ ਪਿਲਾਵਾਂ ਪਾਣੀ, ਸਿਰ ਮੇਰੇ ਦੇ ਸਾਈਂ***
***‘‘ਤੁਰਕ ਅਤੁਰਕ ਨ ਦਿਸਦਾ ਮੈਨੂੰ, ਤੂੰ ਸਾਰੇ ਦਿਸ ਆਈਂ।***
***‘‘ਪਿਆਰੇ ਦੇ ਇਕ ਪਿਆਰ ਪਰੋਤਾ, ਉਸ ਦੀ ਸੇਵਾ ਕਰਾਵਾਂ;***
***‘‘ਉਸ ਨੂੰ ਦੇਖਾਂ, ਉਸ ਨੂੰ ਸੇਵਾਂ, ਪਾਣੀ ਉਨੂੰ ਪਿਲਾਵਾਂ।’’***
***ਹੱਸੇ ਤੇ ਗਲ ਲਾਇਆ ਪਜਾਰਾ, ਡੱਬੀ ਹੱਥ ਫੜਾਈ :-***

*"ਪਾਣੀ ਨਾਲ ਮਲ੍ਹਮ ਬੀ ਰੱਖੀਂ, ਲੋੜ ਪਈ ਤੇ ਲਾਈਂ"*
*(ਕਲਗੀਧਰ ਚਮਤਕਾਰ) ਪੰਨਾ - 746*

ਉਸ ਸਮੇਂ ਗੁਰੂ ਦਸ਼ਮੇਸ਼ ਪਿਤਾ ਜੀ ਭਾਵੇਂ ਇਕ ਮਹਾਨ ਯੁੱਧ ਵਿਚ ਕ੍ਰਿਆਸ਼ੀਲ ਸਨ। ਭਾਵੇਂ ਆਪ ਆਕਰਮਣਕਾਰੀਆਂ ਉਪਰ ਆਪਣੇ ਬਾਣਾਂ ਦੀ ਬੁਛਾੜ ਕਰ ਰਹੇ ਸਨ, ਜਿਸ ਨੂੰ ਆਪ ਹੁਕਮ ਦੀ ਕ੍ਰਿਆ ਦੇ ਅਧੀਨ ਸਮਝ ਰਹੇ ਸਨ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਸ ਸਮੇਂ ਭਾਈ ਘਨਈਆ ਨੂੰ ਬੁੱਕਲ ਵਿਚ ਲੈ ਲਿਆ ਅਤੇ ਕਿਹਾ ਭਾਈ ਘਨਈਆ! ਨਿਹਾਲ-ਨਿਹਾਲ-ਨਿਹਾਲ। ਤੂੰ ਗੁਰਮਤਿ ਦਾ ਸਿਧਾਂਤ -

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ - 1*

ਨੂੰ ਪੂਰਨ ਰੂਪ ਵਿਚ ਆਪਣੇ ਜੀਵਨ ਵਿਚ ਪ੍ਰਤੱਖ ਕਰ ਲਿਆ। ਘਨਈਆ! ਜਿਸ ਨੇ ਸਰਬ ਵਿਚ ਪ੍ਰਮੇਸ਼ਰ ਦੇ ਦਰਸ਼ਨ ਕਰ ਲਏ ਉਸ ਵਿਚੋਂ ਆਪਾ ਭਾਵ ਪੂਰੀ ਤਰ੍ਹਾਂ ਨਾਲ ਲੁਪਤ ਹੋ ਜਾਇਆ ਕਰਦਾ ਹੈ। ਸੋ ਤੂੰ ਮੇਰਾ ਹੀ ਰੂਪ ਹੈਂ ਜਿਵੇਂ ਕਿ-

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ।*
*ਪ੍ਰਭ ਮਹਿ ਮੋ ਮੈ ਤਾਸ ਮਹਿ ਰੰਚਕ ਨਾਹਨ ਭੇਵ।*
*ਸਰਬ ਲੋਹ ਗ੍ਰੰਥ ਵਿਚੋਂ*

ਉਸ ਸਮੇਂ ਗੁਰੂ ਮਹਾਰਾਜ ਜੀ ਨੇ ਆਦੇਸ਼ ਦਿਤਾ ਕਿ ਘਨਈਆ! ਤੂੰ ਹੁਣ ਮੇਰੇ ਜ਼ਖਮ ਵੀ ਸਾਫ ਕਰਿਆ ਕਰ, ਉਨ੍ਹਾਂ ਵਿਚ ਮਲ੍ਹਮ ਭਰ ਕੇ ਫੱਟ ਬੰਨ੍ਹਿਆ ਕਰ, ਪਾਣੀ ਤੂੰ ਪਿਲਾਉਂਦਾ ਹੀ ਹੈਂ। ਇਹ ਕਹਿ ਕੇ ਗੁਰੂ ਮਹਾਰਾਜ ਜੀ ਨੇ ਮਲ੍ਹਮ ਦਾ ਡੱਬਾ ਤੇ ਪੱਟੀਆਂ ਆਪਣੇ ਦਸਤੇ ਮੁਬਾਰਕ ਨਾਲ ਫੜਾਈਆਂ।

ਕਿੰਨਾ ਉਚਾ ਸਿਧਾਂਤ ਹੈ ਗੁਰਸਿੱਖੀ ਦਾ ਇਸ ਦੀ ਕਿਸੇ ਨਾਲ ਕੀ ਨਫਰਤ ਹੋ ਸਕਦੀ ਹੈ। ਗੁਰਸਿੱਖ ਜਿੰਨਾਂ ਆਦਰ ਗੁਰਦੁਆਰੇ ਦਾ ਕਰਦਾ ਹੈ ਉਨਾਂ ਹੀ ਮੰਦਰ ਤੇ ਮਸਜਿਦ ਦਾ ਕਰਦਾ ਹੈ ਕਿਉਂਕਿ ਇਹ ਦੋਵੇਂ ਪ੍ਰਭੂ ਦੀ ਯਾਦ ਵਿਚ ਜੁੜਨ ਵਾਲੇ ਥਾਂ ਹਨ। ਵਾਹਿਗੁਰੂ ਇਕੋ ਹੀ ਹੈ ਬੰਦੇ ਅਨੇਕ ਹਨ (ਇਸ ਲੇਖ ਦੇ ਲੇਖਕ ਨੂੰ ਫਰਵਰੀ 98 ਵਿਚ ਚਾਹੜਮਾਜਰੇ ਦੇ ਮੁਸਲਮਾਨਾਂ ਲਈ ਮਸਜਿਦ, ਜਿਸ ਦੀ ਬੁਨਿਆਦ ਭੀ ਆਪ ਹੀ ਰੱਖੀ ਸੀ, ਬਣਾ ਕੇ ਦਿਤੀ ਹੈ) ਖਾਲਸਾ ਆਦਰਸ਼ ਸੰਸਾਰ ਦਾ ਸਾਂਝਾ ਹੈ। ਗੁਰਸਿੱਖ ਦੇ ਮਨ ਵਿਚ ਸਭ ਧਰਮਾਂ ਅਸਥਾਨਾਂ ਦਾ ਸਤਿਕਾਰ ਹੈ। ਬੰਦਿਆਂ ਦੇ ਉਪਰ ਹਾਲਾਤ ਦੇ ਮੁਤਾਬਿਕ ਪ੍ਰਭਾਵ ਪੈਂਦਾ ਹੈ -

*ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ,*
*ਕੋਈ ਬ੍ਰਹਮਚਾਰੀ, ਕੋਊ ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸ਼ਾਫੀ,*
*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*
*ਕਰਤਾ ਕਰੀਮ ਸੋਈ, ਰਾਜਕ ਰਹੀਮ ਓਈ,*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,*
*ਏਕ ਹੀ ਸਰੂਪ, ਸਬੈ ਏਕੈ ਜੋਤ ਜਾਨਬੋ॥*
*ਅਕਾਲ ਉਸਤਤਿ*

*ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ, ਗੰਧ੍ਰਬ ਤੁਰਕ ਹਿੰਦੂ,*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ,*
*ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,*
*ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ॥*
*ਅਕਾਲ ਉਸਤਤਿ*

ਸੋ ਗੁਰੂ ਪੰਜਵੇਂ ਪਾਤਸ਼ਾਹ ਜੀ ਉਪਰ ਜਹਾਂਗੀਰ ਨੇ ਤੁਅਸਬ ਨਾਲ ਅੰਨ੍ਹੀਆਂ ਹੋਈਆਂ ਅੱਖਾਂ ਅਤੇ ਅੰਨ੍ਹੀ ਹੋਈ ਮਤ ਅਤੇ ਹਨ੍ਹੇਰ ਘੁੱਪ ਵਿਚ ਪਈ ਚੇਤਨਤਾ ਦੇ ਅਧੀਨ ਹੋ ਕੇ ਲਾਹੌਰ ਬੁਲਾ ਕੇ ਸਖਤ ਸਜ਼ਾਵਾਂ ਦੇਣ ਦਾ ਹੁਕਮ ਦੇ ਦਿਤਾ ਜਿਸ ਕਰਕੇ ਆਪ ਜੀ ਨੂੰ ਅਤਿ ਦੀ ਗਰਮੀ ਵਿਚ ਧੁੱਪੇ ਖੜ੍ਹਾ ਰੱਖਿਆ ਗਿਆ, ਉਬਲਦੀ ਦੇਗ ਵਿਚ ਉਬਾਲਿਆ ਗਿਆ ਅਤੇ ਫੇਰ ਲਾਲ ਹੋਈ-ਹੋਈ ਤਵੀ ਉਪਰ ਹੇਠਾਂ ਅੱਗ ਜਾਲ ਕੇ ਬਿਠਾਇਆ ਗਿਆ ਅਤੇ ਇਥੇ ਹੀ ਬਸ ਨਹੀਂ ਆਪ ਜੀ ਦੇ ਸੀਸ ਵਿਚ ਅੱਗ ਵਰਗਾ ਗਰਮ ਕੀਤਾ ਰੇਤਾ ਪਾਇਆ ਗਿਆ। ਹੇਠਾਂ ਲੋਹ ਤਪ ਰਹੀ ਸੀ ਉਤੇ ਓਨਾਂ ਹੀ ਗਰਮ ਰੇਤਾ ਪਾਇਆ ਜਾ ਰਿਹਾ ਸੀ। ਸਾਰਾ ਸਰੀਰ ਲੂਹਿਆ ਗਿਆ। ਕਈ ਸਿਆਣੇ ਤਾਂ ਲਿਖਦੇ ਹਨ ਕਿ ਆਪ ਨੂੰ ਦਰਿਆ ਰਾਵੀ ਵਿਚ ਲਿਜਾ ਕੇ ਸ਼ਹੀਦ ਕੀਤਾ ਗਿਆ ਕਿਵੇਂ ਵੀ ਹੋਵੇ ਪਰ ਗੁਰੂ ਮਹਾਰਾਜ ਜੀ ਨੇ ਰਾਵੀ ਦੇ ਕੰਢੇ ਆਪਣਾ ਸਰੀਰ ਤੱਤਾਂ ਵਿਚ ਤੱਤ ਮਿਲਾ ਕੇ, ਗਾਇਬ ਕਰ ਦਿਤਾ। ਆਪ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਦੇ ਹਿਰਦੇ ਵਿਚ ਗੁਰੂ ਨਾਨਕ ਹੁੰਦੇ ਹੋਏ ਛੇਵੀਂ ਜੋਤ ਦੇ ਰੂਪ ਵਿਚ ਪ੍ਰਵੇਸ਼ ਕਰ ਗਏ।

ਇਸ ਵਿਚ ਕਈ ਤਰ੍ਹਾਂ ਦੇ ਖਿਆਲ ਮਨ ਵਿਚ ਆਉਂਦੇ ਹਨ ਕਿ ਗੁਰੂ ਮਹਾਰਾਜ ਜੀ ਨੇ ਰੂਹਾਨੀ ਸ਼ਕਤੀ ਦਾ ਪ੍ਰਯੋਗ ਕਿਉਂ ਨਾ ਕੀਤਾ, ਇਸ ਗੱਲ ਦਾ ਉਤਰ ਆਪ ਨੇ ਸੁਖਮਨੀ ਸਾਹਿਬ ਵਿਚ ਲਿਖਤੀ ਰੂਪ ਵਿਚ ਵੀ ਦਿਤਾ ਹੋਇਆ ਹੈ -

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥*
*ਪੰਨਾ - 272*

ਆਪ ਨੇ ਇਹ ਵੀ ਫੁਰਮਾਇਆ ਹੈ -

*ਬ੍ਰਹਮਗਿਆਨੀ ਕੈ ਧੀਰਜੁ ਏਕ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥*
*ਪੰਨਾ - 272*

ਮੀਆਂ ਮੀਰ ਇਸ ਦ੍ਰਿਸ਼ ਨੂੰ ਦੇਖ ਕੇ ਬਹੁਤ ਹੀ ਉਤੇਜਿਤ ਹੋ ਗਏ। ਉਨ੍ਹਾਂ ਨੇ ਕਿਹਾ ਕਿ ਮਹਾਰਾਜ! ਆਪ ਸ਼ਕਤੀ ਕਿਉਂ ਨਹੀਂ ਦਿਖਾ ਰਹੇ, ਜੇ ਮੈਨੂੰ ਆਗਿਆ ਦੇਵੋਂ ਤਾਂ ਮੈਂ ਇਨ੍ਹਾਂ ਨੂੰ ਫਿਨਾਹ ਕਰ ਦੇਵਾਂ। ਗੁਰੂ ਮਹਾਰਾਜ ਜੀ ਨੇ ਕਿਹਾ ਮੀਆ ਮੀਰ! ਤੂੰ ਕਿਸੇ ਸਮੇਂ ਸਾਡੇ ਪਾਸੋਂ ਬ੍ਰਹਮਗਿਆਨੀ ਦੇ ਅਰਥ ਪੁਛੇ ਸਨ, ਅਸੀਂ ਤਾਂ ਤੈਨੂੰ ਪ੍ਰਤੱਖ ਰੂਪ ਵਿਚ ਉਸ ਦਾ ਉਤਰ ਦੇ ਰਹੇ ਹਾਂ, ਤੂੰ ਹੀ ਦਸ ਜਦੋਂ ਹਰ ਤਰਫ ਇਕੋ ਖੁਦਾ ਹੈ ਉਸ ਨੇ ਅਨੇਕਾਂ ਰੂਪ ਧਾਰੇ ਹੋਏ ਹਨ, ਕਿਤੇ ਉਹ ਜ਼ਾਲਮ ਬਣ ਕੇ ਜ਼ੁਲਮ ਕਰ ਰਿਹਾ ਹੈ, ਕਿਤੇ ਉਹ ਇਸ ਜ਼ੁਲਮ ਨੂੰ ਸਹਿਣ ਵਾਲਾ ਹੋ ਰਿਹਾ ਹੈ। ਦੱਸ, ਇਥੇ ਪ੍ਰਭੂ ਤੋਂ ਬਗੈਰ ਹੋਰ ਵੀ ਕੋਈ

ਹੈ ਜਿਸ ਨੂੰ ਅਸੀਂ ਸਰਾਪ ਦੇਈਏ। ਇਹ ਮਹਾਨ ਸਹਿਨਸ਼ੀਲਤਾ ਤੇ ਪੂਰਨ ਗਿਆਨ ਦੀ ਅਉਧੀ ਹੈ। ਕਿਸ ਦੀ ਤਾਕਤ ਸੀ ਕਿ ਗੁਰੂ ਪੰਜਵੇਂ ਪਾਤਸ਼ਾਹ ਨੂੰ ਤਵੀਆਂ ਤੇ ਬਿਠਾ ਸਕਦਾ, ਉਨ੍ਹਾਂ ਨੂੰ ਕੋਈ ਕੈਦ ਰੱਖ ਸਕਦਾ। ਉਨ੍ਹਾਂ ਨੇ ਤਾਂ ਇਕ ਮਹਾਨ ਉਚਾ ਆਦਰਸ਼ ਸਾਨੂੰ ਸਮਝਾਇਆ ਹੈ ਜਿਸ ਨੂੰ ਭਾਣੇ ਦਾ ਆਦਰਸ਼ ਆਖਿਆ। ਆਪ ਨੇ ਫੁਰਮਾਨ ਕੀਤਾ ਹੈ –

*ਹਰਿ ਕਾ ਨਾਮੁ ਰਿਦੈ ਨਿਤ ਧਿਆਈ॥*
*ਸੰਗੀ ਸਾਥੀ ਸਗਲ ਤਰਾਂਈ॥*
*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥*
*ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥*
*ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ ਪੰਨਾ - 394*

ਆਪ ਦਾ ਹੀ ਫੁਰਮਾਨ ਹੈ –

*ਜੋ ਕਿਛੁ ਵਰਤੈ ਸਭ ਤੇਰਾ ਭਾਣਾ॥*
*ਹੁਕਮੁ ਬੂਝੈ ਸੋ ਸਚਿ ਸਮਾਣਾ॥ ਪੰਨਾ - 193*

ਜੋ ਕੁਝ ਸੰਸਾਰ ਉਪਰ ਹੋ ਰਿਹਾ ਹੈ ਵਾਹਿਗੁਰੂ ਜੀ ਦੀ ਆਪਣੀ ਹੀ ਖੇਡ ਹੈ ਜਿਸ ਨੇ ਉਸ ਹੁਕਮ ਨੂੰ ਬੁੱਝ ਲਿਆ ਉਹ ਪ੍ਰਭੂ ਵਿਚ ਸਮਾਅ ਜਾਂਦਾ ਹੈ।

ਗੁਰੂ ਦਸ਼ਮੇਸ਼ ਪਿਤਾ ਨੇ ਜਿਸ ਸਮੇਂ ਪੀਰ ਬੁੱਧੂਸ਼ਾਹ ਨੂੰ ਸੱਚੀ ਰੂਹ ਬਾਰੇ ਪ੍ਰਤੱਖ ਰੂਪ ਵਿਚ ਜਾਣੂ ਕਰਾਇਆ ਤਾਂ ਉਸ ਦੇ ਅਨੁਭਵ ਵਿਚ ਮਹਾਨ ਪ੍ਰਕਾਸ਼ ਹੋ ਗਿਆ। ਉਸ ਨੇ ਦੇਖਿਆ ਕਿ ਇਹ ਸੰਸਾਰ ਪ੍ਰਭੂ ਦੀ ਹੀ ਖੇਲ੍ਹ ਹੈ। ਉਸ ਵੇਲੇ ਉਸ ਨੇ ਗੁਰੂ ਦਸ਼ਮੇਸ਼ ਪਿਤਾ ਉਪਰ ਪ੍ਰਸ਼ਨ ਕੀਤਾ ਕਿ ਸੱਚੇ ਪਾਤਸ਼ਾਹ! ਇਹ ਤੁਹਾਡਾ ਕਿਲੇ ਰਚਣਾ, ਫੌਜਾਂ ਨੂੰ ਯੁੱਧ ਦੀ ਸਿਖਲਾਈ ਦੇਣਾ, ਇਹ ਕ੍ਰਿਆ ਕੀ ਹੈ? ਕਿਉਂਕਿ ਆਪ ਨੇ ਮੈਨੂੰ ਫੁਰਮਾਨ ਕੀਤਾ ਹੈ ਕਿ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*
*ਪੰਨਾ - 1*

ਤੁਹਾਡੀ ਕ੍ਰਿਆ ਕੀ ਹੋਈ? ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕਿਹਾ, "ਪੀਰ ਜੀ! ਅਸੀਂ ਕੁਝ ਵੀ ਨਹੀਂ ਕਰ ਰਹੇ ਅਤੇ ਨਾ ਹੀ ਸਾਡੇ ਅੰਦਰ ਕੋਈ ਫੁਰਨਾ ਹੈ, ਜੋ ਕੁਝ ਹੋ ਰਿਹਾ ਹੈ ਇਹ ਸਭ ਹੁਕਮ ਦੀ ਖੇਡ ਹੋ ਰਹੀ ਹੈ, ਹੁਕਮ ਵਿਚ ਹੀ ਸਸ਼ਤਰ ਘੜੇ ਜਾ ਰਹੇ ਹਨ, ਹੁਕਮ ਵਿਚ ਹੀ ਕਿਲੇ ਬਣ ਰਹੇ ਹਨ, ਹੁਕਮ ਵਿਚ ਹੀ ਯੁੱਧ ਵਿਦਿਆ ਦੀ ਸਿਖਿਆ ਦਿਤੀ ਜਾ ਰਹੀ ਹੈ, ਹੁਕਮ ਵਿਚ ਹੀ ਯੁੱਧ ਲੜੇ ਜਾ ਰਹੇ ਹਨ। ਹੁਕਮ ਦੀ ਪਛਾਣ ਹੋਣੀ ਚਾਹੀਦੀ ਹੈ, ਇਕ ਤਾਂ ਆਪਣੀ ਮਤ ਹੋਇਆ ਕਰਦੀ ਹੈ ਜੋ ਹਉਮੈ ਦੇ ਮੰਡਲ ਵਿਚ ਰਹਿਣ ਵਾਲੇ ਦੇ ਅੰਦਰ ਹੁੰਦੀ ਹੈ। ਦੂਸਰੀ ਹਉਮੈ ਤੋਂ ਰਹਿਤ ਜੋ ਵਾਹਿਗੁਰੂ ਵਿਚ ਅਭੇਦ ਹੋ ਗਈ ਹੈ ਉਸ ਦੀ ਅਵਸਥਾ ਹੋਇਆ ਕਰਦੀ ਹੈ। ਵਰਤ ਹਰ ਥਾਂ ਉਪਰ ਹੁਕਮ ਹੀ ਰਿਹਾ ਹੈ ਪਰ ਹਉਮੈ ਦੇ ਅਧੀਨ ਹੋਇਆ ਬੰਦਾ ਇਹ ਕਹਿੰਦਾ ਹੈ ਕਿ ਮੈਂ ਕਰਦਾ ਹਾਂ ਜੇ ਮੈਂ ਇਹ ਗੱਲ ਨਾ ਕਰਦਾ ਤਾਂ ਬੜਾ ਭਾਰੀ ਨੁਕਸਾਨ ਹੋ ਜਾਣਾ ਸੀ, ਮੈਂ ਹੀ ਪ੍ਰਚਾਰ ਕਰਕੇ ਲੋਕਾਂ ਨੂੰ ਰੱਬ ਦੇ ਰਾਹ ਪਾ ਰਿਹਾ ਹੈ। ਜਿਸਦੇ ਨੇਤਰ ਖੁਲ੍ਹੇ ਹਨ ਉਹ ਹੁਕਮ ਦੀ ਪਛਾਣ ਕਰਦਾ ਹੈ ਉਹ ਪ੍ਰਤੱਖ ਰੂਪ ਵਿਚ ਦੇਖਦਾ ਹੈ ਕਿ ਸਾਰੀ ਖੇਲ੍ਹ ਪ੍ਰਮੇਸ਼ਰ ਆਪ ਹੀ ਕਰ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਐਸੇ ਵਾਕ ਆਉਂਦੇ ਹਨ –

*ਬਾਜੀਗਰਿ ਜੈਸੇ ਬਾਜੀ ਪਾਈ॥*
*ਨਾਨਾ ਰੂਪ ਭੇਖ ਦਿਖਲਾਈ॥*
*ਸਾਂਗੁ ਉਤਾਰਿ ਥੰਮਿਓ ਪਾਸਾਰਾ॥*
*ਤਬ ਏਕੋ ਏਕੰਕਾਰਾ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ॥*
*ਕਤਹਿ ਗਇਓ ਉਹੁ ਕਤ ਤੇ ਆਇਓ॥*
*ਜਲ ਤੇ ਊਠਹਿ ਅਨਿਕ ਤਰੰਗਾ॥*
*ਕਨਿਕ ਭੂਖਨ ਕੀਨੇ ਬਹੁ ਰੰਗਾ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥*
*ਫਲ ਪਾਕੇ ਤੇ ਏਕੰਕਾਰਾ॥*
*ਸਹਸ ਘਟਾ ਮਹਿ ਏਕੁ ਆਕਾਸੁ॥*
*ਘਟ ਫੂਟੇ ਤੇ ਓਹੀ ਪ੍ਰਗਾਸੁ॥*
*ਭਰਮ ਲੋਭ ਮੋਹ ਮਾਇਆ ਵਿਕਾਰ॥*
*ਭ੍ਰਮ ਛੂਟੇ ਤੇ ਏਕੰਕਾਰ॥*
*ਓਹੁ ਅਬਿਨਾਸੀ ਬਿਨਸਤ ਨਾਹੀ॥*
*ਨਾ ਕੋ ਆਵੈ ਨਾ ਕੋ ਜਾਹੀ॥*
*ਗੁਰਿ ਪੂਰੈ ਹਉਮੈ ਮਲੁ ਧੋਈ॥*
*ਕਹੁ ਨਾਨਕ ਮੇਰੀ ਪਰਮ ਗਤਿ ਹੋਈ॥ ਪੰਨਾ - 736*

ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ॥*
*ਜੋ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ॥*
*ਪੰਨਾ - 432*

ਅਤੇ ਹੋਰ ਥਾਂ ਫੁਰਮਾਨ ਕਰਦੇ ਹਨ –

*ਭਾਣੈ ਉਝੜ ਭਾਣੈ ਰਾਹਾ॥*
*ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ॥*
*ਭਾਣੈ ਭਰਮਿ ਭਵੈ ਬਹੁ ਜੂਨੀ*
*ਸਭ ਕਿਛੁ ਤਿਸੈ ਰਜਾਈ ਜੀਉ॥*
*ਨਾ ਕੋ ਮੂਰਖੁ ਨਾ ਕੋ ਸਿਆਣਾ॥*
*ਵਰਤੈ ਸਭ ਕਿਛੁ ਤੇਰਾ ਭਾਣਾ॥*
*ਅਗਮ ਅਗੋਚਰ ਬੇਅੰਤ ਅਥਾਹਾ*
*ਤੇਰੀ ਕੀਮਤਿ ਕਹਣੁ ਨ ਜਾਈ ਜੀਉ॥ ਪੰਨਾ - 98*

ਭਾਣੇ ਵਿਚ ਹੀ ਤਖਤਾਂ ਦੀ ਪ੍ਰਾਪਤੀ ਹੈ, ਭਾਣੇ ਵਿਚ ਹੀ ਭੀਖ ਮੰਗਣੀ ਤੇ ਉਦਾਸੀ ਵਿਚ ਪ੍ਰਵਿਰਤ ਹੋਣਾ ਹੈ। ਐਨਾ ਸਮਰੱਥ ਹੈ ਵਾਹਿਗੁਰੂ ਜੀ ਕਿ ਆਪ ਹੀ ਇਕ ਤੋਂ ਅਨੇਕ ਰੂਪ ਹੋ ਕੇ ਪ੍ਰਤੱਖ ਰੂਪ ਵਿਚ ਆਪਣੀ ਖੇਲ੍ਹ ਵਿਚ ਵਰਤ ਰਿਹਾ ਹੈ, ਸੋ ਪੂਰਨ ਗਿਆਨ ਉਸ ਸਮੇਂ ਉਦੈ ਹੁੰਦਾ ਹੈ ਜਦੋਂ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*
*ਪੰਨਾ - 1*

ਪ੍ਰਤੱਖ ਰੂਪ ਵਿਚ ਸਮਝ ਵਿਚ ਆ ਜਾਵੇ। ਗੁਰੂ ਪੰਜਵੇਂ ਪਾਤਸ਼ਾਹ ਲਿਖਦੇ ਹਨ –

*ਜੋ ਤੁਧੁ ਕਰਣਾ ਸੋ ਕਰਿ ਪਾਇਆ॥*
*ਭਾਣੇ ਵਿਚਿ ਕੋ ਵਿਰਲਾ ਆਇਆ॥*
*ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥*

(ਬਾਕੀ ਪੰਨਾ 39 ਤੇ)

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ - 68)*

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥***
***ਪੰਨਾ - 544***

ਇਸੇ ਤਰ੍ਹਾਂ ਨਾਲ ਗੁਰ ਇਤਿਹਾਸ ਵਿਚ ਇਕ ਬਹੁਤ ਹੀ ਸੁੰਦਰ ਜ਼ਿਕਰ ਆਉਂਦਾ ਹੈ ਕਿ ਗਜ਼ਨੀ ਦੇ ਨਵਾਬ ਦਾ ਅੰਗਰਕਸ਼ਕ ਜਰਨੈਲ ਜਿਸ ਉਪਰ ਉਹ ਬਹੁਤ ਹੀ ਵਿਸ਼ਵਾਸ਼ ਕਰਿਆ ਕਰਦਾ ਸੀ, ਉਸ ਦਾ ਨਾਮ ਭਾਈ ਤਿਲੋਕਾ ਸੀ। ਭਾਈ ਤਿਲੋਕਾ ਜੀ ਸੰਗਤ ਸਮੇਤ ਗੁਰੂ ਦਰਬਾਰ ਵਿਚ ਅੰਮ੍ਰਿਤਸਰ ਹਾਜ਼ਰ ਹੁੰਦੇ ਹਨ। ਗੁਰੂ ਮਹਾਰਾਜ ਜੀ ਤੋਂ ਰੂਹਾਨੀ ਸੇਧ ਲੈ ਕੇ ਵਾਪਸ ਘਾਲਣਾ ਲਈ ਗਜ਼ਨੀ ਆ ਗਏ। ਗੁਰੂ ਮਹਾਰਾਰਜ ਜੀ ਨੇ ਫੁਰਮਾਨ ਕੀਤਾ ਸੀ ਕਿ ਭਾਈ ਤਿਲੋਕਾ ਕਿਸੇ ਜੀਵ ਨੂੰ ਅਕਾਰਨ ਦੁੱਖ ਨਹੀਂ ਦੇਣਾ, ਇਹ ਜੀਵ ਜੰਤ ਸਭ ਪ੍ਰਮੇਸ਼ਰ ਦੇ ਹਨ, ਅਕਾਰਨ ਹੀ ਇਨ੍ਹਾਂ ਜੀਵਾਂ ਨੂੰ ਮਾਰ ਕੇ ਜੀਭ ਦੇ ਸੁਆਦ ਲਈ ਖਾ ਲੈਣਾ ਗੁਰਮਤਿ ਦੇ ਅਸੂਲਾਂ ਦੇ ਮੁਤਾਬਿਕ ਨਹੀਂ ਹੈ। ਸ਼ਿਕਾਰ ਖੇਲ੍ਹ ਕੇ ਮਾਸ ਖਾਣੇ, ਇਹ ਅੱਛੇ ਕਰਮ ਨਹੀਂ ਹਨ, ਜੀਵ ਹਉਂ ਧਾਰ ਕੇ ਕਰਮ ਕਰਦਾ ਹੈ, ਇਸ ਕਰਕੇ ਉਸ ਨੂੰ ਜੀਵਾਂ ਦੀਆਂ ਗਰਦਨਾਂ ਕੱਟਣ ਲਈ ਜਵਾਬ ਦੇਣਾ ਪੈਣਾ ਹੈ। ਸੱਚੀ ਦਰਗਾਹ ਵਿਚ ਕਿਸੇ ਨੇ ਅਗਰ ਮਗਰ ਨਹੀਂ ਸੁਣਨੀ, ਬਾਣੀ ਵਿਚ ਫੁਰਮਾਨ ਕਰਦੇ ਹਨ -

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥***
***ਪੰਨਾ - 1374***

***ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥***
***ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥***
***ਪੰਨਾ - 1375***

ਹਿੰਸਾ ਨੂੰ ਗੁਰੂ ਮਹਾਰਾਜ ਜੀ ਨੇ ਪਸੰਦ ਨਹੀਂ ਕੀਤਾ। ਸਾਦਾ ਭੋਜਨ ਸਤੋ ਗੁਣੀ ਅਸਰ ਕਰਦਾ ਹੈ। ਸਤੋ ਗੁਣੀ ਮਨ ਪ੍ਰਭੂ ਦੀ ਭਗਤੀ ਵਿਚ ਜੁੜਦਾ ਹੈ। ਹਾਂ, ਬਾਕੀ ਯੁੱਧਾਂ ਜੰਗਾਂ ਦਾ ਹਾਲ ਹੈ ਕਿ ਜੇ ਕੋਈ ਯੁੱਧ ਵਿਚ ਸ਼ਰਨ ਲਵੇ ਤਾਂ ਉਸ ਨੂੰ ਸ਼ਰਨ ਦੇਣੀ ਹੈ। ਜੇ ਕੋਈ ਨ-ਸ਼ਸ਼ਤਰਾ ਹੋ ਜਾਵੇ ਤਾਂ ਜਦੋਂ ਤਕ ਉਹ ਸਸ਼ਤਰ ਹੱਥ ਵਿਚ ਲੈ ਕੇ ਨਹੀਂ ਲੜਦਾ ਉਸ ਨੂੰ ਮਾਰਨਾ ਨਹੀਂ। ਇਹ ਵੱਡੇ ਅਸੂਲ ਹਨ। ਬੁੱਢੇ ਉਪਰ, ਇਸਤ੍ਰੀ ਉਪਰ, ਬਿਮਾਰ ਉਪਰ ਵਾਰ ਨਹੀਂ ਕਰਨਾ; ਬੱਚੇ ਨੂੰ ਨਹੀਂ ਮਾਰਨਾ, ਸੁੱਤੇ ਪਏ ਨੂੰ ਨਹੀਂ ਮਾਰਨਾ। ਇਹ ਪੂਰਨ ਯੋਧਿਆਂ ਦੇ ਅਸੂਲ ਹੋਇਆ ਕਰਦੇ ਹਨ। ਗਰੀਬ ਦੀ ਪਾਲਣਾ ਕਰਨੀ ਹੈ, ਅਨਾਥ ਦਾ ਸਹਾਰਾ ਬਣਨਾ ਹੈ। ਪ੍ਰਭੂ ਨੂੰ ਹਰ ਸਮੇਂ ਯਾਦ ਰਖਣਾ ਹੈ। ਦੇਖ, ਭਾਈ ਤਿਲੋਕਾ ਵਾਹਿਗੁਰੂ ਜੀ ਹਰ ਥਾਂ ਪਰੀਪੂਰਨ ਹਨ ਤੇਰੇ ਅੰਦਰ ਬਾਹਰ, ਅਸਮਾਨਾਂ ਵਿਚ, ਪਇਆਲ ਵਿਚ, ਧਰਤੀ ਵਿਚ, ਪਾਣੀਆਂ ਵਿਚ, ਪਰਬਤਾਂ ਵਿਚ, ਦਰਖਤਾਂ ਵਿਚ ਕੋਈ ਥਾਂ ਐਸਾ ਨਹੀਂ ਜਿਥੇ ਪ੍ਰਭੂ ਦੀ ਜੋਤ ਨਾ ਹੋਵੇ ਉਹ ਹਰ ਥਾਂ ਦੇਖਦਾ ਹੈ, ਹਰ ਥਾਂ ਸੁਣਦਾ ਹੈ ਜਿਵੇਂ ਕਿ ਫੁਰਮਾਨ ਹੈ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥***
***ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥***
***ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਪੰਨਾ - 677***

ਸੋ ਇਸ ਨਿਸ਼ਚੇ ਵਿਚ ਰਹਿ ਕੇ ਅੰਮ੍ਰਿਤ ਵੇਲੇ ਇਕ ਪਹਿਰ ਰਾਤ ਰਹਿੰਦੀ ਉਠਣਾ ਹੈ। ਸਰੀਰ ਨੂੰ ਸਾਵਧਾਨ ਕਰਨ ਲਈ ਇਸ਼ਨਾਨ ਕਰਨਾ, ਫੇਰ ਚੌਂਕੜਾ ਮਾਰ ਕੇ ਬੈਠ ਜਾਣਾ ਹੈ ਜੋ ਮੰਤ੍ਰ ਤੈਨੂੰ ਦਿਤਾ ਹੈ ਇਸ ਦੀ ਅਰਾਧਨਾ ਕਰਨੀ ਹੈ। ਅਰਾਧਨਾ ਪਹਿਲਾਂ ਰਸਨਾ ਨਾਲ ਹੁੰਦੀ ਹੈ, ਫੇਰ ਸ੍ਵਾਸ ਨਾਲ ਹੁੰਦੀ ਹੈ ਜਦੋਂ ਸੂਖਸ਼ਮ ਸ੍ਵਾਸ ਹੋ ਜਾਵੇ ਫੇਰ ਧੁਨ ਜਾਗਦੀ ਹੈ, ਧੁਨ ਨਾਲ ਨਾਮ ਸੁਣਨਾ। ਅੰਦਰ ਸੰਗੀਤਕ ਤਰਬਾਂ ਉਠ ਪੈਂਦੀਆਂ ਹਨ ਉਸ ਦੇ ਆਸਰੇ ਸੰਗੀਤਕ ਲੈਆਂ ਵਿਚੋਂ ਨਾਮ ਦਾ ਕੀਰਤਨ ਸੁਣਨਾ ਹੈ। ਸੰਗਤ ਦੀ ਸੇਵਾ ਕਰਨੀ ਹੈ ਜਦੋਂ ਮਨ ਪੂਰੀ ਤਰ੍ਹਾਂ ਟਿਕ ਜਾਵੇ ਫੇਰ ਗੁਰ ਮੂਰਤ ਦਾ ਧਿਆਨ ਹਿਰਦੇ ਵਿਚ ਵਸਾਉਣਾ ਹੈ। ਜਦੋਂ ਧਿਆਤਾ, ਧੇਅ, ਧਿਆਨ ਦੀ ਤ੍ਰਿਕੁਟੀ ਟੁੱਟ ਜਾਵੇ ਫੇਰ ਸੁਰਤ ਬਹੁਤ ਹੀ ਸੂਖਸ਼ਮ ਹੋ ਜਾਂਦੀ ਹੈ। ਸੂਖਸ਼ਮ ਸੁਰਤ ਉਚੀਆਂ ਚੜ੍ਹਾਈਆਂ ਚੜ੍ਹ ਕੇ ਦਸਮ ਦੁਆਰ ਵਿਚ ਪ੍ਰਵੇਸ਼ ਕਰ ਜਾਂਦੀ ਹੈ, ਉਥੇ ਗੁਰਮੁਖ ਦਾ ਵਾਸਾ ਹੈ ਜਿਵੇਂ ਕਿ ਫੁਰਮਾਨ ਹੈ -

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥***
***ਪੰਨਾ - 1414***

ਇਸ ਤਰ੍ਹਾਂ ਜਦੋਂ ਵਿਵੇਕ ਬਿਰਤੀ ਦੇ ਰਾਹੀਂ ਆਪਣੇ ਆਪੇ ਦੀ ਪਛਾਣ ਹੋ ਜਾਂਦੀ ਹੈ, ਕੂੜੀ ਮੈਂ ਦਾ ਨਾਸ਼ ਹੋ ਜਾਂਦਾ ਹੈ, ਸੱਚੀ ਮੈਂ ਦਾ ਪ੍ਰਵੇਸ਼ ਹੋ ਜਾਂਦਾ ਹੈ, ਫੇਰ ਭਾਈ ਤਿਲੋਕਾ! ਗੁਰੂ ਤੇ ਸਿੱਖ ਅਭੇਦ ਹੋ ਜਾਇਆ ਕਰਦੇ ਹਨ। ਗੁਰੂ ਸਿੱਖ ਇਕੋ ਹੋ ਜਾਇਆ ਕਰਦੇ ਹਨ। ਜਿਵੇਂ ਕਿ ਗੁਰੂ ਦਸ਼ਮੇਸ਼ ਪਿਤਾ ਜੀ ਨੇ ਭੀ ਫੁਰਮਾਨ ਕੀਤਾ ਹੈ -

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥ ਸਰਬ ਲੋਹ ਗ੍ਰੰਥ***

ਸੋ ਇਸ ਤਰ੍ਹਾਂ ਨਾਲ ਮਾਨਸ ਜਨਮ ਸਫਲ ਹੋ ਜਾਇਆ ਕਰਦਾ ਹੈ।

ਭਾਈ ਤਿਲੋਕਾ ਵਾਪਸ ਆਪਣੇ ਅਸਥਾਨ ਤੇ ਚਲਿਆ

ਗਿਆ। ਗੁਰੂ ਮਹਾਰਾਜ ਜੀ ਦੇ ਦੱਸੇ ਉਪਦੇਸ਼ ਨੂੰ ਤਨੋ ਮਨੋ ਕਮਾਉਣ ਲੱਗਿਆ। ਪੂਰੇ ਢਾਈ ਘੰਟੇ ਚੌਂਕੜਾ ਮਾਰ ਕੇ ਮਨ ਦੀਆਂ ਅਤਿ ਸੂਖਸ਼ਮ ਅਵਸਥਾਵਾਂ ਵਿਚ ਅਨਹਦ ਸ਼ਬਦ ਸੁਣਦਾ ਹੋਇਆ ਗੁਰਮੰਤ੍ਰ ਦਾ ਜਾਪ ਕਰਦਾ ਹੈ। ਕੀਰਤਨ ਦੀਆਂ ਧੁਨਾਂ ਅੰਦਰ ਉਠਦੀਆਂ ਸ੍ਰਵਣ ਕਰਦਾ ਹੈ। ਅੰਦਰ ਇਕ ਅਲੌਕਿਕ ਪ੍ਰਕਾਸ਼ ਜਿਹੜਾ ਇਨ੍ਹਾਂ ਛੇ ਤਰ੍ਹਾਂ ਦੇ ਪ੍ਰਕਾਸ਼ਾਂ ਤੋਂ ਵਿਕਲੋਤਰਾ ਹੈ ਜਿਸ ਨੂੰ ਅਸੀਂ ਅਨੁਭਵ ਪ੍ਰਕਾਸ਼ ਕਹਿੰਦੇ ਹਾਂ, ਉਸ ਰਾਹੀਂ ਆਪਣੇ ਅੰਦਰ ਪ੍ਰਤੱਖ ਗਿਆਨ ਪ੍ਰਵੇਸ਼ ਹੋ ਜਾਂਦਾ ਹੈ ਅਤੇ ਮੈਂ ਭਾਵ ਖਤਮ ਹੋ ਕੇ ਅਸਲੀ ਰੂਹ ਪ੍ਰਕਾਸ਼ਤ ਹੋ ਜਾਂਦੀ ਹੈ। ਜਿਸ ਤਰ੍ਹਾਂ ਕਿ –

***ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤ॥***
***ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥***
***ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ॥***
***ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ॥***
*ਪੰਨਾ - 309*

ਇਕ ਦਿਨ ਐਸੀ ਘਟਨਾ ਹੋਈ ਕਿ ਨਵਾਬ ਦੇ ਨਾਲ ਸ਼ਿਕਾਰ ਲਈ ਜਾਂਦਿਆਂ ਹੁਕਮ ਹੋਇਆ ਕਿ ਜਿਸ ਦੇ ਅੱਗੋਂ ਸ਼ਿਕਾਰ ਨਿਕਲੇ ਉਸ ਨੇ ਹੀ ਮਾਰਨਾ ਹੈ। ਭਾਈ ਤਿਲੋਕਾ ਜੀ ਦੇ ਅੱਗੋਂ ਇਕ ਹਰਨੀ ਨਿਕਲੀ। ਉਨ੍ਹਾਂ ਦਾ ਤੇਜ਼ ਘੋੜਾ ਉਸ ਦੇ ਨਾਲ ਜਾ ਰਲਿਆ। ਆਪ ਨੇ ਉਸ ਹਰਨੀ ਤੇ ਤਲਵਾਰ ਦਾ ਵਾਰ ਕਰ ਦਿਤਾ, ਉਸ ਤਲਵਾਰ ਨੇ ਉਸ ਦਾ ਪੇਟ ਕੱਟ ਦਿਤਾ ਜਿਸ ਵਿਚੋਂ ਦੋ ਬੱਚੇ ਨਿਕਲੇ ਜੋ ਤੜਫ–ਤੜਫ ਕੇ ਉਥੇ ਹੀ ਮਰ ਗਏ। ਇਹ ਸਾਰਾ ਨਕਸ਼ਾ ਭਾਈ ਤਿਲੋਕਾ ਨੇ ਜਦੋਂ ਦੇਖਿਆ ਤਾਂ ਬਹੁਤ ਪਸ਼ਚਾਤਾਪ ਕੀਤਾ। ਆਪਣੇ ਆਪ ਨੂੰ ਕਿਹਾ ਕਿ ਧਿਰਕਾਰ ਹੈ ਮੈਨੂੰ ਆਪਣੇ ਉਤੇ। ਮੈਂ ਕੁਦਇਆ ਵਿਚ ਐਨਾ ਪ੍ਰਵਿਰਤ ਹੋ ਗਿਆ ਕਿ ਮੈਂ ਆਪਣੇ ਰਿਜ਼ਕ ਵਾਸਤੇ ਸਤਿ ਤੇ ਅਸਤਿ ਦੀ ਵਿਚਾਰ ਹੀ ਨਾ ਕੀਤੀ।

ਉਸ ਦਿਨ ਤੋਂ ਭਾਈ ਤਿਲੋਕਾ ਚੁੱਪ ਰਹਿਣ ਲੱਗ ਗਿਆ। ਪਸ਼ਚਾਤਾਪ ਕਰਨ ਲੱਗ ਗਿਆ, ਸੋਚਦਾ ਸੀ ਕਿ ਜੇ ਜੰਗ ਵਿਚ ਕੋਈ ਮਾਰਿਆ ਜਾਂਦਾ, ਉਹ ਮੇਰਾ ਧਰਮ ਸੀ। ਇਸ ਤਰ੍ਹਾਂ ਨਿਹੱਥੇ ਜੀਵ ਨੂੰ ਮਾਰ ਕੇ ਮੈਨੂੰ ਕੀ ਮਿਲਿਆ। ਮੈਂ ਨਵਾਬ ਨੂੰ ਕਹਿ ਦਿੰਦਾ ਕਿ ਹਰਨੀ ਹੱਥ ਨਹੀਂ ਆਈ, ਇਨ੍ਹਾਂ ਤਿੰਨਾਂ ਜੀਵਾਂ ਦੀ ਰਖਸ਼ਾ ਤਾਂ ਹੋ ਜਾਣੀ ਸੀ। ਉਨ੍ਹਾਂ ਜੀਵਾਂ ਨੂੰ ਵੀ ਜੀਉਣ ਦਾ ਐਨਾ ਹੀ ਹੱਕ ਹੈ ਜਿੰਨਾਂ ਸਾਨੂੰ ਹੈ। ਜੇ ਇਸ ਦੀ ਥਾਂ ਤੇ ਕੋਈ ਵਲੀ ਸ਼ੇਰ ਹੁੰਦਾ ਤਾਂ ਉਸ ਨੂੰ ਮਾਰਨਾ ਮੇਰਾ ਧਰਮ ਸੀ। ਸੋ ਇਨ੍ਹਾਂ ਸੋਚਾਂ ਵਿਚ ਡੁੱਬੇ ਹੋਏ ਭਾਈ ਤਿਲੋਕੇ ਨੇ ਇਹ ਪਸ਼ਚਾਤਾਪ ਕਰਦਿਆਂ ਉਸ ਨੇ ਕਾਠ ਦੀ ਤਲਵਾਰ ਬਣਾ ਕੇ, ਉਸ ਉਪਰ ਪਿਛਲਾ ਮੁੱਠਾ ਅਸਲੀ ਜੜ ਦਿਤਾ। ਪਰ ਇਹ ਪਤਾ ਨਹੀਂ ਸੀ ਲਗਦਾ ਕਿ ਤਲਵਾਰ ਕਾਠ ਦੀ ਹੈ ਜਾਂ ਇਸਪਾਤ ਦੀ ਹੈ। ਦੋਖੀਆਂ ਨੇ ਨਵਾਬ ਪਾਸ ਜਾ ਕੇ ਸ਼ਕਾਇਤ ਕਰ ਦਿਤੀ।

ਗਜ਼ਨੀ ਦੇ ਨਵਾਬ ਨੇ ਕਿਹਾ ਦੇਖੋ, ਮੇਰਾ ਭਾਈ ਤਿਲੋਕਾ ਉਪਰ ਪੂਰਨ ਵਿਸ਼ਵਾਸ਼ ਹੈ, ਭਾਵੇਂ ਉਹ ਹਿੰਦੂ ਹੈ ਪਰ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੈ, ਗੁਰੂ ਦਾ ਸਿੱਖ ਕਦੇ ਧੋਖਾ ਨਹੀਂ ਦਿੰਦਾ। ਕਦੇ ਕਪਟ ਨਹੀਂ ਕਰਦਾ, ਕਦੇ ਆਪਣੇ ਮਾਲਕ ਦਾ ਨਮਕ ਖਾ ਕੇ ਬੇਈਮਾਨੀ ਨਹੀਂ ਕਰਦਾ। ਉਹ ਆਪਣੇ ਮਾਲਕ ਦਾ ਨਮਕ ਖਾ ਕੇ ਪ੍ਰਾਣ ਤੱਕ ਦੇ ਸਕਦਾ ਹੈ। ਮੈਂ ਭਾਈ ਤਿਲੋਕਾ ਤੇ ਕਿਵੇਂ ਸ਼ੱਕ ਕਰ ਲਵਾਂ? ਜਦੋਂ ਚੁਗਲ ਨੇ ਬਾਰ–ਬਾਰ ਕਿਹਾ ਅਤੇ ਇਹ ਭੀ ਕਿਹਾ ਕਿ ਜੇ ਮੈਂ ਗਲਤ ਹੋਵਾਂ ਤਾਂ ਮੈਨੂੰ ਸਜ਼ਾ ਦਿਤੀ ਜਾ ਸਕਦੀ ਹੈ। ਉਹ ਇਸ ਭੇਤ ਨੂੰ ਪੂਰੀ ਤਰ੍ਹਾਂ ਜਾਣਦਾ ਸੀ। ਜਿਸ ਕਾਰੀਗਰ ਨੇ ਕਾਠ ਦੀ ਤਵਾਰ ਬਣਾਈ ਸੀ ਉਸ ਨੇ ਇਸ ਚੁਗਲ ਨੂੰ ਪੂਰਾ ਭੇਤ ਦੇ ਦਿਤਾ ਸੀ। ਨਵਾਬ ਮੰਨ ਗਿਆ ਅਤੇ ਸੱਚ ਪਰਖਣ ਲਈ ਨਵਾਬ ਨੇ ਸਾਰੀ ਫੌਜ ਨੂੰ ਪਰੇਡ ਗਰਾਉਂਡ ਵਿਚ ਸਾਵਧਾਨ ਕਰ ਲਿਆ। ਭਾਈ ਤਿਲੋਕਾ ਨੂੰ ਕਿਹਾ ਕਿ ਜੰਗ, ਯੁੱਧ ਹੁੰਦੇ ਹੀ ਰਹਿੰਦੇ ਹਨ। ਬਰਛਿਆਂ ਦੀਆਂ ਨੋਕਾਂ ਟੁਟੀਆਂ ਹੋਈਆਂ ਹਨ, ਤਲਵਾਰਾਂ ਵਿਚ ਦੰਦੇ ਪਏ ਹੋਏ ਸਨ ਸੋ ਮੈਂ ਸਾਰੀ ਫੌਜ ਦੇ ਸਸ਼ਤਰ ਚੈਕ ਕਰਨੇ ਚਾਹੁੰਦਾ ਹਾਂ। ਜਿਨ੍ਹਾਂ ਦੇ ਸਸ਼ਤਰ ਖਰਾਬ ਹੋ ਗਏ ਹਨ ਉਨ੍ਹਾਂ ਨੂੰ ਨਵੇਂ ਸਸ਼ਤਰ ਦੇਣੇ ਚਾਹੁੰਦਾ ਹਾਂ। ਸਾਰਿਆਂ ਨੂੰ ਹੁਕਮ ਦੇ ਦਿਤਾ ਕਿ ਹਥਿਆਰਾਂ ਦੇ ਮੁਲਹਾਜ਼ੇ ਲਈ ਸਾਵਧਾਨ ਹੋਣ। ਭਾਈ ਤਿਲੋਕਾ ਜੀ ਨੇ ਹੁਕਮ ਦਿਤਾ ਅਤੇ ਆਪ ਵੀ ਲਾਈਨ ਵਿਚ ਖੜ੍ਹਾ ਹੋ ਗਿਆ। ਇਕ ਪਾਸਿਓਂ ਨਵਾਬ ਕਾਹਲੀ–ਕਾਹਲੀ ਹਥਿਆਰ ਦੇਖਦਾ ਆ ਰਿਹਾ ਹੈ। ਭਾਈ ਤਿਲੋਕਾ ਜੀ ਦੇ ਮਨ ਵਿਚ ਆਇਆ ਕਿ ਮੈਂ ਤਾਂ ਤਲਵਾਰ ਕਾਠ ਦੀ ਪਾਈ ਹੋਈ ਹੈ। ਉਸ ਦੀ ਗੁਰੂ ਮਹਾਰਾਜ ਜੀ ਤੋਂ ਬਿਨਾਂ ਕੋਈ ਭੀ ਰੱਖਿਆ ਕਰਨ ਨੂੰ ਸਮਰੱਥ ਨਹੀਂ ਸੀ। ਇਕ ਦਮ ਧਿਆਨ ਗੁਰੂ ਮਹਾਰਾਜ ਜੀ ਦੇ ਚਰਨਾਂ ਵਲ ਲਾ ਲਿਆ ਅਤੇ ਅਰਦਾਸ ਕਰਨ ਲੱਗਿਆ ਕਿ ਪਾਤਸ਼ਾਹ! ਇਸ ਵੇਲੇ ਆਪ ਦੇ ਹੱਥ ਮੇਰੀ ਪਤ ਹੈ, ਤੁਸੀਂ ਮੇਰੀ ਲਾਜ ਰੱਖੋ। ਤੁਸੀਂ ਦੁਆਪਰ ਯੁੱਗ ਵਿਚ ਦਰੋਪਤੀ ਦੀ ਲਾਜ ਰੱਖੀ ਸੀ, ਨਾਮਦੇਵ ਦੀ ਲਾਜ ਰੱਖਣ ਲਈ ਆਪ ਨੇ ਮਰੀ ਹੋਈ ਗਊ ਜੀਉਂਦੀ ਕੀਤੀ ਸੀ, ਭਗਤ ਕਬੀਰ ਨੂੰ ਪਾਣੀ ਵਿਚ ਡੁੱਬਣ ਨਾ ਦਿਤਾ ਅਤੇ ਜਦੋਂ ਦੋਖੀਆਂ ਨੇ ਧਰਤੀ ਵਿਚ ਦੱਬ ਦਿਤਾ ਸੀ ਤਾਂ ਧਰਤੀ ਦਾ ਬੋਝ ਉਨ੍ਹਾਂ ਉਪਰ ਨਾ ਆਉਣ ਦਿਤਾ, ਉਸ ਦਾ ਯੱਗ ਆਪ ਆ ਕੇ ਸੰਪੂਰਨ ਕੀਤਾ। ਪ੍ਰਹਿਲਾਦ ਦੀ ਰਾਖੀ ਅੱਗ, ਪਾਣੀ ਅਤੇ ਤੱਤੇ ਥੰਮਾਂ ਨਾਲ ਲਗਣ ਸਮੇਂ ਕੀਤੀ ਸੀ ਤੇ ਥੰਮ ਪਾੜ ਕੇ ਪ੍ਰਗਟ ਹੋ ਗਏ ਸੀ। ਅਜਿਹਾ ਸੰਕਟ ਅੱਜ ਮੇਰੇ ਉਪਰ ਵੀ ਆ ਗਿਆ ਹੈ, ਤੇਰੇ ਬਿਨਾਂ ਹੁਣ ਮੇਰਾ ਕੋਈ ਵੀ ਸਹਾਈ ਨਹੀਂ ਹੈ। ਤੇਰਾ ਬਚਨ ਹੈ–

***ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥***
***ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥***
*ਪੰਨਾ - 749*

ਇਸ ਵੇਲੇ ਤੂੰ ਮੇਰੀ ਪਿੱਠ ਉਪਰ ਹੱਥ ਰੱਖ। ਜੇ ਮੇਰੀ ਹਾਰ ਹੋ ਗਈ ਤਾਂ ਇਨ੍ਹਾਂ ਸਭ ਦੇ ਮਨ ਵਿਚ ਆਉਣਾ ਹੈ ਕਿ ਸਿੱਖ ਬੇਈਮਾਨ, ਬੇਇਤਬਾਰੇ ਹੁੰਦੇ ਹਨ। ਪਾਤਸ਼ਾਹ! ਮੇਰੀ ਲਾਜ ਹੁਣ ਤੇਰੇ ਹੱਥ ਵਿਚ ਹੈ। ਐਨੇ ਸਮੇਂ ਵਿਚ ਨਵਾਬ ਸਸ਼ਤਰ ਦੇਖਦਾ–ਦੇਖਦਾ ਭਾਈ ਤਿਲੋਕਾ ਜੀ ਦੇ ਨੇੜੇ ਆ ਗਿਆ। ਅੰਦਰੋਂ ਅਵਾਜ਼ ਆਈ ਕਿ ਭਾਈ ਤਿਲੋਕਾ! ਤੂੰ ਵਿਸ਼ਵਾਸ਼ ਰੱਖ। ਵਾਹਿਗੁਰੂ ਕਹਿ ਕੇ ਪੂਰੇ ਜ਼ੋਰ ਨਾਲ ਤਲਵਾਰ ਖਿੱਚ, ਤੇਰੀ ਰਾਖੀ ਆਪੇ ਹੋਵੇਗੀ ਕਿਉਂਕਿ ਜਿਸ ਵਲ ਗੁਰੂ ਹੋ ਜਾਂਦਾ ਹੈ ਉਸ ਦੀ ਕਦੇ ਹਾਰ ਨਹੀਂ ਹੋਇਆ ਕਰਦੀ ਜਿਸ ਤਰ੍ਹਾਂ ਕਿ ਫੁਰਮਾਨ ਹੈ–

***ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ॥***
***ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ॥***
*ਪੰਨਾ - 519*

ਭਾਈ ਤਿਲੋਕਾ ਜੀ ਨੇ ਵਾਹਿਗੁਰੂ ਕਹਿ ਕੇ ਨਵਾਬ ਦੇ ਸਾਮ੍ਹਣੇ ਸ੍ਰੀ ਸਾਹਿਬ ਖਿਚੀ ਤਾਂ ਨਵਾਬ ਨੂੰ ਐਉਂ ਪ੍ਰਤੀਤ ਹੋਇਆ ਜਿਵੇਂ ਅੱਖਾਂ ਦੇ ਸਾਮ੍ਹਣੇ ਕੋਈ ਬਿਜਲੀ ਪੂਰੀ ਚਮਕ ਨਾਲ ਚਮਕੀ ਹੋਵੇ। ਇਕ ਦੋ ਸੈਕਿੰਟ ਵਾਸਤੇ ਉਸ ਨੂੰ ਕੁਝ ਵੀ ਪਤਾ ਨਾ ਲੱਗਿਆ, ਅੱਖਾਂ ਚੁੰਧਿਆ ਗਈਆਂ। ਉਸ ਵੇਲੇ ਨਵਾਬ ਨੇ ਕਿਹਾ, "ਭਾਈ ਤਿਲੋਕਾ! ਅਜਿਹੇ ਸ਼ੁੱਧ ਇਸਪਾਤ ਦਾ ਸ਼ਸ਼ਤਰ ਤੂੰ ਕਿਥੋਂ ਲਿਆ ਹੈ? ਤੇਰੀ ਤਲਵਾਰ ਦੀ ਕੋਈ ਰੀਸ ਨਹੀਂ ਕਰ ਸਕਦਾ। ਮੈਂ ਅੱਜ ਹੀ ਤੇਰੀ ਤਨਖਾਹ ਦੁਗਣੀ ਕਰਦਾ ਹਾਂ। ਦੋਖੀ ਨੂੰ ਸਜ਼ਾ ਮਿਲੀ ਕਿਉਂਕਿ ਉਹ ਮੂਰਖ, ਮਾਇਆ ਦੇ ਵਿਚ ਮਤਿਆ ਹੋਇਆ ਸੀ। ਉਸ ਨੂੰ ਦੋਖ ਕਰਨ ਤੋਂ ਬਿਨਾਂ ਹੋਰ ਕੁਝ ਸੁਝਿਆ ਹੀ ਨਹੀਂ ਸੀ।

***ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥***
***ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ॥***
***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥***
*ਪੰਨਾ - 316*

ਉਸ ਨਿੰਦਕ ਨੂੰ ਨਵਾਬ ਨੇ ਨੌਕਰੀ ਤੋਂ ਬਰਖਾਸਤ ਕਰ ਦਿਤਾ ਅਤੇ ਬੰਦੀਖਾਨੇ ਵਿਚ ਸੁਟਵਾ ਦਿਤਾ। ਇਸ ਤਰ੍ਹਾਂ ਗੁਰੂ ਮਹਾਰਾਜ ਜੀ ਦਾ ਫੁਰਮਾਨ ਆਉਂਦਾ ਹੈ -

***ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥***
***ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥***
*ਪੰਨਾ - 749*

ਇਸ ਤੋਂ ਅੱਗੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ! ਸੰਤ ਸਦਾ ਹੀ ਤੇਰੇ ਹੋ ਕੇ ਸੰਸਾਰਕ ਯਾਤਰਾ ਕਰਦੇ ਹਨ ਅਤੇ ਤੂੰ ਐਨਾ ਕ੍ਰਿਪਾਲੂ ਦਿਆਲੂ ਹੈਂ ਤੂੰ ਉਨ੍ਹਾਂ ਸੰਤਾਂ ਦਾ ਬਣ ਜਾਂਦਾ ਹੈਂ। ਜੋ ਤੇਰਾ ਸੇਵਕ ਬਣ ਗਿਆ ਉਸ ਨੂੰ ਦੁਨੀਆਂ ਦੇ ਵਿਘਨਾਂ ਦਾ ਕੀ ਡਰ, ਕੋਈ ਵਿਘਨ ਉਸ ਦੇ ਨੇੜੇ ਨਹੀਂ ਆਉਂਦਾ। ਇਥੋਂ ਤਕ ਕਿ ਉਸ ਨੂੰ ਭਿਆਨਕ ਜਮਦੂਤ ਭੀ ਨਮਸ਼ਕਾਰਾਂ ਹੀ ਕਰਦੇ ਹਨ, ਉਸ ਦੇ ਨੇੜੇ ਨਹੀਂ ਆਉਂਦੇ। ਉਹ ਜਦੋਂ ਤੇਰਾ ਨਾਮ ਉਚਾਰਨ ਕਰਦੇ ਹਨ ਤਾਂ ਉਹ ਭੱਜ ਜਾਇਆ ਕਰਦੇ ਹਨ। ਜਿਵੇਂ ਕਿ ਫੁਰਮਾਨ ਹੈ -

***ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ॥***
***ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ॥***
*ਪੰਨਾ - 749*

ਗੁਰੂ ਮਹਾਰਾਜ ਜੀ ਇਸ ਦੇ ਵਿਪਰੀਤ ਪ੍ਰਭੂ ਨੂੰ ਕੇਵਲ ਰਾਮਰਾਇ ਕਹਿ ਕੇ ਹੀ ਸੰਬੋਧਨ ਨਹੀਂ ਕਰਦੇ ਸਗੋਂ ਬਹੁਤ ਹੀ ਨਿਕਟਤਾ ਸਹਿਤ ਅਪਣੱਤ ਭਾਵ ਵਿਚ, ਦੀਨ ਹੋ ਕੇ ਕਹਿੰਦੇ ਹਨ, ***'ਮੇਰੇ ਰਾਮਰਾਇ ਤੂੰ ਸੰਤਾਂ ਕਾ ਸੰਤ ਤੇਰੇ।'*** ਜਿਸ ਵਾਹਿਗੁਰੂ ਨੂੰ ਵੱਡੇ-ਵੱਡੇ ਤਪੀਏ ਤਪ ਕਰਕੇ, ਜਪੀਏ ਜਾਪ ਕਰਕੇ ਪ੍ਰਾਪਤ ਨਹੀਂ ਕਰ ਸਕਦੇ ਉਹ ਸੰਤਾਂ ਦੇ ਪਿਆਰ ਦੇ ਵਸ ਵਿਚ ਆ ਜਾਇਆ ਕਰਦਾ ਹੈ। ਐਸੀਆਂ ਬਹੁਤ ਮਿਸਾਲਾਂ ਹਨ ਜਿਥੇ ਪ੍ਰਭੂ ਜੀ ਨੇ ਪਿਆਰ ਦੇ ਵਸ ਹੋ ਕੇ ਕਦੇ ਨਾਮਦੇਵ ਦਾ ਦੁੱਧ ਪੀਤਾ, ਛੱਪਰ ਬਣਾਇਆ, ਕਦੇ ਮਰੀ ਹੋਈ ਗਊ ਨੂੰ ਜਿਉਂਦੀ ਕਰਨ ਲਈ ਆਪ ਨਾਮਦੇਵ ਦੇ ਸਨਮੁਖ ਪ੍ਰਗਟ ਹੋਏ। ਕਿਤੇ ਧੰਨੇ ਭਗਤ ਦੇ ਪਿਆਰ ਵਿਚ ਵਸ ਹੋ ਕੇ ਮਿੱਸੇ ਪ੍ਰਸ਼ਾਦੇ ਛਕੇ, ਮੱਖਣ ਛੱਕਿਆ, ਲੱਸੀ ਪੀਤੀ। ਭੋਲੇ ਭਾਅ ਪਿਆਰ ਦੇ ਵਸ ਵਿਚ ਆ ਕੇ ਪ੍ਰਭੂ ਨੇ ਐਸੇ ਚੋਜ ਕੀਤੇ ਕਿ ਸੁਣਨ ਵਾਲੇ ਹੈਰਾਨ ਹੋ ਜਾਂਦੇ ਹਨ, ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਜਦੋਂ ਰੂਪਧਾਰੀ ਹੋ ਕੇ ਭਗਤ ਦੇ ਪਿਆਰ ਦੇ ਵਿਚ ਪ੍ਰਗਟ ਹੋਇਆ ਤਾਂ ਭਗਤ ਦੇ ਕੰਮ ਕਰਦਾ ਰਿਹਾ ਹੈ। ਉਹ ਪ੍ਰਭੂ ਜੋ ਇਕ ਨਿਮਖ ਦੇ ਵਿਚ ਕ੍ਰੋੜਾਂ ਬ੍ਰਹਿਮੰਡਾਂ ਨੂੰ ਉਤਪਤ ਕਰ ਸਕਦਾ ਹੈ, ਕਰੋੜਾਂ ਬ੍ਰਹਿਮੰਡਾਂ ਨੂੰ ਲੈਅ ਕਰ ਸਕਦਾ ਹੈ, ਉਹ ਰੂਪਧਾਰੀ ਹੋ ਕੇ ਅਨੋਖੇ ਚੋਜ ਦਿਖਾ ਰਿਹਾ ਹੈ, ਕਦੇ ਪਸ਼ੂਆਂ ਲਈ ਚਾਰਾ ਕਟਦਾ ਹੈ, ਕਦੇ ਹੱਥ ਟੋਕੇ ਨਾਲ ਕੁਤਰਾ ਕਰਦਾ ਹੈ, ਕਿਤੇ ਹਲਟ ਹਕਦਾ ਹੈ, ਕਿਤੇ ਨੱਕੇ ਵੀ ਛਡਦਾ ਹੈ, ਕਦੇ ਗਊਆਂ ਚਾਰਦਾ ਹੈ, ਭਗਤਾਂ ਨੇ ਪ੍ਰਭੂ ਨੂੰ ਐਨਾ ਵਸ ਕਰ ਲਿਆ ਕਿ ਉਨ੍ਹਾਂ ਕੋਲੋਂ ਜਾਣਾ ਹੀ ਨਹੀਂ ਚਾਹੁੰਦਾ।

ਇਕ ਅਜਿਹੀ ਕਥਾ ਆਉਂਦੀ ਹੈ ਕਿ ਨਾਮਦੇਵ ਜੀ ਇਕ ਦੇਹੁਰੇ ਵਿਚ ਹਰੀ ਦੇ ਕੀਰਤਨ ਦੀ ਧੁਨ ਸੁਣ ਕੇ ਅੰਦਰ ਚਲੇ ਜਾਂਦੇ ਹਨ। ਉਥੇ ਕੀਰਤਨ ਹੋ ਰਿਹਾ ਸੀ, ਆਪ ਕੀਰਤਨ ਵਿਚ ਮਸਤ ਹੋਏ-ਹੋਏ ਕੈਂਸੀਆਂ ਵਜਾ ਰਹੇ ਸੀ ਅਤੇ ਪਿਆਰ ਵਿਚ ਲੀਨ ਹੋਏ ਵਾਹਿਗੁਰੂ ਜੀ ਨਾਲ ਇਕਮਿਕ ਹੋਏ ਹੋਏ ਝੂੰਮ ਰਹੇ ਸਨ। ਉਨ੍ਹਾਂ ਦੀ ਝੂੰਮਣੀ ਨੂੰ ਤੱਕ ਕੇ ਪਾਡਿਆਂ ਨੇ ਪਛਾਣ ਲਿਆ ਕਿ ਇਹ ਤਾਂ ਨਾਮਦੇਵ ਹੈ ਜੋ ਛੀਪੇ ਦਾ ਕੰਮ ਕਰਦਾ ਹੈ। ਦੱਖਣ ਵਿਚ ਕੋਰੇ ਵਸਤਰ ਨੂੰ ਖਾਸ ਸਾਂਚਿਆਂ ਦੇ ਠੱਪੇ ਲਾ ਲਾ ਕੇ ਛਾਪਿਆ ਜਾਂਦਾ ਹੈ, ਅਨੇਕ ਕਿਸਮ ਦੀਆਂ ਤਸਵੀਰਾਂ, ਫੁੱਲ, ਡਿਜ਼ਾਇਨ ਬਣਾਏ ਜਾਂਦੇ ਹਨ, ਪਹਿਲਾਂ ਕੋਰੇ ਕਪੜੇ ਨੂੰ ਧੋਤਾ ਜਾਂਦਾ ਹੈ, ਫੇਰ ਸੁਕਾ ਕੇ ਉਸ ਉਪਰ ਛਾਪਾ ਲਾਉਂਦੇ ਹਨ, ਇਨ੍ਹਾਂ ਛਾਪੇ ਲਾਉਣ ਵਾਲਿਆਂ ਨੂੰ ਛੀਪੇ ਆਖਿਆ ਜਾਂਦਾ ਹੈ ਅਤੇ ਸਵਰਨ ਜਾਤੀਆਂ ਦੇ ਬ੍ਰਾਹਮਣ ਕਿਰਤੀਆਂ ਨੂੰ ਸ਼ੂਦਰ ਆਖਦੇ ਹਨ ਕਿਉਂਕਿ ਬ੍ਰਾਹਮਣ ਵਰਗ ਨੂੰ ਇਹ ਨਹੀਂ ਸੀ ਪਤਾ ਕਿ ਕਿਰਤ ਦੀ ਕੀ ਮਹਾਨਤਾ ਹੋਇਆ ਕਰਦੀ ਹੈ। ਇਹ ਭਾਰਤ ਦੀ ਬਦਕਿਸਮਤੀ ਹੀ ਸੀ। ਗੁਰੂ ਮਹਾਰਾਜ ਜੀ ਤਾਂ ਫੁਰਮਾਨ ਕਰਦੇ ਹਨ ਕਿ ਸੁੱਚੀ ਕਿਰਤ ਪ੍ਰਭੂ ਨੂੰ ਮਿਲਾ ਦਿੰਦੀ ਹੈ।

ਆਪ ਜਦੋਂ ਭੂਮੀਏ ਨੂੰ ਸੁਮੱਤ ਦਿੰਦੇ ਹਨ ਜੋ ਡਾਕੇ ਮਾਰ ਕੇ, ਚੋਰੀਆਂ ਕਰਕੇ ਲਿਆਂਦਾ ਹੋਇਆ ਧਨ, ਅੰਨ, ਵਸਤਰ ਸੰਤਾਂ ਤੇ ਅਤਿਥੀਆਂ ਲਈ ਲੰਗਰਾਂ ਆਦਿ ਵਿਚ ਪਾ ਕੇ ਖਰਚ ਦਿੰਦਾ ਸੀ ਅਤੇ ਇਹ ਸਮਝਦਾ ਸੀ ਕਿ ਮੈਂ ਬਹੁਤ ਭਾਰੀ ਪੁੰਨੀ ਹਾਂ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਉਸ ਨੂੰ ਜਾ ਕੇ ਪੁਛਿਆ ਕਿ ਤੇਰੀ ਕਿਰਤ ਕੀ ਹੈ ਅਤੇ ਇਹ ਅੰਨ ਕਿਥੋਂ ਲਿਆਂਦਾ ਹੈ ਤਾਂ ਉਸ ਨੇ ਸੱਚੋ ਸੱਚ ਦਸ ਦਿਤਾ ਕਿ ਮਹਾਰਾਜ! ਲਿਆਂਦਾ ਤਾਂ ਮੈਂ ਧਾੜੇ ਮਾਰ ਕੇ, ਡਾਕੇ ਮਾਰ ਕੇ ਖੋਹ ਕੇ, ਹਾਂ ਪਰ ਇਸ ਧਨ ਨੂੰ ਆਪ ਨਹੀਂ ਵਰਤਦਾ ਅਤੇ ਇਸ ਨੂੰ ਮੈਂ ਪੁੰਨ ਅਰਥ ਲਾ ਦਿੰਦਾ ਹਾਂ। ਖੋਹੇ ਹੋਏ ਵਸਤਰ ਮੈਂ ਵਸਤਰ ਹੀਣਿਆਂ ਨੂੰ ਦੇ ਦਿੰਦਾ ਹਾਂ ਅਤੇ ਸੰਤਾਂ ਦੇ ਚਰਨਾਂ ਤੇ ਭੇਟ ਕਰ ਦਿੰਦਾ ਹਾਂ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਭੂਮੀਆ! ਤੂੰ ਕਿਸਾਨ ਹੈਂ, ਖੇਤੀ ਕਰਦਾ ਹੈਂ ਨਾ?

ਕਹਿਣ ਲੱਗਿਆ, "ਹਾਂ ਮਹਾਰਾਜ। ਖੇਤੀ ਕਰਦਾ ਹਾਂ, ਮੇਰੀ ਆਪਣੀ ਜ਼ਮੀਨ ਹੈ, ਹਜ਼ਾਰਾਂ ਏਕੜ ਮੇਰੀ ਜ਼ਮੀਨ ਹੈ, ਇਸ ਲਈ ਮੈਨੂੰ ਸਾਰੇ ਭੂਮੀਆ ਆਖਦੇ ਹਨ। ਉਸ ਕਮਾਈ ਨੂੰ ਤਾਂ ਮੈਂ ਆਪਣੀ ਗੁਜ਼ਾਰੇ ਲਈ ਰਖਦਾ ਹਾਂ ਅਤੇ ਜੋ ਮੈਂ ਖੋਹ ਖਿੰਝ ਕੇ ਲਿਆਉਂਦਾ ਹਾਂ ਉਹ ਦਾਨ ਕਰ ਦਿੰਦਾ ਹਾਂ।"

ਗੁਰੂ ਮਹਾਰਾਜ ਜੀ ਨੇ ਕਿਹਾ ਕਿ ਭੂਮੀਆ! ਤੂੰ ਆਪੇ ਇਹ ਗੱਲ ਦਸ ਕਿ ਜੇ ਕਿੱਕਰ ਬੀਜ ਦੇਈਏ, ਕਿੱਕਰਾਂ ਵੱਡੀਆਂ ਹੋ ਜਾਣ ਤਾਂ ਦਸ ਇਨ੍ਹਾਂ ਕਿੱਕਰਾਂ ਨੂੰ ਕਦੇ ਅੰਗੂਰ ਲਗ ਸਕਦੇ ਹਨ ਜਾਂ ਹੋਰ ਕੋਈ ਮਿੱਠੇ ਫਲ ਲਗ ਸਕਦੇ ਹਨ? ਇਨ੍ਹਾਂ ਕਿੱਕਰਾਂ ਤੋਂ ਕੀ ਮਿਲਦਾ ਹੈ?

ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਕਿੱਕਰਾਂ ਨੂੰ ਤਾਂ ਕਦੇ ਵੀ ਅੰਗੂਰ ਨਹੀਂ ਲਗ ਸਕਦੇ। ਇਸ ਨੂੰ ਤਾਂ ਤਿੱਖੇ ਕੰਡੇ ਲੱਗੇ ਹੁੰਦੇ ਹਨ ਜੋ ਆਉਂਦੇ ਜਾਂਦੇ ਪਾਂਧੀ ਦੇ ਪੈਰਾਂ ਵਿਚ ਖੁਭ ਜਾਂਦੇ ਹਨ ਜਾਂ ਗੂੰਦ ਲੱਗੀ ਹੁੰਦੀ ਹੈ ਜਿਸ ਦੇ ਦੁਆਲੇ ਕੀੜੇ ਮਕੌੜੇ ਚਿੰਬੜੇ ਰਹਿੰਦੇ ਹਨ। ਜੇ ਕੋਈ ਗੂੰਦ ਲਾਹੁਣ ਲਈ ਕਿੱਕਰ ਦੇ ਉਪਰ ਚੜ੍ਹੇ ਤਾਂ ਉਹ ਆਪਣੇ ਤਿੱਖੇ ਦੰਦਾਂ ਨਾਲ ਉਸ ਬੰਦੇ ਦੇ ਮਾਸ ਨੂੰ ਕੱਟਣ ਲਗ ਜਾਂਦੇ ਹਨ। ਬੜੇ ਔਖੇ ਹੋ ਕੇ ਗੂੰਦ ਲਾਹੀਦੀ ਹੈ। ਹਾਂ ਇਕ ਗੱਲ ਤਾਂ ਹੈ ਕਿ ਕਿੱਕਰਾਂ ਦਾਤਣ ਕਰਨ ਦੇ ਕੰਮ ਆਉਂਦੀਆਂ ਹਨ ਜਾਂ ਜਾਲਣ ਦੇ ਕੰਮ ਆਉਂਦੀਆਂ ਹਨ। ਕਿਉਂਕਿ ਕਿੱਕਰ ਦੀ ਲੱਕੜੀ ਠੋਸ ਨਹੀਂ ਹੈ, ਛੇਤੀ ਤਰੇੜਾਂ ਪੈ ਜਾਂਦੀਆਂ ਹਨ। ਇਸ ਲਈ ਇਸ ਤੋਂ ਕੋਈ ਇਮਾਰਤਾਂ ਲਈ ਦਰਵਾਜ਼ੇ, ਖਿੜਕੀਆਂ ਜਾਂ ਚੌਖਟੇ ਵੀ ਨਹੀਂ ਬਣ ਸਕਦੇ। ਜਦੋਂ ਕੋਈ ਸਖਤ ਹਨ੍ਹੇਰੀ ਆਉਂਦੀ ਹੈ ਤਾਂ ਕਿੱਕਰਾਂ ਦੀ ਲੱਕੜ ਅਤਿ ਸੰਘਠਤ ਨਾ ਹੋਣ ਕਰਕੇ ਇਸ ਦੇ ਟਾਹਣੇ ਪਾਟ ਜਾਂਦੇ ਹਨ। ਸੋ ਮਹਾਰਾਜ! ਇਹ ਤਾਂ ਕਦੇ ਸੋਚਿਆ ਵੀ ਨਹੀਂ ਜਾ ਸਕਦਾ ਕਿ ਇਸ ਨੂੰ ਰਸ ਭਰੇ ਹੋਏ ਮਿੱਠੇ ਅੰਗੂਰ ਵੀ ਕਦੇ ਲਗ ਸਕਦੇ ਹਨ। ਅੰਗੂਰ ਤਾਂ ਹਮੇਸ਼ਾ ਅੰਗੂਰਾਂ ਦੀਆਂ ਵੇਲਾਂ ਨੂੰ ਲਗਿਆ ਕਰਦੇ ਹਨ।

ਮਹਾਰਾਜ ਜੀ ਕਹਿਣ ਲੱਗੇ, "ਭੂਮੀਆ! ਬਈ ਇਕ ਗੱਲ ਹੋਰ ਦੱਸ, ਤੂੰ ਸਿਆਣਾ ਹੈਂ। ਕਿਸਾਨ ਨੇ ਆਪਣੇ ਖੇਤਾਂ ਵਿਚ ਕਪਾਹ ਬੀਜੀ, ਗੁਡਾਈਆਂ ਕਰਕੇ, ਪਾਣੀ ਦੇ ਕੇ, ਫਲ ਤੇ ਲੈ ਆਂਦੀ। ਉਸ ਦੇ ਘਰਵਾਲੀ ਤੇ ਪਰਿਵਾਰ ਨੇ ਰਲ ਕੇ ਕਪਾਹ ਚੁਗੀ, ਵੱਡੇ-ਵੱਡੇ ਗ੍ਹਾਲੇ ਅੱਡ ਕੀਤੇ, ਫਿਰ ਉਨ੍ਹਾਂ ਨੂੰ ਹੱਥ ਵੇਲਣਿਆਂ ਵਿਚ ਵੇਲ ਕੇ ਵੜੇਵੇਂ ਅੱਡ ਕਰ ਦਿਤੇ, ਰੂੰ ਅੱਡ ਕਰ ਦਿਤੀ, ਉਸ ਰੂੰ ਨੂੰ ਪੇਂਜੇ ਪਾਸ ਲਿਜਾ ਕੇ ਪਿੰਜਾਇਆ, ਪੂਣੀਆਂ ਵੱਟੀਆਂ ਅਤੇ ਮੋਕਾ ਪਾ ਕੇ ਚਰਖਾ ਚਲਾ ਕੇ ਉਸ ਰੂੰ ਤੋਂ ਸੂਤ ਦੇ ਗਲੋਟੇ ਬਣਾਏ ਫਿਰ ਧਾਗਾ ਪਾਣ ਦੇ ਕੇ ਪੱਕਾ ਕੀਤਾ। ਜੁਲਾਹੇ ਨੇ ਰੱਛ ਵਿਚ ਉਣ ਕੇ ਪਹਿਨਣ ਵਾਲੇ ਵਸਤਰ ਬਣਾਏ ਅਤੇ ਖੇਸ, ਦੋਲੇ, ਦਰੀਆਂ ਆਦਿ ਬਣਾਏ ਅਤੇ ਹਰ ਤਰ੍ਹਾਂ ਦੀ ਵਰਤੋਂ ਲਈ ਕਪੜਾ ਬਣਾਇਆ, ਤੂੰ ਹੁਣ ਐਉਂ ਦਸ ਕਿ ਜੇ ਮਨ ਵਿਚ ਇਹ ਖਿਆਲ ਹੋਵੇ ਕਿ ਇਹ ਉੱਨ ਬਣ ਜਾਵੇ, ਦਸ ਕਦੇ ਉੱਨ ਬਣ ਸਕਦੀ ਹੈ?"

ਕਹਿੰਦਾ, "ਨਾ ਮਹਾਰਾਜ! ਇਹ ਤਾਂ ਤੁਸੀਂ ਸਾਡੀਆਂ ਹੀ ਗੱਲਾਂ ਕਰ ਰਹੇ ਹੋਂ, ਸਾਡੇ ਵਾਤਾਵਰਣ ਵਿਚੋਂ ਹੀ ਤੁਸੀਂ ਬਾਤ ਚੀਤ ਕਰ ਰਹੇ ਹੋਂ। ਉੱਨ ਤਾਂ ਭੇਡਾਂ ਤੋਂ ਲਾਹੀ ਜਾਂਦੀ ਹੈ, ਉਸ ਨੂੰ ਪਿੰਜ ਕੇ ਉਸ ਨੂੰ ਵੀ ਕੱਤਿਆ ਜਾਂਦਾ ਹੈ ਅਤੇ ਉਸ ਦੇ ਗਲੋਟੇ ਜੁਲਾਹੇ ਨੂੰ ਦੇ ਕੇ ਉੱਨ ਦੇ ਵਸਤਰ ਤਿਆਰ ਕਰਵਾਏ ਜਾਂਦੇ ਹਨ।" ਇਸ ਬਾਰੇ ਫੁਰਮਾਨ ਆਉਂਦਾ ਹੈ -

***ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ ਪੰਨਾ-1379***

ਗੁਰੂ ਮਹਾਰਾਜ ਜੀ ਕਹਿਣ ਲੱਗੇ, "ਪ੍ਰੇਮੀਆ! ਫੇਰ ਇਹ ਦੱਸ ਕਿ ਕਿਕਰਾਂ ਬੀਜ ਕੇ ਅੰਗੂਰ ਭਾਲਣੇ ਅਤੇ ਕਪਾਹ ਬੀਜ ਕੇ ਉੱਨ ਦੀ ਆਸ ਰੱਖਣੀ ਇਹ ਆਸ ਕਦੇ ਪੂਰੀ ਹੋ ਸਕਦੀ ਹੈ?

ਇਕ ਦਮ ਬੋਲ ਪਿਆ, "ਮਹਾਰਾਜ ਜੀ! ਇਹ ਤਾਂ ਸਾਰੇ ਹੀ ਜਾਣਦੇ ਹਨ, ਇਸ ਤਰ੍ਹਾਂ ਕਦੇ ਹੋ ਹੀ ਨਹੀਂ ਸਕਦਾ।" ਗੁਰੂ ਮਹਾਰਾਜ ਜੀ ਕਹਿਣ ਲੱਗੇ, "ਭੂਮੀਆ! ਤੂੰ ਗੱਲ ਪਤੇ ਦੀ ਕਰ ਰਿਹਾ ਹੈਂ।" ਹੁਣ ਬਈ ਐਂ ਦਸ, ਜਦੋਂ ਤੂੰ ਲੁੱਟ ਕੇ ਲਿਆਉਂਦਾ ਹੈਂ, ਕਿਸੇ ਦੇ ਘਰ ਡਾਕਾ ਮਾਰਦਾ ਹੈਂ, ਕੁੱਟ ਮਾਰ ਕੇ ਅਤੇ ਅਨੇਕਾਂ ਤਰੀਕਿਆਂ ਨਾਲ ਦੁਖ ਦੇ ਕੇ ਲੋਕਾਂ ਤੋਂ ਚੀਜ਼ਾਂ ਹਾਸਲ ਕਰਦਾ ਹੈ, ਅਨਾਜ ਲੁੱਟ ਕੇ ਲਿਆਉਂਦਾ ਹੈਂ, ਕੱਪੜੇ ਲੀੜੇ ਲੁੱਟ ਕੇ ਲਿਆਉਂਦਾ ਹੈਂ ਤਾਂ ਪਿਆਰਿਆ! ਇਹ ਦੱਸ ਉਹ ਖੁਸ਼ੀ-ਖੁਸ਼ੀ ਦਿੰਦੇ ਹਨ?

ਕਹਿੰਦਾ, "ਸੱਚੇ ਪਾਤਸ਼ਾਹ! ਕੋਈ ਖੁਸ਼ੀ ਨਾਲ ਵੀ ਦਿੰਦਾ ਹੈ! ਜੇ ਖੁਸ਼ੀ ਨਾਲ ਦਿੰਦਾ ਹੋਵੇ ਤਾਂ ਅਸੀਂ ਡਾਕੇ ਕਿਉਂ ਮਾਰਨੇ ਨੇ?"

ਕਹਿੰਦੇ, "ਫੇਰ ਉਨ੍ਹਾਂ ਨੂੰ ਦੁਖ ਤਾਂ ਹੁੰਦਾ ਹੋਣੈ, ਉਹ ਰੋਂਦੇ ਕੁਰਲਾਉਂਦੇ ਹੋਣੇ ਨੇ ਅਤੇ ਤੈਨੂੰ ਬਦ-ਦੁਆਵਾਂ ਦਿੰਦੇ ਹੋਣਗੇ।"

ਭੂਮੀਆਂ ਕਹਿਣ ਲੱਗਿਆ, "ਮਹਾਰਾਜ! ਹੁੰਦਾ ਤਾਂ ਪਾਪ ਹੈ, ਪਰ ਮੈਂ ਆਪਣੇ ਵਾਸਤੇ ਤਾਂ ਕੋਈ ਚੀਜ਼ ਨਹੀਂ ਰਖਦਾ ਉਹ ਤਾਂ ਮੈਂ ਸਾਧੂਆਂ ਦੇ ਅਰਪਣ ਕਰ ਦਿੰਦਾ ਹਾਂ?" ਪੁੰਨ ਤਾਂ ਜਿਨ੍ਹਾਂ ਤੋਂ ਮੈਂ ਲੁਟਦਾ ਹਾਂ, ਓਹਨਾਂ ਨੂੰ ਭੀ ਲਗਦਾ ਹੋਣਾ ਹੈ।

ਮਹਾਰਾਜ ਜੀ ਕਹਿਣ ਲੱਗੇ, "ਫੇਰ ਤੂੰ ਪੁੰਨ ਦੀ ਆਸ ਰਖਦਾ ਹੋਵੇਂਗਾ?" ਕਹਿਣ ਲੱਗਿਆ, "ਮਹਾਰਾਜ! ਇਹ ਤਾਂ ਹੁੰਦਾ ਹੀ ਹੈ? ਮੈਂ ਖੋਹ ਖਿੰਝ ਕੇ ਲਿਆਇਆ ਹਾਂ, ਹੱਕ ਤਾਂ ਮੇਰਾ ਹੀ ਹੈ ਪਰ ਇਹ ਮੈਂ ਸਾਧੂਆਂ ਵਾਸਤੇ ਖਰਚ ਕਰਦਾ ਹਾਂ।" ਪਰ ਥੋੜ੍ਹਾ ਬਹੁਤਾ ਪੁੰਨ ਉਨ੍ਹਾਂ ਨੂੰ ਭੀ ਮਿਲ ਜਾਂਦਾ ਹੋਵੇਗਾ।

ਗੁਰੂ ਮਹਾਰਾਜ ਜੀ ਕਹਿਣ ਲੱਗੇ, "ਐਂ ਦਸ, ਭੂਮੀਆ! ਧਰਤੀ ਵਿਚ ਤੂੰ ਪਾਪ ਹੀ ਬੀਜੇ ਨਾ, ਇਨ੍ਹਾਂ ਨੂੰ ਕਿਹੜਾ ਫਲ ਲਗੇਗਾ? ਦੇਖ, ਬੀਜਣ ਵੇਲੇ ਕਿੱਕਰ ਦਾ ਬੀਜ ਮਨ ਨੂੰ ਬਹੁਤ ਸੋਹਣਾ ਲਗਦਾ ਹੈ, ਗੋਲ ਬੀਜ ਹੁੰਦਾ ਹੈ, ਹਲਕਾ ਪੀਲਾ ਰੰਗ ਹੈ, ਕਾਲੀਆਂ ਧਾਰੀਆਂ ਦੇ ਗੋਲ ਚੱਕਰ ਉਸ ਵਿਚ ਹੁੰਦੇ ਹਨ, ਬਹੁਤ ਹੀ ਖੂਬਸੂਰਤ ਬੀਜ ਹੁੰਦਾ ਹੈ ਪਰ ਜਦੋਂ ਦਰਖਤ ਬਣ ਕੇ ਉਗਦਾ ਹੈ ਤਾਂ ਕਿੱਕਰ ਹੀ ਬਣਦਾ ਹੈ।" ਇਸੇ ਤਰ੍ਹਾਂ ਪਿਆਰਿਆ! ਪਾਪ ਕਰਨ ਵੇਲੇ ਆਦਮੀ ਖੁਸ਼ ਹੁੰਦਾ ਹੈ ਕਿ ਮੈਂ ਉਸ ਦਾ ਘਰ ਲੁੱਟ ਲਿਆ, ਉਹ ਮੇਰਾ ਮੁਕਾਬਲਾ ਨਾ ਕਰ ਸਕਿਆ ਪਰ ਜਦੋਂ ਇਹਦਾ ਫਲ ਪਾਪਾਂ ਵਿਚ ਮਿਲੇਗਾ, ਇਹ ਪਾਪਾਂ ਦਾ ਭੈੜਾ ਫਲ ਖਾਣ ਨੂੰ ਮਿਲੇਗਾ ਉਸ ਵੇਲੇ ਜਿੰਦ ਰੋਂਦੀ ਹੈ, ਪਛਤਾਉਂਦੀ ਹੈ ਕਿ ਮੈਂ ਪਾਪ ਹੀ ਕਿਉਂ ਬੀਜਿਆ? ਪਾਪ ਬੀਜਣ ਦਾ ਫਲ ਵੀ ਪਾਪ ਹੀ ਹੋਇਆ ਕਰਦਾ ਹੈ। ਫੇਰ ਕੀ ਹੋ ਸਕਦਾ ਹੈ ਦਰਗਾਹ ਵਿਚ ਤਾਂ ਉਹਨੂੰ ਰੋਣਾ ਪੈ ਗਿਆ, ਨਿਮਾਣੀ ਜ਼ਿੰਦੜੀ ਲੇਖੇ ਦਿੰਦੀ ਹੈ, ਪਛਤਾਉਂਦੀ ਹੈ ਫੇਰ ਕੋਈ ਸਹਾਇਤਾ ਨਹੀਂ ਕਰਦਾ। ਜੇ ਤੂੰ ਇਹ ਆਸ ਰੱਖੇਂ ਕਿ ਸੰਤ ਮੇਰੀ ਸਹਾਇਤਾ ਕਰਨਗੇ, ਉਹ ਨਹੀਂ ਹੋਣਾ। ਕਿਉਂਕਿ ਭੂਮੀਆਂ! ਤੂੰ ਦੂਹਰਾ ਪਾਪ ਕੀਤਾ ਹੈ, ਇਕ ਤਾਂ ਤੂੰ ਧਨ ਖੋਹ ਕੇ ਲਿਆਇਆ, ਧਨ ਦੇ ਮਾਲਕਾਂ ਨੂੰ ਦੁਖ ਦੇ ਦੇ ਕੇ ਧਨ, ਅੰਨ,

ਵਸਤਰ ਪ੍ਰਾਪਤ ਕੀਤੇ ਅਤੇ ਦੂਜਾ ਇਹ ਕਿ ਸੰਤਾਂ ਨੂੰ ਖਾਣ ਵਾਸਤੇ ਦਿਤਾ। ਭੂਮੀਆ! ਮਾੜੇ ਅੰਨ ਦਾ ਫਲ ਮਾੜਾ ਹੋਇਆ ਕਰਦਾ ਹੈ। ਪਾਪ ਦੀ ਕਮਾਈ ਕਰਕੇ ਸੰਤਾਂ ਨੂੰ ਦੇ ਕੇ ਉਹ ਪੁੰਨ ਨਹੀਂ ਬਣ ਜਾਂਦਾ। ਸੰਤ ਇਸ ਪਾਪ ਦੇ ਅੰਨ ਦਾ ਫਲ ਭੋਗਦੇ ਹਨ। ਉਨ੍ਹਾਂ ਦੀ ਬਿਰਤੀ ਨਹੀਂ ਲਗਦੀ ਅਤੇ ਕਿੰਨੇ-ਕਿੰਨੇ ਦਿਨ ਪ੍ਰਭੂ ਨਾਲੋਂ ਟੁੱਟੇ ਰਹਿੰਦੇ ਹਨ ਕਿਉਂਕਿ ਸ਼ੁਧ ਅੰਨ ਨਾਲ ਸ਼ੁਧ ਮਨ ਬਣਿਆ ਕਰਦਾ ਹੈ। ਧੋਖੇ, ਖੋਹ ਖਿੰਝ, ਝੂਠ ਬੋਲ-ਬੋਲ ਕੇ ਹਾਸਲ ਕੀਤਾ ਧਨ ਪਾਪ ਦਾ ਧਨ ਹੋਇਆ ਕਰਦਾ ਹੈ। ਇਸ ਨੂੰ ਖਾ ਕੇ ਮਨ ਮੈਲਾ ਹੋ ਜਾਂਦਾ ਹੈ ਅਤੇ ਸੰਤਾਂ ਦੀ ਬਿਰਤੀ ਤੋੜਨ ਨਾਲ ਇਹ ਪਾਪ ਵੀ ਤੈਨੂੰ ਹੀ ਲਗਦਾ ਹੈ। ਮੇਰਾ ਖਿਆਲ ਹੈ ਤੂੰ ਸਮਝ ਲਿਆ ਹੋਣਾ ਹੈ ਕਿ ਤੂੰ ਦੂਹਰੇ ਪਾਪ ਵਿਚ ਘਿਰ ਜਾਂਦਾ ਹੈਂ? ਇਸ ਦੀ ਥਾਂ ਤੇ ਜੇ ਤੂੰ ਦਸਾਂ ਨਹੁੰਆਂ ਦੀ ਕਿਰਤ ਕਰਕੇ ਧਨ ਪ੍ਰਾਪਤ ਕਰੇ ਤਾਂ ਪਿਆਰਿਆ! ਜਿਵੇਂ ਅੰਗੂਰ ਬੀਜੇ ਤੇ ਅੰਗੂਰ ਮਿਲਦੇ ਹਨ ਇਸੇ ਤਰ੍ਹਾਂ ਨਾਲ ਸੰਤਾਂ ਦੀ ਅਸੀਸ ਜੰਮਣ ਮਰਨ ਦੇ ਦੁਖ ਕੱਟ ਦਿੰਦੀ ਹੈ ਅਤੇ ਪ੍ਰਮੇਸ਼ਰ ਨੂੰ ਮਿਲਾ ਦਿਆ ਕਰਦੀ ਹੈ। ਅੰਨ ਦਾਨ ਬਹੁਤ ਵੱਡਾ ਦਾਨ ਹੈ ਜਿਸ ਤੋਂ ਸਰੀਰ ਦੀ ਰਖਸ਼ਾ ਹੁੰਦੀ ਹੈ। ਸੋ ਗੱਲ ਤੂੰ ਅੱਛੀ ਤਰ੍ਹਾਂ ਸਮਝ ਗਿਆ ਹੋਵੇਂਗਾ? ਮਹਾਰਾਜ ਜੀ ਕਹਿਣ ਲੱਗੇ ਸੁਣ!

***ਘਾਲਿ ਖਾਇ ਕਿਛੁ ਹਥਹੁ ਦੇਇ॥***
***ਨਾਨਕ ਰਾਹੁ ਪਛਾਣਹਿ ਸੇਇ॥*** *ਪੰਨਾ - 1245*

***ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥***

*ਪੰਨਾ - 472*

ਪਾਪ ਦਾ ਧਨ ਦੇਣ ਨਾਲ ਤਾਂ ਪਾਪਾਂ ਦੀ ਸਜ਼ਾ ਹੀ ਦਰਗਾਹ ਵਿਚ ਮਿਲੇਗੀ। ਭਜਨ ਕਰਨ ਵਾਲਾ ਮਹਾਂਪੁਰਸ਼ ਮਾੜਾ ਅੰਨ੍ਹ ਨਹੀਂ ਛਕਿਆ ਕਰਦੇ। ਸਾਧਸੰਗਤ ਜੀ! ਰਹਿਤਨਾਮੇ ਵਿਚ ਆਉਂਦਾ ਹੈ -

***ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀ ਰੀਤ॥***
***ਤਿਸ ਦੇ ਹਥਹੁ ਖਾਧੀਐ ਵਿਸਰੈ ਹਰਿ ਕੀ ਪਰੀਤ॥***

***ਰਹਿਤਨਾਮਾ***

ਇਸ ਕਰਕੇ ਕਿਰਤ ਕਰਨ ਵਾਲਾ ਪ੍ਰਭੂ ਦੇ ਦਰ ਤੇ ਛੇਤੀ ਪ੍ਰਵਾਨ ਹੋ ਜਾਂਦਾ ਹੈ। ਸੋ ਕਿਰਤ ਨੂੰ ਮਾੜਾ ਕਹਿਣਾ ਅਤੇ ਕਿਰਤੀ ਦੇ ਨਾਲ ਨਫਰਤ ਕਰਨੀ ਕਿੱਡੀ ਵੱਡੀ ਭੁੱਲ ਹੈ ਜੇ ਕਿਰਤੀ ਕਿਰਤ ਨਾ ਕਰੇ, ਕਿਸਾਨ ਹਲ ਚਲਾ-ਚਲਾ ਕੇ, ਹਲਟ ਗੇੜ-ਗੇੜ ਕੇ ਅੰਨ ਪੈਦਾ ਨਾ ਕਰੇ ਤਾਂ ਉਚੀਆਂ ਜਾਤਾਂ ਵਾਲੇ ਇੱਟਾਂ ਵੱਟੇ ਖਾ ਕੇ ਤਾਂ ਨਹੀਂ ਜੀਉਣਗੇ। ਜੇ ਜੁਲਾਹਾ ਕਪੜਾ ਨਾ ਬੁਣੇ ਤਾਂ ਉਚੀਆਂ ਜਾਤੀਆਂ ਵਾਲੇ ਨੰਗੇ ਸਰੀਰ ਕਿਵੇਂ ਧੁੱਪ, ਗਰਮੀ, ਸਰਦੀ ਨੂੰ ਸਹਿਨ ਕਰਨਗੇ।

ਸੋ ਕਿਰਤ ਨੂੰ ਮਾੜਾ ਕਹਿਣਾ ਵੱਡੀ ਭੁੱਲ ਹੈ? ਨਾਮਦੇਵ ਜੀ ਕਿਰਤੀ ਸਨ। ਪਹਿਲਾਂ ਕਪੜੇ ਧੋ ਕੇ ਸੁਕਾਉਂਦੇ ਸਨ ਅਤੇ ਫੇਰ ਠੱਪੇ ਲਾਇਆ ਕਰਦੇ ਸਨ। ਵੱਡੀ ਗੱਲ ਇਹ ਸੀ ਕਿ ਹਰ ਵਕਤ ਪ੍ਰਮੇਸ਼ਰ ਨਾਲ ਜੁੜੇ ਰਹਿੰਦੇ ਸਨ। ਇਕ ਵਾਰੀ ਉਨ੍ਹਾਂ ਦੀ ਕਿਰਤ ਨੂੰ ਦੇਖ ਕੇ ਭਗਤ ਤ੍ਰਿਲੋਚਨ ਨੇ ਧੋਖਾ ਖਾਧਾ ਕਿ ਭਗਤ ਜੀ ਗਿਆਨੀ ਤਾਂ ਹਨ ਪਰ ਪ੍ਰਭੂ ਨਾਲ ਜੁੜੇ ਨਹੀਂ ਰਹਿੰਦੇ। ਜਦੋਂ ਦਾ ਮੈਂ ਇਨ੍ਹਾਂ ਕੋਲ ਆਇਆ ਹਾਂ ਇਨ੍ਹਾਂ ਨੂੰ ਦੇਖੀ ਜਾਂਦਾ ਹਾਂ ਕਿ ਇਹ ਬਹੁਤ ਕਾਹਲੀ ਨਾਲ ਠੱਪੇ ਲਾਉਂਦੇ ਹਨ, ਕਿੱਡਾ ਢੇਰ ਕੱਪੜਿਆਂ ਦਾ ਇਨ੍ਹਾਂ ਦੇ ਸਾਮ੍ਹਣੇ ਪਿਆ ਹੈ, ਜਿਨ੍ਹਾਂ-ਜਿਨ੍ਹਾਂ ਦੇ ਇਹ ਵਸਤਰ ਹਨ ਉਹ ਲੈਣ ਆਉਣਗੇ, ਇਸ ਕਰਕੇ ਨਾਮਦੇਵ ਜੀ ਨੂੰ ਬਹੁਤ ਕਾਹਲੀ ਨਾਲ ਕੰਮ ਕਰਨਾ ਪੈਂਦਾ ਹੈ। ਤ੍ਰਿਲੋਚਨ ਦਾ ਮਤ ਸੀ ਕਿ ਨਾਮ ਜਪਣ ਵਾਲੇ ਨੂੰ ਕੋਈ ਵੀ ਕੰਮ ਨਹੀਂ ਕਰਨਾ ਚਾਹੀਦਾ, ਕੇਵਲ ਸਮਾਧੀ ਲਾ ਕੇ ਪ੍ਰਭੂ ਭਗਤੀ ਕਰਨੀ ਚਾਹੀਦੀ ਹੈ। ਉਸ ਨੇ ਨਾਮਦੇਵ ਜੀ ਨੂੰ ਕਿਹਾ -

***ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥***
***ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥***

*ਪੰਨਾ - 1375*

ਨਾਮਦੇਵ ਜੀ ਮੁਸਕਰਾਏ ਅਤੇ ਕਹਿਣ ਲੱਗੇ, "ਤ੍ਰਿਲੋਚਨ ਜੀ! ਪਿਆਰ ਦਾ ਸਬੰਧ ਹਿਰਦੇ ਨਾਲ ਹੁੰਦਾ ਹੈ, ਮੇਰੇ ਹਿਰਦੇ ਵਿਚ ਸਦਾ ਹੀ ਪ੍ਰਭੂ ਦੀ ਯਾਦ ਤਾਜ਼ਾ ਰਹਿੰਦੀ ਹੈ, ਜੇ ਕਦੇ ਉਹ ਇਕ ਸੁਆਸ ਵਾਸਤੇ ਵੀ ਮੇਰੇ ਤੋਂ ਵਿਛੜ ਜਾਣ ਤਾਂ ਮੇਰੀ ਮੌਤ ਹੋ ਜਾਂਦੀ ਹੈ। ਤ੍ਰਿਲੋਚਨ ਜੀ ਪਿਆਰ ਦਾ ਸਬੰਧ ਵਿਹਲੇ ਬਹਿਣ ਨਾਲ ਨਹੀਂ ਹੋਇਆ ਕਰਦਾ, ਇਹ ਚਿੱਤ ਦਾ ਸਵਾਲ ਹੈ, ਵੇਖਣਾ ਇਹ ਪੈਂਦਾ ਹੈ ਕਿ ਚਿੱਤ ਕਿਥੇ ਲੱਗਿਆ ਹੋਇਆ ਹੈ -

***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥***
***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥***

*ਪੰਨਾ - 1376*

ਨਾਮ ਤਾਂ ਰਸਨਾ ਨੇ ਜਪਣਾ ਹੈ, ਨਾਮ ਸੁਆਸ ਨੇ ਜਪਣਾ ਹੈ, ਨਾਮ ਦੀ ਖਿੱਚ ਚਿਤ ਨੇ ਅਨੁਭਵ ਕਰਨੀ ਹੈ, ਕੰਮ ਹੱਥਾਂ ਨੇ ਕਰਨਾ ਹੈ, ਹੱਥਾਂ ਨੂੰ ਮਾਲਾ ਘੁੰਮਾਉਣ ਦੀ ਲੋੜ ਨਹੀਂ ਹੋਇਆ ਕਰਦੀ ਕਿਉਂਕਿ ਉਹ ਪਿਆਰੇ ਦਾ ਪਿਆਰ ਮੇਰੇ ਰੋਮ-ਰੋਮ ਵਿਚ ਵਸ ਚੁਕਿਆ ਹੈ। ਇਸ ਕਰਕੇ ਕਿਰਤ ਕਰਨਾ ਇਕ ਮਹਾਨ ਸੁੱਚਾ ਕਰਮ ਹੈ। ਸੋ ਤੁਸੀਂ ਇਸ ਭੁਲੇਖੇ ਵਿਚ ਨਾ ਆਓ। ਦੇਖੋ, ਵਿਚਾਰ ਕੇ ਤੁਸੀਂ ਕਿ ਬੱਚੇ ਕਾਗਜ਼ ਲਿਆਉਂਦੇ ਹਨ, ਡੋਰ ਖਰੀਦਦੇ ਹਨ, ਗੂੰਦ ਨਾਲ ਬਾਂਸ ਦੀਆਂ ਕਾਪਾਂ ਕਾਗਜ਼ ਨਾਲ ਜੋੜ ਕੇ ਬਹੁਤ ਸੋਹਣੀ ਗੁੱਡੀ (ਪਤੰਗ) ਬਣਾਉਂਦੇ ਹਨ। ਡੋਲਣ ਤੋਂ ਬਚਾਉਣ ਲਈ ਇਕ ਲੰਮੀ ਪੂੰਛ ਲਾਉਂਦੇ ਹਨ, ਫੇਰ ਡੋਰ ਨੂੰ ਛੱਡ ਕੇ ਗੁੱਡੀ ਅਸਮਾਨ ਵਿਚ ਚੜ੍ਹਾਉਂਦੇ ਹਨ। ਜੋ ਪੰਜ, ਚਾਰ ਮਿੱਤਰ ਹਨ ਉਹ ਪਾਸ ਖੜ੍ਹੇ ਗੱਲਾਂ ਕਰਦੇ ਹਨ। ਗੁੱਡੀ ਚੜ੍ਹਾਉਣ ਵਾਲੇ ਦਾ ਚਿੱਤ ਗੱਲਾਂ ਵਿਚ ਨਹੀਂ ਹੁੰਦਾ, ਉਸ ਦਾ ਸਬੰਧ ਗੁੱਡੀ ਤੇ ਡੋਰ ਨਾਲ ਹੁੰਦਾ ਹੈ। ਗੁੱਡੀ ਨੂੰ ਡੋਲਦੇ ਦੇਖ ਕੇ ਤੁਣਕੇ ਮਾਰਦਾ ਹੈ, ਕਦੇ ਡੋਰ ਰੀਲ ਉਪਰ ਇਕੱਠੀ ਕਰਦਾ ਹੈ, ਕਦੇ ਡੋਰ ਛੱਡ ਦਿੰਦਾ ਹੈ। ਹੁਣ ਤੁਸੀਂ ਦੱਸੋ, ਉਸ ਦੀ ਸੁਰਤ ਕਿਥੇ ਰਹੀ? ਉਹ ਤਾਂ ਗੁੱਡੀ ਨਾਲ ਹੀ ਰਹੀ ਨਾ ਕਿਉਂਕਿ ਉਸ ਦਾ ਗਹਿਰਾ ਮਨ ਗੁੱਡੀ ਨਾਲ ਬੰਨ੍ਹਿਆ ਹੋਇਆ ਸੀ, ਗੁੱਡੀ ਡੋਰ ਨਾਲ ਬੰਨੀ ਹੋਈ ਹੈ, ਡੋਰ ਉਸ ਦੇ ਹੱਥ ਵਿਚ ਹੈ।

ਇਸੇ ਤਰ੍ਹਾਂ ਲੜਕੀਆਂ ਸਰੋਵਰ ਵਿਚ ਜਲ ਲੈਣ ਲਈ ਜਾਂਦੀਆਂ ਹਨ, ਦੋ-ਦੋ, ਤਿੰਨ-ਤਿੰਨ ਘੜੇ ਨਰੋਈਆਂ ਬੀਬੀਆਂ ਚੁੱਕ ਲੈਂਦੀਆਂ ਹਨ। ਇਕ ਘੜਾ ਸਿਰ ਉਪਰ ਹੈ, ਇਕ ਉਸ ਦੇ ਉਪਰ ਹੋਰ ਰੱਖਿਆ ਹੋਇਆ ਹੈ, ਇਕ ਕੱਛ ਵਿਚ ਹੈ, ਇਕ ਹੱਥ ਵਿਚ ਲਟਕਾਈ ਜਾ ਰਹੀਆਂ ਹਨ। ਸਹੇਲੀਆਂ ਇਕੱਠੀਆਂ

ਹੋ ਕੇ ਹਸਦੀਆਂ ਹਨ, ਗੱਲਾਂ ਕਰਦੀਆਂ ਹਨ ਪਰ ਉਨ੍ਹਾਂ ਦੀ ਸੁਰਤ ਪਾਣੀ ਦੇ ਬਰਤਨਾਂ ਵਿਚ ਹੋਇਆ ਕਰਦੀ ਹੈ। ਕਈ ਬੀਬੀਆਂ ਤਾਂ ਐਨੀਆਂ ਤਕੜੀਆਂ ਹੁੰਦੀਆਂ ਹਨ ਕਿ ਤਿੰਨ-ਤਿੰਨ ਘੜੇ ਸਿਰ ਉਪਰ ਰੱਖ ਲੈਂਦੀਆਂ ਹਨ। ਇਕ ਘੜਾ ਹੱਥ ਵਿਚ ਵੀ ਲਟਕਾਇਆ ਹੁੰਦਾ ਹੈ ਅਤੇ ਪਾਣੀ ਲੈ ਕੇ ਸਹੀ ਸਲਾਮਤ ਘਰ ਪਹੁੰਚ ਜਾਂਦੀਆਂ ਹਨ।

ਹੋਰ ਸੁਣੋ! ਇਕ ਮਾਈ ਦਾ ਬੱਚਾ ਛੋਟਾ ਹੈ, ਉਹ ਘਰ ਦੇ ਕੰਮਾਂ ਵਿਚ ਰੁਝੀ ਹੋਈ ਹੈ, ਬੱਚੇ ਨੂੰ ਝੂਲੇ ਉਪਰ ਪਾ ਕੇ ਝੂਟਾ ਦਿੰਦੀ ਹੈ, ਪੂਰਾ ਧਿਆਨ ਰੱਖਦੀ ਹੈ ਕਿ ਇਹ ਬੱਚਾ ਕਿਤੇ ਰੋਣ ਨਾ ਲਗ ਜਾਵੇ, ਜ਼ਰਾ ਕੁ ਵੀ ਰੋਣ ਦੀ ਅਵਾਜ਼ ਆਈ, ਸਾਰੇ ਕੰਮ ਵਿਚ ਛੱਡ ਕੇ ਬੱਚੇ ਪਾਸ ਪਹੁੰਚ ਜਾਂਦੀ ਹੈ ਅਤੇ ਯਾਦ ਰਖਦੀ ਹੈ ਕਿ ਝੂਲੇ ਦੇ ਝੂਟੇ ਹਿਲਣੋਂ ਨਾ ਹਟ ਜਾਣ, ਪਹਿਲਾਂ ਹੀ ਜਾ ਕੇ ਝੂਟਾ ਦੇ ਆਉਂਦੀ ਹੈ।

ਇਸੇ ਤਰ੍ਹਾਂ ਇਕ ਗਊ ਸੱਜਰ ਸੂਈ ਹੋਈ ਹੈ। ਬਛੜਾ ਉਸ ਦਾ ਘਰ ਬੰਨ੍ਹਿਆ ਹੋਇਆ ਹੈ। ਗਊ ਦੂਰ ਪੰਜ ਚਾਰ ਕੋਹਾਂ ਤੇ ਰੋਹੀ ਵਿਚ ਪਹੁੰਚ ਕੇ ਘਾਹ ਚਰ ਰਹੀ ਹੈ ਪਰ ਥੋੜ੍ਹੀ-ਥੋੜ੍ਹੀ ਦੇਰ ਬਾਦ ਉਸ ਦੇ ਪੇਟ ਵਿਚੋਂ ਹੀਂਗ (ਹੀਂ-ਹੀਂ) ਨਿਕਲਦੀ ਹੈ, ਕਦੇ ਜ਼ੋਰ ਨਾਲ ਰੰਭਣ ਲਗ ਜਾਂਦੀ ਹੈ, ਉਹ ਆਪਣਾ ਪੇਟ ਤਾਂ ਭਰ ਰਹੀ ਹੈ, ਘਾਹ ਵਲ ਵੀ ਉਸ ਦਾ ਧਿਆਨ ਹੈ ਪਰ ਬਛੜੇ ਵਲ ਵਧੇਰੇ ਧਿਆਨ ਹੈ। ਇਸ ਤਰ੍ਹਾਂ ਨਾਲ ਮੈਂ ਜੇ ਹੱਥਾਂ ਨਾਲ ਚੰਦੇ ਠਾਪ ਰਿਹਾ ਹਾਂ ਤਾਂ ਮੇਰਾ ਧਿਆਨ ਤਾਂ ਪ੍ਰਮੇਸ਼ਰ ਨਾਲ ਐਨਾ ਜ਼ਿਆਦਾ ਜੁੜਿਆ ਹੋਇਆ ਹੈ ਕਿ ਜੇ ਉਹ ਇਕ ਪਲ ਵੀ ਵਿਸਰਦਾ ਹੈ ਤਾਂ ਮੈਂ ਇਸ ਤਰ੍ਹਾਂ ਤੜਫਦਾ ਹਾਂ ਜਿਵੇਂ ਮੱਛੀ ਨੂੰ ਪਾਣੀ ਨਾਲ ਪਿਆਰ ਹੁੰਦਾ ਹੈ।

ਇਸ ਤਰ੍ਹਾਂ ਨਾਲ ਭਗਤ ਤ੍ਰਿਲੋਚਨ ਨੂੰ ਸਮਝਾਇਆ ਕਿ ਮੇਰਾ ਮਨ ਤਾਂ ਰਾਮ ਦੇ ਨਾਮ ਨਾਲ ਵਿੰਨ੍ਹਿਆ ਹੋਇਆ ਹੈ, ਮੇਰੀ ਸਦਾ ਹੀ ਸੁਰਤੀ ਪ੍ਰਭੂ ਨਾਲ ਜੁੜੀ ਰਹਿੰਦੀ ਹੈ ਜਿਵੇਂ ਗਹਿਣੇ ਬਣਾਉਣ ਵਾਲਾ ਗਾਹਕਾਂ ਨਾਲ ਗੱਲਾਂ ਵੀ ਕਰਦਾ ਹੈ ਅਤੇ ਨਾਲ ਦੀ ਨਾਲ ਆਪਣਾ ਕੰਮ ਵੀ ਜਾਰੀ ਰਖਦਾ ਹੈ। ਸੋ ਨਾਮਦੇਵ ਜੀ ਕਹਿਣ ਲੱਗੇ, ਪ੍ਰਭੂ ਨਾਲ ਪਿਆਰ ਵਿਹਲੇ ਬੈਠ ਕੇ ਨਹੀਂ ਹੋਇਆ ਕਰਦਾ। ਹੱਥੀਂ ਪੈਰੀਂ ਕੰਮ ਕਰੀਏ, ਚਿੱਤ ਉਹਦੇ ਚਰਨਾਂ ਵਿਚ ਜੁੜਿਆ ਰਹੇ। ਸੋ ਆਪ ਜੀ ਫੁਰਮਾਨ ਕਰਦੇ ਹਨ -

*ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ॥*
*ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥*
*ਮਨੁ ਰਾਮ ਨਾਮਾ ਬੇਧੀਅਲੇ॥*
*ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥*
*ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ॥*
*ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ॥*
*ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ॥*
*ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ॥*
*ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ॥*
*ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ॥*
*ਪੰਨਾ - 972*

ਸੋ ਨਾਮਦੇਵ ਜੀ ਸਫਲ ਕਿਰਤੀ ਸਨ ਪਰ ਜਾਤ ਅਭਿਮਾਨੀਆਂ ਦੇ ਅੰਦਰਲੇ ਨੇਤਰ ਬੰਦ ਹੋਣ ਕਰਕੇ ਉਨ੍ਹਾਂ ਨੂੰ ਸੱਚ ਦੀ ਸੋਝੀ ਨਹੀਂ ਸੀ। ਸੋ ਜਾਤ ਪਾਤ, ਉਚ-ਨੀਚ ਦੇ ਚਕਰਾਂ ਵਿਚ ਫਸੇ ਹੋਏ ਅਗਿਆਨੀ ਜਗਤ ਦੇ ਤਾਰਕ ਬਣੇ ਹੋਏ, ਮੰਦਰਾਂ ਵਿਚ ਰਸਮਾਂ ਪੂਰੀਆਂ ਕਰਦੇ ਸਨ। ਉਨ੍ਹਾਂ ਨੇ ਜਦੋਂ ਨਾਮਦੇਵ ਜੀ ਨੂੰ ਦੇਖਿਆ ਤਾਂ ਕ੍ਰੋਧਿਤ ਹੋਇਆਂ ਨੇ ਧੱਕੇ ਮਾਰਨੇ ਸ਼ੁਰੂ ਕਰ ਦਿਤੇ। ਨਾਮਦੇਵ ਜੀ ਮੰਦਰ ਦੇ ਪਿਛੇ ਆਪਣੀ ਕੰਬਲੀ ਚੁੱਕ ਕੇ ਜਾ ਕੇ ਬੈਠ ਗਏ। ਉਥੇ ਹੀ ਪ੍ਰਭੂ ਦੇ ਪਿਆਰ ਵਿਚ ਬੈਰਾਗਮਈ ਬੇਨਤੀਆਂ ਕਰਨ ਲੱਗੇ। ਪ੍ਰਭੂ ਨੂੰ ਆਪਣੇ ਭਗਤ ਦੀ ਬੇਅਦਬੀ ਚੰਗੀ ਨਾ ਲੱਗੀ ਕਿਉਂਕਿ ਉਹ ਸੰਤਾਂ ਨੂੰ ਸੁੱਖ ਮਿਲਣ ਨਾਲ ਸੁਖੀ ਹੁੰਦੇ ਹਨ ਅਤੇ ਸੰਤਾਂ ਨੂੰ ਦੁਖ ਮਿਲਣ ਨਾਲ ਦੁਖੀ ਹੁੰਦੇ ਹਨ ਜਿਵੇਂ ਕਿ ਬੇਨਤੀ ਚੌਪਈ ਵਿਚ ਆਉਂਦਾ ਹੈ -

*ਸੰਤਨ ਦੁਖ ਪਾਏ ਤੇ ਦੁਖੀ॥*
*ਸੁਖ ਪਾਏ ਸਾਧਨ ਕੇ ਸੁਖੀ॥*
*ਏਕ ਏਕ ਕੀ ਪੀਰ ਪਛਾਨੈ॥*
*ਘਟ ਘਟ ਕੇ ਪਟ ਪਟ ਕੀ ਜਾਨੈ॥ ਬੇਨਤੀ ਚੌਪਈ*

ਉਨ੍ਹਾਂ ਨੇ ਮੰਦਰ ਦਾ ਮੂੰਹ ਘੁੰਮਾ ਕੇ ਨਾਮਦੇਵ ਜੀ ਵਲ ਕਰ ਦਿਤਾ। ਨਾਮਦੇਵ ਜੀ ਨੂੰ ਪਹਿਲਾਂ ਵੀ 72 ਵਾਰੀ ਪ੍ਰਭੂ ਦੇ ਦਰਸ਼ਨ ਹੋ ਚੁਕੇ ਸਨ ਪਰ ਇਸ ਵਾਰੀ ਉਨ੍ਹਾਂ ਦੇ ਮਨ ਵਿਚ ਥੋੜ੍ਹਾ ਅਭਿਮਾਨ ਆ ਗਿਆ ਕਿ ਪ੍ਰਭੂ ਮੇਰੀ ਕਿੰਨੀ ਸਹਾਇਤਾ ਕਰਦੇ ਹਨ। ਉਹ ਮੇਰੀ ਹੀ ਕਰਦੇ ਹਨ ਕਿਉਂਕਿ ਮੈਂ ਉਨ੍ਹਾਂ ਦਾ ਪਿਆਰਾ ਹਾਂ, ਪ੍ਰਭੂ ਨੂੰ ਹੋਰ ਤਾਂ ਸਭ ਚੀਜ਼ਾਂ ਭਾਅ ਜਾਂਦੀਆਂ ਹਨ ਪਰ ਆਪਣੇ ਪਿਆਰਿਆਂ ਦੇ ਮਨ ਵਿਚ ਆਇਆ ਹੋਇਆ ਅਭਿਮਾਨ ਨਹੀਂ ਭਾਉਂਦਾ। ਹਉਮੈ ਰੋਗ ਹੈ, ਜਿਸ ਨੇ ਇਸ ਜੀਵ ਨੂੰ ਪ੍ਰਭੂ ਤੋਂ ਵਖਰਾ ਕੀਤਾ ਹੋਇਆ ਹੈ, ਉਹ ਆਪਣੇ ਭਗਤ ਨੂੰ ਮੁੜ ਕੇ ਅਭਿਮਾਨ ਰਾਹੀਂ ਹਉਮੈ ਦੀ ਵਲਗਣ ਵਿਚ ਜਾਣ ਤੋਂ ਵਰਜਦੇ ਹਨ। ਫੁਰਮਾਨ ਹੈ -

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥*
*ਪੰਨਾ - 1089*

ਸੋ ਨਾਮਦੇਵ ਜੀ ਦੇ ਮਨ ਵਿਚ ਅਭਿਮਾਨ ਹੋ ਗਿਆ ਕਿ ਮੇਰੇ ਜਿਹਾ ਭਗਤ ਭਗਵਾਨ ਦਾ ਕੋਈ ਨਹੀਂ ਹੈ। ਭਗਵਾਨ ਨੂੰ ਕਹਿਣ ਲੱਗੇ, ਪ੍ਰਭੂ! ਆਪ ਮੈਨੂੰ ਸਾਫ-ਸਾਫ ਦੱਸੋ ਕਿ ਮੇਰੇ ਤੋਂ ਵੀ ਪਿਆਰਾ ਤੁਹਾਡਾ ਕੋਈ ਭਗਤ ਹੈ?" ਭਗਵਾਨ ਨੇ ਦੋ ਵਾਰੀ ਤਾਂ ਟਾਲ ਦਿਤਾ, ਤੀਜੀ ਵਾਰ ਜਦੋਂ ਨਾਮਦੇਵ ਨੇ ਇਹੀ ਗੱਲ ਦੁਹਰਾ ਕੇ ਕਹੀ ਤਾਂ ਭਗਵਾਨ ਨੇ ਉਸ ਦੇ ਅੰਦਰ ਆਏ ਸੂਖਸ਼ਮ ਮਾਣ ਨੂੰ ਤੋੜ ਦਿਤਾ ਅਤੇ ਕਿਹਾ ਕਿ ਨਾਮਦੇਵ! ਤੈਨੂੰ ਤਾਂ ਮੈਂ ਸਿਰਫ 72 ਵਾਰੀ ਹੀ ਦਰਸ਼ਨ ਦਿਤੇ ਹਨ। ਤੇਰੇ ਪਾਸ ਮੈਂ ਠਹਿਰਦਾ ਤਾਂ ਨਹੀਂ ਨਾ, ਚਲਿਆ ਜਾਂਦਾ ਹਾਂ। ਪਰ ਮੇਰੇ ਅਜਿਹੇ ਪਿਆਰੇ ਵੀ ਹਨ ਜਿਨ੍ਹਾਂ ਦੇ ਕੋਲ ਮੈਂ ਸਦਾ ਹੀ ਰਹਿੰਦਾ ਹਾਂ। ਉਹ ਮੇਰਾ ਵਿਛੋੜਾ ਇਕ ਛਿਨ ਵਾਸਤੇ ਵੀ ਸਹਿਨ ਨਹੀਂ ਕਰਦੇ।

ਭਗਤਾਂ ਦਾ ਪਤਾ ਦਸ ਦਿਤਾ। ਜਿਨ੍ਹਾਂ ਦਾ ਨਾਮ ਰੰਕਾ ਤੇ ਬੰਕਾ ਸੀ। ਨਾਮਦੇਵ ਜੀ ਉਨ੍ਹਾਂ ਨੂੰ ਦੇਖਣ ਵਾਸਤੇ ਉਨ੍ਹਾਂ ਦੇ ਘਰ ਗਏ। ਕੀ ਦੇਖਦੇ ਹਨ ਕਿ ਇਕ ਮੀਹਾਂ ਨਾਲ ਪੁਰਾਣੀ ਹੋ ਚੁਕੀ, ਟੁੱਟੀ ਹੋਈ ਝੌਂਪੜੀ ਹੈ ਉਸ ਵਿਚ ਇਕ ਛੋਟੀ ਜਿਹੀ ਮੰਜੀ ਪਈ ਹੈ, ਮੰਜੀ ਦੀ ਦੌਣ ਟੁੱਟ-ਟੁੱਟ ਕੇ ਹੇਠਾਂ ਲਟਕ ਰਹੀ ਹੈ ਅਤੇ ਮੰਜੀ ਐਨੀ ਢਿੱਲੀ ਹੋ ਗਈ ਕਿ ਉਸ ਉਪਰ ਪੈਂਦੇ ਸਾਰ ਡੂੰਘ੍ਹ ਪੈ ਜਾਂਦਾ ਹੈ ਅਤੇ ਇਕ ਲੜਕੀ ਬੈਠੀ ਕੁਝ ਰਗੜ ਰਹੀ ਹੈ। ਸੋਚਣ ਲੱਗ ਗਿਆ ਕਿ ਭਗਵਾਨ ਦੇ ਰਹਿਣ ਵਾਸਤੇ

ਤਾਂ ਉਨ੍ਹਾਂ ਦੇ ਪ੍ਰੇਮੀਆਂ ਨੇ ਸਵਰਨ ਮੰਦਰ ਬਣਾਏ ਹੋਏ ਹਨ, ਐਸੀਆਂ ਸੁਗੰਧੀਆਂ ਲਾਈਆਂ ਹੋਈਆਂ ਹਨ ਜਿਨ੍ਹਾਂ ਦੀਆਂ ਲਪਟਾਂ ਦੂਰ-ਦੂਰ ਤਕ ਆਉਂਦੀਆਂ ਹਨ, ਰੇਸ਼ਮੀ ਗਦੈਲੇ ਉਨ੍ਹਾਂ ਦੇ ਪਲੰਘਾਂ ਦੇ ਉਪਰ ਵਿਛਾਏ ਹੋਏ ਹਨ, ਕਮਰਿਆਂ ਨੂੰ ਠੰਢੇ ਜਾਂ ਗਰਮ ਰੱਖਣ ਦੇ ਅਨੇਕਾਂ ਜਤਨ ਕੀਤੇ ਹਨ, ਆਰਤੀਆਂ ਉਤਾਰੀਆਂ ਜਾਂਦੀਆਂ ਹਨ। ਅਨੇਕਾਂ ਸ਼ਰਧਾਲੂ ਡੰਡਉਤ ਬੰਦਨਾ ਕਰਦੇ ਹਨ। ਇਹ ਕੀ ਗੱਲ ਭਗਵਾਨ ਇਥੇ ਕਿਵੇਂ ਰਹਿੰਦੇ ਹੋਣਗੇ? ਪੁਛਣ ਲੱਗਿਆ ਕਿ ਰੀ ਬਾਈ! ਰੰਕੇ ਬੰਕੇ ਦਾ ਘਰ ਇਹੀ ਹੈ? ਅੰਦਰ ਇਕ ਲੜਕੀ ਹਲਦੀ ਘਸਾ ਰਹੀ ਸੀ, ਉਸ ਨੇ ਆਓ ਭਗਤ ਕਰਦਿਆਂ ਕਿਹਾ ਕਿ ਆਪ ਪਧਾਰੀਏ ਆਪਣੇ ਪਵਿੱਤਰ ਚਰਨ ਇਸ ਘਰ ਵਿਚ ਪਾਓ। ਨਾਮਦੇਵ ਜੀ ਨੇ ਪਹਿਲਾ ਪ੍ਰਸ਼ਨ ਇਹ ਕੀਤਾ ਕਿ ਭਗਵਾਨ ਦਿਨ ਰਾਤ ਇਥੇ ਹੀ ਰਹਿੰਦੇ ਹਨ?

ਕੰਨ੍ਹਿਆ ਨੇ ਕਿਹਾ, "ਹਾਂ, ਇਥੇ ਹੀ ਰਹਿੰਦੇ ਹਨ।" ਨਾਮਦੇਵ ਜੀ ਨੇ ਪੁਛਿਆ, "ਹੁਣ ਕਿਥੇ ਗਏ ਹੋਏ ਹਨ? ਉਤਰ ਵਿਚ ਕਿਹਾ ਕਿ ਹੁਣੇ ਬਾਹਰ ਨਿਕਲੇ ਹਨ, ਥੋੜ੍ਹੀ ਦੇਰ ਇੰਤਜ਼ਾਰ ਕਰੋ, ਉਹ ਆ ਹੀ ਜਾਇਆ ਕਰਦੇ ਹਨ। ਨਾਮਦੇਵ ਜੀ ਨੇ ਕਿਹਾ, "ਰੰਕਾ ਬੰਕਾ ਕਿਥੇ ਗਏ ਹਨ। ਤਾਂ ਕੰਨ੍ਹਿਆ ਨੇ ਕਿਹਾ ਕਿ ਉਪਜੀਵਕਾ ਵਾਸਤੇ ਪ੍ਰਸ਼ਾਦੇ ਬਣਾਉਣ ਲਈ ਬਾਲਣ ਲੈਣ ਗਏ ਹੋਏ ਹਨ।"

"ਬੀਬਾ! ਤੂੰ ਕੀ ਕਰ ਰਹੀ ਹੈ?"

ਉਸ ਨੇ ਕਿਹਾ ਕਿ ਮਹਾਰਾਜ! ਮੈਂ ਹਲਦੀ ਘਸਾ ਰਹੀ ਹਾਂ। ਭਗਵਾਨ ਦੇ ਮੋਢੇ ਵਿਚ ਦਰਦ ਹੈ, ਹਲਦੀ ਲਾਉਣ ਨਾਲ ਕਾਫੀ ਆਰਾਮ ਹੋ ਗਿਆ। ਨਾਮਦੇਵ ਜੀ ਨੇ ਕਿਹਾ ਕਿ ਦਰਦ ਹੋਣ ਦਾ ਕੀ ਕਾਰਨ ਹੈ? ਉਸ ਨੇ ਉਤਰ ਦਿਤਾ ਕਿ ਭਾਈ ਸਾਹਿਬ! ਇਕ ਸਕਾਮੀ ਨਾਮਦੇਵ ਭਗਤ ਹੈ ਜਿਹੜਾ ਥੋੜ੍ਹੀ ਜਿਹੀ ਤਕਲੀਫ ਹੋਣ ਤੇ ਰੋਣ ਲਗ ਜਾਂਦਾ ਹੈ ਅਤੇ ਥੋੜ੍ਹਾ ਜਿਹਾ ਸੁਖੀ ਹੋਣ ਤੇ ਖੁਸ਼ ਹੋ ਜਾਂਦਾ ਹੈ। ਕਦੇ ਧੀਰਜਵਾਨ, ਕਦੇ ਅਧੀਰਜੀ, ਖਿਨ ਵਿਚ ਦੁਖੀ ਅਤੇ ਖਿੰਨ ਵਿਚ ਸੁਖੀ। ਉਸ ਦੀ ਜਾਤ ਛੀਪਾ ਹੈ, ਸਵਰਨ ਜਾਤੀਆਂ ਦੇ ਮੰਦਰ ਵਿਚ ਆਰਤੀ ਦੇ ਸਮੇਂ ਜਾ ਕੇ ਕੈਂਸੀਆਂ ਵਜਾਉਣ ਲਗ ਗਿਆ। ਪਾਂਡਿਆਂ ਨੇ ਉਸ ਨੂੰ ਮਾਰਿਆ ਤੇ ਉਹ ਰੱਬ ਨੂੰ ਉਲਾਂਭੇ ਦੇਣ ਲਗ ਗਿਆ। ਭਗਵਾਨ ਨੇ ਉਸ ਨੂੰ ਖੁਸ਼ ਕਰਨ ਲਈ ਦੇਹੁਰਾ ਫੇਰ ਕੇ ਦਰਸ਼ਨ ਦਿਤਾ। ਇਸ ਤਰ੍ਹਾਂ ਭਗਵਾਨ ਦੇ ਕੰਧੇ ਉਤੇ ਕੁਝ ਚੋਟ ਆ ਗਈ, ਇਸ ਕਰਕੇ ਥੋੜ੍ਹਾ ਦਰਦ ਹੁੰਦਾ ਹੈ। ਉਹ ਕੰਨਿਆ ਕਹਿਣ ਲੱਗੀ, "ਵੀਰ ਜੀ! ਅਜਿਹੇ ਭਗਤ ਵੀ ਸੰਸਾਰ ਵਿਚ ਹੈਗੇ, ਉਹਨੇ ਭਗਵਾਨ ਦਾ ਤਾਂ ਖਿਆਲ ਹੀ ਨਹੀਂ ਕੀਤਾ, ਉਲਟਾ ਅਭਿਮਾਨ ਕਰਦਾ ਹੈ ਕਿ ਮੇਰੇ ਜਿੰਨਾਂ ਵੀ ਪਿਆਰਾ ਕੋਈ ਭਗਤ ਹੈ? ਉਸ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਜਿਹੜਾ ਪਿਆਰਾ ਹੁੰਦਾ ਹੈ ਉਹ ਭਗਵਾਨ ਦੀ ਇਛਿਆ ਮੁਤਾਬਿਕ ਸਦਾ ਖੁਸ਼ ਰਹਿੰਦਾ ਹੈ, ਦੁਖ-ਸੁਖ ਨੂੰ ਇਕ ਸਮਾਨ ਕਰਕੇ ਜਾਣਦਾ ਹੈ। ਉਸ ਦਾ ਨਾਮ ਨਾਮਦੇਵ ਹੈ, ਉਸ ਨੇ ਤਾਂ ਭਗਵਾਨ ਨੂੰ ਇਹ ਵੀ ਨਾ ਪੁਛਿਆ ਕਿ ਤੁਹਾਨੂੰ ਕੋਈ ਮੰਦਰ ਘੁੰਮਾਉਣ ਵਿਚ ਤਕਲੀਫ ਤਾਂ ਨਹੀਂ ਹੋਈ। ਉਸ ਨੇ ਪੁਛਣਾ ਕੀ ਸੀ, ਉਹ ਤਾਂ ਆਪਣੀ ਗਰਜ਼ ਪੂਰੀ ਕਰਦਾ ਹੈ। ਭਗਵਾਨ ਉਸੇ ਸਮੇਂ ਉਸ ਕੋਲੋਂ ਵਾਪਸ ਆ ਜਾਂਦੇ ਹਨ। ਮੈਂ ਰਾਤ ਨੂੰ ਭਗਵਾਨ ਦੀ ਮਾਲਸ਼ ਕਰਦੀ ਰਹੀ। ਕਈ ਦਵਾਈਆਂ ਰਲਾ ਕੇ ਮਲਦੀ ਰਹੀ, ਅੱਜ ਕਿੰਨੀ ਦੇਰ ਤਕ ਮੰਜੇ ਤੇ ਪਏ ਰਹੇ ਅਤੇ ਹੁਣੇ ਗਏ ਹਨ।

ਐਨੇ ਨੂੰ ਭਗਵਾਨ ਵੀ ਆ ਗਏ ਅਤੇ ਉਸ ਟੁੱਟੀ-ਫੁੱਟੀ ਮੰਜੀ ਉਪਰ ਬੈਠ ਗਏ। ਭਗਵਾਨ ਨੇ ਆ ਕੇ ਕਿਹਾ ਕਿ ਬੀਬਾ! ਬਹੁਤ ਦਰਦ ਹੈ। ਉਸ ਨੇ ਦਵਾਈਆਂ ਸਮੇਤ ਹਲਦੀ ਦਾ ਲੇਪ ਕਰ ਦਿਤਾ, ਸੇਕ ਦਿਤਾ ਅਤੇ ਘੁੱਟ ਕੇ ਪੱਟੀ ਬੰਨ੍ਹ ਦਿਤੀ। ਜਦੋਂ ਇਹ ਸਾਰਾ ਦ੍ਰਿਸ਼ ਨਾਮਦੇਵ ਨੇ ਦੇਖਿਆ ਤਾਂ ਉਸ ਦਾ ਅਭਿਮਾਨ ਚੂਰ-ਚੂਰ ਹੋ ਗਿਆ। ਬਹੁਤ ਪਛਤਾਇਆ ਕਿ ਮੈਂ ਤਾਂ ਐਵੇਂ ਭਗਤ ਬਣਿਆ ਫਿਰਦਾ ਹਾਂ, ਮੇਰੇ ਤੋਂ ਤਾਂ ਕਿਤੇ ਉਚੇ-ਉਚੇ ਭਗਤ ਪਏ ਹਨ। ਭਗਵਾਨ ਦੇ ਚਰਨਾਂ ਵਿਚ ਗਿਰ ਗਿਆ ਅਤੇ ਆਪਣੇ ਅਪਰਾਧ ਦੀ ਖਿਮਾ ਮੰਗੀ।

ਕਹਿਣ ਲੱਗਿਆ, ਭਗਵਾਨ! "ਮੈਨੂੰ ਆਪਣੇ ਭਗਤ ਰੰਕਾ ਬੰਕਾ ਦੇ ਦਰਸ਼ਨ ਤਾਂ ਕਰਾਓ। ਭਗਵਾਨ ਨਾਮਦੇਵ ਨੂੰ ਨਾਲ ਲੈ ਕੇ ਜੰਗਲ ਵਲ ਚਲੇ ਗਏ। ਦੂਰੋਂ ਦੇਖਿਆ ਰੰਕਾ ਬੰਕਾ ਸੁੱਕੀਆਂ ਲਕੜਾਂ ਚੁਗ ਰਹੇ ਹਨ ਅਤੇ ਭਰਾ ਬੰਨ੍ਹ ਕੇ ਤੁਰਨ ਵਾਲੇ ਹਨ। ਭਗਵਾਨ ਨੇ ਕਿਹਾ, "ਨਾਮਦੇਵ! ਓਹ ਰੰਕਾ ਬੰਕਾ ਆ ਰਹੇ ਹਨ।" ਨਾਮਦੇਵ ਨੇ ਕਿਹਾ ਕਿ ਭਗਵਾਨ! ਮੈਂ ਤਾਂ ਆਪ ਦਾ ਸਾਧਾਰਣ ਭਗਤ ਹਾਂ, ਉਹ ਤਾਂ ਤੇਰੇ ਅੰਨਨ ਭਗਤ ਹਨ, ਤੁਸੀਂ ਉਨ੍ਹਾਂ ਨੂੰ ਧਨ ਦੇ ਕੇ ਸੁਖੀ ਕਿਉਂ ਨਹੀਂ ਕਰ ਦਿੰਦੇ? ਭਗਵਾਨ ਨੇ ਕਿਹਾ, "ਨਾਮਦੇਵ! ਮੇਰੇ ਨਾਲ ਪਿਆਰ ਕਰਨ ਵਾਲੇ ਹੋਰ ਕਿਸੇ ਚੀਜ਼ ਦੀ ਇਛਿਆ ਹੀ ਨਹੀਂ ਕਰਦੇ। ਮੈਂ ਕਈ ਵਾਰੀ ਧਨ ਦੇਣ ਦਾ ਯਤਨ ਕੀਤਾ ਹੈ ਪਰ ਉਹ ਕਹਿ ਦਿੰਦੇ ਹਨ ਕਿ ਸਾਨੂੰ ਤਾਂ ਤੇਰਾ ਪਿਆਰ ਚਾਹੀਦਾ ਹੈ। ਇਹ ਭਗਤੀ ਵਿਚ ਵਿਘਨਕਾਰੀ ਹੋ ਜਾਣਾ ਹੈ, ਨਾ ਭਗਵਾਨ! ਜੇ ਤੂੰ ਸਚਮੁੱਚ ਸਾਡਾ ਪਿਆਰਾ ਹੈਂ ਤਾਂ ਇਹ ਵਿਘਨਕਾਰੀ ਮਾਇਆ ਸਾਨੂੰ ਨਾ ਦੇਵੀਂ। ਜੇ ਮੈਂ ਕਿਤੇ ਦੇ ਵੀ ਦੇਵਾਂ ਤਾਂ ਅੰਨ੍ਹ ਜਲ ਛੱਡ ਕੇ ਭੁੱਖੇ ਰੋਂਦੇ ਕੁਰਲਾਂਦੇ ਰਹਿੰਦੇ ਹਨ।" ਨਾਮਦੇਵ ਜੀ ਨੇ ਕਿਹਾ, "ਮੇਰੇ ਸਾਮ੍ਹਣੇ ਦੇਵੋ, ਮੈਂ ਵੀ ਦੇਖਣਾ ਹੈ।" ਭਗਵਾਨ ਨੇ ਕਿਹਾ ਕਿ ਇਨ੍ਹਾਂ ਦੇ ਉਪਰ ਜੋ ਹਾਲਤ ਬੀਤੇਗੀ ਅਤੇ ਇਨ੍ਹਾਂ ਦਾ ਜੋ ਚਿਤ ਖਰਾਬ ਹੋਵੇਗਾ ਇਸ ਦੋਸ਼ ਦਾ ਭਾਗੀ ਤੂੰ ਹੋਵੇਂਗਾ। ਉਸ ਨੇ ਕਿਹਾ, "ਮੈਂ ਹੋ ਜਾਵਾਂਗਾ।"

ਭਗਵਾਨ ਨੇ ਹੀਰੇ ਲਾਲ ਜਵਾਹਰਾਤ ਦੀ ਭਰੀ ਥੈਲੀ ਦਾ ਮੂੰਹ ਖੋਲ੍ਹ ਕੇ ਰਸਤੇ ਵਿਚ ਰੱਖ ਦਿਤੀ। ਕ੍ਰੋੜਾਂ ਰੁਪਏ ਦੀ ਕੀਮਤ ਇਸ ਥੈਲੀ ਦੀ ਸੀ। ਅੱਗੇ ਰੰਕਾ ਆ ਰਿਹਾ ਸੀ, ਪਿਛੇ-ਪਿਛੇ ਬੰਕਾ ਆ ਰਿਹਾ ਸੀ। ਰੰਕਾ ਜਦੋਂ ਥੈਲੀ ਕੋਲ ਪਹੁੰਚਿਆ ਤਾਂ ਕਹਿਣ ਲੱਗਿਆ ਹਾਇ ਓਇ ਸਰਪਨੀ-ਸਰਪਨੀ, ਭਗਵਾਨ ਨੇ ਸਾਡੇ ਰਾਹ ਵਿਚ ਰੱਖ ਦਿਤੀ। ਹੋਰ ਚੀਜ਼ਾਂ ਤਾਂ ਦੰਦਾਂ ਨਾਲ ਖਾਂਦੀਆਂ ਹਨ ਪਰ ਇਹ ਬਿਨ੍ਹਾਂ ਦੰਦਾਂ ਤੋਂ ਸਾਨੂੰ ਖਾ ਜਾਵੇਗੀ। ਇਹ ਸਚਮੁੱਚ ਮੋਹਣੀ ਹੀ ਨਹੀਂ ਹੈ ਇਹ ਤਾਂ ਸੁੰਦਰ ਲਗਣ ਵਾਲੀ ਖੜੱਪੀ ਨਾਗਨੀ ਹੈ। ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ -

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥***
***ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥***
***ਪੰਨਾ - 510***

ਦੂਸਰੇ ਭਰਾ ਨੇ ਦੂਰ ਤੋਂ ਦੇਖਿਆ ਕਿ ਮੇਰਾ ਭਰਾ

ਅਚਾਨਕ ਕਿਉਂ ਰੋਣ ਲਗ ਗਿਆ ਹੈ ਉਹ ਦੌੜ ਕੇ ਆ ਕੇ ਮਿਲਿਆ, ਪੁਛਣ ਲੱਗਿਆ, "ਤੂੰ ਕਿਉਂ ਰੋਂਦਾ ਹੈ?" ਉਸ ਨੇ ਕਿਹਾ ਕਿ ਵੀਰ ਜੀ! ਭਗਵਾਨ ਨੇ ਸਾਨੂੰ ਮਾਰਨ ਵਾਸਤੇ ਰਸਤੇ ਵਿਚ ਨਾਗਣੀ ਛੱਡ ਦਿਤੀ। ਮੈਨੂੰ ਕੱਟਣ ਲੱਗੀ ਸੀ। ਮੈਂ ਉਸ ਨੂੰ ਚੁਕਣ ਲੱਗਿਆ ਸੀ ਪਰ ਮੁਸ਼ਕਲ ਨਾਲ ਬਚ ਗਿਆ। ਮੈਂ ਖਿਆਲ ਕਰਿਆ ਕਿ ਕਿਤੇ ਬੰਕੇ ਨੂੰ ਨਾ ਕੱਟ ਲਵੇ ਅਤੇ ਇਸ ਕਰਕੇ ਮੈਂ ਖੜ੍ਹਾ ਹੋ ਕੇ ਇਸ ਉਪਰ ਮਿੱਟੀ ਪਾ ਦਿਤੀ। ਬੰਕਾ ਵੀ ਰੋਣ ਲਗ ਗਿਆ। ਰੰਕੇ ਨੇ ਪੁਛਿਆ ਕਿ ਵੀਰ! ਤੂੰ ਕਿਉਂ ਰੋਂਦਾ ਹੈ? ਤਾਂ ਉਸ ਨੇ ਕਿਹਾ ਕਿ ਮੈਂ ਤੇਰੇ ਵਾਸਤੇ ਰੋਂਦਾ ਹਾਂ। ਮੈਂ ਇਸ ਕਰਕੇ ਰੋਂਦਾ ਹਾਂ ਕਿ ਤੇਰੀ ਬਿਰਤੀ ਬ੍ਰਹਮਾਕਾਰ ਤੋਂ ਮਾਇਆਕਾਰ ਕਿਵੇਂ ਹੋ ਗਈ। ਬ੍ਰਹਮਾਕਾਰ ਬਿਰਤੀ ਵਿਚ ਤਾਂ ਮਿੱਟੀ ਤੇ ਸੋਨਾ ਇਕ ਹੁੰਦੇ ਹਨ ਜਿਵੇਂ ਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ –

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*

*ਪੰਨਾ - 275*

ਤੂੰ ਪ੍ਰਭੂ ਤੋਂ ਐਨਾ ਬੇਮੁਖ ਕਿਉਂ ਹੋਇਆ? ਮੈਂ ਜਾਣਦਾ ਸੀ ਕਿ ਮੇਰਾ ਭਾਈ ਸੰਤ ਤਾਂ ਹੈ ਪਰ ਮਾਇਕ ਦ੍ਰਿਸ਼ਟੀ ਕਰਕੇ ਕੰਗਾਲ ਹੀ ਹੈ। ਰੰਕਾ ਹੋਰ ਉਚੀ-ਉਚੀ ਰੋਣ ਲਗ ਗਿਆ? ਉਸ ਨੇ ਪੁਛਿਆ ਕਿ ਤੂੰ ਕਿਉਂ ਰੋਂਦਾ ਹੈਂ? ਤਾਂ ਉਸ ਨੇ ਕਿਹਾ ਕਿ ਮੇਰੀ ਮਾਂ ਨੇ ਮੇਰਾ ਨਾਮ ਹੀ ਕੰਗਾਲ (ਰੰਕ) ਰੱਖਿਆ ਹੈ। ਦੋਵੇਂ ਰੋਂਦੇ-ਰੋਂਦੇ ਕਹਿੰਦੇ ਜਾਂਦੇ ਹਨ ਕਿ ਭਗਵਾਨ ਨੂੰ ਅਸੀਂ ਕਿੰਨੀ ਵਾਰ ਕਿਹਾ ਹੈ ਕਿ ਸਾਨੂੰ ਮਾਇਆ ਦੇ ਦਰਸ਼ਨ ਨਾ ਕਰਾਇਆ ਕਰ, ਪਰ ਭਗਵਾਨ ਮੁੜ-ਮੁੜ ਕੇ ਇਸ ਮਾਇਆ ਦੇ ਦਰਸ਼ਨ ਸਾਨੂੰ ਕਰਾਉਂਦੇ ਹਨ। ਅਸੀਂ ਵੀ ਅੱਜ ਭੋਜਨ ਨਹੀਂ ਕਰਨਾ।

ਨਾਮਦੇਵ ਜੀ ਚੁਪ ਹੋ ਕੇ ਸਾਰੀਆਂ ਗੱਲਾਂ ਸੁਣ ਰਹੇ ਸਨ। ਹੈਰਾਨ ਹੋ ਗਏ ਅਤੇ ਅਭਿਮਾਨ ਛੱਡ ਕੇ ਪ੍ਰਭੂ ਦੇ ਅੰਨਨ ਭਗਤ ਬਣ ਗਏ।

ਸੋ ਇਸ ਤਰ੍ਹਾਂ ਨਾਮਦੇਵ ਜੀ ਦੇ ਸਾਰੇ ਕਾਰਜ ਭਗਵਾਨ ਆਪ ਆ ਕੇ ਕਰਦੇ ਸਨ। ਉਨ੍ਹਾਂ ਉਪਰ ਬਹੁਤ ਸੰਕਟ ਆ ਗਿਆ, ਦਿੱਲੀ ਦੇ ਬਾਦਸ਼ਾਹ ਨੇ ਗਊ ਜਿਉਂਦੀ ਕਰਨ ਲਈ ਆਖਿਆ ਤਾਂ ਭਗਵਾਨ ਨੇ ਆ ਕੇ ਗਊ ਜਿਉਂਦੀ ਕਰ ਦਿਤੀ। ਇਸ ਤਰ੍ਹਾਂ ਵਾਹਿਗੁਰੂ ਜੀ ਪਿਆਰ ਦੇ ਵਸ ਵਿਚ ਆਏ ਹੋਏ ਭਗਤਾਂ ਦੇ ਸਾਰੇ ਕੰਮ ਆਪ ਕਰਦੇ ਹਨ। ਭਗਤ ਉਨ੍ਹਾਂ ਨੂੰ ਆਪਣੇ ਸਮਝਦੇ ਹਨ ਅਤੇ ਉਹ ਆਪਣੇ ਭਗਤਾਂ ਨੂੰ ਆਪਣੇ ਸਮਝਦੇ ਹਨ। ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ॥*
*ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ॥*

*ਪੰਨਾ - 749*

ਤੇਰੇ ਸੇਵਕ ਨੂੰ ਕੋਈ ਵੀ ਡਰ ਨਹੀਂ ਹੈ, ਜਮ ਵੀ ਉਸ ਦੇ ਨੇੜੇ ਨਹੀਂ ਆਉਂਦੇ। ਥੋੜ੍ਹਾ ਚਿਰ ਹੋਇਆ, ਇਕ ਮਾਤਾ ਜਾਮੇ ਵਿਚ ਬਹੁਤ ਵੱਡੇ ਮਹਾਤਮਾ ਹੋ ਚੁੱਕੇ ਹਨ ਜਿਨ੍ਹਾਂ ਦਾ ਨਾਂ ਅਨੰਦਮਈ ਮਾਂ ਸੀ। ਇਕ ਵਾਰੀ ਉਹ ਕਾਸ਼ੀ ਆਪਣੇ ਭਗਤਾਂ ਦੇ ਘਰ ਨਿਵਾਸ ਰਖ ਰਹੇ ਸਨ। ਸੇਠ ਜੀ ਦਾ ਇਕੋ ਇਕ ਬੱਚਾ ਜੋ ਬਹੁਤ ਹੀ ਖੂਬਸੂਰਤ ਸੀ, ਉਹ ਦੌੜ-ਦੌੜ ਕੇ ਬਾਰ-ਬਾਰ ਮਾਤਾ ਜੀ ਦੇ ਚਰਨਾਂ ਉਪਰ ਮਸਤਕ ਨਿਵਾਉਂਦਾ ਤੇ ਚਲਿਆ ਜਾਂਦਾ। ਉਸ ਦਾ ਇਹ ਕਰਨਾ ਸਭ ਨੂੰ ਪਿਆਰਾ ਲਗ ਰਿਹਾ ਸੀ। ਬੱਚਾ ਹੋਣ ਕਰਕੇ ਕਿਸੇ ਨੇ ਵੀ ਉਸ ਨੂੰ ਨਾ ਰੋਕਿਆ। ਮਾਤਾ ਜੀ ਵੀ ਉਸ ਨੂੰ ਦੇਖ ਕੇ ਖੁਸ਼ ਹੋ ਰਹੇ ਸਨ ਅਚਾਨਕ ਹੀ ਉਨ੍ਹਾਂ ਦੇ ਮੁਖ ਤੋਂ ਨਿਕਲ ਗਿਆ ਕਿ ਪ੍ਰਭੂ ਦੀ ਮਾਇਆ ਹੈ, ਖਿਨ ਵਿਚ ਰੁਲਾ ਦਿੰਦੀ ਹੈ, ਖਿੰਨ ਵਿਚ ਹਸਾ ਦਿੰਦੀ ਹੈ। ਸੇਠ ਨੇ ਇਹ ਗੱਲ ਸੁਣ ਲਈ ਤਾਂ ਉਸ ਨੇ ਕਿਹਾ ਮਾਤਾ ਜੀ! ਸੰਤਾਂ ਦੇ ਮੁੱਖ ਤੋਂ ਜੋ ਬਚਨ ਨਿਕਲਿਆ ਹੈ ਉਸ ਦਾ ਕੋਈ ਕਾਰਨ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ–

*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥*
*ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ॥*
*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥*

*ਪੰਨਾ - 316*

ਸੇਠ ਨੇ ਬੜੀ ਅਧੀਨਗੀ ਨਾਲ ਮਾਤਾ ਜੀ ਨੂੰ ਪੁਛਿਆ ਕਿ ਹੇ ਮਾਂ! ਆਪ ਨੇ ਜਿਹੜੇ ਬਚਨ ਕਹੇ ਹਨ ਇਸ ਵਿਚ ਕੀ ਰਹੱਸ ਹੈ? ਜ਼ਰੂਰ ਕੋਈ ਭੇਤ ਛੁਪਿਆ ਹੈ। ਆਪ ਕ੍ਰਿਪਾ ਕਰਕੇ ਪ੍ਰਗਟ ਕਰੋ। ਆਪ ਨੇ ਕਿਹਾ, "ਸੇਠ! ਤੇਰਾ ਪੁੱਤਰ ਕਿੰਨਾ ਹੋਣਹਾਰ ਹੈ ਪਰ ਅੱਜ ਰਾਤ ਨੂੰ ਦੋ ਵਜੇ ਇਸ ਨੇ ਸਰੀਰ ਛੱਡ ਜਾਣਾ ਹੈ, ਇਸ ਦੀ ਆਯੂ ਪੂਰੀ ਹੋ ਜਾਣੀ ਹੈ। ਉਸ ਵੇਲੇ ਸੇਠ, ਸੇਠਾਣੀ ਨੇ ਮਾਤਾ ਜੀ ਦੇ ਚਰਨ ਫੜ ਲਏ ਅਤੇ ਰੋ ਰੋ ਕੇ ਹੰਝੂਆਂ ਨਾਲ ਹੀ ਚਰਨ ਧੋ ਦਿਤੇ।

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ॥*
*ਤਿਨ ਕੀ ਸੋਭਾ ਸਭਨੀ ਥਾਈ ਜਿਨ ਪ੍ਰਭ ਕੇ ਚਰਣ ਪਰਾਤੇ॥*

*ਪੰਨਾ - 748*

ਮਾਤਾ ਜੀ ਨੇ ਕਿਹਾ ਕਿ ਦੇਖੋ, ਇਕ ਉਪਾਓ ਕਰਕੇ ਦੇਖ ਲੈਂਦੇ ਹਾਂ। ਅੱਜ ਰਾਤ ਨੂੰ ਸਾਰੇ ਭਗਤ ਇਕੱਠੇ ਹੋ ਕੇ ਨਾਮ ਸਿਮਰਨ ਦਾ ਜਗਰਾਤਾ ਕਟਣਗੇ ਅਤੇ ਨਾਲ ਹੀ ਸਮਝਾ ਦਿਤਾ ਕਿ ਅੱਜ ਸਾਰੇ ਭਗਤ ਇਸ ਮਹੱਲਨੁਮਾ ਕੋਠੀ ਦੇ ਚਾਰੇ ਪਾਸੇ, ਬੈਠ ਜਾਣ, ਬਾਗ ਵਿਚ ਵੀ ਬੈਠ ਜਾਣ। ਸਾਰੇ ਸਾਧੂ ਵਾਰੀ-ਵਾਰੀ ਇਸ ਬੱਚੇ ਨੂੰ ਆਪਣੇ ਵਿਚਕਾਰ ਸੁਲਾ ਕੇ ਹਰੀ ਦਾ ਅਖੰਡ ਨਾਮ ਕੀਰਤਨ ਗੁਪਤ ਰੂਪ ਵਿਚ ਕਰਨ।

ਦੋ ਵਜੇ ਜਮਦੂਤ ਇਸ ਦੇ ਪ੍ਰਾਣ ਲੈਣ ਆਉਣਗੇ ਉਸ ਵੇਲੇ ਨਾਮ ਦਾ ਉਚਾਰਨ ਪੂਰੇ ਜ਼ੋਰ ਨਾਲ ਸਾਰੇ ਸਾਧੂ ਕਰਨ ਲਗ ਜਾਣਾ। ਸੰਤ ਲਛਮਣ ਜੀ ਦੀ ਉਸ ਸਮੇਂ ਡਿਊਟੀ ਸੀ ਉਹ ਮੇਰੇ ਮਿਲਣ ਵਾਲੇ ਸਨ। ਉਨ੍ਹਾਂ ਦੇ ਲਈ ਮੇਰੇ ਮਨ ਵਿਚ ਬਹੁਤ ਸਤਿਕਾਰ ਸੀ, ਹੁਣ ਵੀ ਹੈ। ਉਹ ਤਨੋ ਮਨੋ ਇਕ ਚਿਤ ਹੋ ਕੇ ਪ੍ਰਭੂ ਦੀ ਭਗਤੀ ਕਰਨ ਵਾਲੇ, ਦੇਖ ਦਿਖਾਵਾ ਉਨ੍ਹਾਂ ਵਿਚ ਰੰਚਕ ਮਾਤਰ ਵੀ ਨਹੀਂ ਹੈ। ਉਹ ਦਸਦੇ ਸਨ ਕਿ ਉਸ ਸਮੇਂ ਮੇਰੀ ਡਿਊਟੀ ਸੀ। ਮੈਨੂੰ ਦੋ ਬੰਦਿਆਂ ਦੇ ਦਰਸ਼ਨ ਹੋਏ ਇਕ ਇਸ਼ਾਰਾ ਕਰ ਰਿਹਾ ਸੀ ਕਿ ਓਹ ਜੋ ਸੰਤ ਸਾਮ੍ਹਣੇ ਬੈਠੇ ਹਨ ਉਨ੍ਹਾਂ ਦੇ ਵਿਚਾਲੇ ਬੱਚਾ ਪਿਆ ਹੈ, ਉਨ੍ਹਾਂ ਨੂੰ ਦੇਖਦੇ ਸਾਰ

ਸਾਰਿਆਂ ਨੇ ਉਚੀ-ਉਚੀ ਹਰੇ ਰਾਮ-ਹਰੇ, ਰਾਮ-ਰਾਮ-ਰਾਮ-ਹਰੇ-ਹਰੇ ਦੀ ਧੁਨ ਲਾ ਦਿਤੀ। ਚਾਰੇ ਪਾਸਿਆਂ ਤੋਂ ਇਹ ਧੁਨ ਗੂੰਜਣ ਲੱਗੀ ਤਾਂ ਉਨ੍ਹਾਂ ਦੂਤਾਂ ਨੂੰ ਪੈਰ ਰੱਖਣ ਨੂੰ ਵੀ ਥਾਂ ਨਹੀਂ ਮਿਲਿਆ। ਉਹ ਐਨੀ ਦੂਰ ਚਲੇ ਗਏ ਜਿਥੇ ਉਨ੍ਹਾਂ ਦੇ ਕੰਨ ਇਸ ਧੁਨ ਨੂੰ ਸੁਣ ਨਾ ਸਕਣ।

ਸਵੇਰ ਹੋ ਗਈ ਤਾਂ ਮਾਤਾ ਜੀ ਨੇ ਕਿਹਾ ਕਿ ਹੁਣ ਸਾਰੇ ਸਾਧੂ ਇਸ਼ਨਾਨ ਕਰੋ ਅਤੇ ਜਲ ਪਾਨੀ ਛਕੋ। ਹੁਣ ਇਸ ਬੱਚੇ ਨੂੰ ਜਮਦੂਤ ਨਹੀਂ ਲਿਜਾ ਸਕਦੇ। ਤੁਹਾਡੇ ਰਾਮ ਦੇ ਨਾਮ ਦੇ ਜਾਪ ਨੇ ਇਸ ਨੂੰ ਪੂਰੀ ਉਮਰ ਦੇ ਦਿਤੀ ਹੈ। ਹੁਣ ਇਹ ਲੰਮੀ ਆਯੂ ਭੋਗ ਕੇ ਸੰਸਾਰ ਤੋਂ ਜਾਵੇਗਾ। ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮ ਨਹੀ ਆਵੈ ਨੇਰੇ॥***
***ਪੰਨਾ - 749***

ਜਿਹੜੇ ਤੇਰੇ ਪਿਆਰ ਵਿਚ ਰੱਤੇ ਹੋਏ ਹਨ ਉਨ੍ਹਾਂ ਦੇ ਜੰਮਣ ਮਰਨ ਦਾ ਦੁਖ ਨਾਸ਼ ਹੋ ਜਾਂਦਾ ਹੈ। ਉਨ੍ਹਾਂ ਨੂੰ ਸਤਿਗੁਰੂ ਦਾ ਦਿਤਾ ਹੋਇਆ ਭਰੋਸਾ ਕਿ ਤੇਰੀ ਬਖਸ਼ਿਸ਼ ਨੂੰ ਕੋਈ ਰੱਦ ਨਹੀਂ ਕਰ ਸਕਦਾ, ਤਸੱਲੀ ਦਿੰਦਾ ਹੈ। ਜੋ ਨਾਮ ਧਿਆਉਂਦੇ ਹਨ ਉਨ੍ਹਾਂ ਨੂੰ ਗਿਣਤੀ ਤੋਂ ਬਾਹਰ ਸੁਖ ਪ੍ਰਾਪਤ ਹੋ ਜਾਂਦਾ ਹੈ ਉਹ ਅੱਠੇ ਪਹਿਰ ਤੇਰੇ ਧਿਆਨ ਵਿਚ ਰਹਿੰਦੇ ਹਨ। ਉਨ੍ਹਾਂ ਦੇ ਸਰੀਰ ਦੇ ਅੰਦਰ ਵਸ ਰਹੇ ਗੁਪਤ ਵੈਰੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਾਬੇਦਾਰ ਹੋ ਜਾਂਦੇ ਹਨ। ਅੰਤ ਵਿਚ ਗੁਰੂ ਮਹਾਰਾਜ ਜੀ ਅਸਾਨੂੰ ਦਸਣ ਲਈ ਫੁਰਮਾਨ ਕਰਦੇ ਹਨ ਕਿ ਪ੍ਰਭੂ ਦੀ ਸ਼ਰਨ ਵਿਚ ਆ ਕੇ ਕਹੋ ਕਿ ਮੈਂ ਕੋਈ ਗਿਆਨ ਧਿਆਨ ਨਹੀਂ ਜਾਣਦਾ, ਮੈਂ ਤੇਰੀ ਸਾਰ ਨਹੀਂ ਜਾਣਦਾ, ਮੈਂ ਤਾਂ ਇਕੋ ਗੱਲ ਜਾਣਦਾ ਹਾਂ ਕਿ ਮੇਰਾ ਗੁਰੂ ਨਾਨਕ ਸਭ ਤੋਂ ਵੱਡਾ ਹੈ ਜਿਸ ਨੇ ਨਾਮ ਸਤਾ ਰਾਹੀਂ ਸਾਰੇ ਸੰਸਾਰ ਦੀ ਮਰਿਆਦਾ ਕਾਇਮ ਰੱਖੀ ਹੋਈ ਹੈ ਅਤੇ ਇਸ ਕਲਜੁਗ ਵਿਚ ਮੇਰੀ ਲਾਜ ਰੱਖ ਰਹੇ ਹਨ।

ਸੋ ਇਸ ਤਰ੍ਹਾਂ ਨਾਲ ਸਾਧਸੰਗਤ ਜੀ! ਗੁਰੂ ਮਹਾਰਾਜ ਜੀ ਨੇ ਇਸ ਹੁਕਮਨਾਮੇ ਵਿਚ ਸੰਤਾਂ ਦੀ ਗੱਲ ਕੀਤੀ ਹੈ ਕਿਉਂਕਿ ਹੁਣ ਸਮਾਂ ਬਹੁਤ ਹੋ ਚੁਕਿਆ ਹੈ ਸੰਤ ਬਾਰੇ ਵਿਚਾਰ ਕਿਸੇ ਅਗਲੇ ਸਮਾਗਮ ਵਿਚ ਕੀਤੀ ਜਾਵੇਗੀ।

ਇਕ ਬੇਨਤੀ ਮੈਂ ਕਰਦਾ ਹਾਂ ਕਿ ਭਾਵੇਂ ਦਿਨ ਚੜ੍ਹਨ ਵਾਲਾ ਹੈ ਪਰ ਅਜੇ ਵੀ ਧੁੰਦ ਗਾੜ੍ਹੀ ਹੈ ਹੁਣ ਸੜਕ ਉਪਰ ਹੋਰ ਵੀ ਬਹੁਤ ਸਾਰੀਆਂ ਸਵਾਰੀਆਂ ਚਲਦੀਆਂ ਹੋਣੀਆਂ ਹਨ, ਘਰਾਂ ਨੂੰ ਜਾਣ ਵਾਸਤੇ ਕਾਹਲੀ ਨਾ ਕਰਨੀ। ਚੰਗੀ ਤਰ੍ਹਾਂ ਸਵਾਰੀਆਂ ਦੀ ਚਾਲ ਦਾ ਅੰਦਾਜ਼ਾ ਲਾ ਕੇ ਆਪਣੀਆਂ ਗੱਡੀਆਂ, ਸਕੂਟਰ ਚਲਾਉਣੇ। ਵਾਹਿਗੁਰੂ ਜੀ ਤੁਹਾਡੇ ਉਪਰ ਕ੍ਰਿਪਾ ਕਰਨ ਅਤੇ ਘਰਾਂ ਤਕ ਸੁੱਖ ਸਾਂਦ ਨਾਲ ਪਹੁੰਚਾ ਦੇਣ। ਅਗਲਾ ਪ੍ਰੋਗਰਾਮ ਸੁਣ ਕੇ, ਦੇਗ ਲੈ ਕੇ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਹਿਰਦੇ ਵਿਚ ਸਾਂਭ ਕੇ ਰਖਦੇ ਹੋਏ ਘਰਾਂ ਨੂੰ ਜਾਇਓ।

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

(ਪੰਨਾ 30 ਦੀ ਬਾਕੀ)

***ਗੁਰਮੁਖਿ ਤੇਰਾ ਭਾਣਾ ਭਾਵੈ॥***
***ਸਹਜੇ ਹੀ ਸੁਖੁ ਸਚੁ ਕਮਾਵੈ॥***
***ਭਾਣੇ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ॥***
***ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ॥***
***ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ॥***
***ਭਾਣੇ ਵਿਚਿ ਵਡਿਆਈ ਭਾਣਾ ਕਿਸਹਿ ਕਰਾਇਦਾ॥***
***ਪੰਨਾ - 1063***

ਵਾਹਿਗੁਰੂ ਜੀ ਦਾ ਭਾਣਾ ਹੀ ਵਰਤ ਰਿਹਾ ਹੈ ਗੁਰੂ ਮਹਾਰਾਜ ਜੀ ਇਸ ਪ੍ਰਕਾਸ਼ ਵਿਚ ਹੀ ਅਸਾਨੂੰ ਗਿਆਤ ਕਰਾ ਰਹੇ ਹਨ। ਆਪ ਨੇ ਮੀਆ ਮੀਰ ਜੀ ਨੂੰ ਕਿਹਾ ਕਿ ਪੀਰ ਜੀ! ਦੱਸੋਂ ਤਾਂ ਸਹੀ ਸਰਾਪ ਮੈਂ ਕਿਸ ਨੂੰ ਦੇਵਾਂ? ਉਸ ਵੇਲੇ ਮੀਆ ਮੀਰ ਜੀ ਨੇ ਸਿਜਦਾ ਕੀਤਾ ਅਤੇ ਕਿਹਾ ਕਿ ਮਹਾਰਾਜ! ਮੈਂ ਆਪ ਦੀ ਗਤੀ ਨੂੰ ਸਮਝ ਨਹੀਂ ਸਕਿਆ, ਆਪ ਕਰਨ ਕਾਰਨ ਸਮਰੱਥ ਖੁਦ ਅੱਲਾਹ ਰੂਪ ਹੋ, ਆਪ ਦੀ ਹੀ ਮੌਜ ਹੈ।

ਇਹ ਜੋ ਸ਼ੰਕਾ ਹੈ ਕਿ ਗੁਰੂ ਮਹਾਰਾਜ ਜੀ ਨੇ ਸ਼ਕਤੀ ਕਿਉਂ ਨਾ ਦਿਖਾਈ ਇਹੀ ਸ਼ੰਕਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸਮੇਂ ਕੀਤਾ ਗਿਆ ਸੀ, ਇਸ ਦੇ ਉਤਰ ਵਿਚ ਗੁਰੂ ਦਸ਼ਮੇਸ਼ ਪਿਤਾ ਜੀ ਨੇ ਬਚਿਤ੍ਰ ਨਾਟਕ ਵਿਚ ਫੁਰਮਾਇਆ ਹੈ-

***ਨਾਟਕ ਚੇਟਕ ਕੀਏ ਕੁਕਾਜਾ॥***
***ਪ੍ਰਭ ਲੋਗਨ ਕਹ ਆਵਤ ਲਾਜਾ॥*** ***ਬਚਿਤ੍ਰ ਨਾਟਕ***

ਗੁਰੂ ਅਰਜਨ ਪਾਤਸ਼ਾਹ ਪੂਰਨ ਤੌਰ ਤੇ ਬ੍ਰਹਮਿ ਦਾ ਰੂਪ ਸਨ ਆਪ ਅਜਿਹੀ ਕਰਨੀ ਕਰ ਗਏ ਜਿਸ ਕਰਕੇ ਆਪ ਸ਼੍ਰੋਮਣੀ ਹਨ ਅਤੇ ਸ਼ਹੀਦਾਂ ਦੇ ਸਿਰਤਾਜ ਹਨ, ਸਾਰੀਆਂ ਰੂਹਾਨੀ ਸ਼ਕਤੀਆਂ ਦੇ ਹੁੰਦਿਆਂ ਅਜਰ ਨੂੰ ਪੂਰਨ ਰੂਪ ਵਿਚ ਜਰਿਆ। ਜੇ ਭਾਈ ਪਰਾਣਾ, ਭਾਈ ਜੇਠਾ ਜੀ ਨੇ ਸ਼ਕਤੀ ਵਿਖਾਉਣ ਦਾ ਫੁਰਨਾ ਉਠਾਇਆ ਤਾਂ ਆਪ ਨੇ ਓਸੇ ਸਮੇਂ ਰੋਕ ਦਿਤਾ। ਜੇ ਮੀਆਂ ਮੀਰ ਜੀ ਨੇ ਸ਼ਕਤੀ ਵਿਖਾਉਣ ਦਾ ਫੁਰਨਾ ਕੀਤਾ ਤਾਂ ਆਪ ਨੇ ਕਿਹਾ, "ਪੀਰ ਜੀ! ਦੱਸੋ ਇਥੇ ਪ੍ਰਭੂ ਤੋਂ ਬਿਨਾਂ ਕੋਈ ਹੋਰ ਭੀ ਹੈ। ਪ੍ਰਭੂ ਆਪੇ ਹੀ ਸਾਰੇ ਰੂਪਾਂ ਰੰਗਾਂ ਵਿਚ ਹੋ ਕੇ ਖੇਲ੍ਹ ਰਿਹਾ ਹੈ। ਦੋਹਾਂ ਪੱਖਾਂ ਦਾ ਧਣੀ ਆਪ ਹੀ ਹੈ। ਭਾਣਾ ਮਿੱਠਾ ਮੰਨਣਾ ਅਤੇ ਹਦ ਦਰਜੇ ਦੀ ਧਰਤੀ ਵਰਗੀ ਧੀਰਜ ਪ੍ਰਤੱਖ ਰੂਪ ਵਿਚ ਵਿਖਾਈ। ਆਪਿ ਪਰਤਖਿ ਤੌਰ ਤੇ ਸ਼ਬਦ ਬ੍ਰਹਮ ਸਨ।

***ਜਗੁ ਅਉਰੁ ਨ ਜਾਹਿ ਮਹਾ ਤਮ ਮੈ***
***ਅਵਤਾਰੁ ਉਜਾਗਰੁ ਆਨਿ ਕੀਅਉ॥***
***ਤਿਨ ਕੇ ਦੁਖ ਕੋਟਿਕ ਦੂਰਿ ਗਏ***
***ਮਥੁਰਾ ਜਿਨ ਅੰਮ੍ਰਿਤ ਨਾਮੁ ਪੀਅਉ॥***
***ਇਹ ਪਧਤਿ ਤੇ ਮਤ ਚੂਕਹਿ ਰੇ***
***ਮਨ ਭੇਦੁ ਬਿਭੇਦੁ ਨ ਜਾਨ ਬੀਅਉ॥***
***ਪਰਤਛਿ ਰਿਦੈ ਗੁਰ ਅਰਜੁਨ ਕੈ***
***ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥ ਪੰਨਾ - 1409***

# ਭਗਵਤ ਗੀਤਾ ਦੀ ਚਿਰ-ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ - 71)*

### ਤੀਸਰਾ ਅਧਿਆਏ, ਕਰਮਯੋਗ

1. ਇਸ ਪਰ ਅਰਜਨ ਨੇ ਪ੍ਰਸ਼ਨ ਕੀਤਾ ਕਿ ਹੇ ਜਨਾਰਦਨ! ਜੇ ਕਰਮਾਂ ਦੀ ਉਪੇਕਸ਼ਾ ਗਿਆਨ ਨੂੰ ਆਪ ਨੇ ਸ੍ਰੇਸ਼ਟ ਮੰਨਿਆ ਹੈ ਤਾਂ ਫਿਰ ਹੇ ਕੇਸ਼ਵ! ਮੈਨੂੰ ਭਿਅੰਕਰ ਕਰਮਾਂ ਵਿਚ ਕਿਉਂ ਲਗਾਉਂਦੇ ਹੋ।

2. ਤਥਾ ਆਪ ਮਿਲੇ ਹੋਏ ਜਹੇ ਬਚਨ ਸੇ ਮੇਰੀ ਬੁੱਧੀ ਨੂੰ ਮੋਹਤ ਸੀ ਕਰਦੇ ਹੋ, ਇਸ ਲੀਏ ਇਕ ਗੱਲ ਨੂੰ ਨਿਸ਼ਚੇਪੂਰਵਕ ਕਹੋ ਜਿਸ ਤੋਂ ਮੈਂ ਕਲਿਆਣ ਦੀ ਪ੍ਰਾਪਤੀ ਕਰ ਸਕਾਂ।

ਭਗਵਤ ਗੀਤਾ ਦੇ ਦੂਸਰੇ ਅਧਿਆਏ ਵਿਚ ਸ੍ਰੀ ਕ੍ਰਿਸ਼ਨ ਅਰਜਨ ਦਾ ਵਿਵੇਕ ਨਿਰਣਾ ਅਤੇ ਨਿਸ਼ਚਾ ਤੀਖਣ ਕਰਕੇ ਉਸ ਦੀ ਆਤਮਾ ਨੂੰ ਜਾਗਰਣ ਕਰਦੇ ਹਨ ਅਤੇ ਉਸ ਨੂੰ ਸਮਝਾਉਂਦੇ ਹਨ ਕਿ ਆਤਮਾ ਅਜਰ ਹੈ, ਅਮਰ ਹੈ, ਆਕਾਰ ਅਤੇ ਨਾਮ ਤੋਂ ਪਰ੍ਹੇ ਹੈ। ਉਨ੍ਹਾਂ ਨੇ ਅਰਜਨ ਨੂੰ ਸਮਝਾਇਆ ਕਿ ਆਤਮਾ ਬਦਲਦੀ ਨਹੀਂ, ਮਰਦੀ ਨਹੀਂ, ਖਤਮ ਨਹੀਂ ਹੁੰਦੀ, ਆਤਮਾ ਅਜਰ ਹੈ, ਅਮਰ ਹੈ, ਅਨੰਤ ਹੈ, ਉਨ੍ਹਾਂ ਨੇ ਅਰਜਨ ਨੂੰ ਸੰਸਾਰ ਵਿਚ ਵਿਚਰ ਰਹੀ ਮਾਇਆ ਬਾਰੇ ਵੀ ਗਿਆਨ ਕਰਾਇਆ ਜੋ ਕਿ ਇਕ ਛਿੰਨਭੰਗਰ ਹੈ, ਭਾਵੇਂ ਕਿੰਨੀ ਵੀ ਕੋਸ਼ਿਸ਼ ਕਿਉਂ ਨਾ ਕਰੇ ਕਿ ਬਾਹਰੀ ਪਦਾਰਥਾਂ ਨੂੰ ਸਥਿਰ ਰੱਖਿਆ ਜਾਵੇ ਉਨ੍ਹਾਂ ਨੂੰ ਬਦਲਣ ਨਾ ਦਿਤਾ ਜਾਵੇ ਪਰ ਇਹ ਹੋ ਨਹੀਂ ਸਕਦਾ।

ਅਰਜਨ ਨੂੰ ਦੁੱਖ ਲੱਗਾ ਕਿਉਂਕਿ ਉਸ ਨੇ ਇਕ ਸਾਧਾਰਣ ਵਿਅਕਤੀ ਦੀ ਤਰ੍ਹਾਂ ਵਿਵਹਾਰ ਕੀਤਾ, ਜਿਸ ਨੂੰ ਉਸ ਇਕ ਦੀ ਅਨੰਤਤਾ ਦਾ ਹੀ ਨਹੀਂ ਪਤਾ, ਜਿਸ ਦਾ ਮਨ ਹੀ ਨਹੀਂ ਸੋਧਿਆ ਹੋਇਆ, ਘਬਰਾਹਟ ਨਾਲ, ਬੇਤਰਤੀਬੀ ਦਾ ਜੀਵਨ ਜੀਅ ਰਿਹਾ ਹੈ। ਇਸ ਤੱਤ ਨੂੰ ਭੁੱਲੀ ਬੈਠਾ ਹੈ ਕਿ ਆਤਮਾ ਅਨੰਤ ਹੈ, ਸੰਸਾਰ ਕਾਲਵਾਚੀ ਹੈ, ਬਦਲਦੇ ਰਹਿਣ ਵਾਲਾ ਹੈ, ਉਹ ਮਨੁੱਖ ਪਦਾਰਥਾਂ ਵਲ ਮੋਹਿਆ ਜਾਂਦਾ ਹੈ, ਰਿਸ਼ਤਿਆਂ ਵਲ ਮੋਹਿਆ ਜਾਂਦਾ ਹੈ, ਲਿਪਤ ਹੋ ਜਾਂਦਾ ਹੈ ਪਰ ਸੰਜਮ ਨਾਲ ਹੀ ਉਸ ਨੂੰ ਆਤਮ ਅਤੇ ਅਨਾਤਮ ਦਾ ਗਿਆਨ ਹੁੰਦਾ ਹੈ, ਸਾਧਨਾ ਅਤੇ ਸੰਜਮ ਨਾਲ ਹੀ ਉਹ ਆਪਣੇ ਮੂਲ ਰੂਪ ਦੇ, ਸਦੀਵ ਤੱਤ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਪਿਛੋਂ ਹੀ ਉਹ ਆਪਣੀਆਂ ਡਿਊਟੀਆਂ ਨਿਰਸੁਆਰਥੀ ਹੋ ਕੇ, ਸੋਝੀ ਨਾਲ ਪਿਆਰ ਨਾਲ ਕਰ ਸਕਦਾ ਹੈ। ਉਹ ਜਾਣ ਜਾਂਦਾ ਹੈ ਕਿ ਸਦੀਵੀ ਸੱਚ ਅਸੀਮ ਹੈ, ਸਰਬ ਵਿਆਪਕ ਹੈ। ਇਹ ਗਿਆਨ ਪ੍ਰਾਪਤ ਕਰਕੇ ਉਹ ਨਿਰਭੈ ਹੋ ਜਾਂਦਾ ਹੈ, ਮਾਇਆ ਦੇ ਭਰਮ ਵਿਚੋਂ ਨਿਕਲ ਜਾਂਦਾ ਹੈ, ਮਨ ਦੀ ਘਬਰਾਹਟ ਤੋਂ ਨਿਕਲ ਜਾਂਦਾ ਹੈ, ਫੇਰ ਉਸਦਾ ਮਨ ਸ਼ਾਂਤ ਸਮਾਚਿਤ ਹੋ ਜਾਂਦਾ ਹੈ।

ਸ੍ਰੀ ਕ੍ਰਿਸ਼ਨ ਨੇ ਸਾਂਖ ਫਿਲੌਸਫੀ ਅਤੇ ਮਨੋਵਿਗਿਆਨ ਤੋਂ ਸ਼ੁਰੂ ਕੀਤਾ ਜਿਸ ਵਿਚ ਨਾਸ਼ ਅਤੇ ਅਵਿਨਾਸ਼ ਬਾਰੇ ਬੜੀ ਚੰਗੀ ਤਰ੍ਹਾਂ ਦਸਿਆ ਗਿਆ ਹੈ, ਸੱਚ, ਝੂਠ ਦਾ ਨਿਤਾਰਾ ਕੀਤਾ ਗਿਆ ਹੈ। ਸੱਚ ਕੀ ਹੈ, ਅੰਤਮ ਸੱਚ ਕੀ ਹੈ? ਖੋਲ੍ਹ ਕੇ ਦਸਿਆ ਗਿਆ ਹੈ। ਦਿਸਦਾ ਕੀ ਹੈ? ਫੇਰ ਉਨ੍ਹਾਂ ਨੇ ਡਿਊਟੀ ਕਰਨ ਬਾਰੇ, ਕਰਮ ਕਰਨ ਬਾਰੇ ਦਸਿਆ ਅੰਤ ਵਿਚ ਉਨ੍ਹਾਂ ਨੇ ਯੋਗ ਬਾਰੇ ਦਸਿਆ ਜਿਸ ਵਿਚ ਬੁੱਧੀ (ਗਿਆਨ) ਦਾ ਵਿਕਾਸ ਕਰਮ ਤੋਂ ਉਚਾ ਜਾਪਦਾ ਹੈ। ਇਹ ਬੜਾ ਸੁਭਾਵਿਕ ਹੈ ਕਿ ਅਰਜਨ ਦਾ ਮਨ ਇਸ ਸਮੇਂ ਘਬਰਾਇਆ ਹੋਇਆ ਹੈ ਉਹ ਇਹ ਨਹੀਂ ਸਮਝ ਰਿਹਾ ਕਿ ਕ੍ਰਿਸ਼ਨ ਜੀ ਵਿਪਰੀਤ ਉਪਦੇਸ਼ ਨਹੀਂ ਦੇ ਰਹੇ। ਉਹ ਉਨ੍ਹਾਂ ਸਹਾਇਕ ਪੱਖਾਂ ਬਾਰੇ ਦਸ ਰਹੇ ਹਨ ਜਿਹੜੇ ਕਾਇਆ ਕਲਪ ਕਰਨ ਲਈ ਜ਼ਰੂਰੀ ਹਨ। ਅਰਜਨ ਦੀ ਘਬਰਾਹਟ ਹੌਲੀ-ਹੌਲੀ ਦੂਰ ਹੋ ਜਾਵੇਗੀ ਜਿਵੇਂ ਉਹ ਕ੍ਰਿਸ਼ਨ ਜੀ ਦੇ ਪ੍ਰਵਚਨ ਹੋਰ ਸੁਣੇਗਾ।

ਸਾਂਖ ਫਿਲੌਸਫੀ ਦਾ ਗਿਆਨ ਅਰਜਨ ਨੂੰ ਆਪਣੇ ਕਰਮ ਸਮਝਣ ਲਈ ਕਾਫੀ ਨਹੀਂ ਸੀ, ਉਹ ਨਹੀਂ ਸਮਝ ਸਕਿਆ ਕਿ ਯੁੱਧ ਉਸ ਲਈ ਅਤੇ ਸਮਾਜ ਲਈ ਆਵਸ਼ਕ ਹੈ। ਉਹ ਹਾਲੇ ਹੁਣੇ ਤਾਂ ਉਪਰਾਮਤਾ ਤੋਂ ਬਾਹਰ ਨਿਕਲਿਆ ਹੈ, ਆਪਣੀ ਵੇਦਨਾ ਤੋਂ ਬਾਹਰ ਆ ਰਿਹਾ ਹੈ, ਹੁਣ ਉਹ ਕਿਸੇ ਕਿਸਮ ਦੇ ਭਰਮ ਵਿਚ ਨਹੀਂ ਰਹਿਣਾ ਚਾਹੁੰਦਾ ਕਿ ਉਸ ਦਾ ਕੀ ਕਰਮ ਹੋਣਾ ਚਾਹੀਦਾ ਹੈ, ਉਸ ਨੇ ਗਿਆਨ ਤਾਂ ਪ੍ਰਾਪਤ ਕਰ ਲਿਆ ਹੈ ਪਰ ਉਸ ਗਿਆਨ ਦੀ ਕਿਵੇਂ ਵਰਤੋਂ ਕਰੇ ਇਹ ਹਾਲੇ ਉਸ ਨੂੰ ਸਮਝ ਨਹੀਂ ਆਈ, ਅਰਜਨ ਨੂੰ ਉਨ੍ਹਾਂ ਤਰੀਕਿਆਂ ਦੀ ਵੀ ਲੋੜ ਹੈ ਜਿਸ ਨਾਲ ਉਸ ਦਾ ਮਨ ਸੋਧਿਆ ਜਾਵੇ, ਉਸ ਦੇ ਬਜਰ ਕਪਾਟ ਖੁਲ੍ਹ-ਜਾਣ ਅਤੇ ਸਿੱਧਾ ਗਿਆਨ ਪ੍ਰਾਪਤ ਹੋ ਸਕੇ ਅਤੇ ਉਹ ਸਮਾਚਿਤਤਾ ਦੀ ਸਥਿਤੀ ਨੂੰ ਪ੍ਰਾਪਤ ਹੋ ਜਾਵੇ।

ਸਾਧਿਕ ਨੂੰ ਕਈ ਪ੍ਰਕਾਰ ਦੀਆਂ ਔਕੜਾਂ ਆਉਂਦੀਆਂ ਹਨ। 1. ਉਸ ਨੇ ਗਿਆਨ ਪ੍ਰਾਪਤ ਕਰ ਲਿਆ ਹੈ ਪਰ ਉਸ ਨੂੰ ਬੁੱਧੀ ਨਾਲ ਵਿਚਾਰ ਕੇ ਹਿਰਦੇ ਵਿਚ ਨਹੀਂ ਵਸਾਇਆ 2. ਤਰੀਕੇ ਨਾਲ ਕੀਤੀ ਗਈ ਸਾਧਨਾ, ਮਨ ਇੰਦ੍ਰੀਆਂ ਨੂੰ ਸੋਧੇ ਬਿਨਾਂ ਉਹ ਆਪਣੀਆਂ ਸ਼ਕਤੀਆਂ ਨੂੰ ਅੰਤਰਰੂਪੀ ਨਹੀਂ ਕਰ ਸਕਦਾ, ਨਾ ਹੀ ਮਨ ਨੂੰ ਇਕਾਗਰ ਕਰ ਸਕਦਾ ਹੈ। 3. ਰੰਗ ਰਲੀਆਂ ਦਾ ਸਮਾਨ ਇਕੱਠਾ ਕਰਨ ਦਾ ਲਾਲਚ ਮੋਹ ਵਿਚ ਫਸਾਉਂਦਾ ਹੈ, ਮੋਹ ਸਾਰੇ ਦੁਖਾਂ ਦੀ ਜੜ੍ਹ ਹੈ। 4. ਮੋਹ ਕਾਰਣ ਚਿੰਤਨ ਸ਼ਕਤੀ ਕੰਮ ਨਹੀਂ ਕਰਦੀ ਪਰ ਜਦੋਂ ਮਨ ਸੋਧ ਕੇ ਸਾਧਨਾ ਕੀਤੀ ਜਾਵੇ, ਫੇਰ ਇੱਛਾ ਸ਼ਕਤੀ ਆਤਮ ਬਲ ਦੇ ਕੇ ਆਤਮ ਨਿਰਭਰਤਾ ਦੇ ਦਿੰਦੀ ਹੈ। ਇੱਛਾ ਸ਼ਕਤੀ ਉਸ ਨੂੰ ਪੁਰਾਣੀਆਂ ਆਦਤਾਂ ਛੱਡਣ ਦਾ ਬਲ ਦਿੰਦੀ ਹੈ। ਉਹ ਇਹ ਸਮਝਣ ਦੇ ਸਮਰੱਥ ਹੋ ਜਾਂਦਾ ਹੈ ਕਿ ਮੋਹ ਵਿਚ ਫਸਣਾ ਅਤੇ ਮੋਹ ਤੋਂ ਮੁਕਤ ਹੋਣਾ ਹੀ ਮੰਨ ਦੀ

ਉਚੀ ਤੇ ਢਹਿੰਦੀ ਅਵਸਥਾ ਦਾ ਕਾਰਣ ਹੈ। ਮੋਹ ਤੋਂ ਮੁਕਤ ਹੋ ਕੇ ਤੁਸੀਂ ਪਰਮ ਸੱਤ ਨਾਲ ਜੁੜਦੇ ਹੋ, ਮੋਹ ਵਿਚ ਫਸ ਕੇ ਤੁਸੀਂ ਨਾਸ਼ਵਾਨ ਨਾਲ ਜੁੜਦੇ ਹੋ।

ਗੀਤਾ ਦੇ ਦੂਸਰੇ ਅਧਿਆਏ ਵਿਚ ਗਿਆਨ ਯੋਗ ਅਤੇ ਕਰਮ ਯੋਗ ਵਿਸਥਾਰ ਨਾਲ ਵੱਖ-ਵੱਖ ਕਰਕੇ ਦੱਸੇ ਗਏ ਹਨ, ਵਾਸਤਵ ਵਿਚ ਭਾਵੇਂ ਉਹ ਇਕ ਹੀ ਹਨ, ਕੀਤਾ ਕਰਮ ਪ੍ਰਤੱਖ ਦਿਸਦਾ ਹੈ, ਗੂੜ੍ਹਾ ਗਿਆਨ ਜਿਹੜਾ ਸੁਘੜ ਤਰੀਕੇ ਨਾਲ ਕਰਮ ਕਰਨ ਲਈ ਸਹਾਈ ਹੁੰਦਾ ਹੈ ਉਹ ਅਪ੍ਰਤੱਖ ਹੁੰਦਾ ਹੈ, ਪ੍ਰਤੱਖ ਕਰਮ ਕਰਨ ਤੋਂ ਕਿਤੇ ਪਹਿਲਾਂ ਉਹ ਕਰਮ ਸੂਖਸ਼ਮ ਤਰੀਕੇ ਨਾਲ ਅੰਦਰ ਕੀਤਾ ਜਾਂਦਾ ਹੈ। ਕਰਮ ਦਾ ਅੰਤਰੀਵ ਸਰੋਤ ਚਿੰਤਨ ਹੈ, ਇਸ ਲਈ ਸੂਖਸ਼ਮ ਕਰਮ ਤੇ ਕਾਬੂ ਪਾਉਣ ਨੂੰ ਗਿਆਨ ਯੋਗ ਕਹਿੰਦੇ ਹਨ, ਸੁਚੱਜੇ ਢੰਗ ਨਾਲ ਕੀਤੇ ਕਰਮਾਂ ਨੂੰ ਕਰਮ ਯੋਗ ਕਹਿੰਦੇ ਹਨ, ਹੱਥ ਵਿਚ ਫੜੇ ਬੀਜ ਵਿਚ ਪ੍ਰਫੁਲਤ ਹੋਣ ਦੇ ਪੂਰੇ ਗੁਣ ਹਨ ਪਰ ਉਹ ਗੁਣ ਪੂਰੀ ਤਰ੍ਹਾਂ ਤਾਂ ਹੀ ਪ੍ਰਗਟ ਹੁੰਦੇ ਹਨ ਜਦੋਂ ਉਸ ਬੀਜ ਨੂੰ ਮਿੱਟੀ ਵਿਚ ਬੀਜਿਆ ਜਾਂਦਾ ਹੈ ਉਹ ਪੌਦਾ ਬਣਦਾ ਹੈ ਫੇਰ ਉਸ ਉਤੇ ਫਲ ਲਗਦੇ ਹਨ। ਇਕ ਅਪ੍ਰਤੱਖ ਸੱਚ ਹੈ, ਬੀਜ, ਦੂਸਰਾ ਦਿਸਦਾ ਸੱਚ ਹੈ ਪੌਦਾ ਅਤੇ ਫਲ ਗਿਆਨ ਯੋਗ ਅਤੇ ਕਰਮ ਯੋਗ ਇਕੋ ਹੀ ਤੱਤ ਦੇ ਦੋ ਰੂਪ ਹਨ।

ਤੀਸਰੇ ਅਧਿਆਏ ਦੇ ਇਹ ਦੋ ਸ਼ਲੋਕ ਦਸਦੇ ਹਨ ਕਿ ਅਰਜਨ ਬਿਨਾਂ ਸਮਝੇ ਕ੍ਰਿਸ਼ਨ ਜੀ ਦੀ ਸਿਖਿਆ ਨਹੀਂ ਲੈਣਾ ਚਾਹੁੰਦਾ, ਉਸ ਨੂੰ ਸਮਝਣਾ ਚਾਹੁੰਦਾ ਹੈ, ਚੰਗੀ ਤਰ੍ਹਾਂ ਜਾਣ ਲੈਣਾ ਚਾਹੁੰਦਾ ਹੈ ਫੇਰ ਉਸ ਉਤੇ ਅਮਲ ਕਰਨਾ ਠੀਕ ਸਮਝਦਾ ਹੈ, ਇਸ ਸਿਖਿਆ ਨੂੰ ਉਹ ਪੂਰੀ ਤਰ੍ਹਾਂ ਆਪਣੇ ਅੰਦਰ ਉਤਾਰਨਾ ਹੀ ਉਚਿਤ ਸਮਝਦਾ ਹੈ। ਜਗਿਆਸੂ ਭਾਵੇਂ ਗੁਰੂ ਦੀ ਸਿਖਿਆ ਮੰਨਣ ਦਾ ਪ੍ਰਣ ਕਰ ਵੀ ਲਵੇ ਪਰ ਉਸ ਦਾ ਮਨ ਬਹੁਤ ਵਾਰੀ ਉਸ ਗਿਆਨ ਨੂੰ ਪਕੜ ਨਹੀਂ ਸਕਦਾ ਕਿਉਂਕਿ ਉਸ ਦਾ ਆਪਣਾ (ਅਨੁਭਵ ਕੀਤਾ ਹੋਇਆ) ਪ੍ਰਤੱਖ ਗਿਆਨ ਨਹੀਂ ਹੁੰਦਾ। ਅਰਜਨ ਦੇ ਸਵਾਲ ਬਿਲਕੁਲ ਯਥਾਰਥਿਕ ਹਨ ਅਤੇ ਉਹ ਐਸੀਆਂ ਸਮਸਿਆਵਾਂ ਦਰਸਾਉਂਦੇ ਹਨ ਜਿਹੜੀਆਂ ਹਰ ਜਗਿਆਸੂ ਨੂੰ ਆਉਂਦੀਆਂ ਹਨ। ਹਰ ਜਗਿਆਸੂ ਨੂੰ ਅਰਜਨ ਹੀ ਬਣਨਾ ਚਾਹੀਦਾ ਹੈ, ਆਪਣੇ ਸ਼ੰਕੇ ਗੁਰੂ ਅੱਗੇ ਰੱਖ ਕੇ ਨਵਿਰਤ ਕਰਾਉਣੇ ਚਾਹੀਦੇ ਹਨ, ਬਿਨਾਂ ਸਮਝੇ ਬੁੱਝੇ ਸਿਖਿਆ ਗ੍ਰਹਿਣ ਨਹੀਂ ਕਰਨੀ ਚਾਹੀਦੀ। ਸ੍ਰੀ ਕ੍ਰਿਸ਼ਨ ਜੀ ਵੀ ਅਰਜਨ ਤੋਂ ਪੁਛਦੇ ਹਨ, ਉਸ ਨੂੰ ਉਤਸ਼ਾਹ ਦਿੰਦੇ ਹਨ ਤਾਂ ਜੋ ਉਹ ਆਪਣੇ ਸ਼ੰਕੇ ਨਵਿਰਤ ਕਰ ਸਕੇ ਚੰਗਾ ਗੁਰੂ ਆਪਣੇ ਸ਼ਿਸ਼ ਦੇ ਪ੍ਰਸ਼ਨਾਂ ਤੋਂ ਕਦੇ ਥਕਦਾ ਨਹੀਂ। ਬਹੁਤ ਸਾਰੇ ਜਗਿਆਸੂ ਜਾਂ ਤਾਂ ਸਿਖਿਆ ਮੰਨ ਲੈਂਦੇ ਹਨ ਬਿਨਾਂ ਸੋਚੇ ਸਮਝੇ ਲੈ ਲੈਂਦੇ ਹਨ, ਜਾਂ ਫੇਰ ਉਸ ਸਿਖਿਆ ਨੂੰ ਬੁੱਧੀ ਦੇ ਪੱਧਰ ਤੇ ਧਾਰਨ ਕਰਦੇ ਹਨ ਪਰ ਉਹ ਉਸ ਸਿਖਿਆ ਦਾ ਅਭਿਆਸ ਨਹੀਂ ਕਰਦੇ, ਉਸ ਦਾ ਪ੍ਰਯੋਗ ਨਹੀਂ ਕਰਦੇ, ਉਸ ਤੇ ਤਜਰਬਾ ਨਹੀਂ ਕਰਦੇ, ਉਸ ਨੂੰ ਆਪਣੇ ਅੰਦਰ ਨਹੀਂ ਉਤਾਰਦੇ ਪਰ ਅਰਜਨ ਬੁੱਧੀ ਦੇ ਪੱਧਰ ਤੇ ਗਿਆਨ ਨਹੀਂ ਲੈ ਰਿਹਾ, ਉਸ ਦੇ ਪ੍ਰਸ਼ਨ ਉਸ ਦੇ ਸ਼ੰਕੇ ਨਵਿਰਤ ਕਰਨ ਲਈ ਹਨ, ਉਸ ਦੇ ਮਾਰਗ ਦਰਸ਼ਨ ਲਈ ਹਨ ਤਾਂ ਜੋ ਉਹ ਆਪਣੇ ਚੁਣੇ ਹੋਏ ਮਾਰਗ ਤੇ ਪੂਰੇ ਭਰੋਸੇ ਨਾਲ ਚਲ ਸਕੇ, ਉਸ ਨੂੰ ਚੰਗੀ ਤਰ੍ਹਾਂ ਸਮਝ ਸਕੇ। ਸ਼ੰਕੇ ਹੋਣੇ ਬੜੇ ਹੀ ਸੁਭਾਵਿਕ ਹਨ, ਕੁਝ ਵੀ ਕਰਨ ਤੋਂ ਪਹਿਲਾਂ ਸ਼ੰਕੇ ਉਠਦੇ ਹੀ ਹਨ, ਮੈਂ ਕਰਾਂ ਜਾਂ ਨਾ ਕਰਾਂ? ਇਥੇ ਅਰਜਨ ਇਕ ਮਨ ਰੂਪ ਹੈ, ਕ੍ਰਿਸ਼ਨ ਜੀ ਇਕ ਪੂਰਨ ਯੋਗੀ, ਮਹਾਤਮਾ, ਜਿਹੜੇ ਆਪਣੀ ਨਿਰੋਲ ਚਿੰਤਨ ਨਾਲ ਸ਼ੰਕੇ ਨਵਿਰਤ ਕਰਕੇ ਕਰਮ ਕਰਨ ਲਈ ਪ੍ਰੇਰਦੇ ਹਨ। ਮਨ ਦੇ ਉਸ ਹਿੱਸੇ ਵਿਚ ਜਿਥੇ ਸ਼ੰਕੇ ਉਠਦੇ ਹਨ ਉਹ ਮਾਨਸ ਮਨ ਹੈ ਜਿਹੜਾ ਹਿੱਸਾ ਨਿਰਣਾ ਕਰਦਾ ਹੈ, ਉਹ ਬੁੱਧੀ ਹੈ।

3. ਸ੍ਰੀ ਕ੍ਰਿਸ਼ਨ ਬਚਨ ਕਰਦੇ ਹਨ, ਹੇ ਪਾਪ ਰਹਿਤ, ਮੈਂ ਇਸ ਸੰਸਾਰ ਵਿਚ ਦੋ ਤਰ੍ਹਾਂ ਦੇ ਅਨੁਸ਼ਾਸ਼ਨ ਸੰਜਮ ਦੱਸੇ ਹਨ, ਗਿਆਨ ਯੋਗ ਉਨ੍ਹਾਂ ਲਈ ਜਿਨ੍ਹਾਂ ਦਾ ਮਾਰਗ ਵਿਵੇਕ, ਗਿਆਨ ਹੈ ਦੂਸਰੇ ਕਰਮ ਯੋਗ ਯੋਗੀਆਂ ਲਈ।

4. ਮਨੁੱਖ ਕਰਮ ਨਾ ਕਰਨ ਨਾਲ ਨਹਿਕਰਮੀ ਨਹੀਂ ਹੁੰਦਾ ਅਤੇ ਨਾ ਹੀ ਕੇਵਲ ਤਿਆਗ ਨਾਲ ਪੂਰਨਤਾ ਮਿਲਦੀ ਹੈ।

ਤੀਸਰਾ ਅਤੇ ਚੌਥਾ ਸਲੋਕ ਸਾਨੂੰ ਗਿਆਨ ਯੋਗ ਅਤੇ ਕਰਮ ਯੋਗ ਦੀ ਸੂਖਸ਼ਮਤਾ ਸਮਝਾਉਂਦੇ ਹਨ। ਤੀਸਰੇ ਸਲੋਕ ਵਿਚ ਸ਼ਾਂਤੀ ਪ੍ਰਾਪਤ ਕਰਨ ਦੇ ਦੋ ਤਰੀਕੇ ਦੱਸੇ ਗਏ ਹਨ, ਦੋਨੋਂ ਹੀ ਇਕੋ ਜਿਹੇ ਹਨ, ਦੋਨਾਂ ਵਿਚੋਂ ਕੋਈ ਵੀ ਇਕ ਤੋਂ ਵਧੀਆ ਨਹੀਂ ਹੈ, ਨਿਸ਼ਟਾ ਸ਼ਬਦ ਦਾ ਅਰਥ ਹੈ ਪੂਰਨ ਨਿਸ਼ਚਾ ਜਾਂ ਪੂਰੀ ਤਰ੍ਹਾਂ ਸੋਚ ਕੇ ਕੀਤਾ ਗਿਆ ਨਿਰਣਾ, ਫੈਸਲਾ ਜਿਸ ਵਿਚ ਕੋਈ ਭਰਮ ਨਾ ਹੋਵੇ, ਸ਼ੱਕ ਨਾ ਹੋਵੇ। ਗਿਆਨ ਮਾਰਗ ਤੇ ਪੂਰੀ ਦ੍ਰਿੜ੍ਹਤਾ ਰੱਖਣ ਨੂੰ ਗਿਆਨ ਨਿਸ਼ਠਾ ਕਹਿੰਦੇ ਹਨ, ਪੂਰੀ ਤਰ੍ਹਾਂ ਵਚਨ ਬੱਧ ਹੋ ਕੇ ਕਰਮ ਕਰਨ ਨੂੰ ਕਰਮ ਨਿਸ਼ਠਾ ਕਹਿੰਦੇ ਹਨ। ਗਿਆਨ ਮਾਰਗ ਤੇ ਚੱਲਣ ਵਾਲਿਆਂ ਦਾ ਦ੍ਰਿੜ੍ਹ ਨਿਸ਼ਚਾ ਹੈ ਕਿ ਗਿਆਨ ਨਾਲ ਹੀ ਸ਼ਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਕਰਮ ਯੋਗ ਤੇ ਚੱਲਣ ਵਾਲੇ ਸੋਚਦੇ ਹਨ ਕਿ ਮੋਹ ਤਿਆਗ ਕੇ ਕੀਤੇ ਗਏ ਕਰਮ ਹੀ ਕੇਵਲ ਆਤਮ ਪਸਾਰ ਕਰ ਸਕਦੇ ਹਨ। ਗਿਆਨ ਮਾਰਗ ਤੇ ਚੱਲਣ ਲਈ ਵੀ ਗਿਆਨ ਮੋਹ ਰਹਿਤ ਤੇ ਤਿਆਗ ਅਤਿ ਲੋੜੀਂਦੇ ਹਨ। ਕਰਮ ਯੋਗ ਦੇ ਮਾਰਗ ਤੇ ਚਲਦਿਆਂ ਆਪਣੇ ਕਰਮ ਸੁਚੱਜੀ ਤਰ੍ਹਾਂ ਨਿਸੁਆਰਥੀ ਹੋ ਕੇ ਮੋਹ ਤੋਂ ਮੁਕਤ ਹੋ ਕੇ ਕਰਨੇ ਓਨੇ ਹੀ ਜ਼ਰੂਰੀ ਹਨ। ਇਹ ਜਾਣ ਲੈਣਾ ਬੜਾ ਰੌਚਿਕ ਹੈ ਕਿ ਪੰਜ ਗਿਆਨ ਇੰਦ੍ਰੀਆਂ ਰਾਹੀਂ ਅਸੀਂ ਗਿਆਨ ਪ੍ਰਾਪਤ ਕਰਦੇ ਹਾਂ ਅਤੇ ਪੰਜ ਅੰਗ (ਮੂੰਹ, ਹੱਥ, ਪੈਰ, ਕਿਰਿਆ ਕਰਨ ਅਤੇ ਪੈਦਾ ਕਰਨ) ਇਹ ਸਾਨੂੰ ਕਰਮ ਕਰਨ ਵਿਚ ਸਹਾਇਕ ਹਨ ਇਹ ਦੋਨੋਂ ਹੀ ਇੰਦ੍ਰੀਆਂ ਅਤੇ ਅੰਗ ਇਕ ਦੂਸਰੇ ਦੇ ਸਹਾਇਕ ਹਨ, ਜੀਵਨ ਸੌਖਾ ਕਰਦੇ ਹਨ। ਇਹ ਵੀ ਜਾਣ ਕੇ ਬੜਾ ਰੌਚਕ ਲਗਦਾ ਹੈ ਕਿ ਅੱਜ ਦੇ ਇਕ ਪ੍ਰਸਿੱਧ ਮਨੋਵਿਗਿਆਨਕ ਕਾਰਲ ਜੰਗ (Carl jung) ਨੇ ਮਨੁੱਖਾਂ ਨੂੰ ਦੋ ਧੜ੍ਹਿਆਂ ਵਿਚ ਵੰਡਿਆ ਹੈ ਇਕ ਅੰਤਰਮੁਖੀ, ਦੂਸਰੇ ਬਾਹਰ ਮੁਖੀ। ਜਿਹੜੇ ਅੰਦਰ ਦੇਖ ਕੇ ਆਪਾ ਚੀਨਦੇ ਹਨ ਉਹ ਗਿਆਨ ਮਾਰਗ ਵਲ ਵਧੇਰੇ ਝੁਕੇ ਹੋਣਗੇ, ਜਿਹੜੇ ਬਾਹਰਮੁਖੀ ਹਨ ਕਰਮ ਕਰਨ ਵਿਚ ਵਿਸ਼ਵਾਸ਼ ਰੱਖਦੇ ਹਨ ਉਨ੍ਹਾਂ ਨੂੰ ਕਰਮਯੋਗੀ ਕਹਿੰਦੇ ਹਨ।

ਗਿਆਨ ਦਾ ਮਾਰਗ ਤਿਆਗ ਦੇ ਨਾਲ ਬਹੁਤ ਕੁਝ ਹੋਰ ਵੀ ਹੈ, ਪੁਰਾਤਨ ਤੌਰ ਤੇ ਇਸ ਦੇ ਚਾਰ ਅਸੂਲ ਹਨ - ਵਿਵੇਕ, ਨਿਰਲੇਪਤਾ, ਮੁਕਤੀ ਦੀ ਲੋਚਾ ਅਤੇ ਛੇ ਗੁਣ (ਮਨ ਤੇ ਕਾਬੂ, ਇੰਦ੍ਰੀਆਂ ਤੇ ਕਾਬੂ, ਧੀਰਜ, ਸੰਸਾਰਕ ਪਦਾਰਥਾਂ ਤੋਂ

ਦੂਰੀ, ਵਿਸ਼ਵਾਸ਼, ਸ਼ਾਂਤੀ) ਇਨ੍ਹਾਂ ਗੁਣਾਂ ਦਾ ਵਰਨਣ ਅਗਲੇ ਸਲੋਕਾਂ ਵਿਚ ਕੀਤਾ ਗਿਆ ਹੈ। ਚੌਥੇ ਸ਼ਲੋਕ ਵਿਚ ਦਸਿਆ ਗਿਆ ਹੈ ਕੇਵਲ ਤਿਆਗ ਨਾਲ ਹੀ ਪੂਰਨਤਾ ਨਹੀਂ ਆਉਂਦੀ। ਮਿਸਾਲ ਵਜੋਂ ਜੇ ਇਕ ਦਮ ਕੋਈ ਜਾਗਿਆਸੂ ਤਿਆਗ ਮਾਰਗ ਤੇ ਚਲਣਾ ਚਾਹੇ, ਇਹ ਫੈਸਲਾ ਉਹ ਇਕ ਦਮ ਹੀ ਕਰ ਲਵੇ, ਬਿਨਾਂ ਸੋਚੇ ਸਮਝੇ, ਉਹ ਘਰ ਬਾਹਰ ਛੱਡ ਦੇਵੇ, ਸਭ ਕੁਝ ਜੋ ਉਸ ਕੋਲ ਹੈ ਤਿਆਗ ਦੇਵੇ ਕਿਉਂਕਿ ਆਮ ਮਨੁੱਖ ਲਈ ਤਿਆਗ ਤੋਂ ਭਾਵ ਹੈ ਸੰਸਾਰਕ ਪਦਾਰਥਾਂ ਦਾ ਤਿਆਗ, ਉਨ੍ਹਾਂ ਤੋਂ ਦੂਰ ਹੋਣਾ ਪਰ ਵਾਸਤਵ ਵਿਚ ਜਦੋਂ ਤਕ ਇਨ੍ਹਾਂ ਪਦਾਰਥਾਂ ਦੇ ਮੋਹ ਦਾ ਤਿਆਗ ਨਾ ਕੀਤਾ ਜਾਵੇ ਇਨ੍ਹਾਂ ਤੋਂ ਨਿਰਲਿਪਤ ਨਾ ਹੋਇਆ ਜਾਵੇ ਉਸ ਨੂੰ ਆਪਣਾ ਪਿਛੋਕੜ ਯਾਦ ਆਉਂਦਾ ਰਹੇਗਾ, ਉਸ ਨੂੰ ਖਿੱਚ ਰਹੇਗੀ ਜੋ ਵੀ ਉਹ ਛੱਡ ਕੇ ਆਇਆ ਹੈ, ਇਸ ਤਰ੍ਹਾਂ ਤਾਂ ਪੂਰਨ ਤਿਆਗ ਨਹੀਂ ਹੈ, ਇਹ ਹਾਲੇ ਪੂਰਨ ਗਿਆਨ ਵੀ ਨਹੀਂ ਜਿਹੜਾ ਗਿਆਨ ਮਾਰਗ ਲਈ ਲੋੜੀਂਦਾ ਹੈ, ਜਦੋਂ ਤਕ ਮੋਹ ਨੂੰ ਫੂਕ ਕੇ ਤਿਆਗ ਮਾਰਗ ਤੇ ਨਹੀਂ ਆਉਂਦਾ ਉਦੋਂ ਤਕ ਅਗਿਆਨ ਦਾ ਹਨ੍ਹੇਰਾ ਦੂਰ ਨਹੀਂ ਹੋ ਸਕਦਾ। ਮੋਹ ਤੋਂ ਮੁਕਤੀ ਅਤੇ ਤਿਆਗ ਇਕ ਦੂਸਰੇ ਦਾ ਹੱਥ ਫੜ ਕੇ ਹੀ ਤੁਰ ਸਕਦੇ ਹਨ, ਕਰਮ ਯੋਗ ਲਈ ਵੀ ਮੌਤ ਤੋਂ ਛੁਟਕਾਰਾ ਬਹੁਤ ਜ਼ਰੂਰੀ ਹੈ, ਇਸ ਦਾ ਸਿੱਧਾ ਸਬੰਧ ਕਰਮ ਦੇ ਫਲ ਨਾਲ ਵੀ ਹੈ। ਕਈ ਵਿਆਖਿਆ ਕਰਨ ਵਾਲਿਆਂ ਨੇ ਬੈਰਾਗ ਦਾ ਉਲਥਾ ਵਿਰਕਤੱਤਾ ਕੀਤਾ ਹੈ, ਮੋਹ ਤੋਂ ਮੁਕਤੀ ਦੀ ਬਜਾਏ, ਪਰ ਵਿਰਕਤੱਤਾ ਬੈਰਾਗ ਦੇ ਸਹੀ ਅਰਥ ਨਹੀਂ ਦਰਸਾਉਂਦਾ, ਮੋਹ ਤੋਂ ਮੁਕਤੀ ਦਾ ਭਾਵ ਹੈ ਕਰਮ ਕਰਨਾ, ਪਿਆਰ ਨਾਲ ਕਰਨਾ, ਵਿਰਕਤ ਹੋ ਕੇ, ਲਾਪਰਵਾਹੀ ਨਾਲ ਨਹੀਂ, ਕਰਮ ਨਾ ਕਰਕੇ ਮੁਕਤੀ ਨਹੀਂ ਮਿਲਦੀ।

ਮੋਹ ਤੋਂ ਮੁਕਤੀ ਸਭ ਤੋਂ ਉਚਾ ਗੁਣ ਹੈ, ਇਹ ਕਰਮ ਕਰਨ ਵਾਲੇ ਨੂੰ ਵੀ ਮੁਕਤ ਰਖਦਾ ਹੈ। ਕਿਉਂ ਉਹ ਕਰਮ ਕਰ ਰਿਹਾ ਹੈ ਪਰ ਸੰਸਾਰ ਦੀ ਅਸ਼ਾਂਤੀ ਤੋਂ ਉਹ ਬਿਲਕੁਲ ਵਖਰਾ ਹੈ ਅਤੇ ਆਪਣੀ ਡਿਊਟੀ ਆਪਣਾ ਕਰਮ ਆਪ ਆਪਣੇ ਤੇ ਥੋਪਦਾ ਹੈ, ਤਿਆਗ ਨੂੰ ਕਰਮ ਤੋਂ ਉਚਾ ਸਮਝਦਾ ਹੈ। ਮੋਹ ਦਾ ਤਿਆਗ ਦੋਨੋਂ ਮਾਰਗਾਂ ਤੇ ਸਹਾਇਕ ਹੈ ਇਕ ਤਿਆਗੀ ਆਪਣੇ ਕਰਮ ਸੱਚੇ ਮਨ ਨਾਲ ਕਰਦਾ ਹੈ ਅਤੇ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਕਰਦਾ ਹੈ। ਕਰਮ ਮਾਰਗ ਤੇ ਮਨੁੱਖ ਆਪਣੇ ਕਰਮ ਸੁਚੱਜੀ ਤਰ੍ਹਾਂ ਕਰਦਾ ਹੈ, ਸੁਆਰਥੀ ਹੋ ਕੇ ਕਰਦਾ ਹੈ, ਮੋਹ ਤਿਆਗ ਕੇ ਕਰਦਾ ਹੈ, ਇਸ ਤਰ੍ਹਾਂ ਕਰਦਿਆਂ ਉਹ ਪੂਰੀ ਤਰ੍ਹਾਂ ਸੁਤੰਤਰ ਹੋ ਜਾਂਦਾ ਹੈ।

ਭਾਵੇਂ ਤਿਆਗ ਅਤੇ ਕਰਮ ਦੇ ਮਾਰਗ ਵੱਖ-ਵੱਖ ਹਨ, ਦੋਨਾਂ ਦਾ ਆਦਰਸ਼ ਟੀਚਾ ਇਕ ਹੀ ਹੈ ਤਿਆਗੀ ਦੇ ਜੀਵਨ ਵਿਚ ਤਿਆਗ ਹੈ, ਭਾਵ ਸੰਸਾਰਕ ਪਦਾਰਥਾਂ ਦਾ ਤਿਆਗ। ਉਨ੍ਹਾਂ ਦੀ ਇੱਛਾ ਦਾ ਤਿਆਗ। ਤਿਆਗੀ ਹਰ ਸੰਸਾਰਕ ਪਦਾਰਥ ਦਾ ਤਿਆਗ ਕਰਦਾ ਹੈ। ਉਸ ਦੀ ਇਕ ਹੀ ਲੋਚਾ ਹੁੰਦੀ ਹੈ ਸੁਤੰਤਰ ਹੋਣਾ, ਮੁਕਤ ਹੋਣਾ। ਉਸਦੀ ਕੇਵਲ ਇਕ ਹੀ ਇੱਛਾ ਹੁੰਦੀ ਹੈ ਉਸ ਪ੍ਰਮ ਸਤਿ ਨਾਲ ਇਕ ਹੋਣ ਦੀ, ਉਸ ਦੇ ਜੀਵਨ ਦਾ ਪਹੀਆ ਘੁੰਮ ਤਾਂ ਰਿਹਾ ਹੈ ਪਰ ਬਿਨਾਂ ਕਿਸੇ ਅਰਥ ਦੇ ਫਲ ਦੇ। ਤਿਆਗ ਦੇ ਜੀਵਨ ਵਿਚ ਤਿਆਗ ਤੇ ਨਿਰਲੇਪਤਾ ਅਵੱਸ਼ਕ ਹੈ। ਕਰਮ ਦੇ ਮਾਰਗ ਤੇ ਕੋਈ ਤਿਆਗ ਨਹੀਂ ਪਰ ਮਨੁੱਖ ਆਪਣੇ ਕਰਮ ਸੰਸਾਰ ਵਿਚ ਵਿਚਰਦਿਆਂ ਸਭ ਕੁਛ ਨਿਭਾਉਂਦਿਆਂ ਹੀ ਕਰਦਾ ਹੈ, ਫਲ ਦੀ ਇੱਛਾ ਵੀ ਨਹੀਂ ਰਖਦਾ। ਕਰਮ ਦਾ ਮਾਰਗ ਪਿਆਰ ਤੇ ਵਿਜੈ ਦਾ ਮਾਰਗ ਹੈ, ਤਿਆਗ ਦਾ ਮਾਰਗ ਕੁਰਬਾਨੀ ਦਾ ਮਾਰਗ ਹੈ।

ਕਰਮ ਦੇ ਮਾਰਗ ਤੇ ਤੁਸੀਂ ਕਰਮਾਂ ਦਾ ਫਲ ਦੂਸਰਿਆਂ ਨੂੰ ਅਰਪਿਤ ਕਰਦੇ ਹੋ, ਪਰਮ ਸਤਿ ਨੂੰ ਮੰਨਦੇ ਹੋ, ਉਸ ਨੂੰ ਸਭ ਵਿਚ ਦੇਖਦੇ ਹੋ, ਉਹ ਹੀ ਪੂਜਾ ਹੈ, ਅਰਦਾਸ ਹੈ। ਜੇ ਕੋਈ ਕੇਵਲ ਅਰਦਾਸ ਹੀ ਕਰਦਾ ਹੈ ਪਰ ਉਸ ਅਰਦਾਸ ਦਾ ਮਹੱਤਵ ਨਹੀਂ ਸਮਝਦਾ, ਅਰਥ ਨਹੀਂ ਸਮਝਦਾ, ਉਸ ਦਾ ਅਭਿਆਸ ਆਪਣੇ ਰੋਜ਼ ਦੇ ਜੀਵਨ ਵਿਚ ਨਹੀਂ ਕਰਦਾ, ਉਸ ਨੂੰ ਅੰਤਰ ਮਨ ਦੀ ਸ਼ਾਂਤੀ ਨਹੀਂ ਮਿਲ ਸਕਦੀ, ਸੰਤੋਖ ਨਹੀਂ ਆ ਸਕਦਾ ਅਤੇ ਬਿਨਾਂ ਸੰਤੋਖ ਸਦਾ ਵਿਆਕੁਲ ਹੀ ਰਹੇਗਾ।

5. ਤਥਾ ਸਰਬਤਰ ਕਰਮਾਂ ਦੇ ਸਰੂਪ ਤੋਂ ਤਿਆਗ ਹੋ ਹੀ ਨਹੀਂ ਸਕਦਾ ਕਿਉਂਕਿ ਕੋਈ ਭੀ ਪੁਰਸ਼ ਕਿਸੇ ਸਮੇਂ ਵਿਚ ਖਿਨ ਮਾਤਰ ਭੀ ਕਰਮ ਕੀਤੇ ਬਿਨਾਂ ਨਹੀਂ ਰਹਿੰਦਾ। ਨਿਰਸੰਦੇਹ ਸਾਰੇ ਹੀ ਪੁਰਸ਼ ਪ੍ਰਕ੍ਰਿਤੀ ਤੋਂ ਉਤਪੰਨ ਹੋਏ ਰਜ, ਤਮ, ਸਤ ਗੁਣਾਂ ਦੁਆਰਾ ਪ੍ਰੇਰਿਤ ਹੋਏ ਕਰਮ ਕਰਦੇ ਹਨ।

ਹਰ ਇਕ ਜੀਵ ਨੂੰ ਕਰਮ ਕਰਨੇ ਪੈਂਦੇ ਹਨ ਜਦੋਂ ਤਕ ਸਾਹ ਆਉਣੇ ਹਨ, ਕਰਮ ਕਰਨੇ ਹੀ ਪੈਣਗੇ ਭਾਵੇਂ ਕੋਈ ਨਾ ਵੀ ਚਾਹੇ। ਸਥਿਰ ਹੋ ਕੇ ਬੈਠਣਾ, ਸੌਣਾ ਵੀ ਕਰਮ ਹੈ ਕਿਉਂਕਿ ਕਰਮ ਕਰਨੇ ਹੀ ਪੈਣੇ ਹਨ ਤੇ ਕਿਉਂ ਨਾ ਸੁਚੱਜੀ ਤਰ੍ਹਾਂ ਕੀਤੇ ਜਾਣ। ਮਾਨਸ ਆਪਣੇ ਸਾਰੇ ਕਰਮਾਂ ਲਈ ਉਤਰਦਾਈ ਹੈ ਅਤੇ ਕੀਤੇ ਗਏ ਕਰਮਾਂ ਦੇ ਫਲ ਦਾ ਵੀ ਉਤਰਦਾਈ ਹੈ, ਜੇ ਉਹ ਕਰਮ ਤੋਂ ਟਲਦਾ ਹੈ ਤਾਂ ਉਹ ਆਪਣੇ ਲਈ ਤੇ ਦੂਸਰਿਆਂ ਲਈ ਦੂੰਦ ਪੈਦਾ ਕਰਦਾ ਹੈ, ਪਰ ਜੇ ਉਹ ਸੁਚੱਜੀ ਤਰ੍ਹਾਂ ਕਰਮ ਕਰਦਾ ਹੈ, ਉਹ ਵੀ ਖੁਸ਼ ਤੇ ਠੀਕ ਦੂਸਰੇ ਵੀ, ਕਈ ਵਾਰੀ ਵਿਰੋਧ ਵੀ ਠੀਕ ਹੋ ਸਕਦਾ ਹੈ। ਮਿਸਾਲ ਵਜੋ ਜੇ ਕਿਸੇ ਨੂੰ ਕੁਝ ਕਰਨ ਨੂੰ ਕਿਹਾ ਜਾਏ ਜਿਹੜਾ ਉਸਦੀ ਆਤਮਾ ਨਾ ਮੰਨਦੀ ਹੋਵੇ, ਵਿਰੋਧ ਨਾਲ ਉਹ ਆਪਣੇ ਅੰਦਰ ਦੀ ਅਵਾਜ਼ ਸੁਣ ਕੇ ਉਸ ਦੇ ਮੁਤਾਬਿਕ ਕਰਮ ਕਰੇਗਾ। ਕਰਮ ਜਾਂ ਡਿਊਟੀ ਨਾ ਕਰਨੀ ਤਾਂ ਸੰਤਾਪ ਹੈ। ਰਜੋ ਗੁਣ, ਤਮੋ ਗੁਣ, ਸਤੋ ਗੁਣ ਇਹ ਤਿੰਨ ਗੁਣ ਮਨੁੱਖ ਨੂੰ ਕਰਮ ਕਰਨ ਲਈ ਪ੍ਰੇਰਦੇ ਹਨ ਅੱਗੇ ਚੱਲ ਕੇ ਇਨ੍ਹਾਂ ਨੂੰ ਵਿਸਤਾਰ ਨਾਲ ਦਸਿਆ ਜਾਵੇਗਾ।

□ □ □ □ □ □ □ □


**For more information**

**please visit us on internet at :-**

**http://www.atammarg.org**

**&**

**http://www.atammarg.com**

# ਨੌਵੇਂ ਰਤਨ
# ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

ਇਸ ਮਾਲਾ ਦੇ ਮੌਜੂਦਾ ਅਮੋਲ ਤੇ ਸਰਵੋਤਮ ਰਤਨ ਹਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਜਿਨ੍ਹਾਂ ਨੇ ਨਾਮ ਬਾਣੀ ਦੇ ਅਭਿਆਸ ਤੇ ਸਾਧਨ ਸਤ ਸ਼ਬਦ ਦੇ ਅਭਿਆਸ ਰਾਹੀਂ ਲੱਖਾਂ ਹੀ ਮਨੁੱਖਾਂ ਨੂੰ ਆਤਮਵਾਦੀ ਤੇ ਫਿਰ ਹਜ਼ਾਰਾਂ ਨੂੰ ਹੀ ਸਿਮਰਨ ਦੀ ਲੌ ਲਗਾਈ ਹੈ। ਕੋਈ ਅੱਠ ਲੱਖ ਤੋਂ ਉਪਰ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਕਲਗੀਧਰ ਪਿਤਾ ਦੀ ਪਵਿੱਤਰ ਸਿੱਖੀ ਨਾਲ ਜੋੜਿਆ ਹੈ। ਯੂ.ਪੀ. ਸਿੱਖ ਮਿਸ਼ਨ ਦੇ ਇਕ ਸਮੇਂ ਰਹੇ ਇੰਚਾਰਜ ਤੇ ਮਹਾਨ ਲਗਨ ਦੇ ਮਾਲਕ ਗਿਆਨੀ ਬਾਦਲ ਸਿੰਘ ਜੀ ਦਾ ਇਹ ਵਿਚਾਰ ਹੈ ਕਿ ਸਿੱਖੀ ਨੂੰ ਜਿੰਨਾਂ ਮਹਾਂਪੁਰਖਾਂ ਨੇ ਸਿੰਜਿਆ ਸੰਚਾਰਿਆ ਤੇ ਸੰਵਾਰਿਆ ਹੈ ਜੇਕਰ ਸਾਰੇ ਹੀ ਗੁਰਮੁਖ, ਮਹਾਂਪੁਰਖਾਂ, ਹਠੀਆਂ, ਜਪੀਆਂ, ਤਪੀਆਂ ਦੀ ਇਕ ਅੱਜ ਤੱਕ ਦੀ ਸੂਚੀ ਤਿਆਰ ਕਰ ਲਈ ਜਾਵੇ ਤਦ ਸੰਤ ਈਸ਼ਰ ਸਿੰਘ ਜੀ ਮਹਾਰਾਜ ਉਨ੍ਹਾਂ ਵਿਚੋਂ ਉਪਰਲੀ ਲਾਈਨ ਵਿਚ ਨਜ਼ਰ ਆਉਣਗੇ ਜਿਨ੍ਹਾਂ ਨੇ ਸਿੱਖੀ ਅੰਦਰ ਨਵੀਂ ਦੁਨੀਆਂ ਨੂੰ ਪ੍ਰਵੇਸ਼ ਕਰਾਇਆ ਹੈ। ਉਹ ਇਹੀ ਕਈ ਵਾਰੀ ਕਹਿ ਚੁੱਕੇ ਹਨ ਕਿ ਹਜ਼ਾਰਾਂ ਪ੍ਰਚਾਰਕ ਯਤਨ ਕਰਕੇ ਜੋ ਗੱਲ ਤਿਆਰ ਕਰਦੇ ਹਨ ਤੇ ਜਿਨ੍ਹਾਂ ਦੇ ਯਤਨ ਫੇਲ੍ਹ ਵੀ ਹੋ ਜਾਂਦੇ ਹਨ ਪਰ ਸੰਤ ਜੀ ਮਹਾਰਾਜ ਦਾ ਢੰਗ ਹੀ ਨਿਰਾਲਾ ਹੈ। ਉਨ੍ਹਾਂ ਰਾਹੀਂ ਧਾਰਨ ਕੀਤੀ ਹੋਈ ਸਿੱਖੀ ਦਾ ਕੋਈ ਮਨੁੱਖ ਕਦੇ ਵੀ ਸਿੱਖੀ ਤੋਂ ਪਰੇ ਤੇ ਪਤਿਤ ਨਹੀਂ ਹੋ ਸਕਦਾ। ਸਾਡੇ ਪ੍ਰਚਾਰਕਾਂ ਦੀ ਪ੍ਰੇਰਨਾ ਉਪਰਲੀ ਸਤਿਹ ਦੀ ਹੈ ਪਰ ਮਹਾਂਪੁਰਖਾਂ ਦਾ ਰੰਗ ਅੰਦਰਲਾ ਤੇ ਅਮੋਲ ਹੈ ਜੋ ਕਦੇ ਵੀ ਉਤਰ ਨਹੀਂ ਸਕਦਾ।

ਪਟਿਆਲੇ ਦੇ ਸ਼ਹਿਰ ਤੋਂ ਦਸ ਬਾਰਾਂ ਮੀਲਾਂ ਦੀ ਵਿਥ ਤੇ ਇਕ ਨਗਰ ਆਹਲੋਵਾਲ ਵਿਖੇ ਸਿੱਖ ਸਰਦਾਰਾਂ ਦਾ ਮਸ਼ਹੂਰ ਖਾਨਦਾਨ ਸੀ। ਇਸ ਪਰਿਵਾਰ ਦੇ ਮੋਢੀ ਉਸ ਸਮੇਂ ਬਾਬਾ ਰਾਮ ਸਿੰਘ ਜੀ ਸਨ। ਪਿੰਡ ਦੇ ਨੰਬਰਦਾਰ ਵੀ ਸਨ। ਸਫੈਦਪੋਸ਼ ਵੀ ਸਰਕਾਰ ਦਰਬਾਰ ਨਾਲ ਸਬੰਧਤ ਕਈ ਵੱਡੇ ਸਰਦਾਰ ਆਪ ਜੀ ਦੇ ਨਜ਼ਦੀਕੀ ਰਿਸ਼ਤੇਦਾਰ ਸਨ।

ਵੈਸੇ ਸੰਤ ਸੇਵੀ ਬਚਨਾਂ ਦੇ ਮਿਠੇ ਤੇ ਸੱਚੇ ਲੋਕਾਂ ਦੀ ਹਾਮੀ ਭਰਨ ਵਾਲੇ ਸਨ ਅਤੇ ਆਮ ਲੋਕਾਂ ਵਿਚ ਸਤਿਕਾਰ ਦੀ ਨਜ਼ਰ ਨਾਲ ਤਕੇ ਜਾਂਦੇ ਸਨ। ਉਹ ਸਦਾ ਹੀ ਆਏ ਗਏ ਮਹਾਤਮਾ ਦੀ ਸੇਵਾ ਕਰਦੇ ਸਨ। ਸੰਤ ਮਹਾਤਮਾ ਦੀ ਸੰਗਤ ਇਨ੍ਹਾਂ ਦਾ ਇਕ ਬਣਿਆ ਹੋਇਆ ਸੁਭਾਓ ਤੇ ਇਕ ਤਰ੍ਹਾਂ ਜੀਵਨ ਵਿਵਹਾਰ ਵਰਗਾ ਹੀ ਸੀ। ਇਕ ਵਾਰੀ ਇਕ ਤ੍ਰਿਕਾਲਦਰਸੀ ਮਹਾਤਮਾ ਜੋ ਕਿ ਵਿਰਕਤ ਤੇ ਇਕਾਂਤ ਪਸੰਦ ਸਨ। ਇਹ ਨਗਰ ਦੇ ਬਾਹਰ ਆ ਕੇ ਕੁਟੀਆ ਵਿਚ ਰਹੇ। ਤਾਂ ਬਾਬਾ ਜੀ ਨੇ ਬਣੇ ਹੋਏ ਸੁਭਾਅ ਅਨੁਸਾਰ ਹੀ ਦੁੱਧ ਪ੍ਰਸ਼ਾਦਿ ਆਦਿ ਨਾਲ ਸੇਵਾ ਕੀਤੀ। ਕਈ ਦਿਨ ਰਹਿ ਕੇ ਤੁਰਨ ਲਗੇ ਤਾਂ ਮਹਾਤਮਾ ਜੀ ਨੇ ਹੱਸ ਕਿਹਾ, "ਸਰਦਾਰ ਰਾਮ ਸਿੰਘ, ਅਸੀਂ ਜਾ ਰਹੇ ਹਾਂ ਪਰ ਗੁਲਾਬ ਦਾ ਫੁੱਲ ਲੈ ਲੈ, ਇਸ ਨੂੰ ਲੈ ਜਾ ਕੇ ਘਰ ਰੱਖ ਲੈ। ਅਸੀਂ ਤੇਰੇ ਘਰ ਵਿਚ ਐਸੀ ਖੁਸ਼ਬੂ ਛੱਡ ਚਲੇ ਹਾਂ ਕਿ ਉਹ ਤੇਰੇ ਸਾਰੇ ਹੀ ਪ੍ਰਵਾਰ ਨੂੰ ਸੁਗੰਧਤ ਪ੍ਰਫੁਲਤ ਤੇ ਫਿਰ ਮੁਕਤ ਕਰ ਦੇਵੇਗੀ। ਜਿਸ ਤਰ੍ਹਾਂ ਇਹ ਗੁਲਾਬ ਦੀ ਖੂਬਸੂਰਤੀ ਹੈ, ਸੁਗੰਧੀ ਤੇ ਗੁਣਾਂ ਦਾ ਭਰਪੂਰ ਖਜ਼ਾਨਾ ਹੈ ਇਸੇ ਹੀ ਤਰ੍ਹਾਂ ਉਹ ਮਹਾਤਮਾ ਵੀ ਹਰ ਗੁਣ ਸੰਪੰਨ ਤੇ ਆਤਮ ਗਿਆਨ ਦਾ ਭਰਭੂਰ ਖਜ਼ਾਨਾ ਹੀ ਸਾਬਤ ਹੋਵੇਗਾ। ਤੁਸੀਂ ਤਕੋਗੇ ਕਿ ਨਹੀਂ ਪਰ ਤੁਹਾਡੀ ਬਾਕੀ ਦੀ ਰਹਿੰਦੀ ਸੰਤਾਨ ਦੇ ਪਰਿਵਾਰ ਇਹ ਜ਼ਰੂਰੀ ਤਕ ਸਕੇਗਾ ਕਿ ਕਿਸ ਤਰ੍ਹਾਂ ਤੁਹਾਡੇ ਘਰ ਦੀ ਇਹ ਜੋਤੀ ਲੋਕਾਂ ਦੇ ਘਰਾਂ 'ਚ ਅਗਿਆਨ ਅੰਧੇਰ ਨੂੰ ਨਾਸ਼ ਕਰਦੀ ਹੈ। ਉਹ ਰਾਜਾ ਪਰਜਾ ਦੋਨਾਂ ਵਲੋਂ ਪੂਜਿਆ ਸਨਮਾਨਿਆ ਜਾਵੇਗਾ।" ਬਾਬਾ ਜੀ ਨੇ ਘਰਵਾਲੀ ਨਾਲ ਇਹ ਗੱਲ ਕੀਤੀ। ਉਹ ਖੁਸ਼ ਹੋਈ ਪਰ ਨਾਲ ਹੀ ਆਮ ਸੁਭਾਓ ਅਨੁਸਾਰ ਗੱਲ ਕੀਤੀ, ਤੁਹਾਨੂੰ ਗੱਲ ਵੀ ਨਹੀਂ ਕਰਨੀ ਆਈ ਕਿ ਬਾਬਾ ਜੀ ਇਹ ਵਰ ਦਿਓ ਉਹ ਸਾਡੇ ਹੀ ਘਰ ਰਹੇ ਸਾਡੀ ਸੇਵਾ ਕਰੇ। ਜੇਕਰ ਉਹ ਦੂਰ ਹੀ ਰਹੇਗਾ ਤਦ ਸਾਨੂੰ ਕੀ ਲਭੇਗਾ?"

ਬਾਬਾ ਜੀ ਹੱਸ ਕੇ ਕਹਿਣ ਲਗੇ, "ਓ ਭੋਲੀਏ! ਬਾਕੀ ਦੇ ਪੁੱਤਰ ਕਿਹੜਾ ਖੰਡ ਪਰੋਸਦੇ ਹਨ ਕਿ ਉਸ ਤੋਂ ਰਹਿ ਜਾਏਗੀ, ਕੋਈ ਤਾਂ ਟੱਬਰ ਵਿਚੋਂ ਐਸਾ ਲਾਲ ਹੋਵੇ ਜਿਸ ਨਾਲ ਲੋਕਾਂ ਅੰਦਰ ਸਾਡੀ ਪ੍ਰਭੁਤਾ ਹੋਵੇ। ਖਾਣਾ ਤੇ ਭੋਗਣਾ ਤਾਂ ਆਪਣੀ ਹੀ ਕਿਸਮਤ ਦਾ ਹੈ।"

ਸਮੇਂ ਪਿਛੋਂ ਸਰਦਾਰ ਰਾਮ ਸਿੰਘ ਜੀ ਦੇ ਗ੍ਰਹਿ ਵਿਖੇ ਸਪੁੱਤਰ ਦਾ ਜਨਮ ਹੋਇਆ, ਘਰਦਿਆਂ ਨੂੰ ਮਹਾਤਮਾ ਦਾ ਵਰ ਭੁਲ ਹੀ ਚੁੱਕਾ ਸੀ। ਉਹ ਖੁਸ਼ ਹੋਏ, ਗਰੀਬ ਗੁਰਬੇ ਨੂੰ ਮੂੰਹ ਮੰਗੀਆਂ ਮੁਰਾਦਾਂ ਦਿਤੀਆਂ ਗਈਆਂ। ਬੱਚੇ ਦਾ ਜਨਮ ਬ੍ਰਹਮ ਮਹੂਰਤ ਸੁਬ੍ਹਾ ਦੋ ਵਜੇ ਹੋਇਆ। ਸੁਬ੍ਹਾ ਜਿਥੇ ਆਪ ਜੀ ਨੇ ਗੁਰਦਵਾਰੇ ਜਾ ਕੇ ਪ੍ਰਸ਼ਾਦਿ ਕਰਵਾਇਆ, ਉਥੇ ਜਨਮ ਦਾ ਸਮਾਂ ਤੇ ਹਾਲਾਤ ਦਸਕੇ ਜਨਮ ਕੁੰਡਲੀ ਵੀ ਬਣਵਾਈ। ਨਾਮ ਗੁਲਾਬ ਸਿੰਘ ਰੱਖਿਆ। ਬੱਚੇ ਦੇ ਚਿਹਨ ਤਕ ਕੇ ਜੋਤਸ਼ੀ ਇਕ ਗੱਲੋਂ ਹੈਰਾਨ ਸੀ ਕਿ ਆਪ ਜੀ ਦੇ ਸੱਜੇ ਪੈਰ ਵਿਚ ਅੱਖ ਵਰਗਾ ਨਿਸ਼ਾਨ ਬਣਿਆ ਹੋਇਆ ਸੀ ਜੋ ਕਿਸੇ ਮਹਾਨ ਧਾਰਮਕ ਜਾਂ ਫਿਰ ਸ਼੍ਰੋਮਣੀ ਰਾਜਸੀ ਸਮਰਥਾ ਦੇ ਸ਼ਕਤੀਵਾਨ ਸ਼ਖਸੀਅਤ ਹੋਣ ਦਾ ਚਿੰਨ੍ਹ ਸੀ। ਇਸ ਬੱਚੇ ਦੀ ਪੈਦਾਇਸ਼ ਨੇ ਇਕ ਚਮਤਕਾਰ ਹੋਰ ਕੀਤਾ ਕਿ ਬਾਬਾ ਰਾਮ ਸਿੰਘ ਜੀ ਦਾ ਸਤਿਕਾਰ ਹਰ ਪਾਸੇ ਤਰੱਕੀ ਕਰਨ ਲੱਗ ਪਿਆ। ਸਰਕਾਰੀ ਦਫਤਰ ਵਿਚ ਇਹ ਦਸ਼ਾ ਸੀ ਕਿ ਉਹ ਜਿਸ ਵੀ ਕਾਰਜ ਹਿਤ ਜਾਂਦਾ ਉਹ ਤੁਰੰਤ ਹੀ ਹੋ ਜਾਂਦਾ ਸੀ। ਅਸਲ ਵਿਚ ਹਰ ਬੱਚਾ ਆਪਣੀ ਕਰਮ ਗਤੀ ਨਾਲ ਲੈ ਕੇ ਹੀ ਇਸ ਸੰਸਾਰ ਵਿਚ ਆਉਂਦਾ ਹੈ। ਉਹ ਜਗ੍ਹਾ, ਕੰਮ, ਧਰਤੀ ਤੇ ਸਾਜ਼ ਸਾਮਾਨ ਕੇਵਲ ਮਾਤਰ ਬਹਾਨਾ ਹੀ ਹੁੰਦੇ ਹਨ, ਜਿਸ ਕਰਕੇ ਕਾਰਜ ਨੇ ਸੁੱਧ ਹੋ ਜਾਣਾ ਹੈ। ਜੋ ਮਨੁੱਖ ਬੜੇ ਵਡੀ ਜਗ੍ਹਾ ਪੁਜਣਾ ਹੈ ਕੁਦਰਤ ਐਸੇ ਹਾਲਾਤ ਪੈਦਾ ਕਰੇਗੀ ਕਿ ਕਿਸੇ ਤਰ੍ਹਾਂ ਉਹ ਉਸ ਕਾਬਲ ਹੋ ਜਾਵੇ। ਫਿਰ ਅਗਲੀ ਸੰਭਾਲ ਉਹ

ਆਪ ਹੀ ਕਰਦਾ ਹੈ ਪਰ ਸਮੇਂ ਨੇ ਹਾਲਾਤ ਤੇ ਸਾਧਨ ਪਹਿਲਾਂ ਹੀ ਜੋੜੇ ਹੁੰਦੇ ਹਨ।

ਬਾਬਾ ਰਾਮ ਸਿੰਘ ਜੀ ਦੇ ਕਈ ਨਜ਼ਦੀਕੀ ਮਹਾਰਾਜਾ ਪਟਿਆਲੇ ਪਾਸ ਵੱਡੇ ਅਹੁਦੇਦਾਰ ਸਨ। ਸੋ ਉਹ ਕੁਦਰਤੀ ਇਹ ਆਸ ਰੱਖਦੇ ਸਨ ਕਿ ਉਨ੍ਹਾਂ ਦਾ ਲੜਕਾ ਵਡਾ ਹੋ ਕੇ ਕਿਸੇ ਵੱਡੇ ਸਰਕਾਰੀ ਆਹੁਦੇ ਪਰ ਲਗੇ ਜਾਂ ਫਿਰ ਘੱਟੋ ਘੱਟ ਸਰਕਾਰ ਦਾ ਏ.ਡੀ.ਸੀ. ਲੱਗੇ ਜੋ ਕਿ ਬਾਕੀ ਦੀ ਸਾਰੀ ਉਮਰ ਦੀ ਤਰੱਕੀ ਤੇ ਉਨਤੀ ਹਿੱਤ ਇਕ ਤਰ੍ਹਾਂ ਪਉੜੀ ਦਾ ਪਹਿਲਾ ਡੰਡਾ ਸੀ। ਇਸ ਲਈ ਉਹ ਆਪਣੇ ਪੁੱਤਰ ਨੂੰ ਚੰਗੀ ਸਿਖਸ਼ਾ ਦੇ ਕੇ ਵਿਦਿਆ ਨਿਪੁੰਨ ਕਰਨਾ ਚਾਹੁੰਦੇ ਸਨ ਤਾਂ ਜੋ ਉਹ ਕਿਸੇ ਪਾਸੇ ਤੋਂ ਵੀ ਫਿਰ ਊਣਾ ਨਜ਼ਰ ਨ ਆਏ। ਸੋ ਪ੍ਰਾਇਮਰੀ ਦੀ ਪੜ੍ਹਾਈ ਪਿਛੋਂ ਉਨ੍ਹਾਂ ਗੁਲਾਬ ਸਿੰਘ ਜੀ ਨੂੰ ਮਾਡਲ ਸਕੂਲ ਪਟਿਆਲਾ ਵਿਖੇ ਦਾਖਲ ਕਰਵਾ ਦਿੱਤਾ। ਉਹਨੀਂ ਦਿਨੀਂ ਕਿਸੇ ਬੱਚੇ ਦਾ ਸ਼ਹਿਰ ਤੇ ਫਿਰ ਮਾਡਲ ਤੇ ਪਬਲਿਕ ਸਕੂਲ ਵਿਚ ਦਾਖਲ ਹੋਣਾ ਹੀ ਇਸ ਗੱਲ ਦੀ ਗਵਾਹੀ ਸੀ ਕਿ ਉਸ ਬੱਚੇ ਦਾ ਘਰ ਕਿਸ ਕਿਸਮ ਦਾ ਹੈ? ਗੁਲਾਬ ਸਿੰਘ ਜੀ ਹਰ ਪੱਖ ਤੋਂ ਉਨਤੀ ਦੇ ਸਿਖਰਾਂ ਨੂੰ ਛੋਂਹਦੇ ਸਨ। ਉਹ ਪੜ੍ਹਾਈ ਦੇ ਪੱਖੋਂ ਉਤਮ, ਖਿਲਾੜੀ ਦੇ ਪੱਖ ਤੋਂ ਅੱਗੇ ਉਹ ਜ਼ਿਲੇ ਦੀ ਹਾਕੀ ਟੀਮ ਦੇ ਖਿਲਾੜੀ ਸਨ। ਗੁਲਾਬ ਸਿੰਘ ਜੀ ਦਾ ਨਾਮ ਉਮਰ ਦੇ ਨਾਲ ਹੀ ਅੱਗੇ ਨੂੰ ਰੌਸ਼ਨ ਹੁੰਦਾ ਗਿਆ। ਹੈਰਾਨੀ ਦੀ ਗੱਲ ਹੈ ਕਿ ਇਹ ਨੌਜਵਾਨ ਹਰਮਨ ਪਿਆਰਾ ਸੀ। ਖੇਲ੍ਹਾਂ ਸਮੇਂ ਉਹ ਖਿਲਾੜੀ, ਪੜ੍ਹਾਈ ਸਮੇਂ ਦਾ ਮੇਹਨਤੀ ਤੇ ਚੰਗੇ ਦਿਮਾਗ ਦਾ ਮਾਲਕ ਸੀ। ਭਾਈਚਾਰਕ ਕੰਮਾਂ ਸਮੇਂ ਸੇਵਾਦਾਰਾਂ ਵਿਚ ਪਹਿਲੀ ਸਫ ਦਾ ਮੋਹਰੀ ਸੀ। ਜਿਧਰ ਤਕੋ, ਉਸ ਪਾਸੇ ਇਕ ਤਰ੍ਹਾਂ ਹੀਰੋ ਸੀ। ਜਿਥੇ ਕੁਦਰਤ ਵਲੋਂ ਉਹ ਅਫਸਰ ਸ. ਦਲੀਪ ਸਿੰਘ ਜੀ ਦੇ ਰਿਸ਼ਤੇਦਾਰ ਸਨ ਉਥੇ ਉਨ੍ਹਾਂ ਨੂੰ ਰੱਬ ਨੇ ਮਨੁੱਖੀ ਹੁਸਨ ਵੀ ਰੱਜ ਕੇ ਪ੍ਰਦਾਨ ਕੀਤਾ ਸੀ। ਉਨ੍ਹਾਂ ਦੇ ਸਰੀਰ ਦਾ ਹਰ ਅੰਗ ਕੁਦਰਤ ਨੇ ਰੀਝ ਨਾਲ ਬਨਾਇਆ ਸੀ। ਫਿਰ ਉਤਮ ਵਿਹਾਰ ਉਚ ਆਚਾਰ ਤੇ ਲੋਕਾਂ ਲਈ ਦਰਦਮੰਦ ਦਿਲ, ਫਿਰ ਨਾਲ ਹੀ ਸੰਤ ਸੇਵਾ ਸਤਸੰਗੀ ਤੇ ਹਰ ਸਮੇਂ ਸੇਵਾ ਲਈ ਕਮਰ ਕਸੇ ਕਰੀ ਰੱਖਣ ਦੀ ਆਦਤ ਨੇ ਜਿਸਮ ਨੂੰ ਹਰ ਪਾਸੇ ਤੋਂ ਅਮੋਲਕ ਬਣਾ ਦਿਤਾ ਸੀ।

**ਸਾਧ ਸੰਗਤ**

ਪੂਰਬ ਜਨਮ ਦੇ ਸੰਜੋਗ ਕਈ ਵਾਰ ਸਾਫ ਹੀ ਨਜ਼ਰ ਆ ਜਾਂਦੇ ਸਨ। ਗੁਲਾਬ ਸਿੰਘ ਜੀ ਪਰ ਇਹ ਅਸਰ ਸਾਫ ਹੀ ਦਿਸਦਾ ਸੀ। ਘਰੇਲੂ ਰਿਸ਼ਤੇਦਾਰਾਂ ਦੇ ਮਾਹੌਲ ਕਾਰਨ ਉਸ ਨੂੰ ਇਕ ਚੰਗੇ ਅਮੀਰਾਂ ਦੇ ਰਹਿਣ ਬਹਿਣ ਦੇ ਨਾਲ ਹੀ ਕੇਵਲ ਮਾਤਰ ਐਸ਼ੋ ਇਸ਼ਰਤ ਵਲ ਹੀ ਰੁਝਾਨ ਕਰਨਾ ਚਾਹੀਦਾ ਸੀ। ਪਰ ਉਸ ਦਾ ਰੁਖ ਗੁਰਦਵਾਰੇ ਦੀ ਸੇਵਾ, ਸੰਤਾਂ ਦੇ ਸਤਿਸੰਗ ਤੇ ਹਰੀ ਕੀਰਤਨ ਵਲ ਸੀ। ਉਹ ਸ਼ਾਮ ਸਵੇਰੇ ਦੋ ਵੇਲੇ ਗੁਰਦਵਾਰੇ ਚਲੇ ਜਾਂਦੇ ਤੇ ਹਰੀ ਕੀਰਤਨ ਕਰਦੇ ਸਨ। ਰਾਤ ਸਮੇਂ ਵੀ ਉਹ ਕੇਵਲ ਮਾਤਰ ਉਸ ਜਥੇ ਨਾਲ ਬਾਹਰ ਟਿਬਿਆਂ ਪਰ ਜਾ ਬਿਰਾਜਦੇ ਸਨ। ਸੋ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਤੇ ਫਿਰ ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਦੇ ਸਤਸੰਗੀ ਸਨ। ਸਦਾ ਸਕੂਲ ਤੋਂ ਵੇਹਲ ਪਾ ਕੇ ਉਹ ਇਕ ਗਿਆਨਵਾਨ ਤੇ ਤਕੜੇ ਅਭਿਲਾਸ਼ੀ ਸੰਤ ਸੰਤੋਖ ਦਾਸ ਜੀ ਪਾਸ ਚਲੇ ਜਾਂਦੇ ਸਨ। ਕਈ ਵਾਰੀ ਪਟਿਆਲੇ ਦੇ ਮਸ਼ਹੂਰ ਤਿਆਗੀ ਤੇ ਵਿਦੇਹ ਮੁਕਤ ਅਲਮਸਤ ਫਕੀਰ ਬਾਬਾ ਧਿਆਨਾ ਜੀ ਦੇ ਦਰਸ਼ਨ ਕਰਨ ਗਏ ਸਨ। ਇਕ ਵਾਰੀ ਤੋਪਖਾਨੇ ਦੇ ਬਹੁਤ ਸੱਜਣ ਖਾਸਕਰ ਕਿਸ਼ਨ ਸਿੰਘ ਜੀ ਆਦਿਕ ਸਮੇਤ ਬਾਬਾ ਧਿਆਨੇ ਪਾਸੋਂ ਕੋਈ ਗਿਆਨ ਦੀ ਗੱਲ ਪੁੱਛਣ ਲੱਗੇ। ਉਹ ਹੱਸ ਕੇ ਕਹਿਣ ਲਗੇ, "ਓਏ ਜਾਓ ਬਹੁਤੀਆਂ ਗੱਲਾਂ ਨਾ ਕਰੋ। ਤੁਹਾਡੀ ਤਸੱਲੀ ਤਾਂ ਨਹਿਰ ਕੰਢੇ ਬੈਠੇ ਹੋਏ ਸਾਧ ਨੇ ਹੀ ਕਰਨੀ ਹੈ। ਹੋਰ ਕਿਧਰੇ ਜਾਓ ਨਾ ਜਾਓ।" ਇਹ ਕੀਰਤਨੀ ਜਥਾ ਪਹਿਲਾਂ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਪਾਸ ਹੀ ਜਾਇਆ ਕਰਦਾ ਸੀ। ਇਕ ਵਾਰੀ ਰਾਮਪੁਰ ਤੋਂ ਇਕ ਸੱਜਣ ਆਏ ਜਿਸ ਦਾ ਨਾਮ ਸੰਤਾ ਸਿੰਘ ਸੀ। ਉਹ ਕਟਾਰੀ ਦੇ ਵਸਨੀਕ ਸਨ ਤੇ ਭਾਈ ਗੁਜਰ ਸਿੰਘ ਜੀ ਬਾਈ ਜੀ ਦੇ ਹੀ ਰਿਸ਼ਤੇਦਾਰ ਵੀ ਸਨ। ਉਨ੍ਹਾਂ ਨੇ ਬਾਈ ਜੀ ਨੂੰ ਕਿਹਾ ਕਿ ਚਲੋ ਤੁਹਾਨੂੰ ਆਪਣੇ ਸੰਤਾਂ ਦੇ ਦਰਸ਼ਨ ਕਰਾਈਏ, ਜਿਥੇ ਲੰਗਰ ਵਿਚ ਮਿੱਠੇ ਚਾਵਲ ਬਣਦੇ ਹਨ। ਜਦੋਂ ਥਾਂ ਪਤਾ ਦਿਤਾ ਤਦ ਬਾਈ ਤੇ ਹੋਰ ਹੈਰਾਨ ਹੋਏ ਕਿ ਉਹ ਨਹਿਰ ਦੇ ਕੰਢੇ ਹੀ ਰਹਿੰਦੇ ਹਨ। ਬਾਬੇ ਧਿਆਨੇ ਨੇ ਵੀ ਕਿਸੇ ਨਹਿਰ ਵਾਲੇ ਸੰਤਾਂ ਦਾ ਹੀ ਪਤਾ ਦਸਿਆ ਸੀ। ਸੋ ਬਾਈ ਜੀ ਪਹਿਲਾਂ ਮੁਕੰਦ ਸਿੰਘ ਜੀ, ਸੰਤੋਖ ਸਿੰਘ ਜੀ ਮਨੀ, ਕਿਸ਼ਨ ਸਿੰਘ ਜੀ, ਬਿਸ਼ਨ ਸਿੰਘ ਜੀ ਆਦਿਕ ਨਾਲ ਸਲਾਹ ਕਰਕੇ ਹੀ ਇਕ ਪੂਰਨਮਾਸ਼ੀ ਤੋਂ ਪਹਿਲੇ ਦਿਨ ਰਾਮਪੁਰ ਰੇਰੂ ਸਾਹਿਬ ਦਰਸ਼ਨ ਕਰਨ ਹਿਤ ਜਾਣ ਲਈ ਤਿਆਰ ਹੋਏ ਸਨ ਉਥੇ ਜਾ ਕੇ ਹੀ ਇਹ ਫਿਰ ਸਦਾ ਲਈ ਉਸੇ ਹੀ ਘਰ ਦੇ ਹੋ ਗਏ ਸਨ। ਗੁਲਾਬ ਸਿੰਘ ਜੀ ਭੀ ਇਨ੍ਹਾਂ ਦੇ ਹੀ ਸਾਥੀ ਹੋ ਗਏ। ਗਲਾ ਸੁਰੀਲਾ ਸੀ। ਉਹ ਕੀਰਤਨ ਵਿਚ ਪੂਰਾ ਹਿੱਸਾ ਲੈਂਦੇ ਸਨ। ਤੋਪਖਾਨੇ ਅੰਦਰ ਸੰਤ ਅਤਰ ਸਿੰਘ ਜੀ ਮਹਾਰਾਜ ਦਾ ਇਤਨਾ ਪ੍ਰਤਾਪ ਵਧਿਆ ਕਿ ਸਿਪਾਹੀ ਤੋਂ ਲੈ ਕੇ ਸਰਦਾਰਾਂ ਤੱਕ ਸਾਰੇ ਹੀ ਸੇਵਕ ਬਣ ਗਏ ਸਨ। ਸੰਤ ਅਤਰ ਸਿੰਘ ਜੀ ਮਹਾਰਾਜ ਵਿਚ ਇਕ ਮਹਾਨ ਸ਼ਕਤੀ ਸੀ ਕਿ ਜੋ ਵੀ ਇਕ ਵਾਰੀ ਨਾਲ ਗੰਢਿਆ ਗਿਆ ਮੁੜ ਕੇ ਭਰਮ ਵਹਿਮ ਦੁਬਿਧਾ ਤੇ ਅਗਿਆਨ ਦੇ ਚੱਕਰ ਵਿਚ ਨਹੀਂ ਫਸਿਆ। ਇਕ ਵਾਰੀ ਦਰਸ਼ਨ ਕਰਨ ਆਇਆ ਸਾਰੀ ਉਮਰ ਲਈ ਮੁਰੀਦ ਹੋ ਗਿਆ। ਫਿਰ ਉਥੇ ਆਇਆਂ ਦਾ ਆਦਰਸ਼ ਇਕ ਮਾਤਰ ਸੇਵਾ ਤੇ ਸਿਮਰਨ ਹੋ ਜਾਂਦਾ ਸੀ। ਹੋਰ ਹਰ ਮਾਰਗ ਅੰਦਰ ਸਾਥੀ ਸਹਾਈ ਦੀ ਉਡੀਕ ਕਰੀਦੀ ਹੈ। ਪਰ ਇਸ ਮਾਰਗ ਵਿਚ ਤੁਰੇ ਜਾਂਦਿਆਂ ਜੀਵਨ ਮਨੋਰਥ ਸੁਤੇ ਹੀ ਪ੍ਰਾਪਤ ਹੁੰਦੇ ਤੁਰੇ ਜਾਂਦੇ ਹਨ ਤੇ ਸਾਥ ਵੀ ਆਪ ਹੀ ਨਾਲ ਲਗਦਾ ਤੁਰਿਆ ਜਾਂਦਾ ਹੈ। ਫਿਰ ਇਹ ਮੇਲ ਇਕ ਸਤਸੰਗ ਦੇ ਰੂਪ ਵਿਚ ਮਹਾਨ ਬੋਹਿਥ ਰੂਪ ਹੋ ਜਾਂਦਾ ਹੈ। ਇਸ ਬੋਹਿਥੇ ਵਿਚ ਹਰ ਸਵਾਰੀ ਦੀ ਮੰਜ਼ਿਲ ਤਾਂ ਇਕ ਹੁੰਦੀ ਹੈ ਪਰ ਆਤਮ ਅਨੰਦ ਤੇ ਸਵੈਸਰੂਪ ਅੰਦਰ ਟਿਕਾਣਾ ਇਹ ਇਕ ਅਕਹਿ ਅਨੰਦ ਸਰੂਪ ਦੇ ਸਾਗਰ ਅੰਦਰ ਟੁਬੀਆਂ ਮਾਰਨ ਵਾਲੀ ਕਹਾਵਤ ਹੈ। ਜੋ ਜਿੰਨਾ ਅਧਿਕ ਜਾਣਕਾਰ ਤੇ ਡੂੰਘਾਈਆਂ ਨੂੰ ਤੱਕਣ ਵਾਲਾ ਹੋਵੇਗਾ ਉਹ ਉਤਨਾ ਹੀ ਅਧਿਕ ਲਾਭ ਤੇ ਅਨੰਦ ਨੂੰ ਪ੍ਰਾਪਤ ਹੋਵੇਗਾ। ਸੰਤ ਜੀ ਮਹਾਰਾਜ ਦੇ ਇਹ ਸੇਵਕ ਆਪ ਵੀ ਜਗ੍ਹਾ ਪਰ ਜ਼ੋਰ ਲਗਾ ਕੇ ਤੇ ਹੋਰ ਅੱਗੇ ਵੱਧਣ ਦਾ ਯਤਨ ਕਰਦੇ ਰਹਿੰਦੇ ਸਨ। ਹਰ ਕਿਸੇ ਦਾ ਕੇਵਲ ਇਕ ਹੀ ਨਿਸ਼ਾਨਾ ਸੀ ਉਹ ਵੱਧ ਤੋਂ

ਵੱਧ ਆਤਮ ਗਿਆਨ ਸਵੈ ਸਰੂਪ ਵਿਚ ਸਥਿਤੀ ਹਾਸਲ ਕਰ ਸਕੇ। ਦਸਮ ਦੁਆਰ ਅਗਮ ਅਪਾਰ ਦੇ ਗੋਹਜ ਭੇਦ ਨੂੰ ਜਾਨਣ ਦਾ ਉਤਸ਼ਾਹ ਹਰ ਇਕ ਅੰਦਰ ਵੱਧ ਤੋਂ ਵੱਧ ਸੀ। ਇਹ ਵੱਖਰੀ ਗੱਲ ਹੈ ਕਿ ਸਤਿਪੁਰਖਾਂ ਨੇ ਆਪ ਇਹ ਭੇਦ ਕਿਸੇ ਪਰ ਜ਼ਾਹਰ ਹੋਣ ਦਿਤਾ ਹੋਵੇ। ਇਸ ਸਮੇਂ ਜੋ ਸਤਿਸੰਗੀ ਹਰ ਮਹੀਨੇ ਸਤਸੰਗ ਕਰਨ ਨੂੰ ਜਾਂਦੇ ਸਨ ਉਨ੍ਹਾਂ ਵਿਚੋਂ ਸਿਰ ਕੱਢ ਸਨ ਸੰਤ ਬਿਸ਼ਨ ਸਿੰਘ ਜੀ ਰੌਣੀ ਵਾਲੇ। ਇਨ੍ਹਾਂ ਨੇ ਹੀ ਗੁਲਾਬ ਸਿੰਘ ਜੀ ਨੂੰ ਇਹ ਪ੍ਰੇਰਨਾ ਕੀਤੀ ਕਿ ਜੇਕਰ ਤੁਹਾਡਾ ਵਿਚਾਰ ਪ੍ਰਮਾਰਥ ਵੱਲ ਪੈਣ ਦਾ ਹੈ ਤਦ ਤੁਸੀਂ ਰੇਰੂ ਸਾਹਿਬ ਜ਼ਰੂਰ ਜਾਵੋ। ਗਰਮੀਆਂ ਦੀ ਬਹਾਰ ਸੀ ਗੁਲਾਬ ਸਿੰਘ ਦੇ ਨਜ਼ਦੀਕੀ ਸਲਾਹਕਾਰ ਉਸ ਸਮੇਂ ਹੀਰਾ ਸਿੰਘ ਜੀ ਸਨ ਜੋ ਕਿ ਤੋਪਖਾਨੇ ਸਿਪਾਹੀ ਸਨ। ਪਰ ਫਿਰ ਪਿਛੋਂ ਮਹਾਰਾਜ ਨੇ ਉਨ੍ਹਾਂ ਨੂੰ ਇਸ ਪਾਸੇ ਤੋਂ ਪੁਲਿਸ ਦੀ ਥਾਨੇਦਾਰੀ ਵਲ ਬਦਲ ਦਿਤਾ ਸੀ ਜਿਥੋਂ ਉਹ ਫਿਰ ਰਿਟਾਇਰ ਹੋਏ। ਸੋ ਦੋਹਾਂ ਹੀ ਸਾਥੀਆਂ ਨੇ ਰੇਰੂ ਸਾਹਿਬ ਜਾਣ ਦਾ ਮਨ ਬਣਾਇਆ। ਹੀਰਾ ਸਿੰਘ ਜੀ ਨੂੰ ਇਹਨੀਂ ਦਿਨੀਂ ਵੱਡਾ ਬੁਖਾਰ ਹੋ ਕੇ ਹਟਿਆ ਸੀ। ਉਹ ਕਮਜ਼ੋਰ ਵੀ ਸਨ ਤੇ ਰੋਟੀ ਤੋਂ ਬਿਨਾਂ ਹੀ ਕਈ ਦਿਨ ਹੋ ਚੁੱਕੇ ਸਨ। ਆਮ ਤੌਰ ਪਰ ਵੱਡੇ ਬੁਖਾਰ ਪਿਛੋਂ ਦਸ ਦਿਨਾਂ ਤੱਕ ਡਾਕਟਰ ਰੋਟੀ ਮਨ੍ਹਾ ਕਰਦੇ ਹਨ। ਸੋ ਹੀਰਾ ਸਿੰਘ ਜੀ ਵੀ ਰੋਟੀ ਤੋਂ ਬਿਨਾਂ ਹੀ ਸਨ। ਦੁੱਧ ਕਿੰਨਾ ਹੀ ਪੀ ਲਿਆ ਜਾਵੇ ਤਸੱਲੀ ਨਹੀਂ ਹੁੰਦੀ ਸੀ। ਪਰ ਬੁਖਾਰ ਹਟੇ ਨੂੰ ਕਈ ਦਿਨ ਹੋਣ ਕਾਰਨ ਹੁਣ ਬਹੁਤੀ ਕਮਜ਼ੋਰੀ ਨਹੀਂ ਸੀ ਸੋ ਦੋਹਾਂ ਸੱਜਣਾਂ ਨੇ ਜਾਣ ਲਈ ਮਨ ਬਣਾ ਹੀ ਲਿਆ। ਦੋਹਾਂ ਨੂੰ ਸੰਤ ਬਿਸ਼ਨ ਸਿੰਘ ਜੀ ਨੇ ਅੰਮ੍ਰਿਤਪਾਨ ਕਰਨ ਤੇ ਫਿਰ ਸਿਮਰਨ ਦਾ ਸਾਧਨ ਪੁਛਣ ਦੀ ਪ੍ਰੇਰਨਾ ਦੇ ਦਿਤੀ ਸੀ। ਸੋ ਇਹ ਉਸੇ ਹੀ ਤਰ੍ਹਾਂ ਰਾਤ ਸਮੇਂ ਲੁਧਿਆਣੇ ਪੁੱਜੇ। ਉਸ ਸਮੇਂ ਮੋਟਰਾਂ ਤੇ ਗੱਡੀਆਂ ਆਮ ਨਹੀਂ ਸਨ। ਰਾਤ ਸਮੇਂ ਹੀ ਪਟਿਆਲੇ ਤੋਂ ਗੱਡੀ ਪਰ ਲੁਧਿਆਣੇ ਪੁਜ ਕੇ ਦੂਸਰੇ ਦਿਨ ਸੁਬ੍ਹਾ ਸਵਾਰੀ ਗੱਡੀ ਪਰ ਰਾਮਪੁਰੇ ਨੂੰ ਜਾਣ ਹਿਤ ਦੁਰਾਹੇ ਮੰਡੀ ਲਈ ਚਲੀਦਾ ਸੀ। ਦੋਹਾਂ ਸੱਜਣਾਂ ਨੇ ਰਾਤ ਸਟੇਸ਼ਨ ਲੁਧਿਆਣੇ ਪਰ ਕੱਟੀ। ਹੀਰਾ ਸਿੰਘ ਜੀ ਨੇ ਕਿਹਾ, "ਲੈ ਬਈ ਜੇਕਰ ਬਾਬਾ ਅਤਰ ਸਿੰਘ ਜੀ ਨੇ ਸਾਨੂੰ ਮੰਤਰ ਦੇਣਾ ਹੈ ਤਦ ਮੈਂ ਅੱਜ ਹੀ ਦੁੱਧ ਜਲੇਬੀਆਂ ਖਾ ਲੈਣੀਆਂ ਹਨ। ਆਪ ਹੀ ਬਾਬਾ ਮੇਹਰ ਕਰੇਗਾ। ਉਹ ਰੋਕਣ ਪਰ ਵੀ ਚਾਰ ਵਾਰੀ ਵਿਚ ਸੇਰ ਜਲੇਬੀਆਂ ਤੇ ਦੋ ਸੇਰ ਦੁੱਧ ਪੀ ਗਿਆ। ਰਾਤ ਖੂਬ ਨੀਂਦ ਆਈ ਸਵੇਰੇ ਹੀ ਸੂਰਜ ਚੜ੍ਹਦੇ ਨਾਲ ਜਾ ਗੁਰਦਵਾਰੇ ਦਰਸ਼ਨ ਕੀਤੇ। ਜਦੋਂ ਨਮਸ਼ਕਾਰ ਕਰਨ ਲਗੇ ਤਦ ਬਾਬਾ ਜੀ ਨੇ ਹੱਸ ਕੇ ਫੁਰਮਾਇਆ, "ਭਾਈ ਹੀਰਾ ਸਿੰਹਾ ਤੂੰ ਤਿੰਨ ਦਿਨਾਂ ਦੀ ਛੁੱਟੀ ਆਇਆ ਹੈਂ ਇਹ ਭੁਜੰਗੀ ਤਾਂ ਪੱਕੀ ਛੁੱਟੀ ਲੈ ਕੇ ਆਇਆ ਹੋਇਆ ਪ੍ਰਤੀਤ ਦਿੰਦਾ ਹੈ। ਇਹ ਅੱਗੇ ਪਤਾ ਨਹੀਂ ਕਦੇ ਆਇਆ ਹੈ ਕਿ ਨਹੀਂ ਪਰ ਇਸ ਨੂੰ ਤੱਕ ਕੇ ਇਉਂ ਪ੍ਰਤੀਤ ਹੁੰਦਾ ਹੈ ਜਿਕਰ ਪਤਾ ਨਹੀਂ ਕਦੋਂ ਤੋਂ ਸਾਡੇ ਪਾਸ ਹੈ। ਪਤਾ ਨਹੀਂ ਇਹ ਸਾਡਾ ਭੁਲੇਖਾ ਹੋਵੇ।" ਗੁਲਾਬ ਸਿੰਘ ਜੀ ਨੇ ਬੇਨਤੀ ਕੀਤੀ ਕਿ ਮੈਂ ਪਹਿਲੀ ਵਾਰ ਹੀ ਦਰਸ਼ਨ ਕਰਨ ਆਇਆ ਹਾਂ। ਪਰ ਜੇਕਰ ਮੇਹਰ ਕਰੋ ਤਦ ਮੈਂ ਹਰ ਸਵਾਸ ਹੀ ਸੇਵਾ ਵਿਚ ਲੱਗਣ ਨੂੰ ਧੰਨ ਭਾਗ ਸਮਝਾਂਗਾ। ਸੰਤ ਜੀ ਮਹਾਰਾਜ ਨੇ ਉਸੇ ਹੀ ਦਿਨ ਸ਼ਾਮ ਨੂੰ ਅੰਮ੍ਰਿਤ ਪਾਨ ਕਰਾਕੇ ਇਨ੍ਹਾਂ ਨੂੰ ਕਲਗੀਧਰ ਜੀ ਦੇ ਚਰਨਾਂ ਨਾਲ ਜੋੜ ਦਿਤਾ। ਫਿਰ ਰਹਿਤ ਬਹਿਤ ਤੇ ਕਰਣੀ ਦੀ ਪ੍ਰਧਾਨਤਾ ਆਦਿਕ ਸਾਰੀ ਸਿੱਖ ਰਹਿਤ ਮਰਯਾਦ ਸੁਣਾਈ। ਇਸ ਉਤਮ ਸੁਗੰਧ ਦੀ ਰਸਮ ਉਪਰੰਤ ਜਦੋਂ ਬਾਹਰ ਨਿਕਲੇ ਤਦ ਹਸ ਕੇ ਫੁਰਮਾਇਆ," ਲੈ ਭਾਈ ਅਸਾਂ ਅੱਜ ਸਤਿਗੁਰਾਂ ਦੀ ਆਗਿਆ ਨਾਲ ਤੈਨੂੰ ਗੁਲਾਬ ਤੋਂ ਈਸ਼ਰ ਬਣਾ ਦਿਤਾ ਹੈ ਇਹ ਐਸੀ ਰਾਸ ਹੈ ਜਿਉਂ ਜਿਉਂ ਅਧਕ ਵਰਤੇਂਗਾ, ਇਹ ਵਧਦੀ ਹੀ ਜਾਏਗੀ। ਵਰਤਣਹਾਰ ਨੂੰ ਇਹ ਦ੍ਰਿੜ੍ਹ ਨਿਸ਼ਚਾ ਹੋਣਾ ਜ਼ਰੂਰੀ ਹੈ ਕਿ ਉਹ ਪਿਉ ਦਾਦੇ ਦੇ ਮਹਾਨ ਕੋਸ਼ ਪਰ ਬੈਠਾ ਹੈ। ਜੋ ਰਲ ਮਿਲ ਕੇ ਖਾਣ ਖਰਚਣ ਨਾਲ ਨਾ ਨਿਖੁਟਦਾ ਹੈ ਨ ਉਸ ਅੰਦਰ ਕੋਈ ਕਮੀ ਹੀ ਆ ਸਕਦੀ ਹੈ। ਲੋੜ ਤਾਂ ਵਿਚਾਰ ਦੀ ਹੈ ਜਦੋਂ ਮਨੋ ਸੰਸਾ ਹਟ ਗਿਆ ਫਿਰ ਸੰਸਾਰਕ ਚਿੰਤਾ ਕਿਥੇ ਰਹਿ ਸਕਦੀ ਹੈ। ਸੋ ਮਹਾਂਪੁਰਖਾਂ ਦਾ ਪਵਿੱਤਰ ਗਿਆਨ ਇਹ ਵਿਸ਼ਵਾਸ਼ ਦ੍ਰਿੜ੍ਹ ਕਰਾਉਂਦਾ ਸੀ। ਉਹ ਸਤਿ ਸ਼ਬਦ ਦੇ ਵਿਚਾਰ ਸਤਿ ਸ਼ਬਦ ਦਾ ਅਭਿਆਸ ਸਤਿ ਬਿਉਹਾਰ ਕਰਨ ਦੇ ਨਾਲ ਹੀ ਸਤਿ ਆਚਾਰ ਦੀ ਆਗਿਆ ਸਖਤੀ ਨਾਲ ਕਰਦੇ ਸਨ। ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣਾ ਪਾਸ ਸਿਮਰਨ ਨਾਲ ਸੇਵਾ, ਟੋਕਰੀ ਦੀ ਸੇਵਾ ਮੁਖ ਸੀ। ਪਰ ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਪਾਸ ਲੰਗਰ ਦੀ ਸੇਵਾ ਤੇ ਖੇਤੀ ਦੀ ਕਿਰਤ ਨਾਲ ਸਿਮਰਨ ਦੀ ਪਹਿਲ ਸੀ।

ਗੁਲਾਬ ਸਿੰਘ ਈਸ਼ਰ ਸਿੰਘ ਬਣ ਕੇ ਜਦੋਂ ਪਹਿਲੀ ਵਾਰੀ ਪਟਿਆਲੇ ਪੁੱਜਾ ਤਦ ਸੰਗੀ ਸਾਥੀ ਹੈਰਾਨ ਹੀ ਰਹਿ ਗਏ ਕਿ ਉਸ ਦੀ ਕਿਰਿਆ ਜ਼ਬਾਨ ਤੇ ਵਿਹਾਰ ਦੇ ਨਾਲ ਹੀ ਜੀਵਨ ਦਾ ਹਰ ਕਰਮ ਨਵਾਂ ਤੇ ਨਰੋਆ ਹੋ ਗਿਆ ਹੈ। ਉਹ ਕਦੇ ਵੀ ਵਿਹਲੇ ਸਮੇਂ ਸਾਥੀਆਂ ਕੋਲ ਜਾ ਕੇ ਗਪੌੜਾਂ ਨਹੀਂ ਮਾਰਦੇ ਸਨ। ਸਗੋਂ ਗਈ ਰਾਤ ਤੱਕ ਤੇ ਸੁਬ੍ਹਾ ਵੀ ਸਭ ਤੋਂ ਪਹਿਲਾਂ

ਦੋ ਵਜੇ ਉਠ ਕੇ ਇਸ਼ਨਾਨ ਕਰਕੇ ਬਾਹਰ ਜਾ ਕੇ ਸਿਮਰਨ ਅਭਿਆਸ ਵਿਚ ਲਗ ਜਾਂਦੇ ਸਨ। ਇਸ ਤਰ੍ਹਾਂ ਕਰਦਿਆਂ ਹੀ ਇਮਤਿਹਾਨ ਸਿਰ ਪਰ ਆ ਗਏ ਉਧਰ ਲੋਕ ਅਖਰ ਲਿਖ ਰਹੇ ਸਨ ਪਰ ਈਸ਼ਰ ਸਿੰਘ ਜੀ ਅੰਤਰ ਆਤਮੇ ਆਪਣੀ ਕਿਤਾਬ ਤੇ ਸਤਿ ਸ਼ਬਦ ਦੀ ਵਿਚਾਰ ਅਭਿਆਸ ਦਾ ਮੰਤਰ ਦ੍ਰਿੜ੍ਹ ਕਰ ਰਹੇ ਸਨ। ਪਰਚੇ ਖਾਲੀ ਹੀ ਰਹੇ। ਫਿਰ ਇਹ ਅਰਦਾਸ ਕਰਨੀ ਵੀ ਸਤਿ ਧਰਮ ਦੇ ਵਿਰੁੱਧ ਸੀ ਕਿ ਉਹ ਬਿਨਾਂ ਲਿਖੇ ਹੀ ਪਾਸ ਹੋ ਜਾਂਦੇ। ਕਈ ਸਾਥੀਆਂ ਨੇ ਇਹ ਕਿਹਾ ਵੀ ਕਿ ਭਾਈ ਤੂੰ ਜਾ ਕੇ ਸੰਤ ਜੀ ਮਹਾਰਾਜ ਨੂੰ ਦੱਸ ਆ ਕਿ ਮੈਂ ਇਮਤਿਹਾਨ ਸਮੇਂ ਤਾਂ ਅੱਖਰ ਨਹੀਂ ਲਿਖੇ। ਫਿਰ ਸ਼ਾਇਦ ਉਹ ਰੇਖ ਵਿਚ ਹੀ ਮੇਖ ਮਾਰਨ। ਪਰ ਈਸ਼ਰ ਸਿੰਘ ਜੀ ਨੇ ਹੱਸ ਕੇ ਕਿਹਾ, "ਮੇਹਨਤ ਮੈਂ ਕੀਤੀ ਨਹੀਂ। ਪਰਚੇ ਕੀਤੇ ਨਹੀਂ ਫਿਰ ਇਸ ਦਾ ਫਲ ਹੋਰ ਕੌਣ ਖਾਏਗਾ? ਸਤਿ ਵਿਉਪਾਰ ਤੇ ਆਚਾਰ ਲਈ ਇਹ ਜ਼ਰੂਰੀ ਹੈ ਕਿ ਉਹ ਬਗੈਰ ਕਿਸੇ ਗਿਲੇ ਦੇ ਹੀ ਸਤ ਕਿਰਿਆ ਕਰਕੇ ਫਿਰ ਉਸ ਦਾ ਫਲ ਵੀ ਆਪ ਹੀ ਖਾਣ ਲਈ ਤਿਆਰ ਰਹੇ। ਜੋ ਆਦਮੀ ਇਕ ਗੱਲ ਦੀ ਨਾਜਾਇਜ਼ ਤੇ ਗਲਤ ਮੰਗ ਕਰਦਾ ਹੈ ਉਹ ਹੋਰ ਗੱਲਾਂ ਵਿਚ ਸਤਿ ਦਾ ਪੁਜਾਰੀ ਕਿਵੇਂ ਹੋ ਸਕਦਾ ਹੈ?"

ਇਹ ਗੱਲਾਂ ਸਾਥੀਆਂ ਨੂੰ ਲਾਜਵਾਬ ਕਰ ਦੇਂਦੀਆਂ ਸਨ। ਫਿਰ ਆਖ਼ਰ ਇਮਤਿਹਾਨ ਦੇ ਨਤੀਜੇ ਨੇ ਹੀ ਉਨ੍ਹਾਂ ਨੂੰ ਉਹੀ ਦੱਸਿਆ, ਉਹ ਇਮਤਿਹਾਨ ਵਿਚ ਪਾਸ ਨਾ ਹੋਏ। ਆਖਰ ਪਰਚਾ ਇਕੋ ਹੀ ਪਾਸੇ ਠੀਕ ਹੋ ਸਕਦਾ ਸੀ। ਜਦੋਂ ਇਕ ਰਸ ਆਇਆ ਦੂਸਰੇ ਸਾਰੇ ਹੀ ਰਸ ਆਪ ਹੀ ਫਿਕੇ ਪੈ ਗਏ। ਅਸਲ ਗਲ ਤਾਂ ਇਹ ਹੈ ਕਿ ਜਿਸ ਨੇ ਇਸ ਰਸ ਨੂੰ ਨਹੀਂ ਮਾਣਿਆਂ ਉਹ ਇਸ ਬਾਰੇ ਕੁਝ ਵੀ ਜਾਣਦੇ ਨਹੀਂ ਪਰ ਜੋ ਜਾਣ ਗਿਆ ਉਹ ਉਸ ਨੂੰ ਛਡਣਾ ਤਾਂ ਇਕ ਪਾਸੇ ਮਕਰੰਦ ਰਸ ਦੇ ਮਸਤ ਭੰਵਰ ਵਾਂਗ ਉਥੇ ਹੀ ਸਮਾ ਕੇ ਮਰਨਾ ਪਸੰਦ ਕਰਦਾ ਹੈ ਪਰ ਵਿਛੋੜਾ ਨਹੀਂ।"

ਇਸ ਪਾਸੇ ਈਸ਼ਰ ਸਿੰਘ ਜੀ ਦੇ ਪੈਰ ਸਖਤੀ ਨਾਲ ਜੰਮਦੇ ਗਏ ਉਹ ਦੁਨੀਆਂ ਤੋਂ ਦੂਰ ਹੁੰਦਾ ਗਿਆ। ਪਰ ਸਰੀਰ ਪਰ ਰੇਸ਼ਮੀ ਕਪੜੇ ਤੇ ਪੈਰਾਂ ਵਿਚ ਬਾਟੇ ਤੇ ਫਲੈਕਸ ਦੇ ਬੂਟ ਅਜੇ ਉਸੇ ਹੀ ਤਰ੍ਹਾਂ ਸਨ। ਇਸੇ ਹੀ ਰੰਗ ਅੰਦਰ ਉਹ ਹਰ ਮਹੀਨੇ ਪਟਿਆਲੇ ਤੋਂ ਰੇਰੂ ਸਾਹਿਬ ਜਾਂਦੇ ਰਹੇ ਅਨੰਦ ਵਧਦਾ ਹੀ ਜਾਂਦਾ ਸੀ।

### ਘਰ ਦਾ ਤਿਆਗ

1922 ਜੁਲਾਈ ਦੇ ਮਹੀਨੇ ਪਟਿਆਲੇ ਦੀ ਸੰਗਤ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਰੇਰੂ ਸਾਹਿਬ ਆਈ। ਰਾਤ ਦੇ ਦੀਵਾਨ ਤੋਂ ਪਹਿਲਾਂ ਸੰਤ ਜੀ ਮਹਾਰਾਜ ਨੇ ਗੱਲਾਂ ਕਰਦਿਆਂ ਹੋਇਆਂ ਮੰਗ ਕੀਤੀ ਕਿ ਸਾਡੀ ਸੇਵਾ ਹਿਤ ਕੋਈ ਸੇਵਕ ਪਟਿਆਲੇ ਦੀ ਸੰਗਤ ਵਲੋਂ ਦਿਓ। ਈਸ਼ਰ ਸਿੰਘ ਜੀ ਨੇ ਉਠ ਕੇ ਬੇਨਤੀ ਕੀਤੀ ਕਿ ਮੈਂ ਇਸ ਸੇਵਾ ਹਿਤ ਹਾਜ਼ਰ ਹਾਂ। ਬਾਬਾ ਜੀ ਹੱਸ ਕੇ ਕਹਿਣ ਲੱਗੇ, "ਭਾਈ ਸੋਚ ਲੈ ਸਾਡੀ ਕਿਰਿਆ ਬਹੁਤ ਸਖਤ ਹੈ। ਇਹ ਰੇਸ਼ਮੀ ਕਪੜੇ ਇਹ ਕੁਰਮ ਦੇ ਬੂਟ ਉਤਾਰਨੇ ਪੈਣਗੇ। ਫਿਰ ਹਰ ਸਮੇਂ ਸੇਵਾ ਵਿਚ ਤਤਪਰ ਰਹਿਣਾ ਤੇ ਰਾਤ ਦਾ ਜਗਰਾਤਾ ਇਹ ਕੱਟਣ ਲਈ ਤਿਆਰ ਹੋਵੋ, ਤਦ ਸੋਚ ਲਵੋ" ਈਸ਼ਰ ਸਿੰਘ ਜੀ ਨੇ ਇਕੋ ਹੀ ਗੱਲ ਕਹੀ ਮੈਂ ਇਹ ਸਰੀਰ ਗੁਰੂ ਪ੍ਰਮੇਸ਼ਰ ਤੇ ਆਪ ਜੀ ਦੀ ਸੇਵਾ ਵਿਚ ਸੌਂਪ ਚੁੱਕਾ ਹਾਂ। ਇਹ ਤੁਹਾਡੀ ਸੇਵਾ ਕਰਦਿਆਂ ਹੀ ਖਤਮ ਹੋਵੇ ਤਦ ਧੰਨਭਾਗ! ਮੈਨੂੰ ਹਰ ਗੱਲ ਮਨਜ਼ੂਰ ਹੈ ਜੇਕਰ ਤੁਹਾਡੀ ਮੇਹਰ ਮੇਰੇ ਨਾਲ ਰਹੇ। ਮੈਂ ਦਾਸਾਂ ਦਾ ਦਾਸ ਤੇ ਉਨ੍ਹਾਂ ਦਾ ਗੋਲਾ ਬਣ ਕੇ ਵੀ ਉਨ੍ਹਾਂ ਦੀ ਸੇਵਾ ਕਰਨ ਨੂੰ ਤਿਆਰ ਹਾਂ। ਤੁਸੀਂ ਜੋ ਸੇਵਾ ਸੌਂਪੋਗੇ ਕਰਾਂਗਾ। ਮੇਰੀ ਆਪਣੀ ਕੋਈ ਮੰਗ ਨਹੀਂ। ਨਾ ਹੀ ਕੋਈ ਉਜ਼ਰ ਤੇ ਹੁਜਤ ਹੈ, ਜਿਉਂ ਚਲਾਉਗੇ ਚਲਦਾ ਰਹਾਂਗਾ। ਬਲ ਤੇ ਸਤਾ ਇਹ ਤੁਸਾਂ ਆਪ ਹੀ ਪ੍ਰਦਾਨ ਕਰਨੀ ਹੈ। ਸੰਤ ਜੀ ਮਹਾਰਾਜ ਮੇਹਰਾਂ ਦੇ ਘਰ ਆਏ। ਫੁਰਮਾਇਆ, "ਭਾਈ ਲੈ ਸਾਡੀ ਵਰਾਸਤ ਤਾਂ ਇਹ ਕੰਬਲੀ ਦੀ ਝੁੰਬੀ, ਇਕ ਗੜਵਾ ਤੇ ਇਕ ਜੇਬੀ ਘੜੀ ਹੈ ਜੋ ਵਿਰਸੇ ਵਜੋਂ ਤੇਰੇ ਸਪੁਰਦ ਕਰਦੇ ਹਾਂ। ਬਾਕੀ ਦੀ ਅੰਦਰਲੀ ਰਾਸ ਉਹ ਵੀ ਮਿਲ ਹੀ ਜਾਏਗੀ।" ਸੋ ਆਪ ਜੀ ਨੇ ਬਾਬਾ ਨਾਹਰ ਸਿੰਘ ਜੋ ਉਸ ਸਮੇਂ ਗੜਵਈ ਦੀ ਸੇਵਾ ਕਰਦੇ ਸਨ, ਨੂੰ ਹੁਕਮ ਦੇ ਕੇ ਇਹ ਤਿੰਨੇ ਚੀਜ਼ਾਂ ਈਸ਼ਰ ਸਿੰਘ ਜੀ ਦੇ ਸਪੁਰਦ ਕੀਤੀਆਂ। ਰੇਸ਼ਮੀ ਕਪੜੇ ਬਦਲ ਕੇ ਖ਼ਦਰ ਦੀਆਂ ਛੇ ਕਲੀਆਂ ਦੀ ਕੁੜਤੀ ਤੇ ਪੈਰਾਂ ਵਿਚ ਧੌੜੀ ਦੀ ਜੁੱਤੀ ਆ ਗਈ। ਇਸ ਤਰ੍ਹਾਂ ਜੀਵਨ ਦਾ ਇਹ ਨਵਾਂ ਪੰਧ ਆਰੰਭ ਹੋਇਆ। ਇਸ ਦਿਨ ਤੋਂ ਉਨ੍ਹਾਂ ਨੇ ਘਰ ਨਾਲੋਂ ਸਾਰਾ ਹੀ ਸੰਬੰਧ ਤੋੜ ਲਿਆ ਤੇ ਸਿਧੇ ਹੋ ਕੇ ਸੰਗਤ ਦੀ ਸੇਵਾ ਵਿਚ ਜੁਟ ਗਏ।

ਸਰੀਰ ਆਖਰ ਪੰਜ ਤਤ ਦੀ ਰਚਨਾ ਹੈ ਇਸ ਪਰ ਬਾਹਰਲੀ ਕਿਰਿਆ ਦਾ ਅਸਰ ਨ ਹੋਵੇ ਇਹ ਹੋ ਹੀ ਨਹੀਂ ਸਕਦਾ। ਸਖਤ ਤੋਂ ਸਖਤ ਕਿਰਿਆ ਕਰਨ ਵਾਲਿਆਂ ਦਾ ਵੀ ਜੇਕਰ ਬਹੁਤ ਸਖਤੀ ਕਰਨ ਤਾਂ ਸਰੀਰ ਜਵਾਬ ਦੇ ਜਾਂਦਾ ਹੈ। ਪਰ ਜਿਥੇ ਸਰੀਰ ਨੇ ਕਦੇ ਸਖਤੀ ਤਕੀ ਨਾ ਹੋਵੇ ਉਥੇ ਤਾਂ ਸਰੀਰ ਪਰ ਬਾਹਰਲੀ ਕਿਰਿਆ ਤੇ ਰੋਜ਼ ਦੀ ਵਰਤੋਂ ਦਾ ਅਸਰ ਅਵਸ਼ਯ ਹੀ ਹੁੰਦਾ ਹੈ। ਈਸ਼ਰ ਸਿੰਘ ਮਨ ਦੇ ਮਜ਼ਬੂਤ ਹੋਣ ਦੇ ਬਾਵਜੂਦ ਸਰੀਰ ਦੇ ਸੋਹਲ ਸਨ। ਭਾਵੇਂ ਹਾਕੀ ਦੇ ਖਿਲਾੜੀ ਸਨ ਪਰ ਹੋਰ ਤਾਂ ਕਿਧਰੇ ਕਦੇ ਕੱਖ ਤੋੜ ਕੇ ਦੂਹਰਾ ਨਹੀਂ ਕੀਤਾ ਸੀ। ਫਿਰ ਸਰੀਰ ਇਕ ਦਮ ਆ ਪਈ ਸਖਤੀ ਨੂੰ ਕਿਵੇਂ ਬਰਦਾਸ਼ਤ ਕਰਦਾ। ਉਨ੍ਹਾਂ ਦੇ ਗਿਟੇ ਕਮਜ਼ੋਰੀ ਕਰਕੇ ਭਿੜਨ ਲਗ ਪਏ ਉਨ੍ਹਾਂ ਵਿਚੋਂ ਲਹੂ ਨਿਕਲਦਾ। ਸਰੀਰ ਪਰ ਲਰਜ਼ਾ ਜਿਹਾ ਤਾਰੀ ਹੋਣ ਲਗ ਪਿਆ। ਪਰ ਕੀ ਮਜਾਲ ਕਿ ਸੇਵਾ ਵਿਖੇ ਫਰਕ ਆ ਜਾਵੇ ਉਹ ਨਿਯਮ ਅਨੁਸਾਰ ਹਰ ਸਮੇਂ ਹੀ ਸੇਵਾ ਹਿਤ ਤਤਪਰ ਰਹਿੰਦੇ ਕਿ ਕਦੇ ਸੰਤ ਜੀ ਮਹਾਰਾਜ ਨੂੰ ਕੋਈ ਤਕਲੀਫ ਨਾ ਹੋਵੇ। ਸੰਤ ਜੀ ਮਹਾਰਾਜ ਠੀਕ ਗਿਆਰਾਂ ਵਜੇ ਰਾਤ ਨੂੰ ਗੋਖੇ ਦੀ ਛਪੜੀ ਤੋਂ ਚਲ ਕੇ ਡੇਰੇ ਨੂੰ ਜਾਂਦੇ ਸਨ। ਉਹ ਕੇਵਲ ਮਾਤਰ ਗੜਵੇ ਦਾ ਕੁੰਡਾ ਖੜਕਾਂਦੇ ਸਨ ਫਿਰ ਜੇ ਕੋਈ ਉਠ ਕੇ ਤੁਰਨ ਵਿਚ ਦੇਰ ਕਰੇ ਤਦ ਆਪ ਜੀ ਗੜਵਾ ਆਸਣ ਆਪ ਹੀ ਚੁੱਕ ਕੇ ਚਲ ਪੈਂਦੇ ਸਨ ਤੇ ਆਸਣ ਪਰ ਜਾ ਕੇ ਬਿਰਾਜਦੇ ਸਨ। ਕਿਉਂਕਿ ਉਹ ਵਕਤ ਦੇ ਪਾਬੰਦ ਸਨ। ਸੁਬ੍ਹਾ ਠੀਕ ਡੇਢ ਵਜੇ ਉਠ ਕੇ ਦਾਤਨ ਕੁਰਲਾ ਕਰਕੇ ਫਿਰ ਦੋ ਵਜੇ ਤੋਂ ਪਹਿਲਾਂ ਇਸ਼ਨਾਨ ਤੋਂ ਵਿਹਲੇ ਹੋ ਕੇ ਉਹ ਫਿਰ ਤਪ ਦੇ ਅਸਥਾਨ ਗੋਖੇ ਦੀ ਛਪੜੀ ਵੱਲ ਨੂੰ ਤੁਰਦੇ ਸਨ। ਸੁਬ੍ਹਾ ਦੇ ਇਸ਼ਨਾਨ ਲਈ ਤਕੜੇ ਦੋ ਆਦਮੀ ਲੋੜੀਂਦੇ ਸਨ। ਕਿਉਂਕਿ ਉਹ ਦਸ ਪੰਦਰਾਂ ਸੇਰ ਦੇ ਪੂਰੇ ਇਕ ਸੌ ਦਸ ਡੋਲਾਂ ਨਾਲ ਇਸ਼ਨਾਨ ਕਰਦੇ ਸਨ। ਉਨ੍ਹਾਂ ਦੇ ਇਸ ਜਲ ਨਾਲ ਹੀ ਬਾਕੀ ਸੰਗਤ ਉਹ ਪੰਜ ਸਤ ਹੋਣ ਜਾਂ ਫਿਰ

ਦਸ ਉਹ ਸਾਰੇ ਹੀ ਇਸ਼ਨਾਨ ਕਰ ਹਟਦੇ ਸਨ। ਇਸ਼ਨਾਨ ਸਮੇਂ ਸੰਤ ਜੀ ਮਹਾਰਾਜ ਇਸ਼ਨਾਨ ਦੇ ਸ਼ਬਦ ਬਸੰਤ ਦੀ ਵਾਰ ਤੇ ਫਿਰ ਜਪੁਜੀ ਸਾਹਿਬ ਦਾ ਪਾਠ ਕਰ ਲੈਂਦੇ ਸਨ। ਤਪ ਅਸਥਾਨ ਤੱਕ ਪੁਜਣ ਪ੍ਰਯੰਤ ਉਹ ਕਈ ਬਾਣੀਆਂ ਪੜ੍ਹ ਲੈਂਦੇ ਪਰ ਉਥੇ ਪੁਜ ਕੇ ਬੈਠ ਜਾਂਦੇ ਸਨ ਜਿਸ ਤਰ੍ਹਾਂ ਕਿ ਅਚਾਨਕ ਹੀ ਉਨ੍ਹਾਂ ਨੂੰ ਕੋਈ ਕੰਮ ਕਰਨਾ ਯਾਦ ਆ ਗਿਆ ਹੋਵੇ। ਉਹ ਪਿਛਲਾ ਕੰਮ ਛੱਡ ਬੈਠੇ ਹੋਣ। ਬੈਠਣ ਸਮੇਂ ਉਹ ਕਦੇ ਪਾਠ ਨੂੰ ਜਾਰੀ ਨਹੀਂ ਸਨ ਰਖਦੇ। ਫਿਰ ਦਿਨ ਚੜ੍ਹਨੋਂ ਪਹਿਲਾਂ ਹੀ ਛਪੜੀ ਤੋਂ ਉਠਦੇ ਫਿਰ ਗੁਫਾ ਵੱਲ ਨੂੰ ਆ ਜਾਂਦੇ ਸਨ। ਇਸ ਤਰ੍ਹਾਂ ਈਸ਼ਰ ਸਿੰਘ ਜੀ ਦੀ ਕਿਰਿਆ ਵੀ ਉਨ੍ਹਾਂ ਦੀ ਆਗਿਆ ਅਨੁਸਾਰ ਇਸੇ ਤਰ੍ਹਾਂ ਬਣਦੀ ਚਲੀ ਗਈ। ਥੋੜ੍ਹੇ ਚਿਰ ਬਾਦ ਹੀ ਪਟਿਆਲੇ ਤੋਂ ਇਕ ਹੋਰ ਸੇਵਕ ਵੀ ਆ ਗਏ, ਉਹ ਸਨ ਕਿਸ਼ਨ ਸਿੰਘ ਜੀ ਜੋ ਤੋਪਖਾਨੇ ਵਿਚ ਹੀ ਸਨ। ਸੋ ਉਨ੍ਹਾਂ ਵੀ ਸੰਤ ਜੀ ਮਹਾਰਾਜ ਦੇ ਘੋੜੇ ਦੀ ਸੇਵਾ ਸੰਭਾਲੀ। ਇਸ ਤਰ੍ਹਾਂ ਈਸ਼ਰ ਸਿੰਘ ਜੀ ਨੂੰ ਇਕ ਸਮਦੇਸੀ ਸਮਕਾਲੀ ਸਮ ਵਿਚਾਰਾਂ ਦਾ ਮਾਲਕ ਸਾਥੀ ਵੀ ਮਿਲ ਗਿਆ।

ਸੰਤ ਅਤਰ ਸਿੰਘ ਜੀ ਮਹਾਰਾਜ ਇਨ੍ਹਾਂ ਨੂੰ ਕਦੇ ਵੀ ਵਾਧੂ ਗੱਲਾਂ ਨਹੀਂ ਕਰਨ ਦੇਂਦੇ ਸਨ, ਉਨ੍ਹਾਂ ਇਨ੍ਹਾਂ ਨੂੰ ਇਕ ਵਾਰੀ ਗੱਲਾਂ ਕਰਨ ਕਾਰਨ ਜਦੋਂ ਈਸ਼ਰ ਸਿੰਘ ਗੁਰਦਵਾਰੇ ਜਾ ਕੇ ਪਹਿਲਾਂ ਵਾਜਾ ਖੋਹਲ ਕੇ ਨ ਰੱਖ ਸਕੇ। ਤਦ ਦੂਸਰੇ ਦਿਨ ਇਨ੍ਹਾਂ ਦੋਹਾਂ ਨੂੰ ਸੰਬੋਧਨ ਕਰਕੇ ਕਹਿਣ ਲੱਗੇ, "ਭਾਈ ਇਕ ਮਹਾਤਮਾ ਦੀ ਇਕ ਵਿਧਵਾ ਭੈਣ ਸੀ। ਉਹ ਉਸ ਨੂੰ ਹਰ ਸਮੇਂ ਕੰਮ ਲਾਈ ਰਖਦੇ ਸਨ ਤਾਂ ਜੋ ਉਸ ਦਾ ਮਨ ਬਾਹਰਲੀਆਂ ਵਾਸ਼ਨਾਵਾਂ ਵਿਚ ਉਲਝਣੋਂ ਬਚ ਜਾਏ। ਪਰ ਉਹ ਇਕ ਵਾਰੀ ਕਿਸੇ ਗਾਲੜੀ ਔਰਤ ਨਾਲ ਰਲ ਕੇ ਗੱਲਾਂ ਕਰਦਿਆਂ ਰੋਜ਼ ਦੇ ਕੰਮ ਹੀ ਭੁਲ ਬੈਠੀ। ਮਹਾਤਮਾ ਜੀ ਨੇ ਕਿਹਾ ਸੀ, "ਬੱਸ ਭੈਣ! ਹੁਣ ਤੂੰ ਸਬਰ ਤੇ ਸਤਿ ਦੇ ਮਾਰਗ ਤੋਂ ਪਰ੍ਹੇ ਚਲੀ ਜਾਏਂਗੀ। ਕਿਉਂਕਿ ਇਸ ਨਾਲ ਚੁਪ ਤੇ ਮਨ ਦੇ ਟਿਕਾਉ ਦਾ ਸਬੰਧ ਹੈ ਪਰ ਜਦੋਂ ਤੇਰੀ ਪ੍ਰਚੋਂ ਹੋਰ ਪਾਸੇ ਹੋ ਗਈ ਫਿਰ ਉਹ ਪਹਿਲੀ ਪ੍ਰਚੋਂ ਤੇ ਵਿਚਾਰ ਤਾਂ ਮੁੱਕ ਹੀ ਗਈ ਸਮਝੋ। ਸੋ ਹੁਣ ਸਾਡੇ ਵਲੋਂ ਖੁਲ੍ਹ ਹੈ ਤੂੰ ਚਾਹੇ ਹੁਣ ਗ੍ਰਹਿਸਤ ਨੂੰ ਧਾਰਨ ਕਰ ਲੈ।"

"ਇਹੀ ਹਾਲਤ ਸਾਧ ਜੀਵਨ ਅੰਦਰ ਢੁਕਦੀ ਹੈ, ਜੇਕਰ ਉਹ ਇਕਾਂਤ ਸਤਿ ਦੇ ਚਿੰਤਨ ਤੇ ਸਤਿ ਦੀ ਉਪਾਸ਼ਨਾ ਛੱਡ ਕੇ ਗਾਲੜੀ ਹੋ ਤੁਰੇ ਤਦ ਉਹ ਸਤਿ ਮਾਰਗ ਪਰ ਨਹੀਂ ਚਲ ਸਕਦਾ। ਇਸੇ ਹੀ ਕਰਕੇ ਅਸੀਂ ਤੁਹਾਨੂੰ ਕਦੇ ਵੇਹਲੇ ਤੇ ਇਕੱਠੇ ਹੋਣ ਦੀ ਆਗਿਆ ਨਹੀਂ ਦੇਂਦੇ। ਵੇਹਲਾ ਮਨ ਸੌ ਉਪਾਧੀਆਂ ਦਾ ਕਾਰਨ ਬਣਦਾ ਹੈ। ਸਾਧ ਨੇ ਮਨ ਨੂੰ ਹੀ ਸੋਧਣਾ ਹੈ। ਗਾਲੜੀ ਮਨੁੱਖ ਮਨਮਤੀ ਤੇ ਮਨ ਅਧੀਨ ਹੋ ਕੇ ਬੁੱਧੀ ਨੂੰ ਬਬੇਕੀ ਨਹੀਂ ਰੱਖ ਸਕਦਾ। ਸੋ ਸਤਿ ਧਰਮ ਦਾ ਮਾਰਗ ਜਿਥੇ ਸਤਿ ਵਿਵਹਾਰ ਹੈ ਉਥੇ ਸਤਿ ਕਿਰਿਆ ਤੇ ਸਤਿ ਸ਼ਬਦ ਦਾ ਚਿੰਤਨ ਕਰਕੇ ਉਸੇ ਦੇ ਹੀ ਰੂਪ ਵਿਚ ਅਭੇਦ ਹੋ ਜਾਣਾ ਵੀ ਹੈ।"

ਇਸ ਦਿਨ ਤੋਂ ਸੰਤ ਈਸ਼ਰ ਸਿੰਘ ਜੀ ਨੇ ਪ੍ਰਣ ਕਰ ਲਿਆ ਕਿ ਉਹ ਕਦੇ ਵੀ ਸਮਾਂ ਗੱਲਾਂ ਵਿਚ ਨਹੀਂ ਗਵਾਉਣਗੇ। ਸਗੋਂ ਹਰ ਸਮੇਂ ਸਿਮਰਨ ਸੇਵਾ ਤੇ ਸਤਿ ਮਾਰਗ ਪਰ ਚਲਣ ਲਈ ਤਤਪਰ ਰਹਿਣਗੇ। ਸੋ ਸੰਤ ਜੀ ਮਹਾਰਾਜ ਪਾਸੋਂ ਦੋਹਾਂ ਨੇ ਖਿਮਾ ਮੰਗ ਲਈ ਤੇ ਉਨ੍ਹਾਂ ਨੇ ਪਰਵਾਨ ਕਰ ਲਈ।

ਹਜ਼ੂਰ ਸਾਹਿਬ ਦੀ ਯਾਤਰਾ ਕਰਨ ਸਮੇਂ ਸੰਤ ਜੀ ਮਹਾਰਾਜ ਬਾਬਾ ਜੀ ਦੇ ਬੁੰਗੇ ਤੋਂ ਤਖਤ ਸ੍ਰੀ ਸੱਚਖੰਡ ਨੂੰ ਕੀਰਤਨ ਕਰਦੇ ਜਾਇਆ ਕਰਦੇ ਸਨ। ਉਸ ਸਮੇਂ ਇਕ ਹੋਰ ਵੱਡੇ ਮਹਾਪੁਰਖਾਂ ਦੇ ਕੁਝ ਸੇਵਕ ਵੀ ਉਥੇ ਆਏ ਸਨ। ਉਨ੍ਹਾਂ ਨਾਲ ਕੁਝ ਬੀਬੀਆਂ ਵੀ ਸਨ। ਰਾਹ ਵਿਚ ਸੰਤ ਈਸ਼ਰ ਸਿੰਘ ਜੀ ਨੇ ਇਸ ਤਰ੍ਹਾਂ ਕੀਰਤਨ ਕਰਦਿਆਂ ਇਕ ਸ਼ਬਦ ਦੀ ਧਾਰਨਾ ਲਾਈ –

"ਵਿਸਾਰ ਦੇਂਦੀਆਂ ਕਮਜਾਤਾਂ ਨਾਰਾਂ ਖਸਮ ਨੂੰ ਵਿਸਾਰ ਦੇਂਦੀਆਂ"

ਜਦੋਂ ਵਾਪਸ ਆਏ ਤਦ ਮਹਾਂਪੁਰਖਾਂ ਕਿਹਾ ਇਹ ਸਾਡੇ ਸਾਰਿਆਂ ਪ੍ਰਤੀ ਹੀ ਆਗਿਆ ਹੈ ਕਿ ਜਿਸ ਤਰ੍ਹਾਂ ਖਸਮ ਵਿਸਾਰਣਹਾਰ ਔਰਤ ਕਮਜਾਤ ਹੋ ਜਾਂਦੀ ਹੈ, ਇਸੇ ਹੀ ਤਰ੍ਹਾਂ ਸਤਿ ਧਰਮ ਤੇ ਮਾਰਗ ਦੇ ਰਾਹ ਦੇ ਪਾਂਧੀ ਨਾਮ ਤੋਂ ਬਗੈਰ ਪਵਿੱਤਰ ਨਹੀਂ ਹੋ ਸਕਦੇ। ਪਰ ਇਸ ਤਰ੍ਹਾਂ ਸ਼ਬਦ ਪੜ੍ਹਨ ਸਮੇਂ ਸਾਨੂੰ ਖਿਆਲ ਰੱਖਣਾ ਚਾਹੀਦਾ ਹੈ ਕਿ ਇਸ ਨਾਲ ਕਿਸੇ ਦਾ ਮਨ ਦੁਖੀ ਨਾ ਹੋਵੇ। ਜਿਥੇ ਅਸਾਂ ਆਪਣੀ ਆਤਮਾ ਬਲਵਾਨ, ਪਵਿੱਤਰ ਤੇ ਉਚੀ ਬਣਾਉਣੀ ਹੈ ਉਥੇ ਅਸਾਂ ਹੋਰਨਾਂ ਦੇ ਮਨ ਨੂੰ ਠੇਸ ਨਹੀਂ ਪਹੁੰਚਾਣੀ। ਕੀ ਪਤਾ ਹੈ ਮੇਰਾ ਵਾਹਿਗੁਰੂ ਕਿਸ ਪਰ ਕਿਹੜੇ ਸਮੇਂ ਤਰਸ ਕਰਕੇ ਉਸ ਨੂੰ ਸਤਿ ਮਾਰਗ ਤੇ ਉਤਮ ਗੁਣਾਂ ਦਾ ਧਾਰਣੀ ਬਣਾ ਦੇਵੇ। ਇਸ ਦੌਰੇ ਸਮੇਂ ਸਾਰੇ ਹੀ ਸੱਜਣਾਂ ਆਪਣਾ ਖਰਚ ਦਾ ਸੌ ਰੁਪਿਆ ਆਪ ਦਿਤਾ ਸੀ। ਸੰਤ ਕਿਸ਼ਨ ਸਿੰਘ ਜੀ ਦੇ ਖਰਚ ਦੇ ਰੁਪਏ ਮਹਾਰਾਜ ਜੀ ਨੇ ਆਪ ਦਿਤੇ ਸਨ। ਉਹ ਹਰ ਅਸਥਾਨ 21/-ਰੁਪੈ ਅਰਦਾਸ, ਲੰਗਰ ਵਾਲੀ ਜਗ੍ਹਾ 51/-ਰੁਪੈ ਤੇ ਵੱਡੇ ਮੁੱਖ ਅਸਥਾਨਾਂ ਤੇ 101/-ਰੁਪੈ ਭੇਂਟ ਦੇਂਦੇ ਸਨ। ਸੇਵਕਾਂ ਨੂੰ ਵੀ ਹਦਾਇਤ ਸੀ ਕਿ ਉਹ ਸਦਾ ਆਪਣੇ ਮੁੱਖ ਧਾਰਮਿਕ ਸਥਾਨਾਂ ਪਰ ਯੋਗ ਪੂਜਾ ਭੇਂਟ ਅਵੱਸ਼ਯ ਹੀ ਦਿਤਾ ਕਰਨ। ਇਸ ਨਾਲ ਸੰਤ ਈਸ਼ਰ ਸਿੰਘ ਜੀ, ਸੰਤ ਕਿਸ਼ਨ ਸਿੰਘ ਜੀ ਦੇਸ਼, ਧਰਮ, ਪੰਥ ਦੀ ਮੌਕਿਆ ਸਿਰ ਸੇਵਾ ਤੇ ਹਰ ਤਰ੍ਹਾਂ ਨਾਲ ਕੁਰਬਾਨੀ ਕਰਨ ਦਾ ਇਕ ਆਦੇਸ਼ ਹੀ ਬਣਾ ਬੈਠੇ। ਜੀਵਨ ਦਾ ਕੋਈ ਇਕ ਪੱਖ ਐਸਾ ਨਹੀਂ ਸੀ ਜੋ ਉਨ੍ਹਾਂ ਨੇ ਧਾਰਨ ਕਰਨੋਂ ਜਾਂ ਫਿਰ ਵਰਤੋਂ ਵਿਚ ਲਿਆ ਕੇ ਨਾ ਦੱਸਿਆ ਹੋਵੇ। ਗੁਰੂ ਖਾਲਸਾ ਪੰਥ ਨੂੰ, ਉਸ ਦੀ ਸੇਵਾ ਨੂੰ, ਉਸ ਦੇ ਉਸਾਰੂ ਪੱਖ ਨੂੰ ਉਨ੍ਹਾਂ ਸਦਾ ਹੀ ਪ੍ਰਥਮ ਸਥਾਨ ਦਿਤਾ ਸੀ। ਸੰਤ ਅਤਰ ਸਿੰਘ ਮਹਾਰਾਜ ਸਦਾ ਬਾਬੇ ਕਰਮ ਸਿੰਘ ਜੀ ਨੂੰ ਵੱਡੇ ਸਾਹਿਬ ਤੇ ਬਾਬਾ ਆਇਆ ਸਿੰਘ ਜੀ ਨੂੰ ਛੋਟੇ ਸਾਹਿਬ ਕਹਿ ਕੇ ਸਤਿਕਾਰ ਨਾਲ ਸਿਰ ਝੁਕਾ ਕੇ ਇਸ ਤਰ੍ਹਾਂ ਨਾਮ ਲੈਂਦੇ ਸਨ ਜਿਵੇਂ ਉਹ ਸਾਹਵੇਂ ਹੀ ਖੜ੍ਹੇ ਤੱਕ ਸੁਣ ਰਹੇ ਹੋਣ, ਇਸ ਦਾ ਅਸਰ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਪਰ ਇਹ ਹੈ ਕਿ ਸਾਰਾ ਜੀਵਨ ਹੀ ਉਨ੍ਹਾਂ ਕਦੇ ਵੀ ਵੱਡੇ ਬਾਬੇ ਜਾਂ ਫਿਰ ਸੰਤ ਅਤਰ ਸਿੰਘ ਜੀ ਮਹਾਰਾਜ ਦਾ ਨਾਮ ਸਤਿਕਾਰ ਤੇ ਪਵਿੱਤਰਤਾ ਸਾਹਵੇਂ ਰਖੇ ਬਗੈਰ ਨਹੀਂ ਲਿਆ।

***'ਚਲਦਾ'***

***(ਗਿਆਨੀ ਮੇਹਰ ਸਿੰਘ ਰਚਿਤ ਪੁਸਤਕ 'ਨੌ ਰਤਨ' ਵਿਚੋਂ ਧੰਨਵਾਦ ਸਹਿਤ)***

□□□□□□□□

# ਕਿਵ ਸਚਿਆਰਾ ਹੋਈਐ?

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ ਅਪ੍ਰੈਲ ਅੰਕ, ਪੰਨਾ - 59)*

ਇਕ ਚੇਲੇ ਨੇ ਕਬੂਤਰ ਫੜਿਆ ਅਤੇ ਮਕਾਨ ਦੇ ਓਹਲੇ ਇਧਰ-ਉਧਰ ਦੇਖਿਆ, ਗਰਦਨ ਮਰੋੜ ਕੇ ਲਿਆ ਕੇ ਕਹਿੰਦਾ ਲਓ ਜੀ। ਦੂਸਰਾ ਚੇਲਾ ਬਹੁਤ ਦੇਰ ਪਿਛੋਂ ਆਇਆ ਅਤੇ ਕਬੂਤਰ ਜਿਉਂਦਾ ਹੀ ਲਿਆ ਕੇ ਰੱਖ ਦਿਤਾ। ਮਹਾਤਮਾ ਨੇ ਕਿਹਾ ਕਿ ਪਿਆਰਿਆ! ਤੂੰ ਦੇਰ ਵੀ ਐਨੀ ਲਾ ਦਿਤੀ ਅਤੇ ਫੇਰ ਕਬੂਤਰ ਜਿਉਂਦਾ ਹੀ ਲੈ ਆਇਆ? ਉਸ ਨੇ ਕਿਹਾ ਕਿ ਮਹਾਰਾਜ! ਮੈਨੂੰ ਕੋਈ ਅਜਿਹਾ ਥਾਂ ਨਹੀਂ ਲੱਭਿਆ ਜਿਥੇ ਕੋਈ ਦੇਖਦਾ ਨਾ ਹੋਵੇ। ਮੈਂ ਫਸਲਾਂ ਵਿਚ ਵੀ ਬੈਠਿਆ, ਗੰਨੇ ਦੇ ਖੇਤ ਵਿਚ ਵੀ ਬੈਠਿਆ, ਨੇੜਲੇ ਜੰਗਲ ਵਿਚ ਵੀ ਗਿਆ ਅਤੇ ਟੋਏ ਵਿਚ ਵੜ ਕੇ ਦੇਖਿਆ, ਮੈਂ ਆਪਣੀਆਂ ਅੱਖਾਂ ਬੰਨ੍ਹ ਲਈਆਂ ਕਿਉਂਕਿ ਇਹ ਮੈਨੂੰ ਦੇਖਦਾ ਸੀ ਅਤੇ ਮੈਂ ਇਸ ਨੂੰ ਦੇਖਦਾ ਸੀ ਪਰ ਇਥੇ ਮੇਰੇ ਆਪ ਦਾ ਸਿਧਾਂਤ ਜੋ ਪੂਰੀ ਤਰ੍ਹਾਂ ਦ੍ਰਿੜ੍ਹ ਸੀ -

*ਧਾਰਨਾ - ਪੇਖਤ ਸੁਨਤ ਸਦਾ ਹੈ ਸੰਗੇ,*
*ਮੈਂ ਮੂਰਖ ਜਾਨਿਆ ਦੂਰੀ ਰੇ - 2, 2.*
*ਮੈਂ ਮੂਰਖ ਜਾਨਿਆ ਦੂਰੀ ਰੇ - 2, 2.*
*ਪੇਖਤ ਸੁਨਤ ਸਦਾ ਹੈ ਸੰਗੇ.........-2*

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥*
*ਪੰਨਾ - 612*

*ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥*
*ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ॥*
*ਪੰਨਾ - 429*

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਪੰਨਾ - 294*

ਮਹਾਰਾਜ! ਕੋਈ ਥਾਂ ਐਸੀ ਹੈ ਹੀ ਨਹੀਂ ਜਿਥੇ ਵਾਹਿਗੁਰੂ ਜੀ ਨਾ ਹੋਣ, ਸਾਰੀਆਂ ਅੱਖਾਂ ਰਾਹੀਂ ਉਹ ਦੇਖ ਰਹੇ ਹਨ, ਸਾਰੇ ਕੰਨਾਂ ਰਾਹੀਂ ਉਹ ਸੁਣ ਰਹੇ ਹਨ, ਸਾਰੇ ਹੱਥਾਂ ਰਾਹੀਂ ਆਪ ਹੀ ਕੰਮ ਕਰ ਰਹੇ ਹਨ, ਸਾਰੇ ਪੈਰਾਂ ਰਾਹੀਂ ਉਹ ਹੀ ਚਲ ਰਹੇ ਹਨ ਫੇਰ ਦੱਸੋ ਸਾਰੇ ਬ੍ਰਹਿਮੰਡ ਵਿਚ, ਦੇਖਣ ਵਾਲਾ, ਸੁਣਨ ਵਾਲਾ ਕੋਈ ਕਿਵੇਂ ਨਹੀਂ ਹੋ ਸਕਦਾ। ਸੋ ਮੈਨੂੰ ਗੱਦੀ ਦੀ ਜ਼ਰੂਰਤ ਨਹੀਂ ਤੇ ਮੈਂ ਕਬੂਤਰ ਨਹੀਂ ਮਾਰਿਆ। ਸੰਤਾਂ ਨੇ ਕਿਹਾ ਸਾਧਸੰਗਤ ਜੀ! ਦੇਖੋ, ਇਸ ਦੀ ਨੇਸ਼ਠਾ। ਜਿਸ ਨੂੰ ਹਰ ਥਾਂ ਦੇ ਉਤੇ ਪ੍ਰਭੂ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ, ਉਹ ਹੀ ਤੁਹਾਨੂੰ ਰੂਹਾਨੀ ਮਾਰਗ ਤੇ ਅੱਗੇ ਲਿਜਾ ਸਕਦਾ ਹੈ। ਇਹ ਜਿਹੜਾ ਕਬੂਤਰ ਮਾਰ ਕੇ ਇਕ ਦਮ ਲੈ ਆਇਆ ਹੈ, ਇਕ ਮਾਇਆਵੀ ਬੰਦਾ ਹੈ। ਅੰਨ੍ਹਾ ਹੈ, ਅੰਨਾ ਆਗੂ ਜੇ ਬਣ ਜਾਵੇ ਤਾਂ ਉਹ ਸਾਰੇ ਸਾਥ ਨੂੰ ਡੋਬ ਦਿਆ ਕਰਦਾ ਹੈ। ਸੋ ਇਹ ਜੋ ਦੂਜਾ ਪੁਰਸ਼ ਹੈ ਇਸ ਦੀ ਅੱਖ ਖੁਲ੍ਹੀ ਹੋਈ ਹੈ ਜੋ ਸਾਹਿਬ ਨੂੰ ਸਦਾ ਹਜ਼ੂਰ ਦੇਖਦਾ ਹੈ।

ਸਾਧਸੰਗਤ ਜੀ! ਨਿਸ਼ਚੇ ਪੂਰਵਕ ਗੁਰੂ ਦੇ ਸ਼ਬਦ ਨੂੰ ਸਤਿ ਸਮਝ ਕੇ ਹਿਰਦੇ ਵਿਚ ਪੂਰੀ ਤਰ੍ਹਾਂ ਵਸਾ ਲੈਣਾ ਚਾਹੀਦਾ ਹੈ ਕਿਉਂਕਿ ਵਾਹਿਗੁਰੂ ਜੀ ਹਰ ਥਾਂ ਉਪਰ ਪਰੀਪੂਰਨ ਹਨ, ਜਿਸ ਨੇ ਮਤ ਅਹਰਣ ਵਰਗੀ ਬਣਾ ਲਈ ਹੈ, ਉਹ ਅਗਿਆਨੀਆਂ ਦੀਆਂ ਗੱਲਾਂ ਸੁਣ ਕੇ ਨਹੀਂ ਡੋਲਿਆ ਕਰਦਾ। ਗੁਰੂ ਮਹਾਰਾਜ ਜੀ ਦੇ ਸ਼ਬਦ ਦੇ ਪ੍ਰਕਾਸ਼ ਵਿਚ, ਨਿਹਚੇ ਵਿਚ ਪ੍ਰਪੱਕ ਹੋ ਕੇ ਸਦਾ ਸਥਿਰ ਬੁੱਧੀ ਨਾਲ ਤਰੱਕੀ ਕਰਨੀ ਚਾਹੀਦੀ ਹੈ।

*ਧਾਰਨਾ - ਕਿਵੇਂ ਮੁਕਰ ਜਾਵੇਂਗਾ,*
*ਸਭ ਕੁਝ ਸੁਣਦਾ ਵੇਖਦਾ - 2, 2.*
*ਸਭ ਕੁਝ ਸੁਣਦਾ ਵੇਖਦਾ - 4, 2.*
*ਕਿਵੇਂ ਮੁਕਰ ਜਾਵੇਂਗਾ.......2.*

*ਸਭ ਕੁਝ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ॥*
*ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ॥*

*ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ॥*
*ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ॥*
*ਪੰਨਾ - 36*

ਵਾਹਿਗੁਰੂ ਨੂੰ ਵਿਸਾਰ ਕੇ ਜੀਵ ਕਰਮ ਕਰਦਾ ਹੈ, ਉਸ ਦੇ ਪਾਪਾਂ ਦਾ ਫਲ ਦੇਣ ਲਈ ਜਦੋਂ ਸਜ਼ਾ ਮਿਲਦੀ ਹੈ ਫੇਰ ਪੁਕਾਰਾਂ ਕਰਦਾ ਹੈ, ਪਰ ਫੇਰ ਕੋਈ ਸੁਣਦਾ ਨਹੀਂ ਹੈ ਜਿਵੇਂ ਕਿ ਫੁਰਮਾਨ ਹੈ –

*ਧਾਰਨਾ - ਜ਼ਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ - 2, 2.*
*ਫੇਰ ਤੇਰਾ ਜੀ, ਕੋਈ ਨਾ ਬਣੇ-2, 2.*
*ਜ਼ਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ - 2*

*ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ॥*
*ਠਾਕੁਰੁ ਲੇਖਾ ਮਗਨਹਾਰੁ॥*
*ਫੇੜੇ ਕਾ ਦੁਖੁ ਸਹੈ ਜੀਉ॥*
*ਪਾਛੇ ਕਿਸਹਿ ਪੁਕਾਰਹਿ ਪੀਉ ਪੀਉ॥ ਪੰਨਾ - 1196*

ਸੋ ਘਾਲ ਕਮਾਈ ਗੁਰਮਤਿ ਵਿਚ ਕਰਨੀ ਹੈ, ਉਸ ਬਾਰੇ ਗੁਰੂ ਮਹਾਰਾਜ ਜੀ ਨੇ ਬਹੁਤ ਹੀ ਕ੍ਰਿਪਾ ਕਰਕੇ ਬਹੁਤ ਹੀ ਸੁਖਾਲਾ ਰਾਹ ਸਾਨੂੰ ਦਸਿਆ ਹੈ ਇਸ ਵਿਚ ਆਪ ਫੁਰਮਾਨ ਕਰਦੇ ਹਨ –

*ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥*
*ਪੰਨਾ - 1185*

ਸੋ ਐਸਾ ਫੁਰਮਾਨ ਹੈ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 305*

ਥੋੜ੍ਹਾ ਸੌਣਾ, ਥੋੜ੍ਹਾ ਖਾਣਾ, ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ ਇਹ ਗੁਰਮਤਿ ਵਿਚ ਤਪ ਕਹਾਉਂਦੇ ਹਨ। ਸਾਰੇ ਤਪਾਂ ਦਾ ਸ਼੍ਰੋਮਣੀ ਤਪ ਚਿੱਤ ਦੀ ਇਕਾਗਰਤਾ ਹੋਇਆ ਕਰਦੀ ਹੈ ਇਸ ਤੋਂ ਵੀ ਹੋਰ ਸ੍ਰੇਸ਼ਟ ਤਪ ਇਹ ਹੋਇਆ ਕਰਦਾ ਹੈ ਕਿ ਆਪਣੀ ਸੋਚ ਨੂੰ ਇਕ ਨੁਕਤੇ ਉਤੇ ਬੰਨ੍ਹ ਕੇ ਰਖਣਾ ਅਤੇ ਪੂਰੀ ਤਰ੍ਹਾਂ ਯਾਦ ਰੱਖਣਾ ਕਿ ਇਸ ਸੰਸਾਰ ਵਿਚ ਵਾਹਿਗੁਰੂ ਜੀ ਤੋਂ ਬਿਨਾਂ ਕੋਈ ਹੈ ਹੀ ਨਹੀਂ। ਉਸ ਨੇ ਹੀ ਅਨੇਕਾਂ ਰੂਪ ਧਾਰੇ ਹੋਏ ਹਨ –

*ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*
*ਜਾਪੁ ਸਾਹਿਬ*

ਸੋ ਇਹ ਬਹੁਤ ਵੱਡਾ ਤਪ ਹੈ, ਮਨ ਦੀ ਸੂਈ ਪਰੀਪੂਰਨ ਵਾਹਿਗੁਰੂ ਵਿਚ ਰੱਖ ਕੇ ਦ੍ਵੈਤ ਨੂੰ ਨੇੜੇ ਨਾ ਆਉਣਾ ਦੇਣਾ ਅਤੇ ਨਿਸ਼ਚੇ ਰਖਣਾ –

*ਆਦਿ ਸਚੁ ਜੁਗਾਦਿ ਸਚੁ।।*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ - 1*

ਸੋ ਇਹ ਨਿਸ਼ਚਾ ਰੱਖ ਕੇ ਘਾਲ ਕਮਾਈ ਦੀ ਹਵਾ ਦੇਣੀ, ਇਸ ਤਰ੍ਹਾਂ ਅਗਨ ਤਪ ਤਾਉ ਮਨ ਦੀ ਇਕਾਗਰਤਾ ਅਤੇ ਵਾਹਿਗੁਰੂ ਦੀ ਸਦੀਵੀ ਹਾਜ਼ਰੀ ਨੂੰ ਅਨੁਭਵ ਕਰਨਾ, ਸੇਵਾ ਕਰਨਾ, ਸੇਵਾ ਸਭ ਤੋਂ ਸ਼੍ਰੋਮਣੀ ਤਪ ਹੈ –

*ਧਾਰਨਾ - ਸੇਵਾ ਗੁਰਾਂ ਦੀ ਤਪਾਂ ਸਿਰ ਤਪ ਹੈ,*
*ਕਰ ਲੈ ਸੇਵਾ ਮਾਣ ਛੱਡ ਕੇ - 2, 2.*
*ਮੇਰੇ ਪਿਆਰੇ, ਕਰ ਲੈ ਸੇਵਾ ਮਾਣ ਛੱਡ ਕੇ-2, 2.*
*ਸੇਵਾਂ ਗੁਰਾਂ ਦੀ ਤਪਾਂ ਸਿਰ ਤਪ ਹੈ......-2*

*ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥*
*ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ॥*
*ਦਰਿ ਸਾਚੈ ਦੀਸੈ ਸਚਿਆਰੁ।.*
*ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ॥*
*ਆਪੁ ਪਛਾਣਿ ਹਰਿ ਪਾਵੈ ਸੋਇ॥*
*ਸਾਚੀ ਬਾਣੀ ਮਹਲੁ ਪਰਾਪਤਿ ਹੋਇ॥ ਪੰਨਾ - 423*

ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਇਸ ਸੇਵਾ ਤੋਂ ਹੀ ਤ੍ਰਿਕੁਟੀ ਤੋਂ ਲੰਘ ਕੇ ਤ੍ਰਿਭਵਣ ਦੀ ਸੋਝੀ ਹੁੰਦੀ ਹੈ। ਵਾਹਿਗੁਰੂ ਜੀ ਦੀ ਪਛਾਣ ਹੋ ਜਾਇਆ ਕਰਦੀ ਹੈ। ਗੁਰੂ ਦੀ ਸੇਵਾ ਕਰਨ ਦੇ ਨਾਲ ਵਾਹਿਗੁਰੂ ਜੀ ਦਾ ਮਹੱਲ ਜਿਥੇ ਸਾਚ ਤਖਤ ਸੁਲਤਾਨ ਹੈ ਉਹ ਪ੍ਰਾਪਤ ਹੋ ਜਾਂਦਾ ਹੈ –

*ਸਾਚੀ ਬਾਣੀ ਮਹਲੁ ਪਰਾਪਤਿ ਹੋਇ।। ਪੰਨਾ - 423*

ਗੁਰੂ ਦੀ ਸੇਵਾ ਸਾਰੀਆਂ ਕੁਲਾਂ ਦਾ ਉਧਾਰ ਕਰ ਦਿੰਦੀ ਹੈ–

*ਗੁਰ ਸੇਵਾ ਤੇ ਸਭ ਕੁਲ ਉਧਾਰੇ॥*
*ਨਿਰਮਲ ਨਾਮੁ ਰਖੈ ਉਰਿਧਾਰੇ॥*
*ਸਾਚੀ ਸੋਭਾ ਸਾਚਿ ਦੁਆਰੇ।।*
*ਸੇ ਵਡਭਾਗੀ ਜਿ ਗੁਰਿ ਸੇਵਾ ਲਾਏ॥*
*ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ॥*
*ਨਾਮੇ ਉਧਰੇ ਕੁਲ ਸਬਾਏ।। ਪੰਨਾ - 423*

ਸੋ ਇਸ ਤਰ੍ਹਾਂ ਤਪ ਤਾਉ ਜਿਹੜਾ ਹੈ ਇਹ ਕਈ ਕਿਸਮ ਦੇ ਹੋਇਆ ਕਰਦੇ ਹਨ। ਤਾਮਸੀ ਤਪ, ਰਾਜਸੀ ਤਪ ਅਤੇ ਸਾਂਤਕੀ ਤਪ।

**ਤਾਮਸੀ ਤਪ** - ਧੂਣੀਆਂ ਤਾਪਣੀਆਂ, ਜਲ ਧਾਰੇ ਕਰਨੇ, ਭੁੱਖੇ ਰਹਿਣਾ, ਕੰਡਿਆਂ ਤੇ ਸੌਣਾ, ਸਰੀਰ ਨੂੰ ਦੁਖ ਦੇਣਾ ਹੋਇਆ ਕਰਦਾ ਹੈ।

**ਰਾਜਸੀ ਤਪ** - ਇੰਦ੍ਰੀਆਂ ਦਾ ਦਮਨ ਕਰਨਾ, ਇੰਦ੍ਰੀਆਂ ਦੇ ਦਮਨ ਲਈ ਬਹੁਤ ਸਾਰੇ ਸਾਧਨ ਕਰਨੇ ਜ਼ਰੂਰੀ ਹੁੰਦੇ ਹਨ ਜਿਨ੍ਹਾਂ ਵਿਚ ਪ੍ਰਾਣਾਯਾਮ ਮੁਖ ਕਰਮ ਹੈ ਅਤੇ ਉਸ ਦੇ ਨਾਲ ਇੰਦ੍ਰੀਆਂ ਦੇ ਵੇਗ ਨੂੰ ਰੋਕਣ ਲਈ, ਜ਼ਰੂਰੀ ਗੁਣ ਸਹਾਇਤਾ ਕਰਦੇ ਹਨ।

**ਹਿੰਸਾ** - ਇਹ ਕਈ ਕਿਸਮ ਦੀ ਹੁੰਦੀ ਹੈ ਸਭ ਤੋਂ ਪਹਿਲੀ ਹਿੰਸਾ ਸਰੀਰਕ ਤੌਰ ਤੇ ਕਿਸੇ ਨੂੰ ਮਾਰਨਾ, ਕੁਟਣਾ, ਜਾਨ ਤੋਂ ਮਾਰ ਦੇਣਾ, ਸਰੀਰ ਦਾ ਕੋਈ ਅੰਗ ਤੋੜ ਦੇਣਾ ਹੋਇਆ ਕਰਦੀ ਹੈ। ਇਸ ਹਿੰਸਾ ਦੇ ਵਿਪਰੀਤ ਦੂਸਰੇ ਨੂੰ ਅਰਾਮ ਪਹੁੰਚਾਉਣਾ, ਜੇ ਉਸ ਦੇ ਸਰੀਰ ਨੂੰ ਕੋਈ ਤਕਲੀਫ ਹੋਵੇ ਉਸ ਲਈ ਦਵਾ ਦਾਰੂ ਕਰਨੀ, ਇਹ ਸਰੀਰਕ ਅਹਿੰਸਾ ਹੋਇਆ ਕਰਦੀ ਹੈ।

ਦੂਸਰੀ ਹਿੰਸਾ ਬਚਨ ਦੀ ਹਿੰਸਾ ਕਹਾਉਂਦੀ ਹੈ, ਕੌੜੇ ਵਾਕ ਬੋਲਣੇ, ਮੇਹਣੇ ਮਾਰਨੇ, ਦੂਸਰੇ ਨੂੰ ਬੁਰਾ ਕਹਿਣਾ, ਨਿੰਦਿਆ ਕਰਨੀ, ਚੁਗਲੀ ਕਰਕੇ ਦੂਸਰੇ ਦਾ ਨੁਕਸਾਨ ਕਰਨਾ, ਬਚਨ ਕਰਕੇ ਕਿਸੇ ਨੂੰ ਕੁਰਾਹੇ ਪਾ ਦੇਣਾ ਇਹ ਵਾਚਕ ਹਿੰਸਾ ਹੋਇਆ ਕਰਦੀ ਹੈ। ਇਸ ਹਿੰਸਾ ਦੇ ਕਾਰਨ ਬਹੁਤ ਗੰਭੀਰ ਨਤੀਜੇ ਨਿਕਲਿਆ ਕਰਦੇ ਹਨ ਜਿਸ ਵਿਚ ਇਕ ਐਸੀ ਵੱਡੀ ਘਟਨਾ ਆਉਂਦੀ ਹੈ ਕਿ ਤਾਹਨੇ ਮਿਹਣੇ ਦੇਣ ਨਾਲ ਭਾਰਤ ਵਿਚ ਮਹਾਂਭਾਰਤ ਦਾ ਯੁੱਧ ਹੋਣ ਦਾ ਕਾਰਨ ਇਕ ਵਾਚਕ ਹਿੰਸਾ ਵੀ ਸੀ। ਉਹ ਇਸ ਤਰ੍ਹਾਂ ਹੈ ਕਿ ਪਾਂਡਵਾਂ ਨੂੰ ਥੋੜ੍ਹੇ ਜਿਹੇ ਇਲਾਕੇ ਦਾ ਰਾਜ ਦਿਤਾ ਗਿਆ ਅਤੇ ਉਨ੍ਹਾਂ ਨੇ ਬਹੁਤ ਮਿਹਨਤ ਕੀਤੀ ਅਤੇ ਛੋਟਾ ਜਿਹਾ ਇਕ ਮਹੱਲ ਅਜਿਹਾ ਤਿਆਰ ਕਰ ਲਿਆ ਜਿਸ ਨੂੰ ਮਾਇਆ ਮਹੱਲ ਕਿਹਾ ਜਾਂਦਾ ਸੀ। ਇਸ ਵਿਚ ਅਜਿਹੇ ਪੱਥਰ ਲਾਏ ਜਿਨ੍ਹਾਂ ਨੂੰ ਦੇਖ ਕੇ ਪੂਰੀ ਤਰ੍ਹਾਂ ਪਰਤੀਤ ਹੁੰਦਾ ਸੀ ਕਿ ਇਹ ਅੱਗ ਮਚ ਰਹੀ ਹੈ, ਦੂਸਰੇ ਪੱਥਰ ਅਸਮਾਨੀ ਰੰਗ ਦੇ ਐਸੇ ਲਾਏ ਹੋਏ ਸੀ ਜਿਨ੍ਹਾਂ ਨੂੰ ਦੇਖ ਕੇ ਐਉਂ ਲਗਦਾ ਸੀ ਕਿ ਇਹ ਪਾਣੀ ਭਰਿਆ ਹੋਇਆ ਹੈ ਇਸ ਦੇ ਵਿਪਰੀਤ ਨਾਲ ਲਗਦੇ ਪੱਥਰ ਐਉਂ ਲਾਏ ਸਨ ਕਿ ਭਰੇ ਹੋਏ ਪਾਣੀ ਵਿਚ ਐਉਂ ਪ੍ਰਤੀਤ ਦਿੰਦਾ ਸੀ ਕਿ ਇਹ ਸੁੱਕਾ ਹੈ ਅਤੇ ਕੰਧਾਂ ਦੇ ਉਤੇ ਅਜਿਹੇ ਪੱਥਰ ਲਾਏ ਜਿਨ੍ਹਾਂ ਤੋਂ ਖੁਲ੍ਹਾ ਦਰਵਾਜ਼ਾ ਬੰਦ ਲਗਦਾ ਸੀ ਅਤੇ ਬੰਦ ਦਰਵਾਜ਼ਾ ਖੁਲ੍ਹਾ ਲਗਦਾ ਸੀ। ਕੌਰਵਾਂ ਨੂੰ ਇਸ ਦੇ ਉਦਘਾਟਨ ਦੇ ਸਮੇਂ ਨਿਮੰਤਰਣ ਦਿਤਾ ਗਿਆ।

ਦੁਰਯੋਧਨ ਆਪਣੇ ਭਰਾਵਾਂ ਸਮੇਤ ਪ੍ਰੀਤੀ ਭੋਜਨ ਤੇ ਆ ਰਿਹਾ ਸੀ, ਜਦੋਂ ਉਹ ਮਹੱਲ ਦੇ ਨੇੜੇ ਆਇਆ ਤਾਂ ਉਸ ਨੂੰ ਸੁੱਕੇ ਰਸਤੇ ਦਾ ਭੁਲੇਖਾ ਪਿਆ ਕਿ ਇਹ ਪਾਣੀ ਹੈ ਉਹ ਬਚ ਕੇ ਦੂਜੇ ਪਾਸੇ ਨੂੰ ਹੋਇਆ ਇਹ ਸਮਝ ਕੇ ਕਿ ਇਹ ਖੁਸ਼ਕ ਹੈ ਤੇ ਉਹ ਪਾਣੀ ਵਿਚ ਗਿਰ ਗਿਆ। ਵਸਤਰ ਉਸ ਦੇ ਭਿੱਜ ਗਏ, ਉਠ ਕੇ ਜਦੋਂ ਮਹੱਲ ਦੇ ਅੰਦਰ ਵੜਨ ਲੱਗਿਆ ਤਾਂ ਉਸਨੇ ਖੁਲ੍ਹੇ ਦਰਵਾਜ਼ੇ ਨੂੰ ਬੰਦ ਸਮਝਿਆ ਤੇ ਬੰਦ ਦਰਵਾਜ਼ੇ ਨੂੰ ਖੁਲ੍ਹਾ ਜਾਣ ਕੇ ਕੰਧ ਵਿਚ ਮੱਥਾ ਲੱਗਿਆ। ਦਰੋਪਤੀ ਨੇ ਅਟਾਰੀ ਵਿਚ ਬੈਠੀ ਹੋਈ ਨੇ ਇਹ ਸਭ ਦੇਖ ਲਿਆ। ਉਸ ਤੋਂ ਰਿਹਾ ਨਾ ਗਿਆ। ਉਸ ਨੇ ਉਚੀ ਅਵਾਜ਼ ਵਿਚ ਕਿਹਾ ਕਿ ਅੰਨ੍ਹੇ ਦਾ ਪੁੱਤਰ ਅੰਨ੍ਹਾ ਹੀ ਰਿਹਾ। ਕਿਉਂਕਿ ਧ੍ਰਿਤਰਾਸ਼ਟਰ ਉਸ ਦਾ ਪਿਤਾ ਸੀ ਜੋ ਜਮਾਂਦਰੂ ਹੀ ਅੰਨ੍ਹਾ ਸੀ। ਇਹ ਇਕ ਐਸੀ ਬੋਲੀ ਸੀ ਜਿਸ ਨੂੰ ਸੁਣ ਕੇ ਦੁਰਯੋਧਨ ਨੇ ਮਨ ਵਿਚ ਫੈਸਲਾ ਕਰ ਲਿਆ ਕਿ ਦਰੋਪਤੀ ਤੋਂ ਉਸ ਦਾ ਬਦਲਾ ਮੈਂ ਉਸ ਨੂੰ ਸਭਾ ਵਿਚ ਨਗਨ ਕਰਕੇ ਲਵਾਂਗਾ। ਫੇਰ ਮੈਂ ਇਸ ਨੂੰ ਪੁਛਾਂਗਾ ਕਿ ਮੈਂ ਅੰਨ੍ਹਾਂ ਹਾਂ ਜੋ ਤੇਰੇ ਨੰਗੇਜ਼ ਨੂੰ ਦੇਖ ਰਿਹਾ ਹਾਂ। ਭਾਰਤ ਦੇ ਇਤਿਹਾਸ ਵਿਚ ਇਹ ਬਹੁਤ ਬੁਰੀ ਗੱਲ ਹੈ। ਫਿੱਕੀ ਬੋਲੀ ਮਾਰਨ ਦੇ ਕਾਰਨ ਜੋ ਤਬਾਹੀ ਹੋਈ ਉਹ ਬਹੁਤ ਹੀ ਬੁਰੀ ਘਟਨਾ ਸੀ। ਇਸ ਤਰ੍ਹਾਂ ਬਹੁਤ ਸਾਰੇ ਰਾਜੇ ਰਾਣਿਆਂ ਦੇ ਯੁੱਧ, ਵਾਚਕ ਹਿੰਸਾ ਕਾਰਨ ਹੋਏ।

ਰਾਜ ਨੀਤੀ ਦੀਆਂ ਪੁਸਤਕਾਂ ਵਿਚ ਇਕ ਕਹਾਣੀ ਆਉਂਦੀ ਹੈ ਕਿ ਇਕ ਸ਼ੇਰ ਤੇ ਪੰਡਤ ਦੀ ਮਿਤਰਤਾ ਸੀ। ਉਹ ਸ਼ੇਰ ਬਹੁਤ ਵਾਰੀ ਪੰਡਤ ਦੇ ਘਰ ਆ ਜਾਇਆ ਕਰਦਾ ਸੀ। ਸ਼ੇਰ ਦੇ ਦੰਦਾਂ ਵਿਚ ਮਾਸ ਫਸਿਆ ਰਹਿੰਦਾ ਹੈ ਉਸ ਨੇ ਕੋਈ ਦਾਤਨ ਤਾਂ ਕਰਨੀ ਨਾ ਹੋਈ। ਛੋਟੀਆਂ-ਛੋਟੀਆਂ ਚਿੜੀਆਂ ਸ਼ੇਰ ਦੇ ਮੂੰਹ ਉਪਰ ਬੈਠ ਕੇ ਇਹ ਮਾਸ ਉਸ ਦੇ ਮੂੰਹ ਵਿਚੋਂ ਖਿਚਦੀਆਂ ਹਨ ਅਤੇ ਉਸ ਨੂੰ ਅਰਾਮ ਆਉਂਦਾ ਹੈ ਅਤੇ ਮੂੰਹ ਖੁਲ੍ਹਾ ਰੱਖਿਆ ਕਰਦਾ ਹੈ। ਵੈਸੇ ਉਸ ਦੇ ਮੂੰਹ ਵਿਚੋਂ ਮਰੇ ਹੋਏ ਚੂਹਿਆਂ ਵਰਗੀ ਬਦਬੂ ਆਉਂਦੀ ਹੈ।

ਇਕ ਦਿਨ ਪੰਡਤ ਦੀ ਪਤਨੀ ਕਹਿਣ ਲੱਗੀ ਕਿ ਮਹਾਰਾਜ! ਤੁਹਾਡੀ ਮਿਤਰਤਾ ਕੋਹਝੀ ਹੈ, ਮਿਤਰਤਾ ਦਾ ਅਸੂਲ ਇਹ ਹੋਇਆ ਕਰਦਾ ਹੈ, ਆਸਾ, ਈਸ਼ਟ, ਉਪਾਸ਼ਨਾ, ਖਾਣ, ਪੀਣ, ਪਹਿਨਣ ਇਕੋ ਜਿਹਾ ਹੋਣਾ ਚਾਹੀਦਾ ਹੈ।

***ਆਸਾ ਇਸਟ ਉਪਾਸਨਾ ਖਾਣ ਪੀਣ ਪਹਿਰਾਣ।***
***ਤੁਲਸੀ ਖਟ ਲੱਛਣ ਮਿਲੇ ਮਿਤ੍ਰਤਾ ਪਹਿਚਾਣ।***

ਇਹ ਤਾਮਸੀ ਪਸ਼ੂ ਹੈ ਮਾਸ ਬਿਨਾਂ ਇਸ ਦਾ ਗੁਜ਼ਾਰਾ ਨਹੀਂ ਤੇ ਤੁਸੀਂ ਸ਼ੁਧਤਾ ਰੱਖਣ ਵਾਲੇ ਬ੍ਰਾਹਮਣ ਹੋ, ਤੁਹਾਡੀ ਤੇ ਇਸ ਦੀ ਮਿਤਰਤਾ ਕੋਈ ਸੋਭਾ ਨਹੀਂ ਦਿੰਦੀ। ਸ਼ੇਰ ਅਚਾਨਕ ਦਰਵਾਜ਼ੇ ਉਪਰ ਆ ਗਿਆ, ਉਸ ਨੇ ਇਹ ਸਾਰੀਆਂ ਗੱਲਾਂ ਆਪਣੇ ਕੰਨਾਂ ਨਾਲ ਸੁਣ ਲਈਆਂ। ਉਹ ਆਉਂਦਾ ਹੀ ਬ੍ਰਾਹਮਣ ਨੂੰ ਕਹਿਣ ਲੱਗਿਆ ਕਿ ਮਿਤਰਬਰ! ਅੱਜ ਮੇਰੇ ਮਨ ਵਿਚ ਬਹੁਤ ਗੁੱਸਾ ਹੈ, ਤੇਰੀ ਪਤਨੀ ਨੇ ਮੈਨੂੰ ਬਹੁਤ ਵੱਡੀ ਗੱਲ ਕਹੀ ਹੈ ਪਰ ਮੈਂ ਕਿਉਂਕਿ ਤੇਰਾ ਮਿਤਰ ਬਣ ਚੁਕਿਆ ਹਾਂ ਮੈਂ ਤਾਮਸੀ ਸੁਭਾਅ ਹੋਣ ਦੇ ਬਾਵਜੂਦ ਤੁਹਾਨੂੰ ਦੋਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ। ਵਰਨਾ ਮੇਰਾ ਜੀਅ ਕਰਦਾ ਹੈ ਕਿ ਤੁਹਾਨੂੰ ਦੋਹਾਂ ਨੂੰ ਪਾੜ ਕੇ ਖਾ ਜਾਵਾਂ। ਤੂੰ ਇਕ ਕੰਮ ਕਰ। ਇਕ ਕੁਹਾੜਾ ਲਿਆ ਤੇ ਮੇਰੇ ਮੱਥੇ ਵਿਚ ਪੂਰੇ ਜ਼ੋਰ ਨਾਲ ਮਾਰ। ਜੇ ਤੂੰ ਨਹੀਂ ਮਾਰੇਂਗਾ ਤਾਂ ਆਪਣੇ ਇਸ ਕਰਮ ਦਾ ਜ਼ਿੰਮੇਵਾਰ ਹੋਵੇਂਗਾ। ਮਜ਼ਬੂਰਨ ਬ੍ਰਾਹਮਣ ਨੇ ਪੂਰੇ ਜ਼ੋਰ ਨਾਲ ਕੁਹਾੜਾ ਮਾਰਿਆ, ਖੂਨ ਦੀਆਂ ਘਰ੍ਹਾਲਾਂ ਚਲ ਪਈਆਂ, ਸ਼ੇਰ ਸਿਰ ਹਿਲਾਉਂਦਾ-ਹਿਲਾਉਂਦਾ ਜੰਗਲ ਵਿਚ ਚਲਿਆ ਗਿਆ।

ਦੋ ਤਿੰਨ ਮਹੀਨੇ ਬੀਤ ਗਏ, ਉਹ ਪਰਤ ਕੇ ਨਾ ਆਇਆ ਪਰ ਇਕ ਦਿਨ ਅਚਾਨਕ ਬ੍ਰਾਹਮਣ ਨੂੰ ਆ ਕੇ ਕਹਿਣ ਲੱਗਿਆ ਕਿ ਮਿਤਰ ਦੇਖ, ਮੇਰੇ ਸਿਰ ਦਾ ਜ਼ਖਮ ਹਟ ਗਿਆ ਕਿ ਨਹੀਂ? ਤਾਂ ਬ੍ਰਾਹਮਣ ਨੇ ਕਿਹਾ ਕਿ ਜ਼ਖਮ ਵੀ ਹੱਟ ਗਿਆ ਅਤੇ ਉਪਰ ਜੱਤ ਵੀ ਜੰਮ ਆਈ ਹੈ ਹੁਣ ਤਾਂ ਪਤਾ ਹੀ ਨਹੀਂ ਲਗਦਾ ਕਿ ਤੇਰੇ ਕੋਈ ਜ਼ਖਮ ਵੀ ਸੀ। ਸ਼ੇਰ ਕਹਿਣ ਲੱਗਿਆ ਕਿ ਦੇਖ ਕਿੰਨਾਂ ਗਹਿਰਾ ਜ਼ਖਮ ਸੀ ਉਹ ਦੋ ਤਿੰਨ ਮਹੀਨੇ ਦੇ ਸਮੇਂ ਵਿਚ ਮਿਟ ਗਿਆ ਪਰ ਤੇਰੀ ਪਤਨੀ ਦਾ ਕੁਬੋਲ ਮੇਰੇ ਹਿਰਦੇ ਵਿਚੋਂ ਅਜੇ ਤਕ ਮਿਟ ਨਹੀਂ ਸਕਿਆ, ਉਸੇ ਤਰ੍ਹਾਂ ਤਾਜ਼ਾ ਹੈ ਅਤੇ ਮੈਨੂੰ ਅੰਦਰ ਪੀੜਾ ਹੁੰਦੀ ਰਹਿੰਦੀ ਹੈ। ਸੋ ਇਹ ਵਾਚਕ ਹਿੰਸਾ ਬਹੁਤ ਹੀ ਬੁਰੀ ਹੈ ਇਸ ਦੇ ਅਨੇਕ ਪਹਿਲੂ ਹਨ।

ਤੀਸਰੀ ਹਿੰਸਾ ਮਨ ਦੀ ਹੋਇਆ ਕਰਦੀ ਹੈ। ਮਨ ਤੋਂ ਕਿਸੇ ਦਾ ਬੁਰਾ ਮੰਨਣਾ ਅਤੇ ਸੋਚਦੇ ਰਹਿਣਾ ਕਿ ਇਸ ਦਾ ਜੋ ਬੱਚਾ ਪੜ੍ਹ ਰਿਹਾ ਹੈ ਉਹ ਫੇਲ੍ਹ ਹੋ ਜਾਵੇ। ਇਨ੍ਹਾਂ ਨੇ ਨਵੀਂ ਕਾਰ ਲਿਆਂਦੀ ਹੈ ਇਸ ਦਾ ਐਕਸੀਡੈਂਟ ਹੋ ਜਾਵੇ। ਇਸ ਤਰ੍ਹਾਂ ਅਨੇਕ ਅਜਿਹੀਆਂ ਗੱਲਾਂ ਚਿਤਵਦੇ ਰਹਿਣਾ ਇਹ ਮਾਨਸਿਕ ਹਿੰਸਾ ਹੁੰਦੀ ਹੈ। ਇਸ ਵਿਚ ਮਨ ਦੀ ਪ੍ਰੇਰਨਾ ਨਾਲ ਆਦਮੀ ਅਜਿਹਾ ਕੰਮ ਕਰਦਾ ਹੈ ਜਿਸ ਤੋਂ ਦੂਸਰੇ ਦਾ ਨੁਕਸਾਨ ਹੋ ਜਾਵੇ।

ਇਸ ਤਰ੍ਹਾਂ ਦੀ ਇਕ ਘਟਨਾ ਅਸਾਡੇ ਨਾਲ ਵੀ ਵਰਤੀ। ਅਸਾਡਾ ਇਕ ਖੇਤ ਸੜਕ ਦੇ ਨਾਲ ਲਗਦਾ ਸੀ, ਅਸੀਂ ਉਸ ਦੀ ਮਜ਼ਬੂਤ ਕੰਡਿਆਂ ਵਾਲੀ ਵਾੜ ਕਰਦੇ ਹੀ ਰਹਿੰਦੇ ਸੀ। ਇਕ ਖੰਦਕ ਪਾਈ ਹੋਈ ਸੀ, ਉਸ ਨੇ ਚਾਰ-ਪੰਜ ਫੁੱਟ ਦੋ ਪਾਸਿਓਂ ਖੇਤ ਦੀ ਜਗ੍ਹਾਂ ਘੇਰੀ ਹੋਈ ਸੀ। ਉਥੇ ਅਸੀਂ ਮਾਘ ਦੇ ਮਹੀਨੇ 30-40 ਟਾਹਲੀਆਂ ਲਾ ਦਿਤੀਆਂ ਅਤੇ ਉਨ੍ਹਾਂ ਨੂੰ ਪਾਣੀ ਪਾ-ਪਾ ਕੇ ਹਰੀਆਂ ਕਰ ਲਈਆਂ। ਟਾਹਲੀਆਂ ਲਗਰਾਂ ਛੱਡਣ ਲਗ ਗਈਆਂ। ਅਸੀਂ ਉਨ੍ਹਾਂ ਨੂੰ ਹਰ ਰੋਜ਼ ਦੇਖਦੇ ਰਹਿੰਦੇ ਸਾਂ ਅਤੇ ਘਾਹ ਫੂਸ ਜੋ ਕੋਈ ਜੜ੍ਹਾਂ ਵਿਚ ਹੁੰਦਾ ਤਾਂ ਉਸ ਨੂੰ ਸਾਫ ਕਰ ਦਿੰਦੇ। ਪਰ ਅਸਾਡੇ ਹੀ ਪਰਿਵਾਰ ਵਿਚੋਂ ਵੱਖਰੇ ਹੋਏ-ਹੋਏ ਅਸਾਡੇ ਭਰਾ ਨੇ ਜਦੋਂ ਟਾਹਲੀਆਂ ਨੂੰ ਦੇਖਣਾ ਤਾਂ ਹਉਕਾ ਲੈਣਾ, ਉਸ ਨੇ ਮਹਿਸੂਸ ਕਰਨਾ ਕਿ ਇਹ ਟਾਹਲੀਆਂ ਵੱਡੀਆਂ ਹੋ ਜਾਣਗੀਆਂ, ਸੜਕ ਦਾ ਖੇਤ ਹੈ ਫਸਲ ਤਾਂ ਇਨ੍ਹਾਂ ਨੇ ਘੱਟ ਹੀ ਮਾਰਨੀ ਹੈ, ਪਰ ਪੈਸੇ ਬਹੁਤ ਦੇ ਦੇਣਗੀਆਂ।

ਇਕ ਰਾਤ ਨੂੰ ਦਾਤੀ ਹੱਥ ਵਿਚ ਲੈ ਕੇ ਆਇਆ, ਖਿਝ-ਖਿਝ ਕੇ ਇਕ-ਇਕ ਟਾਹਲੀ ਨੂੰ ਪੁੱਟਣ ਲੱਗਿਆ। ਕੁਝ ਤਾਂ ਉਖੜ ਆਈਆਂ ਜੋ ਨਾ ਉਖੜੀਆਂ ਉਨ੍ਹਾਂ ਨੂੰ ਜੜ੍ਹਾਂ ਤੋਂ ਦਾਤੀ ਨਾਲ ਵੱਢ ਦਿਤਾ। ਜਦੋਂ ਦੂਸਰੇ ਦਿਨ ਜਾਂ ਕੇ ਦੇਖਿਆ ਤਾਂ ਟਾਹਲੀਆਂ ਦੀ ਹਰਿਆਵਲ ਵਾੜ ਵਿਚੋਂ ਨਜ਼ਰ ਨਾ ਆਈ। ਖੰਦਕ ਸੁੰਨੀ-ਸੁੰਨੀ ਹੋ ਗਈ। ਨੇੜੇ ਜਾ ਕੇ ਬਹੁਤ ਧਿਆਨ ਨਾਲ ਦੇਖਿਆ ਜਿਨ੍ਹਾਂ ਨੇ ਪੁਟੀਆਂ ਸਨ ਉਨ੍ਹਾਂ ਦੀਆਂ ਪੈੜਾਂ ਸਾਫ ਨਜ਼ਰ ਆ ਰਹੀਆਂ ਸਨ। ਅਸੀਂ ਤਾਂ ਇਸ ਖਿਆਲ ਵਿਚ ਆ ਗਏ ਕਿ ਜਦੋਂ ਲਾਈਆਂ ਹੀ ਨਹੀਂ ਸਨ ਤਾਂ ਵੀ ਗੁਜ਼ਾਰਾ ਹੁੰਦਾ ਹੀ ਸੀ ਪਰ ਉਸ ਪ੍ਰੇਮੀ ਦਾ ਸੁਭਾਅ ਸ਼ੁਰੂ ਤੋਂ ਹੀ ਐਸਾ ਹੀ ਰਿਹਾ। ਜਦੋਂ ਕਿਸੇ ਦੀ ਤਰੱਕੀ ਹੁੰਦੀ ਸੀ ਤਾਂ ਉਸ ਦੇ ਪੇਟ ਵਿਚ ਰੋਟੀ ਪਚਣੀ ਬੰਦ ਹੋ ਜਾਂਦੀ। ਵੈਦਾਂ ਤੋਂ ਦਵਾਈਆਂ ਲੈਂਦਾ ਰਹਿੰਦਾ ਸੀ। ਸੋ ਇਹ ਵੀ ਇਕ ਤਰ੍ਹਾਂ ਦੀ ਹਿੰਸਾ ਹੋਇਆ ਕਰਦੀ ਹੈ। ਦੂਸਰੇ ਦੀ ਤਰੱਕੀ ਦੇ ਰਾਹ ਵਿਚ ਰੁਕਾਵਟ ਦੇਖ ਕੇ ਆਪਣਾ ਮਨ ਪ੍ਰਸੰਨ ਕਰ ਲੈਣਾ। ਇਸ ਵਿਚ ਦੋ ਭਾਵ ਰਲੇ ਹੋਏ ਹੁੰਦੇ ਹਨ, ਇਕ ਤਾਂ ਈਰਖਾ ਹੁੰਦੀ ਹੈ ਅਤੇ ਦੂਸਰੀ ਕ੍ਰਿਆ ਦੇ ਰੂਪ ਵਿਚ ਹਿੰਸਾ ਹੁੰਦੀ ਹੈ। ਗੁਰੂ ਮਹਾਰਾਜ ਜੀ ਨੇ ਅਸਾਨੂੰ ਇਸ ਹਿੰਸਾ ਤੋਂ ਬਚਾਉਣ ਲਈ ਸਰਬੱਤ ਦੇ ਭਲੇ ਦੀ ਸਿਖਿਆ ਦਿਤੀ ਹੈ ਜਿਸ ਦੀ ਪੂਰਤੀ ਲਈ ਅਸੀਂ ਹਰ ਰੋਜ਼ ਬਾਣੀ ਪੜ੍ਹ ਕੇ ਚਿੱਤ ਦੀ ਇਕਾਗਰਤਾ ਦੇ ਨਾਲ ਵਾਹਿਗੁਰੂ ਜੀ ਪਾਸ ਕਹਿੰਦੇ ਹਾਂ-

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਚੌਥੀ ਹਿੰਸਾ ਬੁੱਧੀ ਦੀ ਹੋਇਆ ਕਰਦੀ ਹੈ। ਬੁੱਧੀ ਦੇ ਬਲ ਨਾਲ ਦੂਸਰੇ ਦਾ ਨੁਕਸਾਨ ਕਰਨ ਲਈ ਸ਼ੜਯੰਤਰ ਰਚਣੇ, ਦੂਸਰੇ ਲੋਕਾਂ ਨੂੰ ਚੁੱਕ ਕੇ ਉਸ ਨੂੰ ਨੁਕਸਾਨ ਪਹੁੰਚਾਉਣਾ, ਘਰ ਵਿਚ ਫੁੱਟ ਪਾ ਦੇਣੀ, ਉਸ ਨੂੰ ਮਿਤਰਾਂ ਨਾਲੋਂ ਤੋੜ ਦੇਣਾ ਅਤੇ ਹਰ ਤਰ੍ਹਾਂ ਦੇ ਹਰਬੇ ਵਰਤ ਕੇ ਨੁਕਸਾਨ ਪਹੁੰਚਾਉਣਾ ਉਸ ਨੂੰ ਪੁੱਠੀ ਮਤ ਦੇ ਕੇ ਉਸਦਾ ਨੁਕਸਾਨ ਕਰਾ ਦੇਣਾ, ਉਸ ਦੇ ਬੱਚਿਆਂ ਨੂੰ drug (ਨਸ਼ੀਲੀਆਂ ਦਵਾਈਆਂ) ਖਾਣ ਦੇ ਆਦੀ ਬਣਾ ਦੇਣਾ। ਇਹ ਸਾਰੀ ਹਿੰਸਾ ਬੁੱਧੀ ਦੇ ਬਲ ਨਾਲ ਹੋਇਆ ਕਰਦੀ ਹੈ।

ਪੰਜਵੀਂ ਹਿੰਸਾ ਜੰਤਰਾਂ ਮੰਤਰਾਂ ਦੇ ਕਾਰਨ ਹੋਇਆ ਕਰਦੀ ਹੈ, ਕਿਸੇ ਤਾਂਤਰੀ ਕੋਲ ਜਾ ਕੇ ਤੰਤਰ ਮੰਤਰ ਦੇ ਬਲ ਨਾਲ ਉਸਦਾ ਕਾਰਜ ਬੰਨ੍ਹ ਦੇਣਾ। ਸੋ ਇਨ੍ਹਾਂ ਸਾਰੀਆਂ ਹਿੰਸਾਵਾਂ ਤੋਂ ਬਚ ਕੇ ਅਹਿੰਸਾ ਦਾ ਧਾਰਨੀ ਹੋਣਾ ਇਹ ਇਕ ਰਹਿਤ ਹੈ ਜੋ ਇੰਦ੍ਰੀਆਂ ਦੇ ਦਮਨ ਵਾਸਤੇ ਬਹੁਤ ਹੀ ਆਵਸ਼ਕ ਹੋਇਆ ਕਰਦੀ ਹੈ।

**ਸਤਿ** - ਸਤਿ ਇਕ ਜੀਵਨ ਹੈ ਜੋ ਪੂਰੀ ਤਰ੍ਹਾਂ ਦੰਭ ਰਹਿਤ ਹੈ, ਸਤਿ ਉਹ ਬਚਨ ਹੈ, ਜਿਸ ਵਿਚ ਝੂਠ ਦੀ ਕੋਈ ਗੁੰਜਾਇਸ਼ ਨਾ ਹੋਵੇ, ਸਤਿ ਉਹ ਜੀਵਨ ਹੈ ਜਿਸ ਵਿਚ ਬੁਰੀਆਂ ਗੱਲਾਂ ਨੂੰ ਕੋਈ ਥਾਂ ਨਹੀਂ ਮਿਲਦਾ। ਸਤਿ ਉਹ ਸਵੈ ਅਨੁਸ਼ਾਸ਼ਨ ਹੈ ਜਿਸ ਵਿਚ ਆਦਮੀ ਦ੍ਰਿੜ੍ਹ ਫੈਸਲੇ ਲੈ ਕੇ ਸਦੀਵ ਉਸ ਉਪਰ ਚਲਦਾ ਰਹਿੰਦਾ ਹੈ, ਜਿਸ ਵਿਚ ਇਕ ਸਾਖੀ ਆਉਂਦੀ ਹੈ ਕਿ ਗੁਰੂ ਅਮਰਦਾਸ ਜੀ ਮਹਾਰਾਜ ਗੁਰੂ ਅੰਗਦ ਸਾਹਿਬ ਦੇ ਦਰਬਾਰ ਵਿਚ ਸੇਵਾ ਕਰ ਰਹੇ ਸਨ। ਇਕ ਵਾਰੀ ਗੁਰੂ ਮਹਾਰਾਜ ਦੇ ਨਾਲ ਜਾਂਦਿਆਂ ਆਪ ਦੀ ਲੰਮੀ ਬਾਂਹ ਹੁਲਾਰੇ ਨਾਲ ਅੱਗੇ ਨਿਕਲ ਗਈ। ਉਸ ਵੇਲੇ ਆਪ ਨੇ ਫੈਸਲਾ ਕਰ ਲਿਆ ਕਿ ਇਹ ਮੇਰੇ ਤੋਂ ਵੱਡੀ ਅਵੱਗਿਆ ਹੋਈ ਹੈ। ਆਪ ਨੇ ਉਸੇ ਸਮੇਂ ਤੋਂ ਪ੍ਰਤਿੱਗਿਆ ਕਰ ਲਈ ਕਿ ਬਾਂਹ ਨੂੰ ਛਾਤੀ ਨਾਲ ਲਾ ਕੇ ਚਲਣਾ ਹੈ, ਬਾਂਹ ਦਾ ਹੁਲਾਰਾ ਨਹੀਂ ਮਾਰਨਾ। ਸਤਿ ਪ੍ਰਤੱਗੀ ਜੀਵਨ ਭਾਰਤੀ ਇਤਿਹਾਸ ਵਿਚ ਬਹੁਤ ਹੀ ਮਿਲਦੇ ਹਨ ਜਿਨ੍ਹਾਂ ਨੇ ਇਕ ਵਾਰੀ ਪ੍ਰਤਿੱਗਿਆ ਕਰ ਲਈ ਫੇਰ ਭਾਵੇਂ ਉਨ੍ਹਾਂ ਦੀ ਜਾਨ ਜਾਂਦੀ ਰਹੇ ਉਹ ਆਪਣੀ ਪ੍ਰਤਿੱਗਿਆ ਤੋਂ ਨਹੀਂ ਟਲਿਆ ਕਰਦੇ। ਭੀਸ਼ਮ ਪਿਤਾਮਾ ਨੇ ਪ੍ਰਤਿੱਗਿਆ ਕੀਤੀ ਹੋਈ ਸੀ ਕਿ ਉਹ ਇਸਤ੍ਰੀ ਉਪਰ ਕਦੇ ਵੀ ਵਾਰ ਨਹੀਂ ਕਰਨਗੇ। ਜਦੋਂ ਮਹਾਂਭਾਰਤ ਦੇ ਯੁੱਧ ਸਮੇਂ ਉਨ੍ਹਾਂ ਦਾ ਯੁੱਧ ਅਰਜਨ ਨਾਲ ਹੋ ਰਿਹਾ ਸੀ ਤਾਂ ਉਨ੍ਹਾਂ ਨੇ ਆਪਣੇ ਬਾਣ ਮਾਰਨੇ ਇਕ ਦਮ ਬੰਦ ਕਰ ਦਿਤੇ ਕਿਉਂਕਿ ਰੱਥ ਨੂੰ ਹੱਕਣ ਵਾਲਾ ਸ਼ਿਖੰਡੀ ਸੀ ਜੋ ਪਿਛਲੇ ਜਨਮ ਵਿਚ ਕਾਸ਼ੀ ਵਾਲੇ ਰਾਜੇ ਦੀ ਲੜਕੀ ਸੀ, ਭੀਸ਼ਮ ਪਿਤਾਮਾ ਨੇ ਇਹ ਜਾਣ ਕੇ ਕਿ ਪਿਛਲੇ ਜਨਮ ਵਿਚ ਇਹ ਔਰਤ ਸੀ। ਉਸ ਨੇ ਅਰਜਨ ਦੇ ਬਾਣ ਨਾ ਮਾਰੇ, ਖੁੱਦ ਐਨੇ ਬਾਣ ਸਰੀਰ ਉਪਰ ਖਾ ਲਏ ਕਿ ਉਨ੍ਹਾਂ ਦੇ ਸਰੀਰ ਨੇ ਧਰਤੀ ਨੂੰ ਨਾ ਛੂਹਿਆ। ਸਗਮਾਂ ਐਉਂ ਲਟਕਦੇ ਰਹੇ ਜਿਵੇਂ ਕੋਈ ਸੇਜਾ ਉਪਰ ਪਿਆ ਹੁੰਦਾ ਹੈ। ਆਪ ਨੇ ਆਪਣਾ ਸਰੀਰ ਤਾਂ ਦੇ ਦਿਤਾ ਪਰ ਪ੍ਰਤਿੱਗਿਆ ਨਾ ਹਾਰੀ।

ਇਸੇ ਤਰ੍ਹਾਂ ਗੁਰੂ ਹਰਿ ਰਾਇ ਜੀ ਬੱਚੇ ਸਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਬਾਗ ਵਿਚ ਟਹਿਲ ਰਹੇ ਸਨ। ਉਥੇ ਇਕ ਬਹੁਤ ਵੱਡਾ ਗੁਲਾਬ ਦਾ ਫੁੱਲ ਮਾਲੀ ਨੇ ਤਿਆਰ ਕੀਤਾ ਸੀ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਉਸ ਨੂੰ ਦੇਖ ਕੇ

ਬਹੁਤ ਪ੍ਰਸੰਨ ਹੋਏ, ਉਨ੍ਹਾਂ ਦੇ ਪਿਛੇ ਬਾਲਰੂਪ ਵਿਚ ਗੁਰੂ ਹਰਿ ਰਾਏ ਜੀ ਆ ਰਹੇ ਸਨ। ਆਪ ਬਚਪਨ ਤੋਂ ਹੀ ਬਹੁਤ ਵੱਡਾ ਚੋਲਾ ਪਹਿਨਿਆ ਕਰਦੇ ਸੀ ਜੋ ਦੂਰ ਤਕ ਫੈਲਿਆਂ ਰਹਿੰਦਾ ਸੀ। ਹਵਾ ਚਲ ਰਹੀ ਸੀ ਅਤੇ ਆਪ ਦਾ ਚੋਲਾ ਉਡ ਕੇ ਫੁੱਲ ਵਿਚ ਫਸ ਗਿਆ ਅਤੇ ਉਸ ਨੇ ਫੁੱਲ ਤੋੜ ਦਿਤਾ। ਆਪ ਉਥੇ ਹੀ ਬੈਠ ਗਏ ਅਤੇ ਬਹੁਤ ਗਹਿਰੀ ਵਿਚਾਰ ਵਿਚ ਮਸਤ ਹੋ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਘੁੰਮ ਕੇ ਫੇਰ ਉਸ ਥਾਂ ਆਏ ਤਾਂ ਆਪ ਨੇ ਕਿਹਾ ਕਿ ਕੀ ਗੱਲ ਹੈ? ਉਤਰ ਵਿਚ ਆਪ ਨੇ ਜਵਾਬ ਦਿਤਾ ਕਿ ਸੱਚੇ ਪਾਤਸ਼ਾਹ! ਮੇਰੇ ਚੋਲੇ ਵਿਚ ਫਸ ਕੇ ਇਹ ਫੁੱਲ ਟੁੱਟ ਗਿਆ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਜੇ ਵੱਡੇ ਚੋਲੇ ਪਾਉਣੇ ਹਨ ਤਾਂ ਸੰਭਾਲ ਕੇ ਚਲੀਦਾ ਹੈ। ਇਤਿਹਾਸ ਵਿਚ ਆਉਂਦਾ ਹੈ ਕਿ ਉਸ ਦਿਨ ਤੋਂ ਪਿਛੋਂ ਗੁਰੂ ਹਰਿ ਰਾਇ ਸਾਹਿਬ ਜਦੋਂ ਚਲਦੇ ਸਨ ਉਸ ਵੇਲੇ ਚੋਲਾ ਇਕੱਠਾ ਕਰਕੇ ਬਾਂਹ ਉਪਰ ਰੱਖ ਲਿਆ ਕਰਦੇ ਸਨ। ਇਹ ਪ੍ਰਤਿੱਗਿਆ ਉਨ੍ਹਾਂ ਨੇ ਸਾਰੀ ਜ਼ਿੰਦਗੀ ਨਿਭਾਹੀ। ਸੋ ਇਹ ਸਾਰੇ ਗੁਣ ਸਤਿ ਦੇ ਘੇਰੇ ਵਿਚ ਆਉਂਦੇ ਹਨ।

ਇਸ ਤੋਂ ਪਿਛੋਂ ਵਾਰੀ ਆਉਂਦੀ ਹੈ ਕਿ ਕਿਸੇ ਤਰ੍ਹਾਂ ਵੀ ਕਿਸੇ ਕਿਸਮ ਦੀ ਚੋਰੀ ਨਾ ਕੀਤੀ ਜਾਵੇ। ਚੋਰੀ ਬਹੁਤ ਕਿਸਮ ਦੀ ਹੈ, ਕਿਸੇ ਦੀ ਚੀਜ਼ ਚੁੱਕ ਲੈਣਾ, ਸੁੱਤੇ ਪਏ ਕਿਸੇ ਦੇ ਘਰ ਪਾੜ ਲਾ ਕੇ ਤਾਲਾ ਤੋੜ ਕੇ ਜਾਂ ਹੋਰ ਕਿਸੇ ਤਰੀਕੇ ਨਾਲ ਚੋਰੀ ਕਰ ਲੈਣੀ, ਇਹ ਸਰੀਰਕ ਚੋਰੀ ਹੋਇਆ ਕਰਦੀ ਹੈ। ਇਸੇ ਤਰ੍ਹਾਂ ਨਾਲ ਹੋਰ ਵੀ ਬਹੁਤ ਸਾਰੀਆਂ ਚੋਰੀਆਂ ਹਨ, ਕਿਸੇ ਨੇ ਸੋਹਣੀ ਕਵਿਤਾ ਬਣਾਈ ਹੋਵੇ, ਹੂ-ਬ-ਹੂ ਉਸ ਨੂੰ ਆਪਣੀ ਬਣਾ ਕੇ ਲਿਖ ਦੇਣਾ ਇਹ ਕਲਮ ਦੀ ਚੋਰੀ ਹੈ। ਦੂਸਰੇ ਦੇ ਖਿਆਲਾਂ ਨੂੰ ਚੋਰੀ ਕਰਕੇ ਆਪਣੀ ਲਿਖਤ ਅਤੇ ਆਪਣੇ ਖਿਆਲਾਂ ਦਾ ਰੰਗ ਦੇ ਕੇ ਆਪਣੇ ਬਣਾ ਲੈਣੇ ਇਹ ਖਿਆਲਾਂ ਦੀ ਚੋਰੀ ਹੋਇਆ ਕਰਦੀ ਹੈ। ਕਿਸੇ ਦਾ ਕੀਰਤਨ ਸੁਣਿਆ, ਉਸ ਦੀਆਂ ਧਾਰਨਾਂ ਆਪਣੀਆਂ ਬਣਾ ਕੇ ਲੋਕਾਂ ਤੋਂ ਵਾਹਵਾ-ਵਾਹਵਾ ਹਾਸਲ ਕਰਨੀ ਇਹ ਵੀ ਚੋਰੀ ਹੋਇਆ ਕਰਦੀ ਹੈ।

ਅਚਾਰੀਆ ਰਜਨੀਸ਼ ਅਜਿਹੇ ਖਿਆਲਾਂ ਦੇ ਚੋਰਾਂ ਨੂੰ ਤੋਤੇ ਆਖਿਆ ਕਰਦੇ ਸਨ ਜਦੋਂ ਉਨ੍ਹਾਂ ਨੂੰ ਕਿਸੇ ਨੇ ਕਹਿਣਾ ਕਿ ਭਗਵਾਨ! ਤੁਹਾਡਾ ਫਲਾਣਾ ਚੇਲਾ ਬਿਲਕੁਲ ਤੁਹਾਡੇ ਵਾਂਗੂੰ ਹੀ ਲੈਕਚਰ ਕਰਦਾ ਹੈ ਅਤੇ ਉਨ੍ਹਾਂ ਵਿਚੋਂ ਤਾਂ ਫਲਾਣਾ ਬੰਦਾ ਤਾਂ ਐਉਂ ਲਗਦਾ ਹੈ ਕਿ ਹੂ-ਬ-ਹੂ ਤੁਸੀਂ ਹੀ ਬੋਲ ਰਹੇ ਹੋ। ਤਾਂ ਉਨ੍ਹਾਂ ਨੇ ਹੱਸ ਕੇ ਕਹਿਣਾ ਪਿਆਰਿਓ! ਮੇਰੇ ਬੜੇ ਤੋਤੇ ਹਨ ਜਿਸ ਦਾ ਤੁਸੀਂ ਨਾਮ ਲੈਂਦੇ ਹੋ। ਉਹ ਬੜਾ ਸਿਆਣਾ ਤੋਤਾ ਹੈ, ਉਸ ਦੇ ਅੱਖਰ-ਅੱਖਰ ਯਾਦ ਹੋ ਜਾਂਦਾ ਹੈ। ਸੋ ਇਹ ਤੋਤੇ ਵੀ ਇਕ ਕਿਸਮ ਦੇ ਚੋਰ ਹੀ ਹੋਇਆ ਕਰਦੇ ਹਨ। ਆਪਣੀ ਪ੍ਰਸੰਸਾ ਕਰਾਉਂਦੇ ਹਨ, ਆਪਣੇ ਮਹਾਤਮਾ ਦੇ ਬਚਨਾਂ ਨੂੰ ਆਪਣੇ ਬਣਾ ਕੇ ਦੂਸਰਿਆਂ ਨੂੰ ਸੁਣਾਉਂਦੇ ਹਨ, ਇਹ ਚੋਰ ਬਹੁਤ ਵੱਡਾ ਨੁਕਸਾਨ ਕਰ ਦਿੰਦੇ ਹਨ। ਅਜਿਹੇ ਪੁਰਸ਼ਾਂ ਦਾ ਆਪਣਾ ਕੋਈ ਅਨੁਭਵ ਨਹੀਂ ਹੋਇਆ ਕਰਦਾ ਉਨ੍ਹਾਂ ਦੇ ਧੁਅੰਦਰ ਹਨ੍ਹੇਰਾ ਹੋਇਆ ਕਰਦਾ ਹੈ। ਉਹ ਬੇਗਾਨੀ ਲਾਈਟ ਦੇ ਸਹਾਰੇ ਆਪਣਾ ਨਾਮ ਪੈਦਾ ਕਰਦੇ ਹਨ। ਸੋ ਇਹ ਖਿਆਲਾਂ ਦੇ ਚੋਰ ਹੋਇਆ ਕਰਦੇ ਹਨ।

ਤੀਸਰੀ ਕਿਸਮ ਦੇ ਮਨ ਦੇ ਚੋਰ ਹੋਇਆ ਕਰਦੇ ਹਨ। ਉਪਰੋਂ-ਉਪਰੋਂ ਤਾਂ ਬਹੁਤ ਸਾਧੂ ਪ੍ਰਤੀਤ ਦਿਆ ਕਰਦੇ ਹਨ ਪਰ ਅੰਦਰੋਂ ਛੁਪ ਕੇ ਉਨ੍ਹਾਂ ਦਾ ਜੀਵਨ ਹੋਰ ਹੋਇਆ ਕਰਦਾ ਹੈ, ਬਾਹਰੋਂ ਪੈਸੇ ਦੇ ਤਿਆਗੀ ਹੁੰਦੇ ਹਨ ਪਰ ਅੰਦਰੋਂ ਸਦਾ ਹੀ ਲੋਚਦੇ ਹਨ ਕਿ ਪੈਸੇ ਵਾਲੇ ਸੇਵਕਾਂ ਦੇ ਕਥਾ ਕੀਰਤਨ ਕਰਾਂ ਤਾਂ ਉਥੋਂ ਮਾਇਆ ਬਹੁਤ ਮਿਲ ਜਾਵੇਗੀ। ਉਹ ਦੇਸ਼ਾਂ ਪ੍ਰਦੇਸਾਂ ਵਿਚ ਜਾਣਾ ਲੋਚਦੇ ਹਨ ਕਿਉਂਕਿ ਉਥੋਂ ਡਾਲਰ ਤੇ ਪੌਂਡ ਮਿਲ ਜਾਂਦੇ ਹਨ, ਜੋ ਆਪਣੇ ਦੇਸ਼ ਵਿਚ ਆ ਕੇ 36 ਅਤੇ 60 ਗੁਣਾਂ ਵਧ ਹੋ ਜਾਂਦੇ ਹਨ, ਇਸ ਤੋਂ ਇਲਾਵਾ ਬਹੁਤ ਸਾਰੇ ਕੁਕਰਮ ਭੇਖ ਦੀ ਆੜ ਵਿਚ ਕਰ ਲੈਂਦੇ ਹਨ ਪਰ ਕਿਸੇ ਨੂੰ ਵੀ ਭੇਤ ਨਹੀਂ ਲਗਣ ਦਿੰਦੇ। ਕਬੀਰ ਸਾਹਿਬ ਜੀ ਉਨ੍ਹਾਂ ਬਾਰੇ ਫੁਰਮਾਨ ਕਰਦੇ ਹਨ –

***ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ॥***
***ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮ ਰਾਇ॥***

***ਪੰਨਾ - 1370***

ਅਸਲੀ ਚੋਰ ਉਹ ਹਨ ਜੋ ਮਾਨਸ ਜਨਮ ਪ੍ਰਾਪਤ ਕਰਕੇ ਭਜਨ ਬੰਦਗੀ ਨਹੀਂ ਕਰਦੇ ਵਾਹਿਗੁਰੂ ਜੀ ਤੋਂ ਦਾਤਾਂ ਪ੍ਰਾਪਤ ਕਰਕੇ ਖਾਂਦੇ ਪੀਂਦੇ ਪਹਿਨਦੇ ਹਨ, ਚੰਗੀਆਂ ਸਵਾਰੀਆਂ ਦਾ ਅਨੰਦ ਮਾਣਦੇ ਹਨ ਪਰ ਉਸ ਦੇਣ ਵਾਲੇ ਨੂੰ ਸਦਾ ਹੀ ਭੁੱਲੇ ਰਹਿੰਦੇ ਹਨ ਉਨ੍ਹਾਂ ਨੂੰ ਭਜਨ ਸਿਮਰਨ ਦੇ ਚੋਰ ਆਖਿਆ ਜਾਂਦਾ ਹੈ।

***ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ॥***

***ਪੰਨਾ - 1328***

ਸੋ ਇਸ ਤਰ੍ਹਾਂ ਇਕ ਹੋਰ ਸ਼੍ਰੇਣੀ ਚੋਰਾਂ ਦੀ ਹੈ ਜਿਸਨੂੰ ਕਵਿਤਾ ਦੇ ਚੋਰ ਆਖਿਆ ਜਾਂਦਾ ਹੈ ਜਿਸ ਦੇ ਬਾਰੇ ਐਸਾ ਲਿਖਿਆ ਹੋਇਆ ਹੈ –

***ਏਕ ਕਵੀ ਹੈ ਭਾਰਜਾ ਏਕ ਕਵੀ ਹੈ ਪੂਤ।***
***ਏਕ ਕਵੀ ਹੈ ਮਿਤ੍ਰਬਰ, ਏਕ ਕਵੀ ਅਵਧੂਤ।***
***ਕੌਣ ਕਵੀ ਹੈ ਭਾਰਜਾ, ਕੌਣ ਕਵੀ ਹੈ ਪੂਤ?***
***ਕੌਣ ਕਵੀ ਹੈ ਮਿਤ੍ਰਬਰ, ਕੌਣ ਕਵੀ ਅਵਧੂਤ?***
***ਕਾਵਿ ਚਰਾਏ ਭਾਰਜਾ, ਅਰਥ ਚਰਾਏ ਪੂਤ।***
***ਦ੍ਰਿਸਟਾਂਤ ਚਰਾਏ ਮਿਤ੍ਰਬਰ, ਸੁਤੇ ਰਚੇ ਅਵਧੂਤ।***

ਸੋ ਹਰ ਤਰ੍ਹਾਂ ਦੀ ਚੋਰੀ ਤੋਂ ਬਚਣਾ ਆਤਮ ਮਾਰਗ ਦੀ ਪ੍ਰਾਪਤੀ ਲਈ ਬਹੁਤ ਹੀ ਜ਼ਰੂਰੀ ਹੈ।

ਇਸ ਤੋਂ ਅੱਗੇ ਬ੍ਰਹਮਚਰੀਆ ਅਜਿਹਾ ਗੁਣ ਹੈ ਜਿਸ ਨੂੰ ਧਾਰਨ ਕਰਕੇ ਸਰੀਰ ਮਜ਼ਬੂਤ ਹੁੰਦਾ ਹੈ ਜਿਸ ਦੇ ਬਾਰੇ ਬਹੁਤ ਵਿਸਥਾਰ ਨਾਲ ਪਿਛੇ ਲਿਖਿਆ ਜਾ ਚੁਕਿਆ ਹੈ। ਗੁਰੂ ਘਰ ਵਿਚ ਏਕਾ ਨਾਰ ਵਾਲੇ ਨੂੰ ਜਤੀ ਆਖਿਆ ਗਿਆ ਹੈ।

ਬ੍ਰਹਮਚਰੀਆ ਬਾਰੇ ਇਕ ਪ੍ਰੇਮੀ ਦਾ ਤ੍ਰਿਅ ਚਰਿੱਤਰ ਵਿਚ ਜ਼ਿਕਰ ਆਉਂਦਾ ਹੈ ਜੋ ਇਸ ਤਰ੍ਹਾਂ ਹੈ ਜਹਾਂਗੀਰ ਦੀ ਫੌਜ ਵਿਚ ਇਕ ਸਿਪਾਹੀ ਜਿਸ ਦੇ ਅੰਗ-ਅੰਗ ਦੀ ਸੁੰਦਰਤਾ ਮਨ ਮੋਹਿਤ ਕਰਦੀ ਸੀ। ਜਹਾਂਗੀਰ ਦੀ ਲੜਕੀ ਨੇ ਉਸ ਨੂੰ ਪਹਿਰਾ ਦਿੰਦਿਆਂ ਤੱਕਿਆ ਅਤੇ ਮਨ ਹੀ ਮਨ ਵਿਚ ਫੈਸਲਾ ਕਰ ਲਿਆ ਕਿ ਮੈਂ ਇਸ ਫੌਜੀ ਸਿਪਾਹੀ ਨੂੰ ਹਾਸਲ ਕਰਨਾ ਹੈ, ਦਿਨ ਰਾਤ ਉਸ ਧੁਨ ਵਿਚ ਰਹਿਣ ਲੱਗੀ। ਹੌਲੀ-ਹੌਲੀ ਉਸਦੀ ਮਾਤਾ ਨੂੰ ਸਾਰੇ ਭੇਤ ਮਿਲ ਗਏ, ਉਸ ਨੇ ਸਮਾਂ ਵਿਚਾਰ ਕੇ ਜਹਾਂਗੀਰ ਨਾਲ ਵਿਚਾਰ ਕੀਤੀ ਅਤੇ ਕਿਹਾ ਕਿ ਦੇਖੋ, ਇਹ ਸੰਤ ਰਾਮ ਜਾਤ ਦਾ ਤਾਂ ਹਿੰਦੂ ਹੈ ਪਰ ਜੇ ਇਸ ਨੂੰ ਇਸਲਾਮ

ਵਿਚ ਲਿਆਂਦਾ ਜਾਵੇ, ਇਸ ਨੂੰ ਵੱਡੀ ਜਾਗੀਰ ਦੇ ਕੇ ਅਮੀਰ ਬਣਾ ਦਿਤਾ ਜਾਵੇ ਤਾਂ ਆਪਣੀ ਲੜਕੀ ਇਸ ਨਾਲ ਵਿਆਹੁਣ ਵਿਚ ਕੋਈ ਹਰਜ਼ ਨਹੀਂ ਪ੍ਰਤੀਤ ਦਿੰਦਾ। ਇਸ ਆਸ਼ੇ ਨੂੰ ਮੁੱਖ ਰਖਦੇ ਹੋਏ ਇਸ ਫੌਜੀ ਨੂੰ ਇਸਲਾਮ ਵਿਚ ਲਿਆ ਕੇ ਐਸਾ ਵਿਆਹ ਕਰਨ ਦਾ ਫੈਸਲਾ ਜਹਾਂਗੀਰ ਨੇ ਮੰਨ ਲਿਆ। ਜਹਾਂਗੀਰ ਦਾ ਅੰਗਰਕਸ਼ਕ ਜੋ ਨੇੜੇ ਹੀ ਸੀ ਉਸ ਨੇ ਇਹ ਗੱਲ ਸੁਣ ਲਈ ਅਤੇ ਡਿਊਟੀ ਤੋਂ ਵਿਹਲਾ ਹੋ ਕੇ ਸੰਤ ਰਾਮ ਨੂੰ ਵਧਾਈ ਦੇ ਕੇ ਕਹਿਣ ਲੱਗਿਆ ਕਿ ਜਿਥੇ ਤੂੰ ਅਸਾਡੇ ਵਰਗਾ ਸਿਪਾਹੀ ਹੈਂ, ਬਹੁਤ ਥੋੜ੍ਹੇ ਦਿਨਾਂ ਵਿਚ ਤੂੰ ਵੱਡਾ ਆਦਮੀ ਬਣ ਜਾਣਾ ਹੈ ਅਤੇ ਬਾਦਸ਼ਾਹ ਦੀ ਤੈਨੂੰ ਬਹੁਤ ਵੱਡੇ ਅਹੁਦੇ ਤੇ ਲਾ ਕੇ ਕਿਸੇ ਸੂਬੇ ਦਾ ਸੂਬੇਦਾਰ ਬਣਾਉਣ ਦੀ ਵੀ ਵਿਉਂਤ ਹੈ। ਤੈਨੂੰ ਇਸਲਾਮ ਵਿਚ ਲਿਆ ਕੇ ਆਪਣੀ ਲੜਕੀ ਵਿਆਹ ਦੇਣੀ ਹੈ। ਜਦੋਂ ਉਸ ਨੇ ਇਹ ਗੱਲ ਸੁਣੀ ਤਾਂ ਬਹੁਤ ਹੀ ਫਿਕਰ ਵਿਚ ਹੋ ਗਿਆ। ਰਾਤ ਨੂੰ ਚੋਰੀ ਨੱਠ ਗਿਆ ਇਸ ਇਰਾਦੇ ਨਾਲ ਕਿ ਜਹਾਂਗੀਰ ਦੇ ਰਾਜ ਵਿਚੋਂ ਨਿਕਲ ਕੇ ਜਤ ਸਤ ਨੂੰ ਕਾਇਮ ਰੱਖ ਕੇ ਆਪਣਾ ਜੀਵਨ ਨਿਰਬਾਹ ਕਰੇ। ਉਸ ਨੇ ਜਾਗੀਰਾਂ, ਵੱਡੇ ਅਹੁਦੇ ਦੀ ਪ੍ਰਵਾਹ ਨਾ ਕੀਤੀ। ਉਹ ਕੇਵਲ ਆਪਣਾ ਧਰਮ ਬਚਾਉਣ ਲਈ ਦੂਰ ਨਿਕਲ ਗਿਆ ਪਰ ਜਹਾਂਗੀਰ ਨੂੰ ਜਦੋਂ ਪਤਾ ਲੱਗਿਆ, ਉਸ ਨੇ ਥਾਂ ਪਰ ਥਾਂ ਪੁਲਿਸ ਵਾਲਿਆਂ ਨੂੰ ਸਾਵਧਾਨ ਕਰਾ ਦਿਤਾ, ਉਸ ਦਾ ਹੁਲੀਆ ਦੂਰ-ਦੂਰ ਦੇਸ਼ਾਂ ਵਿਚ ਪਹੁੰਚ ਗਿਆ ਅਤੇ ਕਿਹਾ ਗਿਆ ਕਿ ਉਸ ਨੂੰ ਹਰ ਹਾਲਤ ਵਿਚ ਪੇਸ਼ ਕੀਤਾ ਜਾਵੇ। ਪੇਸ਼ਾਵਰ ਵਿਚ ਇਹ ਗੁਰੂ ਕਾ ਸਿੱਖ ਫੜਿਆ ਗਿਆ। ਜਹਾਂਗੀਰ ਦੇ ਪੇਸ਼ ਕੀਤਾ ਗਿਆ ਉਸ ਨੇ ਇਸ ਨੂੰ ਇਸਲਾਮ ਵਿਚ ਲਿਆਉਣ ਵਾਲੀਆਂ ਗੱਲਾਂ ਕਹੀਆਂ ਅਤੇ ਨਾਲ ਹੀ ਕਿਹਾ ਕਿ ਤੈਨੂੰ ਸੂਬੇਦਾਰ ਬਣਾ ਦਿੰਦੇ ਹਾਂ ਅਤੇ ਬਹੁਤ ਵੱਡੇ ਅਖਤਿਆਰ ਤੈਨੂੰ ਦਿਤੇ ਜਾਣਗੇ। ਫੇਰ ਮੈਂ ਆਪਣੀ ਲੜਕੀ ਦੀ ਸ਼ਾਦੀ ਤੇਰੇ ਨਾਲ ਕਰਾਂਗਾ। ਭਾਈ ਸੰਤ ਰਾਮ ਨੇ ਇਸ ਤਰ੍ਹਾਂ ਦੀ ਕੋਈ ਗੱਲ ਮਨਜ਼ੂਰ ਨਾ ਕੀਤੀ। ਅੰਤ ਉਸ ਨੂੰ ਮੌਤ ਦਾ ਦੰਡ ਦਿਤਾ ਗਿਆ, ਉਸ ਦੀ ਗਰਦਨ ਕੱਟ ਦਿਤੀ। ਜਦੋਂ ਸਹਿਜ਼ਾਦੀ ਨੂੰ ਇਸ ਗੱਲ ਦਾ ਪਤਾ ਲੱਗਿਆ ਉਸ ਨੇ ਬਹੁਤ ਦੁੱਖ ਪ੍ਰਗਟ ਕੀਤਾ ਅਤੇ ਉਸ ਨੇ ਇੱਛਾ ਪ੍ਰਗਟ ਕੀਤੀ ਕਿ ਮੈਂ ਉਸ ਨੂੰ ਦੇਖਣਾ ਚਾਹੁੰਦੀ ਹਾਂ। ਚਾਂਦੀ ਦੇ ਥਾਲ ਵਿਚ ਉਸ ਦਾ ਕੱਟਿਆ ਸੀਸ ਜਹਾਂਗੀਰ ਦੇ ਪੇਸ਼ ਕੀਤਾ ਗਿਆ, ਸ਼ਹਿਜ਼ਾਦੀ ਨੂੰ ਬੁਲਾਇਆ ਗਿਆ। ਉਸ ਨੇ ਜਦੋਂ ਸੀਸ ਨੂੰ ਹੱਥ ਲਾਉਣ ਦਾ ਜਤਨ ਕੀਤਾ ਅਤੇ ਉਹ ਉਸ ਚਾਂਦੀ ਦੀ ਤਸਕਰੀ ਦੇ ਨੇੜੇ ਆਈ, ਆਪਣੇ ਦੋਵੇਂ ਹੱਥ ਫੈਲਾਏ ਤਾਂ ਸਾਰੇ ਹੈਰਾਨ ਹੋ ਗਏ ਕਿ ਸੀਸ ਉਚਾ ਉਠਣਾ ਸ਼ੁਰੂ ਹੋ ਗਿਆ, ਜਿਥੋਂ ਤਕ ਸਹਿਜ਼ਾਦੀ ਦੇ ਹੱਥ ਉਠ ਸਕਦੇ ਸਨ ਉਸ ਤੋਂ ਸਵਾ ਗਿੱਠ ਉਹ ਸੀਸ ਹੋਰ ਉਚਾ ਉਠ ਗਿਆ। ਜਹਾਂਗੀਰ ਇਹ ਦੇਖ ਕੇ ਹੈਰਾਨ ਹੋ ਗਿਆ ਕਿ ਇਹ ਲੋਕ ਆਪਣੇ ਧਰਮ ਵਿਚ ਕਿੰਨੇ ਪੱਕੇ ਹਨ ਕਿ ਮਰਨ ਤੋਂ ਬਾਦ ਵੀ ਇਸ ਨੇ ਆਪਣੇ ਸਰੀਰ ਨੂੰ ਸਪਰਸ਼ ਨਾ ਕਰਨ ਦਿਤਾ।

***ਸਵਾ ਗਲਿਸ਼ਠ ਸਿਰ ਊਠਿਯੋ ਤਬ ਨ ਕਬੂਲੀ ਨਾਰ॥***

ਸੋ ਇਹ ਜਤ, ਸਤਿ ਦੀ ਹੈਰਾਨ ਕਰਨ ਵਾਲੀ ਮਿਸਾਲ ਹੈ। ਇਸੇ ਤਰ੍ਹਾਂ ਨਾਲ ਧੀਰਜ ਦਾ ਗੁਣ ਹੋਇਆ ਕਰਦਾ ਹੈ ਜਿਸ ਦਾ ਪਹਿਲਾਂ ਜ਼ਿਕਰ ਕੀਤਾ ਜਾ ਚੁਕਿਆ ਹੈ। ਖਿਮਾ, ਦਇਆ, ਕੋਮਲ, ਚਿੱਤ, ਅਲਪ, ਅਹਾਰ ਜ਼ਰੂਰੀ ਗੁਣ ਹਨ। ਦੁਖੀ ਦੇਖ ਕੇ ਉਸ ਦੀ ਸਹਾਇਤਾ ਕਰਨੀ ਇਸ ਨੂੰ ਦਇਆ ਆਖਿਆ ਜਾਂਦਾ ਹੈ। ਔਗੁਣ ਦੇਖ ਕੇ ਮਾਫ ਕਰ ਦੇਵੇ ਚਿਤ ਵਿਚ ਨਾ ਧਾਰਨਾ, ਇਸ ਨੂੰ ਖਿਮਾ ਕਿਹਾ ਜਾਂਦਾ ਹੈ। ਕਿਸੇ ਨੂੰ ਚੰਗਾ ਉਪਦੇਸ਼ ਦੇ ਕੇ ਸਿੱਧੇ ਰਸਤੇ ਪਾ ਦੇਣਾ ਇਹ ਕੋਮਲ ਹਿਰਦੇ ਦੀ ਨਿਸ਼ਾਨੀ ਹੋਇਆ ਕਰਦੀ ਹੈ। ਅਲਪ, ਅਹਾਰ, ਸੁਲਪ ਸੀ ਨਿੰਦ੍ਰਾ ਇਹ ਮਰਿਆਦਾ ਵਾਲੇ ਜੀਵਨ ਵਿਚ ਹੋਇਆ ਕਰਦਾ ਹੈ। ਇਸ ਤਰ੍ਹਾਂ ਇਕ ਹੋਰ ਗੁਣ ਹੈ ਜਿਸ ਨੂੰ ਸੌਚ ਆਖਿਆ ਜਾਂਦਾ ਹੈ ਜਿਸ ਦਾ ਅਰਥ ਪਵਿਤਰਤਾ ਹੈ। ਸਰੀਰ ਨੂੰ ਇਸ਼ਨਾਨ ਕਰਨ ਵੇਲੇ ਪੂਰੀ ਤਰ੍ਹਾਂ ਪਵਿੱਤਰ ਕਰਨਾ, ਸਵੱਛ ਤੌਲੀਏ ਨਾਲ ਸਰੀਰ ਸਾਫ ਕਰਨਾ, ਸਵੱਛ ਵਸਤਰ ਪਹਿਨਣੇ, ਨਹੁੰ ਵਗੈਰਾ ਕੱਟ ਕੇ ਰੱਖਣੇ, ਅੱਖਾਂ, ਕੰਨ ਅਤੇ ਨੱਕ ਨੂੰ ਪੂਰੀ ਤਰ੍ਹਾਂ ਸਾਫ ਰੱਖਣਾ ਅਤੇ ਇਨ੍ਹਾਂ ਨੂੰ ਬਾਰ-ਬਾਰ ਹੱਥ ਨਾ ਲਾਉਣਾ, ਸਿਰ ਵਿਚ ਖੁਰਕ ਨਾ ਕਰਦੇ ਰਹਿਣਾ। ਬਾਰ-ਬਾਰ ਉਬਾਸੀਆਂ ਨਾ ਲੈਣੀਆਂ। ਸੋ ਇਸ ਤਰ੍ਹਾਂ ਆਪਣਾ ਸਰੀਰ ਪੂਰੀ ਤਰ੍ਹਾਂ ਸਵੱਛ ਰੱਖਣਾ ਇਹ ਸੌਚ ਦਾ ਇਕ ਅੰਗ ਹੈ। ਆਪਣੇ ਬਚਨ ਨੂੰ ਝੂਠ ਦਾ ਸਪਰਸ਼ ਨਾ ਹੋਣ ਦੇਣਾ ਅਤੇ ਨਾ ਹੀ ਕੌੜਾ ਬੋਲਣਾ, ਪਿਆਰ ਵਾਲੀ ਬਾਣੀ ਬੋਲਣੀ, ਖਰਵੇਂ ਅਤੇ ਰੁੱਖੇ ਬੋਲਾਂ ਤੋਂ ਸੰਕੋਚ ਕਰਨਾ, ਕਿਸੇ ਨੂੰ ਨਿਰਾਦਰ ਭਰਿਆ ਵਾਕ ਨਾ ਕਹਿਣਾ, ਇਹ ਮੁੱਖ ਦੀ ਪਵਿੱਤਰਤਾ ਹੋਇਆ ਕਰਦੀ ਹੈ। ਮਨ ਨੂੰ ਪਵਿੱਤਰ ਰੱਖਣ ਲਈ ਉਸ ਨੂੰ ਰਾਗ ਦ੍ਵੈਸ਼ ਤੋਂ ਬਰੀ ਰੱਖਣਾ, ਕਿਸੇ ਨਾਲ ਈਰਖਾ ਨਾ ਕਰਨੀ, ਕਿਸੇ ਦਾ ਬੁਰਾ ਨਾ ਸੋਚਣਾ, ਵੈਰ ਭਾਵ ਤੋਂ ਸਦਾ ਹੀ ਸੰਕੋਚ ਰੱਖ ਕੇ ਇਹ ਸਮਝਣਾ।

***ਵਵਾ ਵੈਰੁ ਨ ਕਰੀਐ ਕਾਹੂ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ॥*** ***ਪੰਨਾ - 259***

ਜੇ ਕੋਈ ਬੁਰਿਆਈ ਕਰ ਜਾਵੇ ਤਾਂ ਉਸ ਦੇ ਨਾਲ ਪਰਤਵੀਂ ਬੁਰਿਆਈ ਕਰਨ ਬਾਰੇ ਨਾ ਸੋਚਣਾ ਸਗਮਾਂ ਆਪਣੇ ਪਵਿੱਤਰ ਸੁਭਾਅ ਦੇ ਮੁਤਾਬਿਕ ਵਾਹਿਗੁਰੂ ਦੇ ਪਵਿੱਤਰ ਚਰਨਾਂ ਵਿਚ ਅਰਦਾਸ ਕਰਨੀ ਕਿ ਹੇ ਦਾਤਾ! ਇਹ ਪ੍ਰੇਮੀ ਪਾਪਾਂ ਦੇ ਬੋਝ ਕਰਕੇ ਤੇਰੇ ਤੋਂ ਭੁਲਿਆ ਹੋਇਆ ਹੈ ਇਹ ਇਨਸਾਨ ਬਣ ਜਾਵੇ ਅਤੇ ਉਸ ਦਾ ਭਲਾ ਸੋਚਣਾ ਇਹ ਸਭ ਤੋਂ ਉਤਮ ਗੁਣ ਹੈ ਜਿਵੇਂ ਕਿ -

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥***
***ਪੰਨਾ - 1382***

ਸਿਆਣਿਆਂ ਦਾ ਅਖਾਣ ਹੈ -

***ਭਲੇ ਭਲੇ ਕਰ ਮੰਨੀਅਨਿ***
***ਬੁਰਿਆਂ ਦੇ ਹਰਿ ਕਾਜ ਸਵਾਰੇ।***

ਇਸ ਤਰ੍ਹਾਂ ਵੀ ਹੈ -

***ਬੁਰਿਆਂ ਨਾਲ ਬੁਰਿਆਈ ਕਰਦੇ***
***ਮਾਫ ਕਰਨ ਕਈ ਸਿਆਣੇ,***
***ਬੁਰਿਆਂ ਨਾਲ ਭਲਿਆਈ ਕਰਨੀ***
***ਇਹ ਗੁਰੂ ਨਾਨਕ ਜਾਣੇ।***

ਇਸ ਤਰ੍ਹਾਂ ਦੀ ਭਾਵਨਾ ਮਨ ਵਿਚ ਰੱਖ ਕੇ ਮਨ ਨੂੰ ਪਵਿੱਤਰ ਰੱਖਣਾ। ਬੁੱਧੀ ਦੀ ਪਵਿੱਤਰਤਾ ਲਈ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਸਤਿਸੰਗ ਵਿਚ ਸੁਣਨੇ, ਕਮਾਉਣੇ, ਗੁਰੂ

ਦੇ ਬਚਨ ਸੁਣ ਕੇ ਹਿਰਦੇ ਨੂੰ ਪਵਿੱਤਰ ਰੱਖਣਾ, ਇਸ ਨੂੰ ਸੌਚ ਆਖਦੇ ਹਨ। ਇਸੇ ਤਰ੍ਹਾਂ ਨਾਲ ਇੰਦ੍ਰੀਆਂ ਦੇ ਦਮਨ ਕਰਨ ਲਈ ਹੋਰ ਗੁਣ ਵੀ ਹਨ ਜਿਨ੍ਹਾਂ ਨੂੰ ਤਪ, ਸੰਤੋਖ, ਆਸਤਕ ਬੁੱਧ, ਦਾਨ, ਪੂਜਾ, ਗੁਰ ਸ਼ਬਦ ਦੀ ਕਮਾਈ, ਨੇਮ, ਹੋਮ, ਭਰੋਸਾ ਆਦਿ ਆਖਦੇ ਹਨ।

ਸਾਂਤਕੀ ਤਪ ਬਿਰਤੀ ਨਾਮ ਵਿਚ ਟਿਕਾ ਕੇ ਰੱਖਣ ਨੂੰ ਆਖਦੇ ਹਨ। ਇਸ ਤੋਂ ਅਗਲਾ ਗੁਣ ਸੰਤੋਖ ਹੋਇਆ ਕਰਦਾ ਹੈ, ਜੀਅ ਭਰ ਕੇ ਮਿਹਨਤ ਕਰਨੀ ਉਸ ਦੇ ਬਦਲੇ ਜੋ ਕੁਝ ਪ੍ਰਾਪਤ ਹੁੰਦਾ ਹੈ ਉਸ ਉਪਰ ਸੰਤੁਸ਼ਟ ਰਹਿਣਾ, ਇਸ ਦੇ ਨਾਲ ਤ੍ਰਿਸ਼ਨਾ ਦੀ ਅਗਨ ਬੁੱਝ ਜਾਇਆ ਕਰਦੀ ਹੈ। ਕੱਚਾ ਸੰਤੋਖੀ ਨਾ ਬਣਨਾ, ਕੱਚਾ ਸੰਤੋਖੀ ਉਸ ਨੂੰ ਆਖਦੇ ਹਨ ਕਿ ਪਦਾਰਥ ਤਾਂ ਹੱਥ ਵਿਚ ਨਾ ਆਉਣਾ ਪਰ ਮਨ ਹਰ ਵੇਲੇ ਲੋਚਦਾ ਰਹਿਣਾ। ਤ੍ਰਿਸ਼ਨਾ ਦੀ ਅਗਨ ਮਨ ਵਿਚ ਜਲਦੀ ਰਹਿਣੀ ਅਤੇ ਉਪਰੋਂ-ਉਪਰੋਂ ਕਹਿਣਾ ਕਿ ਮੈਂ ਤਾਂ ਸੰਤੋਖੀ ਹਾਂ।

ਅਗਲਾ ਗੁਣ ਆਸਤਕ ਮਤ ਹੋਇਆ ਕਰਦਾ ਹੈ। ਵਾਹਿਗੁਰੂ ਜੀ ਉਪਰ ਪੂਰਨ ਭਰੋਸਾ ਰਖਣਾ, ਉਸ ਨੂੰ ਹਰ ਥਾਂ ਹਾਜ਼ਰ-ਨਾਜ਼ਰ ਜਾਨਣਾ, ਉਸ ਨਾਲ ਪਿਆਰ ਕਰਨਾ, ਇਹ ਆਸਤਕ ਬੁੱਧੀ ਹੋਇਆ ਕਰਦੀ ਹੈ। ਇਨ੍ਹਾਂ ਤੋਂ ਇਲਾਵਾ ਦਾਨ ਇਕ ਬਹੁਤ ਵੱਡਾ ਗੁਣ ਹੈ, ਪਰ ਇਸ ਦੇ ਵੀ ਤਿੰਨ ਭੇਤ ਹਨ। ਇਕ ਤਾਮਸੀ ਦਾਨ ਹੈ, ਮਨ ਦਾਨ ਕਰਨ ਨੂੰ ਬਿਲਕੁਲ ਨਹੀਂ ਚਾਹੁੰਦਾ ਪਰ ਮਜ਼ਬੂਰ ਕਰਨ ਤੇ ਆਪਣੇ ਵਿਤ ਤੋਂ ਵੱਧ ਦੇਣਾ ਅਤੇ ਦੇ ਕੇ ਕ੍ਰੋਧ ਕਰਨਾ, ਇਹ ਤਾਮਸੀ ਦਾਨ ਹੋਇਆ ਕਰਦਾ ਹੈ। ਇਹ ਲੈਣ ਵਾਲੇ ਨੂੰ ਵੀ ਫਲੀਭੂਤ ਨਹੀਂ ਹੁੰਦਾ ਅਤੇ ਦੇਣ ਵਾਲੇ ਨੂੰ ਵੀ ਨਹੀਂ ਹੋਇਆ ਕਰਦਾ।

ਰਾਜਸੀ ਦਾਨ - ਜਿਸ ਵਿਚ ਦਾਨ ਕਰਨ ਵਾਲੇ ਦਾ ਮੰਤਵ ਛੁਪਿਆ ਹੁੰਦਾ ਹੈ ਉਹ ਦਾਨ ਕਰਕੇ ਆਪਣਾ ਜਸ ਚਾਹੁੰਦਾ ਹੈ ਅਤੇ ਪ੍ਰਸੰਸਾ ਪ੍ਰਾਪਤ ਕਰਕੇ ਆਪਣੇ ਕਿਸੇ ਕਾਰਜ ਦੀ ਸਿੱਧੀ ਚਾਹੁੰਦਾ ਹੈ ਇਸ ਦਾ ਦਰਗਾਹ ਵਿਚ ਕੋਈ ਫਲ ਨਹੀਂ ਮਿਲਿਆ ਕਰਦਾ। ਇਹ ਦੁਨੀਆਂ ਵਾਸਤੇ ਹੀ ਹੋਇਆ ਕਰਦਾ ਹੈ। ਦਾਨ ਕਰਕੇ ਪੱਥਰ ਲਵਾ ਦੇਣੇ, ਆਪੇ ਆਪਣੇ ਦਾਨ ਦੀ ਪ੍ਰਸੰਸਾ ਕਰ ਦੇਣੀ ਇਹ ਦਾਨ ਫਲਿਆ ਨਹੀਂ ਕਰਦਾ ਕਿਉਂਕਿ ਪੂਰੀ ਵਿਧੀ ਨਾਲ ਨਹੀਂ ਬੀਜਿਆ ਹੈ।

ਤੀਸਰਾ ਸਾਂਤਕੀ ਦਾਨ ਹੋਇਆ ਕਰਦਾ ਹੈ। ਆਪਣੇ ਪਾਸ ਜੋ ਦੌਲਤ ਹੈ ਉਸ ਨੂੰ ਵਾਹਿਗੁਰੂ ਜੀ ਦੀ ਦਿਤੀ ਹੋਈ ਦਾਤ ਜਾਨਣਾ ਅਤੇ ਉਸ ਵਿਚੋਂ ਨਿਯਤ ਕੀਤਾ ਹੋਇਆ ਦਸਵੰਧ ਧਰਮ ਕਾਰਜਾਂ ਲਈ ਕੱਢਣਾ ਅਤੇ ਦਿਤੇ ਹੋਏ ਦਾਨ ਨੂੰ ਪੂਰੀ ਤਰ੍ਹਾਂ ਗੁਪਤ ਰੱਖਣਾ। ਇਹ ਸਾਂਤਕੀ ਦਾਨ ਹੋਇਆ ਕਰਦਾ ਹੈ। ਇਹ ਇਥੇ ਵੀ ਫਲਦਾ ਹੈ, ਦਰਗਾਹ ਵਿਚ ਵੀ ਫਲਦਾ ਹੈ ਇਸ ਦੇ ਬਾਰੇ ਇਕ ਸਾਵਧਾਨੀ ਵਰਤਣੀ ਪੈਂਦੀ ਹੈ ਉਹ ਇਹ ਹੈ ਕਿ ਅਧਿਕਾਰੀ ਦੇਖ ਕੇ ਦਾਨ ਦੇਵੇ ਜਿਵੇਂ ਕਿ ਫੁਰਮਾਨ ਹੈ -

***ਖੇਤੁ ਪਛਾਣੈ ਬੀਜੈ ਦਾਨੁ॥*** ***ਪੰਨਾ - 1411***

ਗੁਰੂ ਮਹਾਰਾਜ ਜੀ ਨੇ ਸਾਨੂੰ ਸੋਝੀ ਦਿੰਦਿਆਂ ਹੋਇਆਂ ਦਾਨ ਦੇਣ ਦੀ ਜੁਗਤੀ ਦੱਸੀ ਹੈ -

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ।।***
***ਦਾਨ ਦਯੋ ਇਨਹੀ ਕੋ ਭਲੋ,***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ, ਜਗ ਮੈ ਜਸੁ,***
***ਅਉਰ ਦਯੋ ਸਭ ਫੀਕੋ॥***
***ਮੋ ਗ੍ਰਿਹਿ ਮੈ ਤਨ ਤੇ ਮਨ ਤੇ ਸਿਰ ਲਉ,***
***ਧਨ ਹੈ ਸਭ ਹੀ ਇਨਹੀ ਕੋ॥***

***ਗਿਆਨ ਪ੍ਰਬੋਧ ਪਾਤਸ਼ਾਹੀ ੧੦***

ਸੋ ਬੰਦਗੀ ਕਰਨ ਵਾਲੇ ਮਹਾਂਪੁਰਸ਼ ਰਾਹੀਂ ਦਾਨ ਸਫਲ ਕਰਾਉਣਾ। ਲੱਖਾਂ ਗੁਣਾਂ ਫਲਦਾ ਹੈ। ਆਮ ਤੌਰ ਤੇ ਸਾਧਾਰਣ ਦਾਨ ਦਿਤਾ ਹੋਇਆ ਦੁਨੀਆਂ ਵਿਚ ਦਸ ਗੁਣਾਂ ਅਤੇ ਦਰਗਾਹ ਵਿਚ 70 ਗੁਣਾਂ ਫਲਦਾ ਹੈ। ਇਹ ਖਿਆਲ ਆਮ ਤੌਰ ਉਪਰ ਇਸਲਾਮ ਵਾਲੇ ਜ਼ਿਆਦਾ ਮੰਨਦੇ ਹਨ ਇਸ ਨੂੰ ਪ੍ਰਗਟ ਕਰਦੇ ਇਕ ਸਾਖੀ ਆਉਂਦੀ ਹੈ ਕਿ ਨਾਮਦੇਵ ਜੀ ਦੇਸ਼ ਰਟਨ ਕਰਦੇ-ਕਰਦੇ ਅੱਜ ਦਿੱਲੀ ਵਿਚ ਸੰਗਤਾਂ ਨੂੰ ਤਾਰ ਰਹੇ ਹਨ। ਬਹੁਤ ਸਾਰੀਆਂ ਸੰਗਤਾਂ ਉਨ੍ਹਾਂ ਦੇ ਸਤਿਸੰਗ ਤੇ ਸਤਿ ਬਚਨ ਸੁਣਨ ਵਾਸਤੇ ਇਕੱਠੀਆਂ ਹੁੰਦੀਆਂ ਹਨ। ਆਪ ਦੀ ਕ੍ਰਿਆ ਇਸ ਤਰ੍ਹਾਂ ਸੀ ਕਿ ਆਪ ਅੰਮ੍ਰਿਤ ਵੇਲੇ ਜਮੁਨਾ ਦੇ ਪਵਿੱਤਰ ਜਲ ਵਿਚ ਇਸ਼ਨਾਨ ਕਰਕੇ ਅਤੇ ਨੇੜੇ ਹੀ ਸ਼ੁੱਧ ਥਾਂ ਦੇਖ ਕੇ ਬਰੇਤੀ ਉਪਰ ਹੀ ਸਮਾਧ ਸਥਿਤ ਹੋ ਜਾਇਆ ਕਰਦੇ ਹਨ। ਅੱਜ ਆਪ ਸਹਿਜ ਸਮਾਧ ਵਿਚ ਸਥਿਤ ਬੈਠੇ ਸਨ ਤਾਂ ਆਪ ਦੇ ਪਾਸੋਂ ਇਕ ਮਰੇ ਹੋਏ ਬ੍ਰਾਹਮਣ ਦੇ ਲੜਕੇ ਦੀ ਅਰਥੀ ਉਸ ਦੇ ਰਿਸ਼ਤੇਦਾਰ ਲਈ ਜਾਂਦੇ ਹਨ। ਉਨ੍ਹਾਂ ਜ਼ਮਾਨਿਆਂ ਦੇ ਰਿਵਾਜ਼ ਅਨੁਸਾਰ ਉਸ ਦੀ ਇਸਤ੍ਰੀ ਪੂਰੇ ਗਹਿਣੇ ਪਾ ਕੇ ਜਾ ਰਹੀ ਸੀ, ਸਤੀ ਹੋਣ ਤੋਂ ਪਹਿਲਾਂ ਸ਼ਮਸ਼ਾਨ ਭੂਮੀ ਵਿਚ ਪਾਣੀ ਰੱਖਿਆ ਹੁੰਦਾ ਸੀ। ਉਸ ਵਿਚ ਉਹ ਇਸ਼ਨਾਨ ਕਰਕੇ ਇਕ ਕੱਪੜਾ ਤਨ ਦੇ ਦੁਆਲੇ ਲਪੇਟ ਲੈਂਦੀ ਸੀ ਅਤੇ ਆਪਣੇ ਹੱਥ ਨਾਲ ਸਾਰੇ ਪਾਏ ਹੋਏ ਗਹਿਣੇ ਗਰੀਬਾਂ ਵਿਚ ਵੰਡ ਦਿੰਦੀ ਸੀ। ਉਸ ਪਿਛੋਂ ਉਹ ਚਿਤਾ ਵਿਚ ਬੈਠ ਜਾਂਦੀ। ਚਿਤਾ ਧਰਤੀ ਉਪਰ ਟੋਆ ਪੁੱਟ ਕੇ ਬਣਾਈ ਹੁੰਦੀ ਸੀ। ਜਿਸ ਵਿਚ ਅਗਨ ਪ੍ਰਜ੍ਵਲਤ ਕਰ ਦਿਤੀ ਜਾਂਦੀ ਸੀ, ਉਸ ਪਿਛੋਂ 8-10 ਬੰਦੇ ਲਕੜੀਆਂ ਉਸ ਚਿਖਾ ਉਪਰ ਸੁੱਟ ਦਿੰਦੇ ਸਨ ਅਤੇ ਪੰਜ ਸੱਤ ਮਜ਼ਬੂਤ ਬੰਦੇ ਅੱਗ ਦਾ ਸੇਕ ਲਗਣ ਤੇ ਸਤੀ ਨੂੰ ਭੁੜਕ ਕੇ ਬਾਹਰ ਆਉਣ ਤੋਂ ਰੋਕਣ ਲਈ ਲੰਮੇ ਬਾਸਾਂ ਨਾਲ ਉਸ ਨੂੰ ਹੇਠਾਂ ਦੱਬ ਦਿੰਦੇ। ਇਹ ਬੜੀ ਦੁੱਖ ਦੀ ਗੱਲ ਹੁੰਦੀ ਸੀ। ਪਤਾ ਨਹੀਂ ਭਾਰਤ ਵਰਸ਼ ਵਿਚ ਇਹ ਕਦੋਂ ਤੇ ਕਿਥੋਂ ਰਿਵਾਜ਼ ਪੈ ਗਿਆ। ਗੁਰੂ ਮਹਾਰਾਜ ਜੀ ਨੇ ਇਸ ਨੂੰ ਪਸੰਦ ਨਹੀਂ ਕੀਤਾ, ਉਨ੍ਹਾਂ ਨੇ ਕਿਹਾ ਕਿ ਅੱਗ ਨਾਲ ਜਲ ਜਾਣ ਵਾਲੀਆਂ ਸਤੀਆਂ ਨਹੀਂ ਹੋਇਆ ਕਰਦੀਆਂ ਜੋ ਬਿਰਹੁ ਦੀ ਚੋਟ ਨਾਲ ਮਰ ਜਾਣ ਉਹ ਸਤੀਆਂ ਕਹੀਆਂ ਜਾਂਦੀਆਂ ਹਨ ਜਾਂ ਪਤੀ ਦੇ ਚੜ੍ਹਾਈ ਕਰ ਜਾਣ ਪਿਛੋਂ ਪਤਨੀ ਜਤ ਦਾ ਜੀਵਨ ਗੁਜ਼ਾਰੇ -

***ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥***
***ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥***
***ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ॥***

***ਪੰਨਾ - 787***

ਸੋ ਇਹ ਉਸ ਵੇਲੇ ਦੇ ਰਿਵਾਜ਼ ਸੀ। ਇਹ ਤਾਂ ਇਕ ਅੰਗ੍ਰੇਜ਼ ਲਾਰਡ ਵਿਲਿਅਮ ਬੈਂਟਿੰਗ ਹੋਇਆ ਹੈ ਉਸ ਨੇ ਬੰਦ ਕੀਤਾ ਸੀ। ਸੋ ਅਰਥੀ ਦੇ ਨਾਲ ਜੋ ਉਸ ਨੌਜੁਆਨ ਦੀ ਪਤਨੀ ਗਹਿਣੇ ਪਾ ਕੇ ਜਾ ਰਹੀ ਸੀ ਤਾਂ ਉਸ ਦੇ ਮਨ ਵਿਚ ਖਿਆਲ ਆਇਆ ਕਿ ਮੈਂ ਇਕ ਘੜੀ ਨੂੰ ਸਤੀ ਹੋ ਜਾਣਾ ਹੈ ਕਿਉਂ ਨਾ ਮੈਂ ਮਹਾਂਪੁਰਸ਼ਾਂ ਨੂੰ ਨਮਸਕਾਰ ਕਰਦੀ ਜਾਵਾਂ। ਉਸ ਵੇਲੇ ਉਸ ਨੇ ਆ ਕੇ ਨਾਮਦੇਵ ਜੀ ਨੂੰ ਨਮਸ਼ਕਾਰ ਕਰੀ।

ਨਾਮਦੇਵ ਜੀ ਸਮਾਧੀ ਸਥਿਤ ਸਨ। ਉਨ੍ਹਾਂ ਨੇ ਗਹਿਣਿਆਂ ਦੀ ਛਣਕਾਰ ਸੁਣ ਕੇ ਬਚਨ ਕਰ ਦਿਤਾ ਕਿ ਬੇਟੀ! ਸੁਹਾਗ ਮਾਣ। ਉਸ ਲੜਕੀ ਨੇ ਬੇਨਤੀ ਕੀਤੀ ਕਿ ਮਹਾਰਾਜ! ਮੇਰਾ ਸੁਹਾਗ ਤਾਂ ਅਰਥੀ ਉਪਰ ਪਿਆ ਹੈ। ਸਾਧੂ ਦਾ ਬਚਨ ਅਟੱਲ ਹੋਇਆ ਕਰਦਾ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ–

*ਧਾਰਨਾ - ਭਾਵੇਂ ਚੰਦਰਮਾ ਨਾਸ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ - 2, 2.*
*ਮੇਰੇ ਪਿਆਰੇ, ਸੰਤਾਂ ਦਾ ਬੋਲ ਨਾ ਟਲੇ-2, 2*
*ਭਾਵੇਂ ਚੰਦਰਮਾ ਨਾਸ ਹੋ ਜਾਵੇ - 2.*

*ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥*
*ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥*
*ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥*
*ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥*
*ਪੰਨਾ - 1204*

ਨਾਮਦੇਵ ਜੀ ਨੂੰ ਅੰਦਰੋਂ ਪ੍ਰੇਰਨਾ ਹੋਈ ਕਿ ਤੂੰ ਘਬਰਾ ਨਾ, ਰਾਮ ਦੇ ਨਾਮ ਵਿਚ ਅਨੰਤ ਸ਼ਕਤੀਆਂ ਹਨ, ਤੇਰੇ ਬਚਨ ਵਿਚ ਸੱਤਾ ਹੈ, ਰਾਮ ਕਹਿ ਕੇ ਇਸ ਨੂੰ ਮੋਢੇ ਤੋਂ ਫੜ ਕੇ ਖੜ੍ਹਾ ਕਰ ਦੇ ਅਤੇ ਬ੍ਰਾਹਮਣ ਦਾ ਲੜਕਾ ਜਿਉਂਦਾ ਹੋ ਗਿਆ। ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ, ਇਹ ਗੱਲ ਕੱਟੜਾਂ ਨੂੰ ਬਹੁਤ ਹੀ ਬੁਰੀ ਲੱਗੀ। ਉਸ ਵਿਚ ਕੱਟੜ ਮੁਲਾਣੇ ਤੇ ਅਭਿਮਾਨੀ ਪੰਡਤ ਸ਼ਾਮਿਲ ਸਨ। ਇਨ੍ਹਾਂ ਤੋਂ ਇਲਾਵਾ ਨਾਸਤਕ ਬੁੱਧੀ ਵਾਲੇ ਕੁਬੁਧੀਜੀਵੀ ਵੀ ਰਲੇ ਹੋਏ ਸਨ। ਇਕ ਦਿਨ ਐਸਾ ਆਇਆ, ਦਿੱਲੀ ਦੇ ਸੁਲਤਾਨ ਸਲੇਮਸ਼ਾਹ ਜੋ ਦਿੱਲੀ ਵਿਚ ਰਾਜ ਕਰ ਰਹੇ ਸੀ, ਉਨ੍ਹਾਂ ਪਾਸ ਜਾ ਕੇ ਸ਼ਕਾਇਤ ਲਾਈ ਗਈ ਕਿ ਦੇਖੋ, ਨਾਮਦੇਵ ਨੇ ਕਿੰਨਾ ਪਾਖੰਡ ਰਚਿਆ ਹੈ ਕਿ ਇਕ ਬੰਦੇ ਨੂੰ ਮੁਰਦਾ ਬਣਾ ਕੇ ਅਰਥੀ ਤੇ ਪਾ ਕੇ ਸ਼ਮਸ਼ਾਨ ਭੂਮੀ ਲਿਜਾਣ ਦਾ ਢੌਂਗ ਰਚ ਲਿਆ। ਉਸ ਦੀ ਘਰਵਾਲੀ ਜੋ ਸਤੀ ਹੋਣ ਜਾ ਰਹੀ ਸੀ, ਉਹ ਨਾਮਦੇਵ ਜੀ ਦੀ ਪਹਿਲਾਂ ਤੋਂ ਮਿੱਥੀ ਗੱਲ ਦੇ ਮੁਤਾਬਿਕ ਉਨ੍ਹਾਂ ਪਾਸ ਨਮਸ਼ਕਾਰ ਕਰਨ ਗਈ ਤਾਂ ਬ੍ਰਾਹਮਣ ਦੇ ਲੜਕੇ ਨੂੰ ਨਾਮਦੇਵ ਜੀ ਨੇ ਮੋਢਾ ਫੜ ਕੇ ਖੜ੍ਹਾ ਕਰ ਦਿਤਾ। ਸਾਰੀ ਦਿੱਲੀ ਵਿਚ ਲੋਕ ਇਸ ਕਹਾਣੀ ਬਾਰੇ ਸੋਚ ਰਹੇ ਹਨ। ਮਹਾਰਾਜ! ਕਿੱਡਾ ਵੱਡਾ ਪਾਖੰਡ ਹੈ। ਇਹ ਸਾਧੂ ਲੋਕ ਕਿੰਨੀ ਨਿੰਦਨੀ ਹੱਦ ਤਕ ਪਹੁੰਚ ਸਕਦੇ ਹਨ। ਇਸ ਵਿਚ ਪ੍ਰਤੱਖ ਪ੍ਰਮਾਣ ਮੁਰਦੇ ਨੂੰ ਜਿਉਂਦਾ ਕਰਨ ਵਾਲਾ ਹੈ। ਜੇ ਉਹ ਸਚਮੁੱਚ ਮੁਰਦਾ ਜਿਉਂਦਾ ਕਰ ਸਕਦੇ ਹਨ ਤਾਂ ਗਊ ਮਾਰ ਕੇ ਕਹੋ ਕਿ ਇਸ ਨੂੰ ਜਿਉਂਦਾ ਕਰ। ਨਾਮਦੇਵ ਜੀ ਨੂੰ ਬੁਲਾਇਆ ਗਿਆ ਅਤੇ ਬਿਸਮਲ ਕੀਤੀ ਹੋਈ ਗਊ ਜਿਉਂਦੀ ਕਰਨ ਲਈ ਆਖਿਆ। ਇਸ ਦਾ ਵਿਸਥਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਆਉਂਦਾ ਹੈ ਜੋ ਸੰਖੇਪ ਵਿਚ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ –

*ਸੁਲਤਾਨੁ ਪੂਛੈ ਸੁਨੁ ਬੇ ਨਾਮਾ॥*
*ਦੇਖਉ ਰਾਮ ਤੁਮਾਰੇ ਕਾਮਾ॥*
*ਨਾਮਾ ਸੁਲਤਾਨੇ ਬਾਧਿਲਾ॥*
*ਦੇਖਉ ਤੇਰਾ ਹਰਿ ਬੀਠੁਲਾ॥*
*ਬਿਸਮਿਲ ਗਊ ਦੇਹੁ ਜੀਵਾਇ॥*
*ਨਾਤਰੁ ਗਰਦਨਿ ਮਾਰਉ ਠਾਂਇ॥ ਪੰਨਾ - 1165*

ਨਾਮਦੇਵ ਜੀ ਤਿੰਨ ਘੰਟੇ ਹਰੀ ਕੀਰਤਨ ਕਰਦੇ ਰਹੇ ਜਿਸ ਕਰਕੇ ਪ੍ਰਭੂ ਨੇ ਪ੍ਰਤੱਖ ਦਰਸ਼ਨ ਦੇ ਕੇ ਕਿਹਾ, ਜਿਸ ਬਾਰੇ ਇਸ ਤਰ੍ਹਾਂ ਜ਼ਿਕਰ ਆਉਂਦਾ ਹੈ –

*ਸਾਤ ਘੜੀ ਜਬ ਬੀਤੀ ਸੁਣੀ॥*
*ਅਜਹੁ ਨ ਆਇਓ ਤ੍ਰਿਭਵਣ ਧਣੀ॥*
*ਪਾਖੰਤਣ ਬਾਜ ਬਜਾਇਲਾ॥*
*ਗਰੁੜ ਚੜ੍ਹੇ ਗੋਬਿੰਦ ਆਇਲਾ॥*
*ਅਪਨੇ ਭਗਤ ਪਰਿ ਕੀ ਪ੍ਰਤਿਪਾਲ॥*
*ਗਰੁੜ ਚੜ੍ਹੇ ਆਏ ਗੋਪਾਲ॥*
*ਕਹਹਿ ਤ ਧਰਣਿ ਇਕੋਡੀ ਕਰਉ॥*
*ਕਹਹਿ ਤ ਲੇ ਕਰਿ ਊਪਰਿ ਧਰਉ॥*
*ਕਹਹਿ ਤ ਮੁਈ ਗਊ ਦੇਉ ਜੀਆਇ॥*
*ਸਭੁ ਕੋਈ ਦੇਖੈ ਪਤੀਆਇ॥*
*ਨਾਮਾ ਪ੍ਰਣਵੈ ਸੇਲ ਮਸੇਲ॥*
*ਗਊ ਦੁਹਾਈ ਬਛਰਾ ਮੇਲਿ॥ ਪੰਨਾ - 1166*

ਸੋ ਇਸ ਤਰ੍ਹਾਂ ਬਾਦਸ਼ਾਹ ਸਲੇਮਸ਼ਾਹ ਨੇ ਅੱਖਾਂ ਨਾਲ ਦੇਖ ਲਿਆ ਕਿ ਪ੍ਰਭੂ ਸੰਤਾਂ ਦੀ ਰਾਖੀ ਕਰਦਾ ਹੈ। ਬਾਦਸ਼ਾਹ ਨਾਮਦੇਵ ਜੀ ਦਾ ਬਹੁਤ ਸ਼ਰਧਾਲੂ ਹੋ ਗਿਆ। ਉਸ ਨੇ ਨਾਮਦੇਵ ਜੀ ਦੀ ਭੇਟਾ ਇਕ ਹੀਰਿਆਂ ਮੋਤੀਆਂ ਨਾਲ ਜੜ੍ਹਤ ਪਲੰਘ ਭੇਟਾ ਕੀਤਾ। ਨਾਮਦੇਵ ਜੀ ਨੇ ਕਿਹਾ ਕਿ ਬਾਦਸ਼ਾਹ! ਐਡੇ ਕੀਮਤੀ ਪਲੰਘ ਦੀ ਮੈਨੂੰ ਕੋਈ ਲੋੜ ਨਹੀਂ ਹੈ। ਅਸੀਂ ਲੋਕ ਤਾਂ ਧਰਤੀ ਤੇ ਪੈ ਕੇ ਵੀ ਉਸ ਪ੍ਰਮੇਸ਼ਰ ਦਾ ਭਜਨ ਕਰਦੇ ਰਹਿੰਦੇ ਹਾਂ। ਅਜਿਹੀਆਂ ਸੁੰਦਰ ਸੇਜਾਂ ਤਾਂ ਰਾਜਿਆਂ ਵਾਸਤੇ ਹੀ ਹੋਇਆ ਕਰਦੀਆਂ ਹਨ ਪਰ ਉਸ ਨੇ ਬਾਰ-ਬਾਰ ਕਹਿ ਕੇ ਸੇਜਾ ਨਾਮਦੇਵ ਜੀ ਦੇ ਹਵਾਲੇ ਕਰ ਦਿਤੀ ਅਤੇ ਉਨ੍ਹਾਂ ਦੇ ਠਹਿਰਣ ਵਾਲੇ ਥਾਂ ਤਕ ਪਹੁੰਚਾਉਣ ਲਈ ਆਪਣਾ ਨੌਕਰ ਭੇਜ ਦਿਤਾ। ਜਦੋਂ ਨਾਮਦੇਵ ਜੀ ਜਮੁਨਾ ਦੇ ਕੰਢੇ ਆਏ ਤਾਂ ਉਨ੍ਹਾਂ ਨੇ ਨੌਕਰਾਂ ਤੋਂ ਸੇਜਾ ਫੜ ਲਈ ਅਤੇ ਸਿਰ ਤੇ ਚੁੱਕ ਜਮੁਨਾ ਦਰਿਆ ਵਿਚ ਵੜ ਗਏ ਅਤੇ ਲੱਕ–ਲੱਕ ਪਾਣੀ ਵਿਚ ਉਹ ਕੀਮਤੀ ਪਲੰਘ ਸੁੱਟ ਦਿਤਾ। ਨੌਕਰਾਂ ਨੇ ਸਾਰੀ ਗੱਲ ਬਾਦਸ਼ਾਹ ਸਲੇਮਸ਼ਾਹ ਨੂੰ ਜਾ ਕੇ ਦੱਸੀ ਤਾਂ ਉਹ ਨਾਮਦੇਵ ਜੀ ਪਾਸ ਆਇਆ ਤਾਂ ਉਸ ਨੇ ਕਿਹਾ ਕਿ ਗਲਤੀ ਨਾਲ ਸਹਿਜ਼ਾਦੇ ਦੀ ਸੇਜਾਂ ਆਪ ਨੂੰ ਦਿਤੀ ਗਈ, ਤੁਸੀਂ ਇਹ ਵਾਪਸ ਕਰ ਦੇਵੋ ਤਾਂ ਕਿ ਮੈਂ ਨਵੀਂ ਸੇਜਾ ਜੋ ਅਜੇ ਤਕ ਕੋਰੀ ਹੈ ਕੋਈ ਵੀ ਉਸ ਉਪਰ ਨਹੀਂ ਪਿਆ ਉਹ ਆਪ ਦੀ ਭੇਟਾ ਕਰ ਦੇਵਾਂ। ਨਾਮਦੇਵ ਜੀ ਸਾਰੀ ਗੱਲ ਜਾਣ ਗਏ ਕਿ ਬਾਦਸ਼ਾਹ ਝੂਠ ਬੋਲਦਾ ਹੈ। ਤਾਂ ਉਸ ਵੇਲੇ ਆਪ ਜਮੁਨਾ ਦੇ ਕੰਢੇ ਖੜ੍ਹੇ ਹੋ ਗਏ। ਦਰਿਆ ਨੂੰ ਹਾਕ ਮਾਰ ਕੇ ਕਿਹਾ ਕਿ ਇਸ ਦੀ ਸੇਜਾ ਪਾਣੀ 'ਚੋਂ ਬਾਹਰ ਕੱਢ ਦੇਵੋ। ਉਸ ਵੇਲੇ ਪਾਣੀ ਵਿਚ ਅਜੀਬ ਕਿਸਮ ਦੀ ਹਿਲਜੁਲ ਹੋਈ ਅਤੇ ਦੇਖਦਿਆਂ-ਦੇਖਦਿਆਂ ਉਸੇ ਤਰ੍ਹਾਂ ਦੇ 72 ਪਲੰਘ ਜਮੁਨਾ ਦੀ ਬਰੇਤੀ ਉਪਰ ਆ ਟਿਕੇ। ਨਾਮਦੇਵ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਆਪਣਾ ਪਲੰਘ ਚੁੱਕ ਲਵੋ। ਬਾਦਸ਼ਾਹ ਹੈਰਾਨ ਸੀ ਉਸ ਨੇ ਕਿਹਾ ਕਿ ਭਗਤ ਜੀ! ਮੈਂ ਤਾਂ ਇਕ ਪਲੰਘ ਹੀ ਆਪ ਦੀ ਸੇਵਾ ਵਿਚ ਭੇਟਾ ਕੀਤਾ ਸੀ, ਇਹ ਤਾਂ 72 ਪਏ ਹਨ। ਉਸ ਵੇਲੇ ਨਾਮਦੇਵ ਜੀ ਨੇ ਇਸ਼ਾਰਾ ਕੀਤਾ, 62 ਪਲੰਘ ਨਦੀ ਵਿਚ ਅਲੋਪ ਹੋ ਗਏ ਅਤੇ 10 ਬਾਹਰ ਰਹਿ ਗਏ। ਨਾਮਦੇਵ ਜੀ ਨੇ ਕਿਹਾ ਕਿ ਬਾਦਸ਼ਾਹ! ਇਕ ਪਲੰਘ ਦਾ ਦਾਨ ਕੀਤਾ ਹੋਇਆ ਤੈਨੂੰ ਦਰਗਾਹ ਵਿਚ ਜਾ ਕੇ 72 ਪਲੰਘ ਮਿਲਣੇ ਸਨ ਕਿਉਂਕਿ ਤੂੰ ਦੁਨੀਆਂ ਵਿਚ ਮੰਗ ਲਏ ਇਸ ਕਰਕੇ ਹੁਣ ਤੂੰ 10 ਪਲੰਘ ਆਪਣੇ ਮਹੱਲਾਂ ਵਿਚ ਲੈ ਜਾ। ਇਸ ਦਾ ਅੰਸ ਮਾਤਰ ਜ਼ਿਕਰ ਕਰਦੇ ਹੋਏ ਬਾਣੀ

ਵਿਚ ਫੁਰਮਾਨ ਹੈ –

*ਜਉ ਗੁਰਦੇਉ ਦੇਹੁਰਾ ਫਿਰੈ॥*
*ਜਉ ਗੁਰਦੇਉ ਤ ਛਾਪਰਿ ਛਾਈ॥*
*ਜਉ ਗੁਰਦੇਉ ਸਿਹਜ ਨਿਕਸਾਈ॥ ਪੰਨਾ - 1167*

ਸੋ ਇਸ ਤਰ੍ਹਾਂ ਦੇ ਨਾਲ ਖੇਤ ਪਛਾਣ ਕੇ ਬੀਜਿਆ ਹੋਇਆ ਦਾਨ ਫਲਦਾ ਹੈ ਪਰ ਇਹ ਦਾਨ ਸਤੋ ਗੁਣੀ ਹੋਣਾ ਚਾਹੀਦਾ ਹੈ ਜਿਸ ਨੂੰ ਸਾਂਤਕੀ ਦਾਨ ਆਖਿਆ ਜਾਂਦਾ ਹੈ। ਇਸ ਤੋਂ ਹੋਰ ਵਧੇਰੇ ਜੋ ਗੁਣ ਹਨ ਉਨ੍ਹਾਂ ਵਿਚ ਪੂਜਾ, ਅੰਤਰ ਆਤਮੇ ਗੁਰੂ ਦਾ ਧਿਆਨ ਕਰਕੇ ਕਰਨੀ, ਇਸ ਨੂੰ ਅੰਤਰੰਗ ਉਪਾਸ਼ਨਾ ਆਖਿਆ ਜਾਂਦਾ ਹੈ। ਬਾਣੀ ਦਾ ਪਾਠ ਕਰਨਾ, ਨਿਤਨੇਮ ਕਰਨਾ, ਗੁਰਬਾਣੀ ਪੜ੍ਹਨੀ, ਆਪਣੇ ਜੀਵਨ ਵਿਚ ਕਿਸੇ ਤਰ੍ਹਾਂ ਦਾ ਪਾਖੰਡ ਨਾ ਕਰਨਾ, ਸਾਂਤਕੀ ਬਿਰਤੀ ਰਖਦਿਆਂ ਹੋਇਆਂ ਨਿਮਰਤਾ ਸਹਿਤ ਜੀਵਨ ਬਤੀਤ ਕਰਨਾ, ਮਿੱਠਾ ਬੋਲਣਾ, ਪੂਜਾ ਪਾਠ ਕਰਦਿਆਂ ਮਨ ਨੂੰ ਦੌੜਨ ਨਾ ਦੇਣਾ ਅਤੇ ਨਾ ਹੀ ਰਸਨਾ ਦੇ ਨਾਲ ਪਾਠ ਕਰਦੇ ਸਮੇਂ ਗੱਲਾਂ ਬਾਤਾਂ ਕਰਨੀਆਂ। ਬਹੁਤ ਸਾਰੇ ਪ੍ਰੇਮੀ ਇਹ ਸਾਵਧਾਨਤਾ ਨਹੀਂ ਵਰਤਦੇ।

ਕੋਈ 20 ਕੁ ਸਾਲਾਂ ਦੀ ਗੱਲ ਹੈ ਇਕ ਪ੍ਰੇਮੀ ਸੀ, ਉਸ ਬਾਰੇ ਇਹ ਪ੍ਰਸਿੱਧ ਸੀ ਕਿ ਉਹ ਬਹੁਤ ਪਾਠ ਕਰਦਾ ਹੈ। ਜਦੋਂ ਮੈਂ ਉਸ ਦੇ ਘਰ ਪਹੁੰਚਿਆ ਤਾਂ ਉਸ ਦੇ ਹੱਥ ਵਿਚ ਗੁਟਕਾ ਸੀ ਉਸ ਦੇ ਦਰਸ਼ਨ ਕਰਕੇ ਮੈਂ ਬਹਿ ਗਿਆ। ਮੈਂ ਦੇਖਿਆ ਜਿਥੇ ਉਹ ਗੁਟਕਾ ਅਗੂੰਠਾ ਰੱਖ ਕੇ ਖੋਲ੍ਹਦਾ ਹੈ ਉਥੋਂ ਪਤਰੇ ਫਟੇ ਪਏ ਹਨ, ਪਤਰੇ ਥਿੰਦੇ ਪਏ ਹਨ। ਉਹ ਪਾਠ ਕਰ ਰਿਹਾ ਸੀ ਉਸ ਦੇ ਪਾਸ ਇਕ ਗਲਾਸ ਪਿਆ ਸੀ ਜਿਸ ਤੋਂ ਲਗਦਾ ਸੀ ਕਿ ਜਲ ਆਦਿ ਪੀ ਕੇ ਹਟਿਆ ਹੈ। ਉਸ ਸਮੇਂ ਉਸ ਨੇ ਆਪਣੇ ਲੜਕੇ ਨੂੰ ਪੜ੍ਹਨ ਵਾਸਤੇ ਜਾਂ ਕਿਸੇ ਹੋਰ ਗੱਲ ਪਿਛੇ ਅਵਾਜ਼ ਮਾਰੀ। ਉਸ ਨੇ ਇਸ ਦਾ ਕੋਈ ਖਰਾ ਉਤਰ ਨਾ ਦਿਤਾ। ਇਸ ਪ੍ਰੇਮੀ ਨੇ ਖਿਝ ਕੇ ਉਸ ਨੂੰ ਦੋ ਚਾਰ ਮਾਂ-ਭੈਣ ਦੀਆਂ ਗੰਦੀਆਂ ਗਾਲ੍ਹਾਂ ਕੱਢ ਦਿਤੀਆਂ। ਜਦੋਂ ਉਹ ਅੱਗੋਂ ਹੋਰ ਕੁਝ ਬੋਲਿਆਂ ਤਾਂ ਉਸ ਨੇ ਗਲਾਸ ਚੁੱਕ ਕੇ ਮਾਰਿਆ। ਮੈਂ ਉਸ ਦਾ ਹੱਥ ਫੜ ਲਿਆ ਅਤੇ ਕਿਹਾ ਕਿ ਤੁਸੀਂ ਇਸ ਵੇਲੇ ਗੁਰਬਾਣੀ ਦਾ ਪਾਠ ਕਰ ਰਹੇ ਹੋ, ਤੁਹਾਡਾ ਮਨ ਬਾਣੀ ਨਾਲ ਜੁੜਿਆ ਹੋਇਆ ਸੀ ਦੇਖਿਓ, ਕਿਤੇ ਕੋਈ ਦੁਰਬਚਨ ਨਾ ਕਹਿ ਦੇਣਾ। ਸੋ ਇਸ ਤਰ੍ਹਾਂ ਦਾ ਪਾਠ ਇਕ ਤੋਤਾ ਰਟਣੀ ਹੈ। ਅਜਿਹੇ ਪੁਰਸ਼ ਬਿਰਤੀ ਨੂੰ ਅੰਤਰ ਆਤਮੇ ਅੰਦਰ ਨਹੀਂ ਲਿਜਾ ਸਕਿਆ ਕਰਦੇ। ਸੋ ਇਸ ਕਰਕੇ ਪਾਠ ਕਰਨ ਸਮੇਂ ਮਨ ਬੋਲ ਤੋਂ ਅਬੋਲ ਰਹਿਣਾ ਚਾਹੀਦਾ ਹੈ। ਇਸ ਤੋਂ ਅੱਗੇ ਭੁੱਖੇ ਨੂੰ ਅੰਨ, ਜਲ ਆਦਿ ਦੇਣਾ ਇਹ ਬ੍ਰਹਮ ਹੋਮ ਹੋਇਆ ਕਰਦਾ ਹੈ ਇਨ੍ਹਾਂ ਗੁਣਾਂ ਤੋਂ ਇਲਾਵਾ ਕੁਝ ਹੋਰ ਸਾਧਨ ਹਨ ਜਿਨ੍ਹਾਂ ਨੂੰ ਪ੍ਰਾਣਾਯਾਮ ਕਿਹਾ ਜਾਂਦਾ ਹੈ ਤਿੰਨ ਅੰਗ – ਰੇਚਕ, ਪੂਰਕ ਤੇ ਕੁੰਭਕ ਹੋਇਆ ਕਰਦੇ ਹਨ। ਪ੍ਰਤੀਹਾਰ, ਪੰਜ ਵਿਸ਼ਿਆਂ ਤੋਂ ਆਪਣੇ ਮਨ ਨੂੰ ਬਾਰ-ਬਾਰ ਰੋਕ ਕੇ ਸਿਮਰਨ ਵਿਚ ਲਾਉਣਾ, ਗੁਰੂ ਮੂਰਤ ਵਿਚ ਮਨ ਰੋਕ-ਰੋਕ ਕੇ ਲਾਉਣਾ, ਧਿਆਨ ਆਪਣੇ ਧੇਅ ਵਿਚ ਲਾਉਣਾ ਜਿਸ ਨੂੰ–

*ਗੁਰ ਕੀ ਮੂਰਤ ਮਨ ਮਹਿ ਧਿਆਨ॥*

ਆਖਿਆ ਜਾਂਦਾ ਹੈ। ਇਸ ਤੋਂ ਅੱਗੇ ਸਮਾਧੀ ਹੋਇਆ ਕਰਦੀ ਹੈ ਇਹ ਤਿੰਨ ਕਿਸਮ ਦੀ ਹੋਇਆ ਕਰਦੀ ਹੈ। ਇਕ ਸਾ ਵਿਕਲਪ ਸਮਾਧੀ ਹੁੰਦੀ ਹੈ ਜਿਸ ਵਿਚ ਧਿਆਤਾ, ਧਿਆਨ, ਧੇਅ ਦਾ ਗਿਆਨ ਰਹਿੰਦਾ ਹੈ, ਨਿਰਵਿਕਲਪ ਜਿਸ ਵਿਚ ਕੇਵਲ ਬ੍ਰਹਮਭਾਵ ਵਿਚ ਲੀਨਤਾ ਹੋਇਆ ਕਰਦੀ ਹੈ, ਇਸ ਤੋਂ ਅੱਗੇ ਰਾਜਮੇਧ ਸਮਾਧੀ ਹੁੰਦੀ ਹੈ ਜਿਸ ਨਾਲ ਪਰੀਪੂਰਨ ਪ੍ਰਮੇਸ਼ਰ ਵਿਚ ਲੀਨਤਾ ਪ੍ਰਾਪਤ ਹੁੰਦੀ ਹੈ। ਇਹ ਗੁਰੂ ਦੀ ਕ੍ਰਿਪਾ ਨਾਲ ਹੋਇਆ ਕਰਦੀ ਹੈ। ਸੋ ਇਹ ਜਿੰਨਾ ਉਪਰ ਦੱਸਿਆ ਗਿਆ ਹੈ ਇਸ ਨੂੰ ਤਪ ਤਾਓ ਆਖਿਆ ਜਾਂਦਾ ਹੈ। ਇਹ ਸਾਰਾ ਅਗਨ ਤਪ ਤਾਉ ਦੇ ਘੇਰੇ ਵਿਚ ਆਉਂਦਾ ਹੈ। ਸਾਰੇ ਤਪਾਂ ਨਾਲੋਂ ਸ੍ਰੇਸ਼ਟ ਜੋ ਤਪ ਹੈ ਉਹ ਗੁਰੂ ਸੇਵਾ ਦਾ ਹੋਇਆ ਕਰਦਾ ਹੈ ਜਿਸ ਬਾਰੇ ਪਿਛੇ ਦਸਿਆ ਜਾ ਚੁਕਿਆ ਹੈ। ਧਾਰਨਾ ਇਕ ਵਾਰੀ ਫੇਰ ਪੜ੍ਹ ਲਓ –

*ਧਾਰਨਾ - ਸੇਵਾ ਗੁਰਾਂ ਦੀ ਤਪਾਂ ਸਿਰ ਤਪ ਹੈ,*
*ਕਰ ਲੈ ਸੇਵਾ ਮਾਣ ਛੱਡ ਕੇ - 2, 2.*
*ਕਰ ਲੈ ਸੇਵਾ ਜੀ, ਮਾਣ ਛੱਡ ਕੇ - 2, 2.*
*ਸੇਵਾ ਗੁਰਾਂ ਦੀ ਤਪਾਂ ਸਿਰ ਤਪ ਹੈ......-2*

*ਗੁਰ ਸੇਵਾ ਤਪਾਂ ਸਿਰਿ ਤਪੁ ਸਾਰ॥*
*ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ॥*
*ਦਰਿ ਸਾਚੈ ਦੀਸੈ ਸਚਿਆਰੁ॥*
*ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ॥*
*ਆਪੁ ਪਛਾਣਿ ਹਰਿ ਪਾਵੈ ਸੋਇ।।*
*ਸਾਚੀ ਬਾਣੀ ਮਹਲੁ ਪਰਾਪਤਿ ਹੋਇ॥ ਪੰਨਾ - 423*

ਇਸੇ ਸੇਵਾ ਨੂੰ ਮਹੱਤਤਾ ਦਿੰਦਿਆਂ ਹੋਇਆਂ ਗੁਰੂ ਮਹਾਰਾਜ ਜੀ ਗੁਰੂ ਦੀ ਆਗਿਆ ਪਾਲਣ ਕਰਨੀ ਬਹੁਤ ਵੱਡੀ ਸੇਵਾ ਦਸਦੇ ਹਨ ਜਿਵੇਂ ਕਿ –

*ਧਾਰਨਾ - ਆਗਿਆ ਸਮ ਨਹੀਂ ਜੀ,*
*ਸਾਹਿਬ ਸੇਵਾ - ਸਾਹਿਬ ਸੇਵਾ - 2, 2.*
*ਸਾਹਿਬ ਸੇਵਾ, ਸਾਹਿਬ ਸੇਵਾ - 4, 2.*
*ਆਗਿਆ ਸਮ ਨਹੀਂ ਜੀ,............-2*

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*
*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥*
*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥*
*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥*
*ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥*

*ਪੰਨਾ - 286*

ਗੁਰੂ ਛੇਵੇਂ ਪਾਤਸ਼ਾਹ ਕਰਤਾਰਪੁਰ ਬੈਠੇ ਸਨ ਆਪ ਨੇ ਸਹਿਜ ਸੁਭਾਅ ਹੀ ਕਿਹਾ ਕਿ ਸੰਗਤਾਂ ਨੇ ਆਉਣਾ ਹੈ, ਦਰਿਆ ਵਿਚੋਂ ਪੱਥਰ ਕੱਢੋ, ਉਸ ਵੇਲੇ ਭਾਈ ਚੂਹੜ ਜੀ ਉਠੇ ਅਤੇ ਪੱਥਰ ਕੱਢਣੇ ਸ਼ੁਰੂ ਕਰ ਦਿਤੇ। ਆਪ ਨਾ ਰਾਤ ਨੂੰ ਸੁੱਤੇ, ਨਾ ਦਿਨ ਨੂੰ, ਨਾ ਆਰਾਮ ਕੀਤਾ, ਪ੍ਰਸ਼ਾਦ ਪਾਣੀ ਵੀ ਤੁਰਿਆਂ ਜਾਂਦਿਆਂ ਨੇ ਛਕਿਆ, ਥੱਕ ਕੇ ਚੂਰ ਹੋ ਗਏ ਪਰ ਪੱਥਰਾਂ ਦਾ ਢੇਰ ਲਾ ਦਿਤਾ। ਗੁਰੂ ਮਹਾਰਾਜ ਜੀ ਨੇ ਦੇਖਿਆ ਕਿ ਇਹ ਇਕੱਲਾ ਹੀ ਗੁਰਸਿੱਖ ਪੱਥਰ ਢੋਹ ਰਿਹਾ ਸੀ, ਮਹਾਰਾਜ ਜੀ ਨੇ ਕਿਹਾ ਕਿ ਭਾਈ ਚੂਹੜ! ਤੂੰ ਹੋਰ ਸਿੱਖ ਨਾਲ ਲਾ ਲੈਣੇ

(ਬਾਕੀ ਪੰਨਾ 60 ਤੇ)

# ਵਿਦੇਸ਼ ਦੀ ਸੰਗਤ ਨੂੰ

ਹਿਰਦਾ ਜਿਨ੍ਹਾਂ ਦਾ ਤੜਪ ਰਿਹਾ ਸੀ
ਕਰਨ ਨੂੰ ਮੇਰੇ ਸਾਹਿਬ ਦਾ ਦੀਦਾਰ।
ਸੱਤ ਸਮੁੰਦਰ ਵਸਣ ਵਾਲੇ
ਓਨ੍ਹਾਂ ਪਿਆਰਿਆਂ ਨੂੰ ਨਮਸਕਾਰ।
ਦੇਖ ਕੇ ਚਾਹ ਤੁਹਾਡੀ
ਆਪਣਾ ਪਿਆਰਾ ਦਿਤਾ ਦਿਨ ਚਾਰ ਤੁਹਾਨੂੰ ਉਧਾਰ।
ਤੌਰ ਕੇ ਉਸ ਨੂੰ ਰੋ ਰਹੇ ਹਾਂ
ਅਸੀਂ ਤਾਂ ਜ਼ਾਰੋਜ਼ਾਰ।
ਵਿਛੋੜਾ ਉਸ ਦਾ ਹੁੰਦਾ ਨਹੀਂ
ਸਾਥੋਂ ਤਾਂ ਸਹਾਰ।
ਅਰਜ਼ੋਈ ਹੈ ਸਭ ਸੰਗਤ ਦੀ
ਨਾਲ ਅਦਬ ਤੇ ਪਿਆਰ।
ਵਾਪਿਸ ਛੇਤੀ ਭੇਜ ਦਿਓ
ਤੁਸੀਂ ਅਮਾਨਤ ਸਾਡੀ।
ਸਭ ਅੱਖੀਆਂ ਲੱਗੀਆਂ ਨੇ ਉਧਰ ਹੀ
ਮੁੜ ਪਾਵਣ ਨੂੰ ਉਸ ਦਾ ਦੀਦਾਰ।
ਪ੍ਰੀਤ ਦੀ ਕਿਸ਼ਤੀ ਲੈ ਕੇ ਤੁਰ ਗਿਆ
ਸੱਤ ਸਮੁੰਦਰ ਪਾਰ।
ਪਿਆਰ ਦੀ ਲੇਹਾਦੇਹੀ ਦਾ
ਉਹ ਕਰਨ ਨੂੰ ਵਿਓਪਾਰ।
ਖੜ੍ਹੇ ਦੇਖਦੇ ਰਹਿ ਗਏ
ਅਸੀਂ ਤਾਂ ਬੇਬਸ ਤੇ ਬੇਜ਼ਾਰ।
ਪੱਤਝੜ ਇਧਰ ਛਾ ਗਿਆ
ਉਧਰ ਆ ਗਈ ਹੈ ਬਹਾਰ।
ਦਿਲ ਤੜਪ ਰਿਹਾ ਹੈ ਤੱਕਣ ਨੂੰ
ਉਸ ਦੀ ਸੋਹਣੀ ਨੁਹਾਰ।
ਬੀਤ ਰਹੇ ਨੇ ਵਾਗੋਂ ਸਦੀਆਂ
ਕਹਿਣ ਨੂੰ ਹਫਤੇ ਨੇ ਚਾਰ ਤੇ ਚਾਰ।
ਛੇਤੀ ਮੁੜ ਕੇ ਆ ਜਾ ਸਾਹਿਬ
ਹਰ ਦਿਲ ਦੀ ਇਹੀ ਪੁਕਾਰ।

*ਜਸਬੀਰ ਕੌਰ*

# ਸਾਡਾ ਨਹੀਓਂ ਦਿਲ ਲਗਦਾ

ਵਿਦੇਸ਼ ਜਾਣ ਵਾਲਿਓ ਛੇਤੀ ਮੁੜ ਆਉਣਾ
ਸਾਡਾ ਨਹੀਓਂ ਦਿਲ ਲਗਦਾ, ਛੇਤੀ ਮੁੜ ਆਉਣਾ,

ਐਸਾ ਪਿਆਰ ਤੁਸਾਂ ਸੰਗਤ 'ਚ ਪਾਇਆ ਏ
ਰੁਲਦਿਆਂ ਫਿਰਦਿਆਂ ਨੂੰ, ਗਲੇ ਨਾਲ ਲਾਇਆ ਏ
ਅਸਾਂ ਹੋਰ ਕਿਧਰ ਨੂੰ ਜਾਣਾ, ਸਾਡਾ ਨਹੀਓਂ ......।

ਸਾਨੂੰ ਫਿਕਰ ਬਸ ਇਕ ਕੱਲੀ ਜਾਨ ਦਾ
ਸਾਧੂ ਨੂੰ ਫਿਕਰ ਹੁੰਦਾ ਸਾਰੇ ਜਹਾਨ ਦਾ,
ਸਾਰੀ ਦੁਨੀਆਂ ਨੂੰ ਭਲੇ ਪਾਸੇ ਲਾਉਣਾ,
ਸਾਡਾ ਨਹੀਓਂ ਦਿਲ ਲਗਦਾ............।

ਕੀ ਕਰਨ ਧੀਆਂ ਪੁੱਤਰ ਹੋ ਕੇ ਮਜ਼ਬੂਰ ਜੀ,
ਮਾਪੇ ਜਦੋਂ ਅੱਖੀਆਂ ਤੋਂ ਹੋ ਜਾਣ ਦੂਰ ਜੀ,
ਹਾਸੇ ਉਡ ਜਾਂਦੇ ਪੱਲੇ ਪੈਂਦਾ ਰੋਣਾ,
ਸਾਡਾ ਨਹੀਓਂ ਦਿਲ ਲਗਦਾ.............।

ਉਡੀਕਦੇ ਵਿਦੇਸ਼ਾਂ ਵਿਚ, ਉਹ ਵੀ ਸਾਡੇ ਭਾਈ ਏ
'ਆਤਮ ਮਾਰਗ' ਮੈਗਜ਼ੀਨ ਦੁਨੀਆਂ 'ਚ ਛਾਈ ਏ,
ਇਹਨੇ ਸਭ ਨੂੰ ਹੈ ਆਪਣਾ ਬਨਾਉਣਾ,
ਸਾਡਾ ਨਹੀਓਂ ਦਿਲ ਲਗਦਾ...........।

ਉਡੀਕਦੀ ਸੰਗਤ ਤੁਹਾਨੂੰ ਹਰ ਦਿਨ ਰਾਤ ਜੀ,
ਉਡੀਕਦੀ ਧਰਤੀ ਪਿਆਰੀ ਈਸ਼ਰ ਪ੍ਰਕਾਸ਼ ਦੀ,
ਜਸਵੰਤ ਨਿਮਾਣੇ ਨੂੰ ਚਰਨੀ ਲਾਉਣਾ,
ਸਾਡਾ ਨਹੀਓਂ ਦਿਲ ਲਗਦਾ............।

ਪਿਤਾ ਜੀ, ਬੀਜੀ ਜੀਓ ਛੇਤੀ ਮੁੜ ਆਉਣਾ,
ਸਾਡਾ ਨਹੀਓਂ ਦਿਲ ਲਗਦਾ......।

*'ਜਸਵੰਤ ਸਿੰਘ'*

# ਸਮਾਗਮ ਸਰਗਰਮੀਆਂ

ਵਿਸ਼ਵ ਵਿਚ ਪਏ ਅਗਿਆਨਤਾ ਦੇ ਅੰਧਕਾਰ, ਆਪਸੀ ਖਿਚਾ-ਖਿਚੀ, ਆਪੋ ਧਾਪੀ, ਬੇਵਿਸ਼ਵਾਸ਼ੀ ਅਤੇ ਜੰਗ ਦੇ ਮਾਰੂ ਹਥਿਆਰਾਂ ਤੋਂ ਪਏ ਭੈਅ ਅਤੇ ਡਰ ਨੂੰ ਮੁੱਖ ਰੱਖਦਿਆਂ ਹੋਇਆਂ ਅੱਜ ਦਾ ਮਨੁੱਖ ਇਕ ਅਜੀਬ ਮਾਨਸਿਕ, ਸਰੀਰਕ ਅਤੇ ਰਾਜਨੀਤਕ ਕਸ਼ਮਕਸ਼ ਵਿਚ ਉਲਝਿਆ ਪਿਆ ਹੈ। ਯੂਰਪ ਦੇ ਤਰੱਕੀਯਾਫਤਾ ਦੇਸ਼ਾਂ ਵਿਚ ਜਿਥੇ ਸਾਇੰਸ ਦੀਆਂ ਕਾਢਾਂ ਨੇ ਮਨੁੱਖ ਨੂੰ ਹਰ ਸੰਸਾਰਿਕ ਤੇ ਮੰਨੋਰੰਜਕ ਸੁਖ ਮੁਹੱਈਆ ਕੀਤੇ ਹਨ ਉਥੇ ਉਨ੍ਹਾਂ ਦੀ ਮਾਨਸਿਕ ਹਾਲਤ ਵਾਚਿਆਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਕਿ ਉਹ ਸਾਡੇ ਭਾਰਤੀ ਗਰੀਬ ਦੇਸ਼ ਦੇ ਲੋਕਾਂ ਤੋਂ ਵੀ ਜ਼ਿਆਦਾ ਪਰੇਸ਼ਾਨ ਹਨ ਅਤੇ ਦੁਖਾਂ ਵਿਚ ਗ੍ਰਸੇ ਹੋਏ ਹਨ ਅਤੇ ਇਨ੍ਹਾਂ ਦੁਖਾਂ ਤੋਂ ਛੁਟਕਾਰਾ ਪਾਉਣ ਲਈ ਉਨ੍ਹਾਂ ਨੂੰ ਕੋਈ ਰਾਹ ਨਹੀਂ ਲੱਭ ਰਿਹਾ। ਇਸ ਦੇਸ਼ ਵਿਚ ਹੋਰ ਗੱਲ ਵੇਖਣ ਵਿਚ ਆਈ ਹੈ ਕਿ ਇਥੇ ਆ ਵਸੇ ਪਰਵਾਸੀਆਂ ਵਿਚ ਸੇਵਾ ਕਰਨ ਦਾ ਬਹੁਤ ਉਤਸ਼ਾਹ ਤੇ ਲਗਨ ਹੈ। ਇਨ੍ਹਾਂ ਦੇ ਮਨ ਵਿਚ ਰੂਹਾਨੀ ਰਾਹ ਲੱਭਣ ਲਈ ਜਗਿਆਸਾ ਵੀ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ਵਿਚ ਸਹੀ ਰਸਤਾ ਦਿਖਾਉਣ ਵਾਲਾ ਕੋਈ ਤੱਤ ਬੇਤਾ ਮਹਾਂਪੁਰਸ਼ ਮਿਲੇ ਤਾਂ ਕਿ ਉਹ ਸਹੀ ਅਰਥਾਂ ਵਿਚ ਨਵੀਂ ਨਰੋਈ ਜੀਵਨ ਜਾਂਚ ਸਿਖ ਸਕਣ। ਐਸੀ ਸਥਿਤੀ ਵਿਚ ਜੇ ਕੋਈ ਰੂਹਾਨੀ ਸ਼ਕਤੀ ਅਗਵਾਈ ਕਰ ਸਕਦੀ ਹੈ ਤਾਂ ਉਹ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਗੂੜ੍ਹ ਸਿਧਾਂਤ ਹਨ ਜਿਨ੍ਹਾਂ ਨੂੰ ਪ੍ਰਸਾਰ ਕੇ ਅਤੇ ਪ੍ਰਚਾਰ ਕੇ ਸੰਸਾਰ ਵਿਚ ਆਪਸੀ ਭਾਈਚਾਰੇ ਦਾ ਵਾਤਾਵਰਣ ਪੈਦਾ ਹੋ ਸਕਦਾ ਹੈ ਅਤੇ ਕਲਯੁੱਗ ਦੇ ਕਲ੍ਹਾ ਕਲੇਸ਼, ਮਚਦੇ ਭਾਂਬੜ ਨੂੰ ਸ਼ਾਂਤ ਕੀਤਾ ਜਾ ਸਕਦਾ ਹੈ।

ਇਸ ਮੰਤਵ ਦੀ ਪੂਰਤੀ ਲਈ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਵਰਿਆਮ ਸਿੰਘ ਜੀ ਇਸ ਦੇਸ਼ ਵਿਚ ਜਥੇ ਸਮੇਤ ਪਧਾਰੇ ਹਨ ਤਾਂ ਕਿ ਅਨੇਕਾਂ ਧਾਰਮਿਕ ਅਸਥਾਨਾਂ ਵਿਚ ਸਤਿਸੰਗਾਂ ਰਾਹੀਂ ਆਤਮ ਮਾਰਗ ਦਾ ਰੂਹਾਨੀ ਸੰਦੇਸ਼ ਦ੍ਰਿੜ੍ਹ ਕਰਵਾ ਕੇ ਜਗਿਆਸੂਆਂ ਨੂੰ ਜੀਵਨ ਦੇ ਅਸਲੀ ਮਨੋਰਥ ਦੀ ਪ੍ਰਾਪਤੀ ਬਾਰੇ ਦਸਿਆ ਜਾਵੇ। ਬਾਬਾ ਜੀ ਦੇ ਇਨ੍ਹਾਂ ਪ੍ਰਵਚਨਾਂ ਨੂੰ ਇਥੋਂ ਦੇ live ਮੀਡੀਆ ਰਾਹੀਂ ਸੰਗਤਾਂ ਤੀਕਰ ਪਹੁੰਚਾਉਣ ਦਾ ਯਤਨ ਹੋ ਰਿਹਾ ਹੈ ਜਿਸਦਾ ਸਦਕਾ ਵੀਡੀਓ ਫਿਲਮਾਂ ਤੇ ਆਡੀਓ ਕੈਸਟਾਂ ਬਣ ਰਹੀਆਂ ਹਨ ਪਰੰਤੂ ਗੁਰ ਸ਼ਬਦ ਦੀ ਇਸ ਸਾਂਝ ਨੂੰ ਚਿਰਾਂ ਤੀਕਰ ਮਹਿਫੂਜ਼ ਰੱਖਣ ਲਈ, ਇਸ ਨੂੰ ਸੰਗਤਾਂ ਵਿਚ ਲਿਖਤੀ ਰੂਪ ਰਾਹੀਂ ਵੀ ਪਹੁੰਚਾਇਆ ਜਾ ਰਿਹਾ ਹੈ ਜਿਸ ਦਾ ਸਦਕਾ ਇਥੋਂ ਦੀਆਂ ਸੰਗਤਾਂ ਨੇ ਬਹੁਤ ਉਤਸ਼ਾਹ ਦਾ ਪ੍ਰਗਟਾਵਾ ਕਰਕੇ ਭਾਰੀ ਗਿਣਤੀ ਵਿਚ ਆਤਮ ਮਾਰਗ ਦੀ ਮੈਂਬਰਸ਼ਿਪ ਪ੍ਰਾਪਤ ਕੀਤੀ ਹੈ ਅਤੇ ਇਸ ਸੰਦੇਸ਼ ਨੂੰ ਉਹ ਆਪਣੇ ਸਕੇ ਸਬੰਧੀਆਂ ਤੇ ਮਿਤਰ ਪਿਆਰਿਆਂ ਤੀਕਰ ਪਹੁੰਚਾਉਣ ਲਈ ਪੁਰਜ਼ੋਰ ਕੋਸ਼ਿਸ਼ ਕਰ ਰਹੇ ਹਨ। ਜਿਥੇ-ਜਿਥੇ ਵੀ ਮਹਾਂਪੁਰਸ਼ਾਂ ਵਲੋਂ ਕੀਰਤਨ ਪ੍ਰੋਗਰਾਮ ਹੋਏ ਉਥੇ ਹਰ ਜਗ੍ਹਾ ਆਤਮ ਮਾਰਗ ਮੈਗਜ਼ੀਨ ਤੇ ਪੁਸਤਕਾਂ ਦੇ ਸਟਾਲ ਤੇ ਭਾਰੀ rush ਤੇ ਉਤਸ਼ਾਹ ਦੇਖਣ ਵਿਚ ਆਇਆ ਹੈ। ਪ੍ਰੇਮੀ ਬੜੇ ਪਿਆਰ ਤੇ ਸ਼ਰਧਾ ਨਾਲ ਇਸ ਅਨੋਖੀ ਤੇ ਰੂਹਾਨੀ ਸੇਧ ਦੇਣ ਵਾਲੀ ਮਾਸਿਕ ਪਤ੍ਰਿਕਾ ਦੇ ਮੈਂਬਰ ਆਪ ਵੀ ਬਣ ਰਹੇ ਹਨ ਅਤੇ ਹਿੰਦੋਸਤਾਨ ਵਿਚ ਬੈਠੇ ਆਪਣੇ ਰਿਸ਼ਤੇਦਾਰਾਂ ਨੂੰ ਇਸ ਦੇ ਮੈਂਬਰ ਬਣਾ ਕੇ ਚੰਦੇ ਦੇ ਰਹੇ ਹਨ।

ਮਹਾਂਪੁਰਸ਼ਾਂ ਵਲੋਂ ਛਪੀ ਨਵੀਂ ਪੁਸਤਕ HOW REND THE VIEL OF UNTRUTH (ਕਿਵ ਕੂੜੇ ਤੁਟੈ ਪਾਲਿ) ਵੀ ਭਾਰੀ ਗਿਣਤੀ ਵਿਚ ਅੰਗਰੇਜ਼ੀ ਪੜ੍ਹਿਆਂ ਲਿਖਿਆਂ ਲਈ ਗੁਰਮਤਿ ਦੇ ਗੂੜ੍ਹ ਸਿਧਾਂਤਾਂ ਨੂੰ ਸਮਝਾਉਣ ਵਿਚ ਸਹਾਇਕ ਹੋ ਰਹੀ ਹੈ। ਪੁਸਤਕ 'ਸੁਰਤਿ ਸਬਦਿ ਮਾਰਗ' ਵੱਲ ਸੰਗਤਾਂ ਤੇ ਸੂਝਵਾਨ ਨਾਮ ਜਪਣ ਵਾਲੇ ਪ੍ਰੇਮੀਆਂ ਨੇ ਖਾਸ ਰੁਚੀ ਪ੍ਰਗਟਾਈ ਹੈ ਅਤੇ ਇਸਦੀਆਂ ਸੈਂਕੜੇ ਕਾਪੀਆਂ ਸੰਗਤਾਂ ਦੇ ਹੱਥਾਂ ਵਿਚ ਪੁੱਜ ਗਈਆਂ ਹਨ। 'ਬਾਤ ਅਗੰਮ ਕੀ', 'ਕਿਵ ਸਚਿਆਰਾ ਹੋਈਐ', 'ਹੋਵੈ ਅਨੰਦ ਘਣਾ', 'ਸੁਰਤਿਆਂ ਉਪਜੈ ਚਾਉ' ਅਤੇ ਹਾਲ ਵਿਚ ਹੀ ਨਵੀਆਂ ਛਪੀਆਂ ਪੁਸਤਕਾਂ, 'ਬਾਬਾਣੀਆਂ ਕਹਾਣੀਆਂ', 'ਅਗੰਮ ਅਗੋਚਰ ਦਾ ਮਾਰਗ' ਅਤੇ 'ਚਉਥੇ ਪਹਰਿ ਸਬਾਹ ਕੈ' ਵਿਚ ਵੀ ਸੰਗਤਾਂ ਦਾ ਕਾਫੀ ਰੁਝਾਨ ਪਾਇਆ ਗਿਆ ਹੈ।

ਇਥੇ ਅਮਰੀਕਾ ਪੁਜਣ ਤੋਂ ਪਹਿਲਾਂ ਮਹਾਂਪੁਰਸ਼ 3 ਮਾਰਚ ਨੂੰ ਇੰਗਲੈਂਡ, ਲੰਡਨ ਦੇ ਹਵਾਈ ਅੱਡੇ ਤੇ ਪੁੱਜੇ ਕਿਉਂਕਿ ਇੰਗਲੈਂਡ ਮਾਤਾ ਜੀ ਨੂੰ ਬਰਮਿੰਘਮ ਵਿਖੇ ਛੱਡ ਕੇ ਜਾਣਾ ਸੀ। ਖੈਹਰਾ ਪਰਿਵਾਰ, ਉਥੋਂ ਦੀਆਂ ਸੰਗਤਾਂ ਤੇ ਭਾਰਤੀ diplomats ਜਿਸ ਵਿਚ ਭਾਰਤ ਦੇ ਰਾਜਦੂਤ ਵੀ ਸ਼ਾਮਲ ਸਨ, ਮਹਾਂਪੁਰਸ਼ਾਂ ਨੂੰ ਜੀ ਆਇਆਂ ਆਖਣ ਲਈ ਪੁੱਜੇ ਹੋਏ ਸਨ। ਇਸੇ ਤਰ੍ਹਾਂ ਸਾਰਿਆਂ ਨੇ 5 ਮਾਰਚ ਨੂੰ ਮਹਾਂਪੁਰਸ਼ਾਂ ਨੂੰ ਏਅਰਪੋਰਟ ਤੇ ਆ ਕੇ ਅਮਰੀਕਾ ਲਈ ਵੀ ਵਿਦਾ ਕੀਤਾ।

5 ਮਾਰਚ ਨੂੰ ਜਦੋਂ ਮਹਾਂਪੁਰਸ਼ ਅਮਰੀਕਾ ਦੇ ਹਵਾਈ ਅੱਡੇ ਸੈਨਫਰਾਂਸਿਸਕੋ ਪਹੁੰਚੇ ਤਾਂ ਹਜ਼ਾਰਾਂ ਦੀ ਤਦਾਦ ਵਿਚ ਸੰਗਤਾਂ ਮਹਾਂਪੁਰਸ਼ਾਂ ਨੂੰ ਜੀ ਆਇਆਂ ਆਖਣ ਲਈ ਤੇ ਦਰਸ਼ਨ ਕਰਨ ਲਈ ਪੁਜੀਆਂ ਹੋਈਆਂ ਸਨ। ਸੰਗਤਾਂ ਵਲੋਂ ਰੰਗ ਬਰੰਗੇ ਹਾਰ ਪਾ ਕੇ, ਬੁਕੇ ਆਦਿ ਭੇਟ ਕਰਕੇ ਆਪਣੇ ਪਿਆਰ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ, ਮਾਨੋਂ ਇੰਜ ਜਾਪਦਾ ਸੀ ਕਿ ਉਨ੍ਹਾਂ ਵਾਸਤੇ ਇਸ ਧਰਤੀ ਉਤੇ ਬਾਬਾ ਜੀ ਦੇ ਚਰਨ ਪੈ ਕੇ ਵਾਹਿਗੁਰੂ ਜੀ ਵਲੋਂ ਰਹਿਮਤਾਂ ਦੇ ਭੰਡਾਰਿਆਂ ਦੀ ਬਖਸ਼ਿਸ਼ ਹੋ ਗਈ ਹੁੰਦੀ ਹੈ। ਹਰ ਇਕ ਪ੍ਰੇਮੀ ਵਿਚ ਆਪਣੇ ਪਿਆਰੇ ਦੇ ਪਿਆਰ ਦਾ ਇਕ ਵਿਸਮਾਦ ਵੇਖਣ ਵਿਚ ਆਇਆ ਜੋ ਕਿ ਅੱਖਾਂ ਰਾਹੀਂ ਵਹਿ ਕੇ ਥੰਮ੍ਹਣਾ ਨਹੀਂ ਸੀ ਚਾਹੁੰਦਾ ਕਿਉਂਕਿ ਕਈਆਂ ਸਾਲਾਂ ਤੋਂ ਇਹ ਬਿਰਹੋਂ ਕੁਠੇ ਜਗਿਆਸੂਆਂ ਨੇ ਮਹਾਂਪੁਰਸ਼ਾਂ ਨੂੰ ਬਾਰ-ਬਾਰ ਸੰਗਤ ਦੇ ਰੂਪ

ਵਿਚ ਬੇਨਤੀਆਂ ਕੀਤੀਆਂ ਅਤੇ ਆਪਣੀ ਅੰਦਰੂਨੀ ਖਿੱਚ ਰਾਹੀਂ ਇਥੇ ਆਉਣ ਲਈ ਮਜ਼ਬੂਰ ਕਰ ਦਿਤਾ ਕਿਉਂਕਿ ਵਾਹਿਗੁਰੂ ਕਿਉਂਕਿ ਪਿਆਰ ਦਾ ਸਰੂਪ ਹੈ ਅਤੇ ਉਸ ਦੇ ਪਿਆਰੇ ਸੰਤ ਵੀ ਉਸਦਾ ਹੀ ਰੂਪ ਹੁੰਦੇ ਹਨ। ਬਾਬਾ ਜੀ ਇਨ੍ਹਾਂ ਪ੍ਰੇਮੀਆਂ ਦੇ ਪਿਆਰ ਦੇ ਬੰਨ੍ਹੇ ਹੋਏ ਆਪਣੇ ਨਿਯਮਬੱਧ ਜੀਵਨ, ਸਿਹਤ ਤੇ ਵਡੇਰੀ ਆਰਜੂ ਦੀ ਪ੍ਰਵਾਹ ਨਾ ਕਰਦੇ ਹੋਏ ਇਨ੍ਹਾਂ ਜਗਿਆਸੂਆਂ ਦੇ ਮੁਰਝਾਏ ਹੋਏ ਜੀਵਨ ਵਿਚ ਨਵੀਂ ਰੂਹ ਭਰਨ ਲਈ ਇਥੇ ਪਿਆਰ ਵਸ ਪਹੁੰਚੇ ਹਨ। ਇਹ ਪ੍ਰੇਮੀ ਹਰ ਰੋਜ਼ ਮਹਾਂਪੁਰਸ਼ਾਂ ਦੇ ਨਿਵਾਸ ਅਸਥਾਨ, ਸ. ਮਹਿੰਦਰ ਸਿੰਘ ਗਿੱਲ ਦੇ ਗ੍ਰਹਿ ਵਿਖੇ ਭਾਰੀ ਗਿਣਤੀ ਵਿਚ ਪੁੱਜ ਕੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦਾ ਲਾਭ ਉਠਾ ਰਹੇ ਹਨ ਅਤੇ ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਪਾ ਕੇ ਤ੍ਰਿਪਤ ਹੋ ਰਹੇ ਹਨ। ਬਾਬਾ ਜੀ ਉਨ੍ਹਾਂ ਨੂੰ ਗੁਰ ਸ਼ਬਦ ਨਾਲ ਜੁੜਨ ਦਾ ਉਪਦੇਸ਼ ਦੇ ਕੇ ਨਵਾਂ ਉਤਸ਼ਾਹ ਬਖਸ਼ਦੇ ਹਨ। ਗੁਰਬਾਣੀ ਨੂੰ ਪੜ੍ਹਨ, ਸੁਣਨ, ਮੰਨਣ ਤੇ ਕਮਾਉਣ ਲਈ ਪ੍ਰੇਰਿਤ ਕਰਦੇ ਹਨ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗ ਕੇ, ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ, ਉਨ੍ਹਾਂ ਦੇ ਹੁਕਮ ਅਨੁਸਾਰ ਸੇਵਾ ਤੇ ਸਿਮਰਨ ਕਰਕੇ ਹੀ ਜੀਵਨ ਦੀ ਸਫਲਤਾ ਸੰਭਵ ਹੋ ਸਕਦੀ ਹੈ।

ਬਾਬਾ ਜੀ ਦੇ ਦੀਵਾਨ ਇਸ ਪ੍ਰਕਾਰ ਲਗ ਚੁੱਕੇ ਹਨ ਤੇ ਹਰ ਰੋਜ਼ ਸੰਗਤਾਂ ਦੇ ਘਰਾਂ ਵਿਚ ਚਰਨ ਪਾਉਣ ਦਾ ਵੀ ਪ੍ਰੋਗਰਾਮ ਹੁੰਦਾ ਹੈ ਅਤੇ ਹਰ ਥਾਂ ਤੇ ਆਤਮ ਮਾਰਗ ਤੇ ਪੁਸਤਕਾਂ ਦੇ ਸਟਾਲ ਲਗਦੇ ਹਨ।

**ਗੁਰਦੁਆਰਾ ਸਿੱਖ ਟੈਂਪਲ, ਟਰਲਾਕ - 6 ਤੋਂ 8 ਮਾਰਚ**

ਦੂਰ ਦੁਰਾਡੇ ਤੋਂ ਸੰਗਤਾਂ ਹੁੰਮ ਹੁੰਮਾ ਕੇ ਪੁਜੀਆਂ ਤੇ ਬੜੇ ਪਿਆਰ ਨਾਲ ਬਾਬਾ ਜੀ ਦਾ ਕੀਰਤਨ ਤੇ ਪ੍ਰਵਚਨ ਸਰਵਣ ਕੀਤੇ। ਇਥੇ ਸੰਗਤਾਂ ਨੂੰ ਬਾਬਾ ਜੀ ਨੇ ਭਾਈ ਤਿਲੋਕੇ ਦੀ ਸਾਖੀ, ਪ੍ਰਤੀਤ ਭਰੋਸੇ ਦਾ ਸਬਕ ਦ੍ਰਿੜ੍ਹ ਕਰਵਾਇਆ ਅਤੇ ਨਾਮ ਦੀ ਮਹਿਮਾ ਬਾਰੇ ਉਪਦੇਸ਼ ਕੀਤਾ।

**ਜਰਗ ਵਾਲਿਆਂ ਦੇ ਅਸਥਾਨ ਟਰੇਸੀ ਵਿਖੇ ਦੀਵਾਨ - 9 ਮਾਰਚ**

ਮਹਾਂਪੁਰਸ਼ਾਂ ਦੇ ਜਥੇ ਵਲੋਂ ਕੀਰਤਨ ਵਖਿਆਨ ਕੀਤਾ ਗਿਆ ਅਤੇ ਸੰਗਤਾਂ ਕਾਫੀ ਗਿਣਤੀ ਵਿਚ ਬਾਬਾ ਜੀ ਦੇ ਦਰਸ਼ਨਾਂ ਲਈ ਪੁਜੀਆਂ ਹੋਈਆਂ ਸਨ।

**ਗੁਰਦੁਆਰਾ ਸਾਹਿਬ, ਐਲ, ਸਬਰਾਂਟਾਂ - (ਸਾਨਫਰਾਂਸਿਸਕੋ) 11 ਅਤੇ 13 ਤੋਂ 15 ਮਾਰਚ**

ਸਮੁੰਦਰ ਦੇ ਕੰਢੇ ਤੇ ਵਸੇ ਇਸ ਰਮਣੀਕ ਸ਼ਹਿਰ ਵਿਖੇ ਸੰਗਤਾਂ ਵਲੋਂ ਉਸਾਰੇ ਸੁੰਦਰ ਗੁਰਦੁਆਰੇ ਵਿਖੇ ਜੋ ਕਿ ਸਮੁੰਦਰ ਤਟ ਤੋਂ ਤਕਰੀਬਨ 300 ਫੁੱਟ ਦੀ ਉਚਾਈ ਤੇ ਪਹਾੜੀ ਤੇ ਬਣਿਆ ਹੋਇਆ ਹੈ, ਦੀਵਾਨ ਲੱਗੇ। ਇਥੇ ਸੰਗਤਾਂ ਹੁੰਮ ਹੁੰਮਾ ਕੇ ਭਾਰੀ ਗਿਣਤੀ ਵਿਚ ਪੁਜੀਆਂ। ਬਾਬਾ ਜੀ ਨੇ ਸੰਗਤਾਂ ਨੂੰ ਆਪਣੇ ਪ੍ਰਵਚਨਾਂ ਰਾਹੀਂ ਆਪਣੇ ਇਥੇ ਆਉਣ ਦਾ ਮਨੋਰਥ ਦਸਦਿਆਂ ਫੁਰਮਾਇਆ ਕਿ ਸਾਰੇ ਇਕੱਠੇ ਹੋ ਕੇ ਗੁਰ ਸ਼ਬਦ ਦੀ ਸਾਂਝ ਪਾਓ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸੰਸਾਰ ਵਿਚ ਆਤਮ ਮਾਰਗ ਰਾਹੀਂ ਫੈਲਾਓ। ਸਾਲਸਰਾਇ, ਨਾਮ ਦੀ ਮਹਿਮਾ ਤੇ ਭਾਈ ਮੰਝ ਦੀ ਸਾਖੀ ਰਾਹੀਂ ਸੰਗਤਾਂ ਨੂੰ ਗੁਰਸਿਖੀ ਦੀ ਮਹਾਨ ਪਰੰਪਰਾ ਬਾਰੇ ਉਪਦੇਸ਼ ਕੀਤਾ ਤੇ ਨਾਮ ਜਪਣ ਤੇ ਸੇਵਾ ਸਿਮਰਨ ਵਾਲੇ ਜੀਵਨ ਲਈ ਪ੍ਰੇਰਿਤ ਕੀਤਾ।

**ਗੁਰਦੁਆਰਾ ਸਿੱਖ ਟੈਂਪਲ, ਸਟਾਕਟਨ - 15 ਮਾਰਚ (ਰਾਤ ਦਾ ਦੀਵਾਨ)**

ਇਹ ਸਥਾਨ ਇਥੋਂ ਦਾ ਪੁਰਾਤਨ ਗੁਰਦੁਆਰਾ ਹੈ ਜੋ ਕਿ ਸੰਨ 1906 ਵਿਚ ਗਦਰੀ ਬਾਬਿਆਂ ਨੇ ਸਥਾਪਿਤ ਕੀਤਾ ਸੀ। ਇਥੇ ਬਾਬਾ ਜੀ ਨੇ ਧਰੂ ਭਗਤ ਦੀ ਸਾਖੀ ਰਾਹੀਂ ਸੰਗਤਾਂ ਨੂੰ ਨਾਮ ਜਪਣ ਦਾ ਉਪਦੇਸ਼ ਦਿਤਾ ਅਤੇ ਨਾਮ ਜਪਣ ਉਪਰੰਤ ਹੋਈਆਂ ਪ੍ਰਾਪਤੀਆਂ ਅਤੇ ਸਮਦ੍ਰਿਸ਼ਟੀ ਬਾਰੇ ਭਾਈ ਘਨਈਆ ਦੇ ਜੀਵਨ ਬਾਰੇ ਦਸਦਿਆਂ ਗੁਰਸਿੱਖੀ ਦੇ ਮਹਾਨ ਸਿਧਾਂਤਾਂ ਬਾਰੇ ਉਪਦੇਸ਼ ਦ੍ਰਿੜ੍ਹ ਕਰਵਾਇਆ।

**ਗੁਰਦੁਆਰਾ ਯੂਬਾਸਿਟੀ (ਕੈਲੀਫੋਰਨੀਆ) - 17 ਮਾਰਚ**

ਇਥੇ ਵੱਡੀ ਗਿਣਤੀ ਵਿਚ ਪੰਜਾਬੀ ਕਿਸਾਨ ਵੱਡੇ ਫਾਰਮਾਂ ਵਿਚ ਖੇਤੀਬਾੜੀ ਦਾ ਕੰਮ ਕਰਦੇ ਹਨ। ਸੰਗਤਾਂ ਹੁੰਮ-ਹੁੰਮਾ ਕੇ ਬਾਬਾ ਜੀ ਦੇ ਦੀਵਾਨ ਸਰਵਣ ਕਰਨ ਵਾਸਤੇ ਪੁਜੀਆਂ ਸਨ।

**ਗੁਰਦੁਆਰਾ ਸੈਲਮਾ ਸਿਖ ਸੈਂਟਰ - 18 ਮਾਰਚ**

ਕੈਲੀਫੋਰਨੀਆ ਦੇ FRESNO ਏਰੀਆ ਵਿਖੇ ਇਸ ਅਸਥਾਨ ਤੇ ਉਪਸਥਿਤ ਸੰਗਤਾਂ ਨੂੰ ਬਾਬਾ ਜੀ ਨੇ 'ਈਹਾ ਖਾਟ ਚਲੋ ਹਰਿ ਲਾਹਾ' ਸੰਤਾਂ ਦੀ ਸੰਗਤ ਤੇ ਨਾਮ ਜਪਣ ਵਾਲੇ ਗੁਰਸਿਖਾਂ ਤੇ ਸੰਤਾਂ ਦੀ ਘਾਲ ਕਮਾਈ ਬਾਰੇ ਉਪਦੇਸ਼ ਕੀਤਾ ਅਤੇ ਦਸਿਆ ਕਿ ਦਰਗਾਹ ਵਿਚ ਨਾਮ ਕਿਵੇਂ ਸਹਾਇਤਾ ਕਰਦਾ ਹੈ।

**ਗੁਰੂ ਨਾਨਕ ਸਿੱਖ ਟੈਂਪਲ LIVINGSTON - 19 ਮਾਰਚ**

ਇਥੇ ਰਾਤ ਦੇ 6.30 ਤੋਂ 8.30 ਤਕ ਦੀਵਾਨ ਸਜੇ ਅਤੇ ਸੰਗਤਾਂ ਦੇ ਇਕੱਠ ਨੂੰ ਉਪਦੇਸ਼ ਦ੍ਰਿੜ੍ਹ ਕਰਵਾਉਂਦਿਆਂ ਬਾਬਾ ਜੀ ਨੇ ਸੁੱਖ ਦੀ ਪ੍ਰਾਪਤੀ ਬਾਰੇ ਦਸਿਆ ਅਤੇ ਜੀਵਾਂ ਦੀ ਗਤੀ ਬਾਰੇ ਫੁਰਮਾਇਆ ਕਿ ਪੁੰਨੀ, ਪਾਪੀ ਤੇ ਗੁਰੂ ਵਾਲਿਆਂ ਨਾਲ ਦਰਗਾਹ ਵਿਚ ਕਿਵੇਂ ਵਾਪਰਦੀ ਹੈ।

**ਸਿੱਖ ਗੁਰਦੁਆਰਾ ਆਫ ਲਾਸ ਐਂਜਲਸ, ਲੈਂਕਰਸ਼ਾਈਮ - 20 ਤੋਂ 22 ਮਾਰਚ**

ਸੰਗਤਾਂ ਦੂਰ ਥਾਵਾਂ ਤੋਂ ਭਾਰੀ ਗਿਣਤੀ ਵਿਚ ਪੁਜੀਆਂ। ਬਾਬਾ ਜੀ ਨੇ ਕੀਰਤਨ ਤੇ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਦਸਿਆ ਕਿ ਨਾਮ ਜਪਣ ਨਾਲ ਦੁਖਾਂ ਦਾ ਨਾਸ਼ ਕਿਵੇਂ ਹੁੰਦਾ ਹੈ ਤੇ ਦੁਖ ਕਿਉਂ ਪੈਦਾ ਹੁੰਦਾ ਹੈ। ਨਾਮ ਜਪਣ ਨਾਲ ਦੁਖਾਂ ਦਾ ਨਾਸ਼ ਤੇ ਸੇਵਾ ਕਰਨ ਨਾਲ ਦਰਗਾਹ ਵਿਚ ਥਾਂ ਮਿਲਦਾ ਹੈ।

**ਸ਼ਿਕਾਗੋ, ਮਿਲਵਾਕੀ ਤੇ ਮਿਸ਼ੀਗਿਨ - 23 ਤੋਂ 25 ਮਾਰਚ**

ਟਰਲਾਕ ਤੋਂ ਹਵਾਈ ਜਹਾਜ਼ ਰਾਹੀਂ ਮਹਾਂਪੁਰਸ਼ ਉਪਰੋਕਤ ਥਾਵਾਂ ਤੇ ਸੰਗਤਾਂ ਨੂੰ ਦਰਸ਼ਨ ਦੇਣ ਤੇ ਘਰਾਂ ਵਿਚ ਚਰਨ

ਪਾਉਣ ਲਈ ਪੁੱਜੇ ਅਤੇ ਮਿਥੇ ਪ੍ਰੋਗਰਾਮ ਅਨੁਸਾਰ ਧਾਰਮਿਕ ਅਸਥਾਨਾਂ ਤੇ ਗੁਰਦੁਆਰਿਆਂ ਵਿਚ ਸੰਗਤਾਂ ਨੂੰ ਪ੍ਰਵਚਨਾਂ ਰਾਹੀਂ ਨਿਹਾਲ ਕੀਤਾ।

### ਪ੍ਰਿੰਸ ਰੂਪਰਟ ਤੇ ਵੈਨਕੂਵਰ (ਕੈਨੇਡਾ) 26 ਤੋਂ 31 ਮਾਰਚ

ਇਨ੍ਹਾਂ ਸਾਰੇ ਅਸਥਾਨਾਂ ਤੇ ਮਹਾਂਪੁਰਸ਼ ਮਿਥੇ ਪ੍ਰੋਗਰਾਮ ਅਨੁਸਾਰ ਪੁਜੇ ਅਤੇ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕੀਤਾ ਤੇ ਅਨੇਕਾਂ ਤਰੀਕਿਆਂ ਨਾਲ ਸਮਝਾ ਕੇ ਨਾਮ ਬਾਣੀ ਨਾਲ ਜੁੜਨ ਅਤੇ ਸੇਵਾ ਸਿਮਰਨ ਦਾ ਉਪਦੇਸ਼ ਕੀਤਾ। ਸੰਗਤਾਂ ਨੇ ਬੜੇ ਪਿਆਰ ਤੇ ਸ਼ਰਧਾ ਨਾਲ ਬਾਬਾ ਜੀ ਨੂੰ ਜੀ ਆਇਆਂ ਆਖ ਕੇ ਕ੍ਰਿਤਗਤਾ ਪ੍ਰਗਟ ਕੀਤੀ।

### ਗੁਰਦੁਆਰਾ ਸੈਨਆਉਜ਼ੇ ਅਤੇ ਸਨੀਵਿਲ ਵਿਖੇ ਦੀਵਾਨ - 3 ਅਪਰੈਲ ਤੋਂ 17 ਅਪਰੈਲ

ਉਪਰੋਕਤ ਵੱਖ-ਵੱਖ ਅਸਥਾਨਾਂ ਤੇ ਲਗ ਚੁਕੇ ਦੀਵਾਨਾਂ ਦੇ ਪ੍ਰਭਾਵ ਸਦਕਾ ਸੰਗਤਾਂ ਦੀ ਖਾਹਿਸ਼ ਨੂੰ ਮੁਖ ਰਖਦਿਆਂ ਹੋਇਆਂ ਲਗਾਤਾਰ ਦੀਵਾਨਾਂ ਦਾ ਪ੍ਰੋਗਰਾਮ ਬਣਿਆ ਤਾਂ ਕਿ ਸੰਗਤਾਂ ਲੜੀਵਾਰ ਪ੍ਰਵਚਨ ਤੇ ਕੀਰਤਨ ਸਰਵਣ ਕਰਕੇ ਵੱਧ ਤੋਂ ਵੱਧ ਲਾਹੇ ਪ੍ਰਾਪਤ ਕਰ ਸਕਣ ਅਤੇ ਨਾਮ ਬਾਣੀ ਨਾਲ ਜੁੜ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਣ। ਇਥੇ ਬਾਬਾ ਜੀ ਨੇ ਵਿਸਥਾਰ ਨਾਲ ਗੁਰਸਿੱਖੀ ਦੇ ਗੂੜ੍ਹ ਤੇ ਮਹਾਨ ਸਿਧਾਂਤਾਂ ਨੂੰ ਗੁਰ ਉਪਦੇਸ਼ ਰਾਹੀਂ ਦ੍ਰਿੜ੍ਹ ਕਰਵਾਇਆ ਅਤੇ ਸੰਗਤਾਂ ਨੇ ਹੁੰਮ ਹੁੰਮਾ ਕੇ ਭਾਰੀ ਗਿਣਤੀ ਵਿਚ ਹਾਜ਼ਰੀਆਂ ਭਰੀਆਂ। ਇਥੇ ਸੰਗਤਾਂ ਵਿਚ ਆਤਮ ਮਾਰਗ ਦੀ ਮੈਂਬਰਸ਼ਿਪ ਪ੍ਰਾਪਤ ਕਰਨ ਤੇ ਪੁਸਤਕਾਂ ਪ੍ਰਾਪਤ ਕਰਨ ਲਈ ਖਾਸ ਉਤਸ਼ਾਹ ਵੇਖਣ ਵਿਚ ਆਇਆ।

### ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - ਸਮਾਂ ਸਵੇਰੇ 12.00 ਵਜੇ ਤੋਂ ਬਾਦ ਦੁਪਿਹਰ 4.00 ਵਜੇ ਤੱਕ - 3, 10, 17, 24, 31 ਮਈ, ਕੋਠੀ ਨੰ: 781, 3ਬੀ1 ਮੋਹਾਲੀ।

**ਪੂਰਨਮਾਸ਼ੀ** - 11 ਮਈ, ਦਿਨ ਸੋਮਵਾਰ, ਰਤਵਾੜਾ ਸਾਹਿਬ

**ਸੰਗਰਾਂਦ** - 14 ਮਈ, ਦਿਨ ਵੀਰਵਾਰ, ਰਤਵਾੜਾ ਸਾਹਿਬ

(ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ** - 25 ਮਈ, ਦਿਨ ਸੋਮਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ (ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

(ਪੰਨਾ 56 ਦੀ ਬਾਕੀ)

ਸਨ। ਉਸ ਨੇ ਕਿਹਾ ਕਿ ਸੱਚੇ ਪਾਤਸ਼ਾਹ! ਆਪ ਦਾ ਹੁਕਮ ਤਾਂ ਸਭ ਨੇ ਸੁਣਿਆ ਸੀ, ਆਪ ਤੋਂ ਵੱਧ ਮੇਰੀ ਕੀ ਮਜ਼ਾਲ ਹੈ ਕਿ ਅੱਗੋਂ ਮੈਂ ਹੋਰ ਸਿੱਖਾਂ ਨੂੰ ਹੁਕਮ ਦੇਵਾਂ। ਗੁਰੂ ਮਹਾਰਾਜ ਜੀ ਉਸ ਦੀ ਸੇਵਾ ਦੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਬ੍ਰਹਮਗਿਆਨ ਦੀ ਦਾਤ ਬਖਸ਼ ਦਿਤੀ।

ਇਸ ਤਰ੍ਹਾਂ ਭਾਈ ਖੁਸ਼ਹਾਲੀ ਜੀ ਇਕੱਲੇ ਹੀ ਸਰਕੜਾ ਵੱਢ ਕੇ ਲਿਆਉਂਦੇ ਰਹੇ, ਉਹ ਵੀ ਭੁੱਖੇ ਤਿਹਾਏ ਸੇਵਾ ਕਰਦੇ ਰਹਿੰਦੇ। ਗੁਰੂ ਮਹਾਰਾਜ ਛੇਵੇਂ ਪਾਤਸ਼ਾਹ ਜੀ ਕਸ਼ਮੀਰ ਵਿਚ ਗਏ ਹੋਏ ਸਨ, ਉਥੇ ਜੰਗਲ ਵਿਚ ਜਾ ਰਹੇ ਸਨ ਤਾਂ ਸੰਗਤ ਵਿਚ ਕਈ ਸਰੀਰਾਂ ਨੇ ਕਿਹਾ ਕਿ ਮਹਾਰਾਜ! ਅੱਗੇ ਰਸਤਾ ਬੜਾ ਖਤਰਨਾਕ ਹੈ ਇਨ੍ਹਾਂ ਮੋੜਾਂ ਵਿਚ ਉਚੀਆਂ ਟੀਸੀਆਂ ਤੇ ਸ਼ੇਰ ਬੈਠੇ ਰਹਿੰਦੇ ਹਨ। ਜਦੋਂ ਕੋਈ ਰਾਹਗੀਰ ਲੰਘਦਾ ਹੈ ਤਾਂ ਅਚਾਨਕ ਝਪਟਾ ਮਾਰ ਲੈਂਦੇ ਹਨ। ਹਜ਼ੂਰ! ਜੋ ਦੂਸਰਾ ਰਸਤਾ ਹੈ, ਉਹ ਠੀਕ ਹੈ। ਭਾਈ ਨਿਹਾਲਾ ਜੀ ਵੀ ਗੁਰੂ ਮਹਾਰਾਜ ਜੀ ਨਾਲ ਜਾ ਰਹੇ ਸੀ ਜੋ ਕਸ਼ਮੀਰ ਵਿਚ ਕਰਨੀ ਤੇ ਕਮਾਈ ਵਾਲੇ ਸਿੱਖ ਸਨ। ਗੁਰੂ ਮਹਾਰਾਜ ਜੀ ਨੇ ਉਸ ਨੂੰ ਕਿਹਾ ਕਿ ਭਾਈ ਨਿਹਾਲਾ! ਤੂੰ ਸਾਡੇ ਆਉਣ ਤਕ ਇਥੇ ਹੀ ਖੜ੍ਹਾ ਰਹੀਂ। ਗੁਰੂ ਮਹਾਰਾਜ ਜੀ ਦੂਸਰੇ ਰਸਤੇ ਹੁੰਦੇ ਹੋਏ ਆਪਣੇ ਨਿਜ ਅਸਥਾਨ ਤੇ ਪਹੁੰਚ ਗਏ ਪਰ ਭਾਈ ਨਿਹਾਲਾ ਜੀ ਗੁਰੂ ਦੇ ਬਚਨ ਦੇ ਬੰਨ੍ਹੇ ਉਥੇ ਹੀ ਖੜ੍ਹੇ ਰਹੇ। ਨਾ ਕੁਝ ਖਾਧਾ, ਨਾ ਕੁਝ ਪੀਤਾ। ਦੋ ਦਿਨ ਪਿਛੋਂ ਗੁਰੂ ਮਹਾਰਾਜ ਜੀ ਨੇ ਬਚਨ ਕੀਤਾ ਕਿ ਭਾਈ ਨਿਹਾਲਾ ਕਿਥੇ ਹੈ, ਨਜ਼ਰ ਨਹੀਂ ਆਇਆ? ਸਭ ਨੇ ਇਕ ਜ਼ੁਬਾਨ ਹੋ ਕੇ ਕਿਹਾ ਕਿ ਪਾਤਸ਼ਾਹ! ਉਸ ਨੂੰ ਤਾਂ ਆਪ ਹੁਕਮ ਦੇ ਆਏ ਸੀ ਕਿ ਸਾਡੇ ਆਉਣ ਤਕ ਤੂੰ ਇਥੇ ਹੀ ਖੜ੍ਹਾ ਰਹੀਂ। ਐਨੇ ਵਿਚ ਹੀ ਗੁਰੂ ਮਹਾਰਾਜ ਜੀ ਘੋੜੇ ਤੇ ਸਵਾਰ ਹੋ ਕੇ ਉਸ ਥਾਂ ਪਹੁੰਚਦੇ ਹਨ ਤਾਂ ਕੀ ਦੇਖਦੇ ਹਨ ਕਿ ਭਾਈ ਨਿਹਾਲਾ ਉਥੇ ਹੀ ਖੜ੍ਹਾ ਹੈ, ਅਤੇ ਉਸ ਦੇ ਮੁੱਖ ਤੋਂ ਧੀਮੀ ਆਵਾਜ਼ ਆ ਰਹੀ ਹੈ 'ਸਤਿਨਾਮ ਵਾਹਿਗੁਰੂ-'ਸਤਿਨਾਮ ਵਾਹਿਗੁਰ'। ਗੁਰੂ ਮਹਾਰਾਜ ਜੀ ਨੇ ਘੋੜੇ ਤੋਂ ਉਤਰ ਕੇ ਛਾਤੀ ਨਾਲ ਲਾ ਲਿਆ ਅਤੇ ਕਿਹਾ ਗੁਰਸਿਖਾ! ਤੂੰ ਧੰਨ ਹੈਂ, ਤੂੰ ਗੁਰੂ ਦੇ ਬਚਨ ਦੀ ਕਮਾਈ ਕਰ ਰਿਹਾ ਹੈਂ। ਗੁਰੂ ਮਹਾਰਾਜ ਜੀ ਨੇ ਬਜਰ ਕਪਾਟ ਖੋਲ੍ਹ ਦਿਤੇ ਅਤੇ ਅਗਮ ਨਿਗਮ ਦੀ ਸੋਝੀ ਬਖਸ਼ ਕੇ ਬ੍ਰਹਮਗਿਆਨ ਦੀ ਦਾਤ ਦੇ ਦਿਤੀ।

ਇਹ ਗੁਰੂ ਦੀ ਸੇਵਾ ਕਰਨਾ ਤਪ ਤਾਉ ਹੈ। ਪਿਆਰ ਦਾ ਭਾਂਡਾ ਅੰਮ੍ਰਿਤ ਨੂੰ ਸੰਭਾਲਣ ਲਈ ਜ਼ਰੂਰੀ ਹੈ, ਪਿਆਰ ਦੇ ਭਾਂਡੇ ਬਾਰੇ ਫੇਰ ਵਿਚਾਰ ਕਰਾਂਗੇ ਕਿਉਂਕਿ ਹੁਣ ਸਮਾਂ ਇਜ਼ਾਜ਼ਤ ਨਹੀਂ ਦਿੰਦਾ, ਪੂਰੇ ਤਿੰਨ ਘੰਟਿਆਂ ਤੋਂ ਆਪ ਸਾਰੀ ਸੰਗਤ ਕੀਰਤਨ ਵਿਚ ਜੁੜੇ ਬੈਠੇ ਹੋ ਜੋ ਆਪਾਂ ਲੰਬੀ ਚੌੜੀ ਵਿਚਾਰ ਅੱਜ ਦੇ ਦੀਵਾਨ ਸਮੇਤ ਚਾਰ ਦੀਵਾਨਾਂ ਵਿਚ ਕੀਤੀ ਹੈ ਉਹ ਇਹ ਹੈ ਕਿ ਅਸੀਂ ਸਰੀਰ ਨਹੀਂ ਹਾਂ। ਭਾਈ ਤਿਲੋਕਾ ਜੀ ਰਾਜਕੁਮਾਰੀ ਨੂੰ ਬਹੁਤ ਹੀ ਸਰਲ ਬੋਲੀ ਵਿਚ ਬਹੁਤ ਮਿਸਾਲਾਂ ਦੇ ਕੇ ਸਮਝਾਅ ਰਹੇ ਹਨ। ਆਪਾਂ ਇਸ ਨੂੰ ਹੋਰ ਵਿਚਾਰਾਂਗੇ ਜਦੋਂ ਤਕ ਚੰਗੀ ਤਰ੍ਹਾਂ ਸਾਡੀ ਸਮਝ ਵਿਚ ਨਹੀਂ ਆਉਂਦਾ।

ਗੁਰ ਸਤੋਤਰ

ਅਰਦਾਸ

ਹੁਕਮਨਾਮਾ

# Sacred Journey
## ਪਵਿੱਤਰ ਪੈਂਡਾ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

### ਮੁਖ ਬੰਦ

ਅੱਜ ਦੀ ਸਭਿਅਤਾ ਤਕਨੀਕੀ ਪ੍ਰਾਪਤੀਆਂ, ਦੌਲਤ ਦੀ ਭਰਮਾਰ, ਆਵਾਜਾਈ ਦੇ ਸਾਧਨਾਂ ਦੇ ਪ੍ਰਗਟਾਵੇ ਦਾ ਇਕ ਅਚੰਭਾ ਹੈ, ਇਸ ਅਚੰਭੇ ਨੇ ਸੰਸਾਰ ਵਿਚ ਬਹੁਤ ਨੇੜਤਾ ਲਿਆ ਦਿਤੀ ਹੈ, ਹਰ ਦੇਸ਼ ਦੂਸਰੇ ਦੇ ਬਹੁਤ ਨੇੜੇ ਹੋ ਗਿਆ ਹੈ। ਇਨ੍ਹਾਂ ਸਾਧਨਾ ਦੇ ਹੁੰਦੇ ਹੋਏ, ਧਨ ਦੌਲਤ ਦੀ ਭਰਮਾਰ ਹੁੰਦੇ ਹੋਏ ਹਰ ਸੁਵਿਧਾ ਦੇ ਹਰ ਸੁਖ ਦੇ ਉਪਰੰਤ ਵੀ ਅੱਜ ਦਾ ਮਨੁੱਖ ਕਿਉਂ ਸੰਤੁਸ਼ਟ ਨਹੀਂ, ਕਿਉਂ ਖੁਸ਼ ਨਹੀਂ? ਕਿਉਂਕਿ ਉਸ ਦੀਆਂ ਮਨੋਬਿਰਤੀਆਂ ਉਸ ਦੇ ਕਾਬੂ ਨਹੀਂ ਉਹ ਸੰਸਾਰਕ ਪਦਾਰਥਾਂ ਵਿਚ ਪੂਰੀ ਤਰ੍ਹਾਂ ਗ੍ਰਸਿਆਂ ਹੋਇਆਂ ਹੈ, ਉਸ ਦੇ ਸਬੰਧਾਂ ਵਿਚ ਰਸਿਆ ਹੋਇਆ ਹੈ। ਮਨੁੱਖ ਦਾ ਸਾਰਾ ਜੀਵਨ ਹੀ ਹੋਰ-ਹੋਰ, ਬਹੁਤ ਧਨ ਜੋੜਨ ਵਿਚ, ਹੋਰ ਵਸਤਾਂ ਇਕੱਠੀਆਂ ਕਰਨ ਵਿਚ ਲੱਗਿਆ ਰਹਿੰਦਾ ਹੈ। ਇਹੋ ਹੀ ਗੱਲ ਸਨਬੰਧੀਆਂ ਤੇ ਸਨਬੰਧਾਂ ਨਾਲ ਹੈ, ਵੱਧ ਤੋਂ ਵੱਧ ਸਨਬੰਧ ਬਣਾਉਣੇ ਤੇ ਉਨ੍ਹਾਂ ਕੋਲੋਂ ਕੁਝ ਲੈਣ ਦੀ ਆਸ ਰਖਣੀ, ਜੀਵਨ ਮਨੋਰਥ ਬਣ ਚੁਕਿਆ ਹੈ, ਦੇਣਾ ਚਿੱਤ ਚੇਤੇ ਨਹੀਂ। ਸਨਬੰਧਾਂ ਨਾਲ ਮਿਲ ਕੇ ਰਹਿਣਾ, ਉਨ੍ਹਾਂ ਨਾਲ ਚੰਗਾ ਸਮਾਂ ਮਾਨਣਾ, ਵਸਤੂਆਂ ਤੋਂ ਸੁਖ ਲੈਣਾ ਤੇ ਸੁਵਿਧਾ ਮਾਨਣਾ ਹੀ ਉਦੇਸ਼ ਹੋ ਚੁਕਾ ਹੈ। ਉਨ੍ਹਾਂ ਨੂੰ ਚੰਬੜੇ ਰਹਿਣਾ ਤੇ ਹਰ ਸਮੇਂ ਇਸ ਭੈ ਵਿਚ ਰਹਿਣਾ ਕਿ ਕਿਤੇ ਸਾਰਾ ਕੁਝ ਖੁਸ ਨਾ ਜਾਏ।

ਸਾਰੇ ਜੀਵਨ ਵਿਚ ਆਪਣੀਆਂ ਜ਼ਰੂਰਤਾਂ ਵਧਾਉਂਦਿਆਂ, ਉਨ੍ਹਾਂ ਨੂੰ ਹਾਸਲ ਕਰਦਿਆਂ ਉਨ੍ਹਾਂ ਨੂੰ ਚਿੰਬੜੇ ਰਹਿੰਦਿਆਂ, ਮਰਨ ਦਾ ਭੈ ਹਰ ਸਮੇਂ ਸਿਰ ਤੇ ਮੰਡਲਾਉਂਦਾ ਹੈ, ਇਕ ਮੰਝਦਾਰ ਵਿਚ ਫਸੇ ਹੋਏ ਦੀ ਤਰ੍ਹਾਂ ਭੁਆਟਣੀਆਂ ਦਿੰਦਾ ਰਹਿੰਦਾ ਹੈ, ਉਨ੍ਹਾਂ ਭੁਆਟਣੀਆਂ ਨੂੰ ਭੁੱਲਣ ਲਈ ਮਨੁੱਖ ਵਧੇਰੇ ਜ਼ਰੂਰਤਾਂ ਲਭਦਾ ਹੈ, ਹੋਰ ਭੈ ਵਿਚ ਫਸਦਾ ਹੈ ਅਤੇ ਅਸਹਿ ਤੇ ਅਕਹਿ ਦੁਖਾਂ ਵਿਚ ਧਸਦਾ ਚਲਾ ਜਾਂਦਾ ਹੈ। ਏਸ ਤਰੀਕੇ ਨਾਲ ਸੁਚੱਜਾ ਜੀਵਨ ਨਹੀਂ ਜੀਵਿਆ ਜਾ ਸਕਦਾ, ਇਸ ਤਰ੍ਹਾਂ ਜੀਵਨ ਖੇਰੂੰ-ਖੇਰੂੰ ਹੋ ਜਾਂਦਾ ਹੈ। ਕਾਲ ਦਾ ਭੈ ਸਦਾ ਲੱਗਾ ਰਹਿੰਦਾ ਹੈ, ਮਨੁੱਖ ਉਸ ਨੂੰ ਭੁੱਲਣ ਦਾ ਜਤਨ ਕਰਦਾ ਹੈ, ਉਸ ਜਤਨ ਵਿਚ ਉਹ ਇਸ ਭੈ ਨੂੰ ਮਨ ਦੇ ਪਿਛੇ ਹੋਰ ਪਿਛੇ ਧਕਦਾ ਰਹਿੰਦਾ ਹੈ, ਓਦੋਂ ਤਕ ਜਦੋਂ ਤਕ ਉਸ ਨੂੰ ਚੇਤਨਾ ਵਿਚੋਂ ਪੂਰੀ ਤਰ੍ਹਾਂ ਕੱਢ ਨਹੀਂ ਦਿੰਦਾ, ਮੌਤ ਨੂੰ ਉਹ ਕੁਦਰਤ ਦਾ ਨਿਯਮ ਨਹੀਂ ਮੰਨਦਾ, ਉਸ ਨੂੰ ਅਟਲ ਨਹੀਂ ਮੰਨਦਾ, ਉਸ ਨੂੰ ਇਕ ਅੰਤਮ ਸਚਾਈ ਨਹੀਂ ਮੰਨਦਾ, ਨਤੀਜਾ ਇਹ ਹੁੰਦਾ ਹੈ ਕਿ ਉਹ ਸਾਰਾ ਜੀਵਨ ਜੀਉਂਦਿਆਂ ਆਪਣੇ ਆਪ ਨੂੰ ਮਰਨ ਲਈ ਤਿਆਰ ਹੀ ਨਹੀਂ ਕਰਦਾ। ਕਾਲ ਦਾ ਇਹੋ ਭੈ ਉਸ ਦੀ ਅਸੰਤੁਸ਼ਟੀ ਦਾ ਕਾਰਨ ਹੈ, ਹੋਰ ਸਾਮਾਨ, ਹੋਰ ਸਬੰਧ, ਹੋਰ ਖੇਲ੍ਹ ਤਮਾਸ਼ੇ, ਭੋਗ, ਆਰਾਮ ਦੇ ਸਾਧਨ ਤੇ ਸ਼ਰਾਬ ਦੇ ਨਸ਼ੇ ਇਨ੍ਹਾਂ ਸਾਰੀਆਂ ਚੀਜ਼ਾਂ ਵਿਚ ਡੁੱਬੇ ਰਹਿੰਦਿਆਂ ਮੌਤ ਨੂੰ ਭੁੱਲੇ ਰਹਿਣਾ ਇਹ ਸਾਰੇ ਮੌਤ ਨੂੰ ਭੁੱਲਣ ਦੇ ਹੀ ਵਸੀਲੇ ਹਨ। ਮੰਦੇ ਭਾਗ ਤਾਂ ਇਹ ਹਨ ਕਿ ਇਹ ਕੋਈ ਸੋਹਣੇ ਵਸੀਲੇ ਨਹੀਂ ਹਨ, ਇਹ ਕੋਈ ਚੰਗੇ ਵਸੀਲੇ ਨਹੀਂ ਹਨ।

ਮੌਤ ਨੂੰ ਸਮਝਣ ਲਈ ਪਹਿਲਾਂ ਜੀਵਨ ਨੂੰ ਜਾਨਣਾ ਪੈਂਦਾ ਹੈ, ਸਮਝਣਾ ਪੈਂਦਾ ਹੈ, ਜੀਵਨ ਮਨੋਰਥ ਨੂੰ ਜਾਨਣਾ ਪੈਂਦਾ ਹੈ, ਜੀਵਨ ਅਤੇ ਮਰਨ ਦੇ ਸਬੰਧ ਨੂੰ ਜਾਨਣਾ, ਸਮਝਣਾ ਤੇ ਬੁਝਣਾ ਪੈਂਦਾ ਹੈ, ਜੀਵਨ ਤੇ ਮਰਨ ਭਾਈਵਾਲ ਹਨ, ਇਕ ਦੂਜੇ ਦੇ ਪ੍ਰਸੰਗ ਹਨ, ਸੰਦਰਭ ਹਨ, ਮੌਤ ਜੀਵਨ ਦੇ ਰਾਹ ਤੇ ਇਕ ਰਹਾਓ ਨਹੀਂ, ਇਕ ਵਿਸ਼ਰਾਮ ਚਿੰਨ ਨਹੀਂ, ਜਦੋਂ ਜੀਵਨ ਤੇ ਮਰਨ ਨੂੰ ਠੀਕ ਤਰ੍ਹਾਂ ਜਾਣ ਲਿਆ ਜਾਂਦਾ ਹੈ ਉਨ੍ਹਾਂ ਦੇ ਮੰਤਵ ਨੂੰ ਬੁਝ ਲਿਆ ਜਾਂਦਾ ਹੈ, ਉਦੇਸ਼ ਨੂੰ ਸਮਝਾ ਲਿਆ ਜਾਂਦਾ ਹੈ, ਫੇਰ ਮਰਨ ਨੂੰ ਜੀਵਨ ਦਾ ਭਾਗ ਜਾਣਿਆ ਜਾ ਸਕਦਾ ਹੈ, ਮੰਨਿਆ ਤੇ ਅਪਨਾਇਆ ਜਾ ਸਕਦਾ ਹੈ। ਮਰਨ ਦਾ ਭੈ ਇਸ ਤਰ੍ਹਾਂ ਖਤਮ ਕੀਤਾ ਜਾ ਸਕਦਾ ਹੈ ਤੇ ਜੀਵਨ ਭਰਪੂਰਤਾ ਨਾਲ ਜੀਵਿਆ ਜਾ ਸਕਦਾ ਹੈ।

ਇਹ ਪੁਸਤਕ ਜੀਵਨ ਅਤੇ ਮੌਤ ਦੇ ਮਰਨ ਤੇ ਪ੍ਰਸਪਰ ਸਬੰਧਾਂ ਨੂੰ ਦਰਸਾਉਂਦੀ ਹੈ, ਜੀਵਨ ਮਰਨ ਨੂੰ ਕਿਵੇਂ ਤੇ ਕਿਉਂ ਇਕ ਸੂਤਰ ਵਿਚ ਲਿਆਂਦਾ ਜਾਵੇ, ਕਿਵੇਂ ਜੀਵਨ ਨੂੰ ਵਿਸਤਾਰਪੂਰਵਕ ਜੀਵਿਆ ਜਾਵੇ, ਕਿਵੇਂ ਉਸ ਦਾ ਨਿਰਮਾਣ ਕੀਤਾ ਜਾਵੇ ਤੇ ਕਿਵੇਂ ਮਰਨ ਲਈ ਤਿਆਰੀ ਕੀਤੀ ਜਾਵੇ।

ਇਸ ਪੁਸਤਕ ਵਿਚ ਦਸਿਆ ਕਾਲ ਦਾ ਰਾਹ ਉਹ ਹੀ ਹੈ ਜਿਹੜਾ ਪੁਰਾਣੇ ਗ੍ਰੰਥਾਂ ਵਿਚ ਦਸਿਆ ਗਿਆ ਹੈ, ਉਪਨਿਸ਼ਦਾਂ ਵਿਚੋਂ ਲਿਆ ਗਿਆ ਹੈ, ਉਪਨਿਸ਼ਦ ਉਹ ਗ੍ਰੰਥ ਹਨ ਜਿਹੜੇ ਵੇਦਾਂ ਦਾ ਅੰਤਲਾ ਭਾਗ ਹਨ, ਉਨ੍ਹਾਂ ਦਾ ਨਿਚੋੜ ਹਨ, ਵੇਦ ਸਭ ਤੋਂ ਪੁਰਾਣੇ ਉਹ ਗ੍ਰੰਥ ਹਨ ਜਿਨ੍ਹਾਂ ਵਿਚ ਮਨੁੱਖਤਾ ਦਾ ਇਤਿਹਾਸ ਲਿਖਿਆ ਹੋਇਆ ਹੈ।

ਚਾਰ ਵੇਦ ਹਨ ਰਿਗ, ਯਜੁਸ, ਅਥਰਵ, ਸ਼ਾਮ ਹਰ ਇਕ ਦੇ ਦੋ ਭਾਗ ਹਨ। ਹਰ ਇਕ ਦਾ ਪਹਿਲਾ ਭਾਗ ਸ਼ਲੋਕ ਹਨ, ਜੀਵਨ ਜੀਉਣ ਦੇ ਅਸੂਲ, ਪੂਜਾ ਅਰਚਾ ਦੇ ਅਧਿਕਾਰ, ਹੋਰ ਹਰ ਤਰ੍ਹਾਂ ਦੇ ਰੀਤੀ ਰਿਵਾਜ ਦਿਤੇ ਗਏ ਹਨ। ਦੂਸਰਾ ਭਾਗ ਅਧਿਆਤਮਵਾਦ ਹੈ ਜਿਸ ਵਿਚ ਬ੍ਰਹਮਗਿਆਨ ਬਾਰੇ ਦਸਿਆ ਹੈ, ਉਸ ਇਕ ਬਾਰੇ ਦਸਿਆ ਗਿਆ ਹੈ। ਇਹ ਭਾਗ ਹੀ ਉਪਨਿਸ਼ਦ ਹਨ।

ਪਰੰਪਰਾਗਤ 108 ਉਪਨਿਸ਼ਦ ਹਨ, ਵਾਸਤਵ ਵਿਚ ਕੋਈ 200 ਉਪਨਿਸ਼ਦ ਉਪਲਬਧ ਹਨ। ਇਨ੍ਹਾਂ ਵਿਚੋਂ ਦਸ ਤਾਂ ਵੇਦਾਂਤ ਦੀ ਫਿਲੌਸਫੀ ਬਾਰੇ ਹਨ। ਇਨ੍ਹਾਂ ਨੂੰ ਧੁਰੋਂ ਆਏ ਕਿਹਾ ਜਾਂਦਾ ਹੈ, ਉਹ ਗਿਆਨ ਜਿਹੜਾ ਸਾਧੂਆਂ ਨੂੰ ਧੁਰੋਂ ਆਇਆ ਉਦੋਂ ਜਦੋਂ ਉਹ ਸਮਾਧੀ ਸਥਿਤ ਹੋਏ, ਉਸ ਇਕ ਨਾਲ ਇਕ ਹੋ ਕੇ ਜੁੜੇ ਬੈਠੇ। ਸਾਧੂਆਂ ਨੇ ਉਹ ਗਿਆਨ ਆਪਣੇ ਚੇਲਿਆਂ ਨੂੰ ਦਿਤਾ, ਜਗਿਆਸੂਆਂ ਨੂੰ ਦਿਤਾ, ਉਨ੍ਹਾਂ ਨੇ ਉਸ ਗਿਆਨ ਨੂੰ ਬੜੇ ਸਤਿਕਾਰ ਪੂਰਵਕ ਸਾਂਭ ਕੇ ਆਉਣ ਵਾਲੀਆਂ ਪੀੜੀਆਂ ਲਈ ਰੱਖਿਆ।

ਉਪਨਿਸ਼ਦ ਸ਼ਬਦ ਦੇ ਅਰਥ ਹਨ 'ਕੋਲ ਹੋ ਕੇ ਬਹਿਣਾ' ਗੁਰੂ ਦੇ ਚਰਨਾਂ ਵਿਚ ਬੈਠ ਕੇ ਇਸ ਗੂੜ੍ਹ ਗਿਆਨ ਨੂੰ, ਭੇਦ ਭਰੇ ਗ੍ਰੰਥਾਂ ਨੂੰ ਸੁਣਨਾ।

ਦੂਸਰੀ ਵਿਆਖਿਆ ਇਸ ਪ੍ਰਕਾਰ ਹੈ। ਉਪਨਿਸ਼ਦ ਸ਼ਬਦ ਸੰਸਕ੍ਰਿਤ ਦੇ 'ਸਦ' ਸੰਗਿਆ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਤਬਾਹ ਕਰਨਾ, ਢਿੱਲਾ ਛਡਣਾ ਜਾਂ ਪੱਥ ਪ੍ਰਦਰਸ਼ਨ ਕਰਨਾ। ਉਪਨਿਸ਼ਦ ਉਹ ਗ੍ਰੰਥ ਹਨ ਜਿਹੜੇ ਅਗਿਆਨ ਦਾ ਨਾਸ਼ ਕਰਦੇ ਹਨ, ਉਹ ਅਗਿਆਨ ਜਿਹੜਾ ਮਨੁਖ ਨੂੰ ਇਸ ਸੰਸਾਰ ਰੂਪੀ ਮਾਇਆ ਜਾਲ ਵਿਚ ਉਲਝਾ ਲੈਂਦਾ ਹੈ। ਉਪਨਿਸ਼ਦਾਂ ਰਾਹੀਂ ਮੋਹ ਤੋਂ ਛੁਟਕਾਰਾ ਪਾ ਸਕਦੇ ਹੋ, ਇਸ ਸੰਸਾਰ ਵਿਚ ਮੋਹ ਤੋਂ ਛੁਟ ਕੇ ਨਾਸ਼ਵਾਨ ਤੋਂ ਛੁਟਕਾਰਾ ਪਾ ਸਕਦੇ ਹੋ, ਉਪਨਿਸ਼ਦ ਤੁਹਾਨੂੰ ਤੁਹਾਡੇ ਮੰਤਵ ਤੇ ਉਦੇਸ਼ ਤੇ ਪਹੁੰਚਣ ਦਾ ਪੱਥ ਪ੍ਰਦਰਸ਼ਨ ਕਰਦੇ ਹਨ।

ਇਹ ਗ੍ਰੰਥ ਸਾਨੂੰ ਦਸਦੇ ਹਨ ਕਿ ਮਨੁੱਖੀ ਜੀਵਨ ਦਾ ਮਨੋਰਥ ਲਕਸ਼ ਕੀ ਹੈ? ਅੰਦਰੋਂ ਹਰ ਮਨੁੱਖ ਨੂੰ ਇਸ ਦਾ ਗਿਆਨ ਹੈ, ਭਾਵੇਂ ਉਪਰੋਂ-ਉਪਰੋਂ ਹਰ ਕੋਈ ਇਸ ਤੋਂ ਮੁਨਕਰ ਹੋਵੇ, ਜਵਾਬ ਸਵਾਲ ਕਰਨ। ਨਿਰੀਆਂ ਫਿਲੌਸਫੀਆਂ ਬਣਾ ਕੇ ਜੀਵਨ ਦਾ ਕੋਈ ਮਨੋਰਥ ਨਹੀਂ ਰਹਿਣਾ ਜੀਵਨ ਤਾਂ ਇਕ ਹਾਦਸਾ ਹੈ ਇਸ ਬ੍ਰਹਿਮੰਡ ਦਾ ਇਕ ਹਾਦਸਾ ਹੈ ਕਿਸੇ ਨਾ ਕਿਸੇ ਤਰ੍ਹਾਂ ਹਰ ਮਨੁੱਖ ਖੁਸ਼ ਰਹਿਣ ਦੀ, ਖੁਸ਼ੀਆਂ ਪ੍ਰਾਪਤ ਕਰਨ ਦਾ ਜਤਨ ਕਰਦਾ ਹੈ, ਸ਼ਾਂਤੀ ਪ੍ਰਾਪਤ ਕਰਨ ਦਾ ਜਤਨ ਕਰਦਾ ਹੈ, ਮਨ ਚਿਤ ਦੀ ਸਥਿਰਤਾ ਤੇ ਸ਼ਾਂਤੀ ਦਾ ਇਛੁਕ ਹੈ।

ਉਪਨਿਸ਼ਦ ਉਹ ਨਕਸ਼ਾ ਹਨ ਜਿਹੜੇ ਮੁਕਤੀ ਦਾ ਰਾਹ ਦਸਦੇ ਹਨ, ਜੀਵਨ ਮਨੋਰਥ ਦਸਦੇ ਹਨ, ਮਰਨ ਦਾ ਅਰਥ ਦਸਦੇ ਹਨ, ਉਹ ਰਸਤਾ ਉਹ ਪੈਂਡਾ ਇਕ ਗਾਡੀ ਰਾਹ ਹੈ ਜਿਹੜਾ ਇਨ੍ਹਾਂ ਗ੍ਰੰਥਾਂ ਵਿਚ ਖੋਲ੍ਹ ਕੇ ਦਸਿਆ ਗਿਆ ਹੈ, ਸਭ ਇਕ ਹੀ ਹੈ, ਸੰਸਾਰ ਕੇਵਲ ਇਕ ਦਾ ਹੀ ਪਸਾਰਾ ਹੈ।

ਇਕ ਸਭ ਤੋਂ ਅਨੋਖੀ ਸਿਖਿਆ ਜਿਹੜੀ ਉਪਨਿਸ਼ਦਾਂ ਵਿਚ ਦਿਤੀ ਗਈ ਹੈ, ਉਹ ਇਹ ਹੈ ਕਿ ਇਹ ਦਿਸਦਾ ਸੰਸਾਰ ਇਹ ਦ੍ਰਿਸ਼ਟਮਾਨ ਸੰਸਾਰ ਇਕ ਦਾ ਪ੍ਰਗਟਾਵਾ ਹੈ, ਸਿਰਜਣਾ ਨਹੀਂ, ਇਹ ਉਸ ਇਕ ਦਾ ਹੀ ਪ੍ਰਗਟਾਵਾ ਹੈ, ਏਕ ਤੋਂ ਅਨੇਕ ਰੂਪ ਧਾਰੇ ਹਨ। ਉਸ ਦੇ ਇਹ ਵਿਚਾਰ ਪੱਛਮ ਦੇ ਵਿਚਾਰ ਨਾਲੋਂ ਵਖ ਹਨ ਉਨ੍ਹਾਂ ਦੇ ਵਿਚਾਰ ਅਨੁਸਾਰ ਸਿਰਜਨਹਾਰ ਸਿਰਜਨਾ ਤੋਂ ਵੱਖ ਹੈ, ਉਹ ਦਵੰਦ ਵਿਚ ਹਨ। ਉਪਨਿਸ਼ਦਾਂ ਵਿਚ ਦਵੰਦ ਬਿਲਕੁਲ ਨਹੀਂ ਹੈ, ਉਪਨਿਸ਼ਦ ਤਾਂ ਇਕੋ ਬ੍ਰਹਮ ਬਹੁ ਸਿਆਮਾ ਜਾਂ ਇਹ ਕਹੋ 'ਏਕੋ ਬ੍ਰਹਮ ਦੁਤੀਆ ਨਾਸਤਿ' ਕਹਿੰਦੇ ਹਨ, ਇਕ ਹੀ ਹੈ ਇਕ ਦਾ ਹੀ ਪਸਾਰਾ ਹੈ, ਉਸ ਤੋਂ ਬਿਨਾਂ ਦੂਸਰਾ ਕੋਈ ਹੈ ਹੀ ਨਹੀਂ, ਉਹ ਬ੍ਰਹਮ ਦਾ ਹੀ ਪਸਾਰਾ ਹੈ, ਉਹ ਬ੍ਰਹਮ ਹੀ ਸਤਿ ਹੈ ਜਾਂ ਕਹਿ ਲਓ ਕੇਵਲ ਚੇਤਨਤਾ ਹੈ, ਉਸ ਤੋਂ ਵੱਧ ਘੱਟ ਕੋਈ ਨਹੀਂ। ਬ੍ਰਹਮ ਹੀ ਸਤਿ ਹੈ। ਉਪਨਿਸ਼ਦਾਂ ਦਾ ਕਹਿਣਾ ਹੈ, ਦਿਸਦਾ ਸੰਸਾਰ ਛਿਨ ਭੰਗਰ ਹੈ, ਅਸਤਿ ਹੈ। ਬ੍ਰਹਮ ਤੋਂ ਬਿਨਾਂ ਸਭ ਕੁਝ ਹੀ ਅਸਤਿ ਹੈ, ਬ੍ਰਹਮ ਜੀਵਨ ਸਰੋਤ ਹੈ, ਜੀਵਨ ਜੋਤ ਹੈ, ਹੋਂਦ ਹੈ। ਜੀਵਨ ਮਨੋਰਥ ਇਸ ਸਤਿ ਨੂੰ ਬੁਝਣਾ ਹੈ।

ਮਨੁੱਖ ਦਾ ਸੁਭਾਅ ਹੈ ਸੰਸਾਰ ਵਿਚ ਰਹਿੰਦਿਆਂ ਬਾਹਰੋਂ ਸੰਸਾਰ ਵਿਚੋਂ ਖੁਸ਼ੀਆਂ ਲੱਭਣੀਆਂ। ਉਪਨਿਸ਼ਦਾਂ ਦਾ ਕਹਿਣਾ ਹੈ, ਖੁਸ਼ੀਆਂ ਤਾਂ ਅੰਦਰ ਹਨ, ਖੁਸ਼ੀਆਂ ਦੀ ਪ੍ਰਾਪਤੀ ਬਾਹਰ ਦਿਸਦੇ ਸੰਸਾਰ ਤੋਂ ਨਹੀਂ ਹੋ ਸਕਦੀ, ਨਾ ਹੀ ਸੰਸਾਰਕ ਪਦਾਰਥਾਂ ਤੋਂ ਹੋ ਸਕਦੀ ਹੈ, ਸੰਸਾਰਕ ਪਦਾਰਥ ਤਾਂ ਚਲਾਏਮਾਨ ਹਨ, ਚਲਾਏਮਾਨ ਕਿਵੇਂ ਖੁਸ਼ੀਆਂ ਦੇ ਸਕਦਾ ਹੈ, ਕਿਵੇਂ ਸਥਿਰਤਾ ਤੇ ਸ਼ਾਂਤੀ ਦੇ ਸਕਦਾ ਹੈ?

ਉਪਨਿਸ਼ਦ ਸਾਨੂੰ ਅੰਤਰਮੁਖੀ ਹੋਣਾ ਦਸਦੇ ਹਨ ਉਸਦੀ ਭਾਲ ਕਰਨੀ ਦਸਦੇ ਹਨ ਜਿਹੜਾ ਸਥਿਰ ਹੈ, ਮਨੁੱਖ ਬਾਹਰ ਲੱਭਦਾ ਹੈ, ਆਪਣਾ ਅੰਤਰ ਨਹੀਂ ਦੇਖਦਾ। ਉਹ ਕੋਈ ਵਿਰਲਾ ਹੀ ਹੈ ਜਿਹੜਾ ਅਜਰ ਅਮਰ ਹੋਣਾ ਲੋਚਦਾ ਹੈ ਤੇ ਨੇਤਰ ਬੰਦ ਕਰਕੇ ਆਪਾ ਚੀਨਦਾ ਹੈ। ਅਗਿਆਨੀ ਇਛਾਵਾਂ ਦੇ ਪਿਛੇ ਦੌੜਦੇ ਹਨ, ਮੋਹ ਵਿਚ ਫਸੇ ਪਏ ਹਨ, ਕਾਮ ਦੇ ਡਸੇ ਪਏ ਹਨ, ਉਹ ਮੌਤ ਦੇ ਸ਼ਕੰਜੇ ਵਿਚ ਫਸੇ ਪਏ ਹਨ। ਗਿਆਨੀ ਆਤਮਾ ਨੂੰ ਜਾਣਦਾ ਹੈ, ਆਤਮਾ ਅਜਰ ਅਮਰ ਹੈ, ਉਹ ਚਲਾਇਮਾਨ ਦੇ ਪਿਛੇ ਨਹੀਂ ਦੌੜਦਾ, ਉਹ ਆਤਮਾ ਖੋਜਦਾ ਹੈ।

ਉਪਨਿਸ਼ਦਾਂ ਨੇ ਜੋ ਦਸਿਆ ਹੈ ਉਹ ਕਿੰਨਾਂ ਸਤਿ ਹੈ ਹਰ ਧਰਮ ਦਾ ਸਤਿ ਇਕ ਹੀ ਹੈ ਈਸਾਇਆ ਵਿਚ ਸੇਂਟ ਪਾਲ ਨੇ ਜੋ ਕੌਰੀਇੰਥਾਨਸ ਵਿਚ ਲਿਖਿਆ ਹੈ ਕਿ ਜੀਵਨ ਵਿਚ ਹਰ ਚੀਜ਼ ਅਧਿਆਤਮਕ ਪਸਾਰੇ ਲਈ ਹੈ। ਸਭ ਕੁਝ ਤੁਹਾਡੇ ਲਈ ਹੈ ਇਸ ਨੂੰ ਸੁਚੱਜੀ ਤਰ੍ਹਾਂ ਵਰਤੋ, ਸਮਝਦਾਰੀ ਨਾਲ ਵਰਤੋ, ਜੀਵਨ ਬਹੁਤ ਛੋਟਾ ਹੈ।

ਭਾਵੇਂ ਦੇਹ ਨਹੀਂ ਰਹਿੰਦੀ, ਆਤਮਾ ਸਦਾ ਨਵੀ ਨਵੇਲੀ ਹੈ। ਜੋ ਦਿਸਦਾ ਹੈ ਉਹ ਛਿਨਭੰਗਰ ਹੈ, ਚਲਾਏਮਾਨ ਹੈ। ਜੋ ਨਹੀਂ ਦਿਸਦਾ ਉਹ ਸਤਿ ਹੈ, ਸਥਾਈ ਹੈ।

ਇਹ ਹੀ ਪ੍ਰਵਚਨ ਈਸਾ ਜੀ ਨੇ 'Sermon on the mount' ਤੇ ਕੀਤੇ ਸਨ -

ਸੰਸਾਰਕ ਧਨ ਨਾ ਇਕੱਠਾ ਕਰੋ, ਜਿਸ ਨੂੰ ਜੰਗ ਲਗ ਜਾਵੇਗਾ, ਸਿਉਂਕ ਲਗ ਜਾਣੀ ਹੈ, ਚੋਰਾਂ ਨੇ ਲੁੱਟ ਲੈਣਾ ਹੈ। ਸਾਚਾ ਧਨ ਇਕੱਠਾ ਕਰੋ ਜਿਹੜਾ ਨਾਲ ਜਾਣਾ ਹੈ ਜਿਸ ਨੂੰ ਨਾ ਜੰਗਾਲ ਲੱਗੇ, ਨਾ ਸਿਉਂਕ ਖਾਏ, ਨਾ ਚੋਰ ਲੁਟ ਸਕਣ। ਜਿਥੇ ਤੁਹਾਡਾ ਧਨ ਹੋਏਗਾ, ਉਥੇ ਤੁਹਾਡਾ ਮਨ ਹੋਏਗਾ।

ਜੀਵਨ ਦਾ ਮਨੋਰਥ ਬਾਹਰ ਅਤੇ ਅੰਤਰ ਨੂੰ ਉਸ ਦੇ ਭੇਦ ਨੂੰ ਜਾਣ ਲੈਣਾ ਹੈ, ਬਾਹਰ ਜੋ ਹੈ ਉਹ ਚਲਾਇਮਾਨ ਹੈ, ਛਿੰਨ ਭੰਗਰ ਹੈ, ਅਸਤਿ ਹੈ, ਅੰਦਰ ਜੋ ਹੈ ਉਹ ਅਜਰ ਹੈ, ਅਮਰ ਹੈ, ਉਸ ਨੂੰ ਅਭਿਆਸ ਤੇ ਅਨੁਭਵ ਰਾਹੀਂ ਖੋਜਣਾ ਤੇ ਅਨੰਤ ਤਕ ਪੁਜਣਾ ਓਮ (ਓਅੰਕਾਰ) ਦੀ ਕੀਮਤ ਜਾਨਣੀ ਹੈ ਜਦੋਂ ਹੀ ਇਹ ਬੁਝਿਆ ਜਾਵੇ ਇਹ ਭੇਦ ਜਾਣ ਲਿਆ ਜਾਂਦਾ ਹੈ ਮੌਤ ਦਾ ਭੈ ਪੰਖੇਰੂ ਹੋ ਜਾਂਦਾ ਹੈ। ਜੀਵਨ ਅਨੰਦਮਈ ਹੋ ਜਾਂਦਾ ਹੈ।

ਉਪਨਿਸ਼ਦਾਂ ਨੂੰ ਵੇਦਾਂਤ ਵੀ ਕਿਹਾ ਜਾਂਦਾ ਹੈ, ਭਾਵ ਜਿਥੇ ਵੇਦਾਂ ਦਾ ਅੰਤ ਹੁੰਦਾ ਹੈ, ਇਸ ਤੋਂ ਇਹ ਭਾਵ ਪ੍ਰਗਟਾਉਣਾ ਹੈ ਕਿ ਇਨ੍ਹਾਂ ਦਾ ਮੰਤਵ ਅਸੀਮ ਹੈ, ਅੰਤਮ ਗਿਆਨ ਦੀ ਪ੍ਰਾਪਤੀ, ਉਹ ਗਿਆਨ ਜਿਹੜਾ ਮਨੁੱਖ ਨੂੰ ਚੌਰਾਸੀ ਦੇ ਬੰਧਨ ਤੋਂ ਛੁਡਾ ਦੇਵੇ।

ਇਹ ਪੁਸਤਕ ਉਨ੍ਹਾਂ ਪ੍ਰਵਚਨਾਂ ਨੂੰ ਇਕੱਠਾ ਕਰਕੇ ਜਿਲਦ ਵਿਚ ਬੰਨ੍ਹੀ ਗਈ ਹੈ ਜਿਹੜੇ ਸ਼ਿਕਾਗੋ ਹੌਨਸਡੇਲ ਅਮਰੀਕਾ ਵਿਚ ਇਕ ਕਾਂਗਰਸ ਵਿਚ ਦਿਤੇ ਗਏ ਸਨ। ਥੋੜ੍ਹਾ ਬਹੁਤ ਉਨ੍ਹਾਂ ਨੂੰ ਸੋਧਿਆ ਗਿਆ ਹੈ।

□ □ □ □ □ □ □

# ਲਾਗੀ ਲਿਵ ਟੁੱਟੀ ਕਿਉਂ?

***ਸੰਤ ਕਲਿਆਣ ਦਾਸ ਜੀ***

ਮੁਨੀ ਵੇਦ ਵਿਆਸ ਜੀ ਸੰਤ ਮੰਡਲੀ ਨੂੰ ਸੰਬੋਧਨ ਕਰਕੇ ਪ੍ਰਵਚਨ ਕਰ ਰਹੇ ਸਨ। ਉਸ ਸੰਤ ਸਭਾ ਵਿਚ ਵਿਆਸ ਜੀ ਦੇ ਵੱਡੇ ਪੁੱਤਰ ਜੈਮਨੀ ਰਿਸ਼ੀ ਅਤੇ ਛੋਟੇ ਪੁੱਤਰ ਸੁਖਦੇਵ ਮੁਨੀ ਵੀ ਬੈਠੇ ਸਨ। ਪ੍ਰਕਰਣ ਚਲ ਰਿਹਾ ਸੀ ਕਿ ਗਿਆਨਵਾਨ ਕਉ ਭੀ 'ਭੈ' ਹੈ। ਗਿਆਨ ਹੋਣ ਕੇ ਪਸ਼ਚਾਤ ਭੀ ਗਿਆਨੀ ਕੋ ਸੁਚੇਤ ਰਹਿਣਾ ਚਾਹੀਏ।

ਜੈਮਨੀ ਰਿਸ਼ੀ ਨੇ ਪਿਤਾ ਵਿਆਸ ਜੀ ਤੇ ਕਿੰਤੂ ਕੀਤਾ (ਜੈਮਨੀ ਰਿਸ਼ੀ ਭੀ ਸਾਸ਼ਤਰ ਦੇ ਕਰਤਾ ਸਨ) ਪਿਤਾ ਸ੍ਰੀ, "ਜਬ ਗਿਆਨ ਹੋ ਗਿਆ ਫਿਰ ਭੈ ਕੈਸਾ, ਮਾਰਤੰਡ ਉਦੇ ਹੋ ਜਾਇ ਫਿਰ ਅੰਧਕਾਰ ਕਾ ਭੈ ਕਿਉਂ।

***ਜੈਸੇ ਭੁੱਜੇ ਅੰਨ ਮੈਂ, ਉਦਭਵਤਾ ਭਈ ਛੀਨ।***
***ਤੈਸੇ ਆਤਮਵਾਨ ਕੀ ਜਗਤ ਮਤਿ ਭੀ ਲੀਨ॥***

ਜਿਵੇਂ ਭੁੱਜੇ ਅੰਨ ਵਿਚ ਉਗਣ ਸ਼ਕਤੀ ਨਸ਼ਟ ਹੋ ਜਾਂਦੀ ਹੈ, ਉਗਣ ਦਾ ਪ੍ਰਸ਼ਨ ਹੀ ਨਹੀਂ ਉਠਦਾ। ਇਸ ਤਰ੍ਹਾਂ ਗਿਆਨ ਦੀ ਅਗਨੀ ਕਰਮ ਅਕੁੰਰ ਦਗਧ ਕਰ ਦਿੰਦੀ ਹੈ। ਗਿਆਨ ਅਗਨੀ ਦਗਧ ਕਰਮਾਣੀ ਗੀਤਾ॥ ਡੂਬਣੇ ਕਾ ਭੈ ਉਸੀ ਕੋ ਹੈ ਜੋ ਮੰਝਧਾਰ ਵਿਚ ਹੈ। ਜੋ ਕਿਨਾਰੇ ਲੱਗ ਗਿਆ ਉਸ ਨੂੰ ਡੂਬਣ ਦਾ ਭੈ ਕੈਸੇ? ਗਿਆਨਵਾਨ ਨੂੰ ਭੋਗ ਆਕਰਸ਼ਿਤ ਨਹੀਂ ਕਰ ਸਕਦੇ, ਉਹਨੂੰ ਵਿਸ਼ੇ ਵਾਸ਼ਨਾ ਪੋਹ ਨਹੀਂ ਸਕਦੀ। ਗਿਆਨਵਾਨ ਦਾ ਦੇਹ ਅਧਿਆਸ ਸਮਾਪਤ ਹੋ ਜਾਂਦਾ ਹੈ। ਸਿੰਧ (ਸਮੁੰਦਰ) ਲੀਨ ਘਟ ਜਲ (ਘੜੇ ਦਾ ਪਾਣੀ) ਪੁਨਰ (ਮੁੜ) ਕੈਸੇ ਪ੍ਰਥਕ (ਜੁਦਾ) ਹੋ ਸਕਦਾ ਹੈ। ਵਿਆਸ ਮੁਨੀ ਬੋਲੇ, ਬੇਟਾ! ਜਬ ਤਕ ਦੇਹ ਹੈ ਤਬ ਤਕ ਅਭਿਆਸ ਕਰਤੇ ਰਹਿਣਾ ਚਾਹੀਏ, ਜਬ ਲਗ ਦੇਹ ਹੈ ਤਬ ਲਗ ਮਨ ਹੈ, ਜਬ ਲਗ ਮਨ ਹੈ ਤਬ ਲਗ ਫੁਰਨਾ ਹੈ, ਸੰਵੇਦਨ ਹੈ। ਸੰਕਲਪ ਵਿਕਲਪ ਸੇ ਸੁਚੇਤ ਰਹਿਨਾ ਚਾਹੀਏ। ਗਿਆਨੀ ਕਾ ਸ਼ਤਰੂ ਮਨ ਕਭੀ ਭੀ ਘਾਤ ਲਗਾ ਕਰ ਆਕਰਮਣ (ਹਮਲਾ) ਕਰ ਸਕਤਾ ਹੈ। ਸਿੰਘ ਕੋ ਸਦੈਵ ਪਿੰਜਰੇ ਮੇਂ ਰਖਣਾ ਚਾਹੀਏ, ਕਭੀ ਭੀ ਸੁਤੰਤਰ ਮਤ ਛੋੜੀਏ।

***ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥***
***ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ॥***
***ਪੰਨਾ - 815***

ਜੈਮਿਨੀ ਰਿਸ਼ੀ ਨੇ ਫੇਰ ਮਹਾਂਪੁਰਸ਼ਾਂ ਦੇ ਬਚਨ ਕੱਟੇ।

***ਮਨ ਜੀਤੈ ਜਗ ਜੀਤ।***

ਜਿਨ੍ਹਾਂ ਨੇ ਮਨ ਜਿੱਤ ਲਿਆ ਹੈ, ਉਸ ਨੇ ਜਗਤ ਔਰ ਜਗਤ ਭੋਗ ਸਭ ਜਿੱਤ ਲਿਆ ਹੈ, ਉਸ ਕੇ ਮਨ ਔਰ ਇੰਦ੍ਰੀਆਂ ਵਸ ਹੋ ਜਾਤੀ ਹੈਂ। ਸਿੰਘ ਰੂਪੀ ਮਨ ਗਿਆਨੀ ਕੇ ਵਸ ਹੋ ਕਰ ਭੈ ਭੀਤ ਰਹਿਤਾ ਹੈ। ਜੋ ਗਿਆਨਵਾਨ ਨਹੀਂ ਮਨ ਸੇ ਉਨ ਕੋ ਹੀ ਭੈ ਹੈ।

***ਮਨ ਰਿਪੁ ਜੀਤਾ ਸਭ ਰਿਪੁ ਜੀਤੇ।***
***ਮਨ ਰਿਪੁ ਜੀਤਾ ਸਭਿ ਰਿਪੁ ਜੀਤੇ। ਭਰਥਰੀ ਸ਼ਤਕ***

ਜਿਸ ਦਾ ਮਨ ਵੈਰੀ ਜਿਉਂਦਾ ਹੈ ਉਸ ਦੇ ਸਭ ਵੈਰੀ ਜਿਉਂਦੇ ਹਨ।

ਜਿਸ ਨੇ ਮਨ ਵੈਰੀ ਜਿੱਤ ਲਿਆ ਹੈ ਉਸ ਨੇ ਸਾਰੇ ਵੈਰੀ ਜਿੱਤ ਲਏ ਹਨ।

ਵਿਆਸ ਮੁਨੀ ਨੇ ਵੇਖਿਆ ਕਿ ਜੈਮਨੀ ਨੂੰ ਸੂਖਮ ਹੰਕਾਰ ਉਤਪੰਨ ਹੋ ਗਿਆ ਹੈ, ਆਪਣੇ ਆਪ ਨੂੰ ਪੂਰਨ ਗਿਆਨਵਾਨ ਸਮਝਣ ਲਗ ਪਿਆ ਹੈ। ਇਸ ਨੂੰ ਸਤਿ ਬਚਨ ਤੇ ਸ਼ਰਧਾ ਨਹੀਂ ਰਹੀ, ਬਹਿਸ ਫਜ਼ੂਲ ਹੈ, ਪ੍ਰਤੱਖ ਸਮਝਾਉਣਾ ਪਵੇਗਾ।

ਕਈ ਵਾਰ ਮਹਾਂਪੁਰਸ਼ਾਂ ਪਾਸ ਚੁੰਚ ਗਿਆਨੀ ਆ ਜਾਂਦੇ ਹਨ, ਸਾਸ਼ਤਰਰਾਥ ਕਰਨ ਲਗਦੇ ਹਨ। ਮਹਾਤਮਾ ਸਮਝ ਜਾਂਦੇ ਹਨ ਇਹ ਜਗਿਆਸੂ ਨਹੀਂ ਹੈ ਅਪਿਤੂ ਝਗੜਾਲੂ ਹੈ। ਉਹ ਚੁੱਪ ਕਰ ਜਾਂਦੇ ਹਨ ਓਹ ਬੋਲ ਬੁਲਾਰਾ ਕਰਕੇ ਆਪੇ ਚਲਾ ਜਾਂਦਾ ਹੈ। ਜੇ ਉਹ ਨਾ ਉਠੇ ਤਾਂ ਮਹਾਂਪੁਰਸ਼ ਆਪ ਉਠ ਕੇ ਉਸ ਪਾਸੋਂ ਚਲੇ ਜਾਂਦੇ ਹਨ।

***ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ॥***
***ਪੰਨਾ - 609***
***ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥ਪੰਨਾ - 149***

ਜਿਥੇ ਬੋਲਣ ਨਾਲ ਆਪ ਨੂੰ, ਦੂਜੇ ਨੂੰ, ਕਿਸੇ ਨੂੰ ਵੀ ਲਾਭ ਨਾ ਹੋਵੇ ਓਥੇ ਆਪਣੀ ਸ੍ਵਾਸ ਪੂੰਜੀ, ਦਿਮਾਗੀ ਸ਼ਕਤੀ ਕਿਉਂ ਨਸ਼ਟ ਕਰੇ।

ਇਕ ਵਾਰ ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਹਰਖੋਵਾਲੀਆਂ ਪਾਸ ਇਕ ਕਾਂਸੀ ਪੜ੍ਹੇ ਵੇਦ ਵਕਤਾ ਮਹਾਤਮਾ ਆਏ ਅਤੇ ਸੰਤਾਂ ਨਾਲ ਸਾਸ਼ਤਾਰਥ ਕਰਨ ਲੱਗੇ। ਦੋ ਬਚਨਾਂ ਤੋਂ ਬਾਦ ਸੰਤਾਂ ਨੇ ਸਮਝ ਲਿਆ, ਇਹ ਵਿਦਿਆ ਅਭਿਮਾਨੀ ਵਡਿਆਈ ਦਾ ਭੁੱਖਾ ਫੋਕਾ ਗਿਆਨੀ ਹੈ। ਸੰਤਾਂ ਪਾਸੋਂ ਗੁਣ ਗ੍ਰਹਿਣ ਕਰਨ ਵਾਲਾ ਨਹੀਂ ਹੈ, ਸੰਤ ਮਹਾਰਾਜ ਚੁੱਪ ਕਰ ਗਏ। ਉਹ ਪ੍ਰਸ਼ਨ ਕਰੀ ਗਿਆ ਅਤੇ ਬੋਲੀ ਗਿਆ, ਫੇਰ ਗਿਆਨ ਦੀ ਉਚੀ ਅਵਸਥਾ ਦਾ ਵਰਨਣ ਕਰਨ ਲੱਗਾ, ਇਹ ਸਟੇਜ ਹੁੰਦੀ ਹੈ, ਉਹ ਸਟੇਜ ਹੁੰਦੀ ਹੈ।

ਸੰਤਾਂ ਨੇ ਅੱਖਾਂ ਖੋਲ੍ਹੀਆਂ ਤੇ ਮਹਾਤਮਾ ਦੀਆਂ ਅੱਖਾਂ ਵਿਚ ਪਾਈਆਂ, ਅਪਲਕ ਝਾਕਦਿਆਂ ਬੋਲੇ, ਸੰਤ ਜੀ! ਜਿਸ ਅਵਸਥਾ ਦਾ ਤੂੰ ਵਰਨਣ ਕਰਦਾ ਹੈਂ, ਜਿਸ ਪਦ ਦੀਆਂ ਤੂੰ ਗੱਲਾਂ ਕਰ ਰਿਹਾ ਹੈਂ, ਕੀ ਤੈਨੂੰ ਇਹ ਅਵਸਥਾ ਪ੍ਰਾਪਤ ਹੈ? ਉਹ ਸੰਤ ਮਹਾਰਾਜ ਦੀਆਂ ਅੱਖਾਂ ਦੀ ਝਾਕ ਦੀ ਤਾਬ ਨਾ ਲਿਆ ਸਕਿਆ। ਅੱਖਾਂ ਚੁਰਾ ਕੇ ਨੀਚੇ ਕਰ ਲਈਆਂ ਅਤੇ ਬੋਲਿਆ, "ਮੈਂ ਤੋ ਸਾਸ਼ਤਰ ਉਕਤ ਕਹਿ ਰਹਾ ਹੂੰ। ਮੁਝੇ ਯੇਹ ਅਵਸਥਾ ਪ੍ਰਾਪਤ ਨਹੀਂ ਹੈ।"

ਸੰਤ ਮਹਾਰਾਜ ਬੋਲੇ – ਜਿਥੋਂ ਦੀ ਤੂੰ ਸੁਣੀਆਂ ਸੁਣਾਈਆਂ ਗੱਲਾਂ ਕਰ ਰਿਹਾ ਹੈਂ, ਅਸੀਂ ਹਰ ਵੇਲੇ ਉਸ ਅਵਸਥਾ ਵਿਚ ਰਹਿੰਦੇ ਹਾਂ।

ਸਾਧ ਭਿੱਜੀ ਬਿੱਲੀ ਦੀ ਤਰ੍ਹਾਂ ਹੋ ਗਿਆ, ਅਹੰਕਾਰ ਟੁੱਟ ਗਿਆ, ਚਰਨਾਂ ਤੇ ਢਹਿ ਪਿਆ ਅਤੇ ਖਿਮਾ ਮੰਗੀ। ਸੰਤ ਮਹਾਰਾਜ ਨੇ ਫੇਰ ਉਸ ਦਾ ਬਹੁਤ ਸਨਮਾਨ ਕਰਾਇਆ ਅਤੇ ਉਪਨਿਸ਼ਦਾਂ ਦੀ ਕਥਾ ਕਰਾਈ।

ਵਿਆਸ ਜੀ ਚੁੱਪ ਕਰ ਗਏ, ਸਮਾਂ ਲੰਘਦਾ ਗਿਆ। ਜੈਮਨੀ ਇਕ ਜੰਗਲ ਵਿਚ ਕੁਟੀਆ ਬਣਾ ਕੇ ਰਹਿੰਦੇ ਸਨ, ਕੰਦ ਮੂਲ ਖਾਂਦੇ ਸਨ। ਇਕੱਲੇ ਰਹਿ ਕੇ ਆਤਮ ਧਿਆਨ ਧਰਦੇ ਸਨ।

ਇਕ ਦਿਨ ਐਸਾ ਹੋਇਆ। ਤਿੰਨ ਨੌਜੁਆਨ ਲੜਕੀਆਂ ਲੱਕੜੀ ਚੁਗਣ ਰਿਸ਼ੀ ਦੀ ਕੁਟੀਆ ਦੇ ਇਰਦ-ਗਿਰਦ ਫਿਰਣ ਲੱਗੀਆਂ, ਉਨ੍ਹਾਂ ਲਕੜੀਆਂ ਦੇ ਗੱਠੜ ਬਣਾਏ, ਜੈਮਨੀ ਰਿਸ਼ੀ ਕੁਟੀਆ ਦੇ ਬਾਹਰ ਬਰਾਂਡੇ ਵਿਚ ਬੈਠੇ ਆਤਮ ਲਿਵ ਅਭਿਆਸ ਕਰ ਰਹੇ ਸਨ, ਆਤਮ ਚਿੰਤਨ ਕਰ ਰਹੇ ਸਨ। ਕਦੀ ਕਦਾਈਂ ਲੜਕੀਆਂ ਵਲ ਨਿਗ੍ਹਾ ਉਠ ਜਾਂਦੀ ਸੀ, ਲੇਕਿਨ ਕੋਈ ਵਿਕਾਰ ਨਹੀਂ ਉਪਜਿਆ, ਸਿਮਰਨ ਵੀ ਚਲਦਾ ਰਿਹਾ ਤੇ ਕਦੀ ਕਦਾਈਂ ਲੜਕੀਆਂ ਵਲ ਵੀ ਦ੍ਰਿਸ਼ਟੀ ਉਠ ਜਾਂਦੀ।

ਅਚਾਨਕ ਕਾਲੀ ਬੋਲੀ ਅੰਧੇਰੀ ਆ ਗਈ, ਲੜਕੀਆਂ ਘਬਰਾ ਕੇ ਇਧਰ ਉਧਰ ਦੌੜੀਆਂ, ਦੋ ਲੜਕੀਆਂ ਤਾਂ ਲੱਕੜੀ ਛੱਡ ਕੇ ਜੰਗਲ ਵਲ ਦੌੜ ਗਈਆਂ, ਇਕ ਸੰਤਾਂ ਦੀ ਕੁਟੀਆ ਵਲ ਭੱਜੀ ਅਤੇ ਬਚਾਓ-ਬਚਾਓ ਦੀ ਪੁਕਾਰ ਕਰਨ ਲੱਗੀ। ਅੰਧੇਰੀ ਦੇ ਨਾਲ ਹੀ ਮੂਸਲਾਧਾਰ ਵਰਖਾ ਅਤੇ ਗੜ੍ਹੇ ਪੈਣ ਲੱਗੇ। ਮੁਨੀ ਨੂੰ ਔਰਤ ਨਾਦ ਸੁਣ ਕੇ ਦਇਆ ਆ ਗਈ, ਕੁਟੀਆ ਦਾ ਨਿਯਮ ਭੰਗ ਕਰਕੇ (ਕੁਟੀਆ ਵਿਖੇ ਇਸਤ੍ਰੀ ਦਾ ਆਉਣਾ ਵਰਜਿਤ ਸੀ) ਲੜਕੀ ਨੂੰ ਬਰਾਂਡੇ ਵਿਚ ਆਸਰਾ ਲੈਣ ਦੀ ਆਗਿਆ ਦਿਤੀ, ਲੜਕੀ ਦੇ ਸਰੀਰ ਤੇ ਪਤਲੇ ਕਪੜੇ ਸਨ, ਭਿੱਜ ਕੇ ਪਾਰਦਰਸ਼ਕ (ਆਰ ਪਾਰ ਦਿਖਾਉਣ ਵਾਲੇ) ਹੋ ਗਏ, ਸਾਰਾ ਸਰੀਰ ਨੰਗੇ ਸ੍ਰਦ੍ਰਸ਼ ਨਜ਼ਰ ਆਉਣ ਲੱਗਾ। ਮੁਨੀ ਦੀ ਨਿਗ੍ਹਾ ਕਦੇ-ਕਦੇ ਵਿਵੱਸ਼ ਹੋ ਕੇ ਉਧਰ ਉਠ ਜਾਂਦੀ, ਬਰਜੋਰੀ ਵਾਪਿਸ ਮੋੜਦੇ।

ਵਰਸ਼ਾ ਹੋਰ ਤੇਜ਼ ਹੋਰ ਤੀਬਰ ਹੁੰਦੀ ਚਲੀ ਗਈ, ਹਟਣ ਦਾ ਨਾਉਂ ਨਾ ਲੇਵੇ, ਸੂਰਯ ਅਸਤ ਹੋ ਗਿਆ, ਘਣਾ ਅੰਧਕਾਰ ਛਾ ਗਿਆ, ਜਬ ਬਿਜਲੀ ਚਮਕਦੀ ਤਾਂ ਮੁਨੀ ਦੀ ਦ੍ਰਿਸ਼ਟੀ ਬਰ ਬਸ ਰੂਪ ਕੰਨਿਆ ਵਲ ਉਠ ਜਾਂਦੀ, ਮਨ ਅਤੇ ਗਿਆਨ ਦਾ ਯੁੱਧ ਆਰੰਭ ਹੋ ਗਿਆ।

ਮੁਨੀ ਦਾ ਗਿਆਨ ਬਲੀ ਸੀ, ਬੋਲੇ ਕੰਨਿਆ ਤੂੰ ਅੰਦਰ ਜਾ ਅਤੇ ਅੰਦਰ ਤੋਂ ਕੁੰਡਾ ਲਗਾ ਲੇ ਆਸਣ ਪੜਾ ਹੈ, ਲੇਕਰ ਸੋ ਜਾ, ਖਬਰਦਾਰ ਅੰਦਰ ਕਾ ਕੁੰਡਾ ਨਹੀਂ ਖੋਲ੍ਹਣਾ ਚਾਹੇ ਕੋਈ ਭੀ ਹੋ, ਮੈਂ ਬਾਹਰ ਕਹੀਂ ਆਸਰੇ ਲੇਤਾ ਹੂੰ, ਤੂੰ ਸਵੇਰ ਹੋਤੇ ਤਕ ਦਰਵਾਜ਼ਾ ਨਹੀਂ ਖੋਲ੍ਹਣਾ।

ਮੁਨੀ ਬਾਹਰ ਛੱਪਰ ਦੇ ਨੀਚੇ ਬੈਠ ਗਏ। ਆਤਮ ਲੀਨ ਹੋਨੇ ਲਗੇ, ਧਿਆਨ ਟੂਟ ਕਰ ਕੰਨਿਆ ਕਾ ਪਾਰਦਰਸ਼ਕ ਨਗਨ ਸਰੂਪ ਆ ਜਾਵੇ, ਮੁਨੀਪਨ ਮਨ ਕੋ ਡਾਂਟ ਦੇਵੇ, ਔਰ ਲਿਵ ਜੋੜਨੇ ਲਗੇ, ਫਿਰ ਵਹੀ ਅਪਸਰਾ ਸੁੰਦਰ ਸਰੂਪ ਮਨ ਪਰ ਸਵਾਰ ਹੋਣ ਲੱਗੇ। ਇਕ ਝਲਕ ਸ਼ਬਦ ਗਿਆਨ ਕੀ, ਏਕ ਝਲਕ ਕੰਨਿਆ ਕੀ ਬਾਰ-ਬਾਰ ਮਨ ਵਿਚ ਆਉਣ ਲੱਗੀ। ਘੋਰ ਸੰਗਰਾਮ ਆਰੰਭ ਹੋ ਗਿਆ। ਮਨ ਅਤੇ ਮੁਨੀ ਦੋਵੇਂ ਪ੍ਰਸਪਰ ਯੁੱਧ ਕਰਨ ਲੱਗੇ। ਆਖਿਰ ਮੁਨੀ ਦੀ ਤਲਵਾਰ ਟੁੱਟ ਗਈ, ਧਰਾਸ਼ਾਈ ਹੋ ਗਏ, ਮੁਨੀ ਦੀ ਪਰਾਜੈ ਹੋ ਗਈ। ਆਸਣ ਛੋੜ ਖੜ੍ਹੇ ਹੋ ਗਏ, ਦਰਵਾਜ਼ਾ ਖਟਖਟਾਇਆ ਕੰਨਿਆ ਦਰਵਾਜ਼ਾ ਖੋਲੋ?

"ਤੂੰ ਕੌਣ ਹੈਂ?"

"ਮੈਂ ਜੈਮਨੀ ਮੁਨੀ ਹਾਂ, ਕੰਨਿਆ ਦਰਵਾਜ਼ਾ ਖੋਲੋ।"

ਨਹੀਂ ਤੂੰ ਜੈਮਨੀ ਮੁਨੀ ਨਹੀਂ ਹੋ ਸਕਦਾ ਉਨ੍ਹਾਂ ਨੇ ਤਾਂ ਮੈਨੂੰ ਆਦੇਸ਼ ਦਿਤਾ ਸੀ ਕਿ ਦਰਵਾਜ਼ਾ ਨਹੀਂ ਖੋਲ੍ਹਣਾ, ਪ੍ਰਾਂਤ ਸੇ ਪਹਿਲੇ ਨਹੀਂ ਖੋਲ੍ਹਣਾ। ਅਗਰ ਤੂੰ ਮੁਨੀ ਹੋਤਾ ਤੋ ਕਭੀ ਦਰਵਾਜ਼ਾ ਖੋਲ੍ਹਣੇ ਕੋ ਨਾ ਕਹਤਾ। ਤੂੰ ਮੁਨੀ ਨਹੀਂ ਹੈਂ। ਮੈਂ ਸਵੇਰ ਸੇ ਪਹਿਲੇ ਦਰਵਾਜ਼ਾ ਨਹੀਂ ਖੋਲੂੰਗੀ, ਤੂੰ ਮੁਨੀ ਨਹੀਂ ਕੋਈ ਦੁਸ਼ਟ ਲੰਪਟ ਹੈਂ, ਤੇਰੇ ਬੋਲਾਂ ਵਿਚ ਵਾਸ਼ਨਾ ਝਲਕਦੀ ਹੈ। ਮੈਂ ਤੇਰੇ ਤੇ ਕਦੀ ਵਿਸ਼ਵਾਸ਼ ਨਹੀਂ ਕਰ ਸਕਦੀ।

ਨਹੀਂ ਕੰਨਿਆ ਮੇਰਾ ਬੋਲ ਪਹਿਚਾਣ, ਮੈਂ ਮੁਨੀ ਹਾਂ, ਮੈਂ ਸਰਦੀ ਤੋਂ ਵਿਆਕੁਲ ਹਾਂ ਆਪਣਾ ਵਸਤਰ ਲੈਣਾ ਹੈ। ਮੈਂ ਵਸਤਰ ਲੈ ਲਵਾਂਗਾ ਤਾਂ ਤੂੰ ਫਿਰ ਦਰਵਾਜ਼ਾ ਬੰਦ ਕਰ ਲੈਣਾ। ਮੈਂ ਹੀ ਤੈਨੂੰ ਸਵੇਰੇ ਤਕ ਦਰਵਾਜ਼ਾ ਨਾ ਖੋਲ੍ਹਣ ਨੂੰ ਆਖਿਆ ਸੀ।

ਨਹੀਂ ਮੈਂ ਕਦੇ ਵਿਸ਼ਵਾਸ਼ ਨਹੀਂ ਕਰ ਸਕਦੀ, ਤੂੰ ਜੈਮਨੀ ਨਹੀਂ, ਮਹਾਂ ਲੰਪਟ ਹੈਂ, ਦਰਵਾਜ਼ਾ ਨਹੀਂ ਖੁਲ੍ਹੇਗਾ।

ਮੁਨੀ ਨੇ ਦਰਵਾਜ਼ਾ ਤੋੜਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਦਰਵਾਜ਼ਾ ਨਾ ਟੁੱਟਿਆ। ਫਿਰ ਉਨ੍ਹਾਂ ਨੂੰ ਜੁਗਤ ਸੁਝੀ, ਕੋਠੇ ਚੜ੍ਹ ਕੇ ਛੱਤ ਪਾੜਨ ਲੱਗੇ, ਰਾਤ ਸ਼ਾਂਤ ਸੀ, ਵਰਖਾ ਹਟ ਗਈ ਸੀ, ਓਲੇ ਬੰਦ ਸਨ। ਮੁਨੀ ਦੇ ਅੰਦਰ ਹਿਮ ਪਾਤ ਹੋ ਰਿਹਾ ਸੀ, ਕਾਮ ਵਾਸ਼ਨਾ ਦੀ ਘੋਰ ਵਰਖਾ ਪੈ ਰਹੀ ਸੀ, ਮਨ ਦੀ ਚੰਚਲਤਾ ਦਾ ਝਖੜ ਚਲ ਰਿਹਾ ਸੀ। ਛੱਤ ਪਾੜ ਕੇ ਮਘੋਰਾ ਬਣਾ ਲਿਆ ਅਤੇ ਨੀਚੇ ਕੂਦ ਪੜੇ, ਸੰਭਲ ਕੇ ਖੜ੍ਹੇ ਹੋਏ ਤਾਂ ਚਕਿਤ ਹੋ ਕੇ ਜੜ੍ਹ ਵਤ ਖੜ੍ਹੇ ਕੇ ਖੜ੍ਹੇ ਰਹਿ ਗਏ, ਸੁੰਨ ਹੋ ਗਏ, ਅਵਾਕ ਰਹਿ ਗਏ। ਸਾਮ੍ਹਣੇ ਸਵਾ ਫੁੱਟ ਲੰਬੇ ਚਿੱਟੇ ਦਾੜ੍ਹੇ ਵਾਲੇ ਵਿਆਸ ਮੁਨੀ ਜੀ ਬੈਠੇ ਸਨ। (ਇਹ ਸਾਰੀ ਘਟਨਾ, ਰਚਨਾ ਵਿਆਸ ਜੀ ਨੇ ਆਪਣੀ ਯੋਗ ਮਾਇਆ ਨਾਲ ਰਚੀ ਸੀ, ਆਪਣੇ ਹੀ ਤਿੰਨ ਕੰਨਿਆ ਸਰੂਪ ਬਣਾਏ ਸਨ।)

ਬੋਲੇ, "ਕਿਉਂ ਬੇਟਾ ਗਿਆਨਵਾਨ ਕੋ ਭੈ ਨਹੀਂ?"

ਜੈਮਨੀ ਰਿਸ਼ੀ ਦਾ ਗਿਆਨ ਨਸ਼ਟ ਹੋ ਗਿਆ ਸੀ, ਲਿਵ ਟੁੱਟ ਗਈ, ਸ਼ਬਦ ਦਾ ਸਥਾਨ ਇਸਤ੍ਰੀ ਸਰੂਪ ਨੇ ਲੈ ਲਿਆ। ਅੰਦਰ ਅੰਧਕਾਰ ਛਾ ਗਿਆ।

ਚਰਣ ਪਕੜ ਕੇ ਰੁਦਨ ਕਰਨ ਲੱਗੇ, ਖਿਮਾ ਯਾਚਨਾ ਕਰਨ ਲੱਗੇ, ਰਿਸ਼ੀ ਨੂੰ ਦਇਆ ਆ ਗਈ। ਟੁੱਟੀ ਲਿਵ ਫੇਰ ਪ੍ਰਦਾਨ (ਬਖਸ਼ਿਸ਼) ਕਰ ਦਿਤੀ।

ਗਿਆਨਵਾਨ ਨੂੰ ਵੀ ਬਚਾਓ ਰਖਣਾ ਪੈਂਦਾ ਹੈ, ਗੁਰੂ ਕ੍ਰਿਪਾ ਸਦੈਵ ਲੋੜੇ, ਭੈ ਹੈ ਲਿਵ ਟੁੱਟਣ ਦਾ।

***ਜੇ ਗੁਰਿ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥***

***ਭਾਈ ਗੁਰਦਾਸ ਜੀ, ਵਾਰ 35/20***

***ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥***
***ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥***

***ਪੰਨਾ - 1366***

## ਰੁਬਾਈ

ਧਨ ਪਤਿ ਹੋ ਕੇ ਗਰਬ ਕਰੇ, ਅਤਿ ਵਡਾ ਕਹਾਵੇ।
ਦਸ਼ਾ ਦੇਖ ਗਰੀਬਾਂ ਦੀ, ਤੈਨੂੰ ਹਾਸਾ ਆਵੇ।
ਬੇੜੀ ਹੈ ਮਝਧਾਰ ਤਿਰੀ, ਦਾਸ ਕਲਿਆਣ ਅਜੇ।
ਕੀ ਜਾਣਾ ਅਗਲੇ ਪਲ ਵਿਚ, ਕੀ ਦਾ ਕੀ ਹੋ ਜਾਵੇ।

# ਲਿਵ ਲਗਾਉਣ ਸਬੰਧੀ ਤੱਤ ਗਿਆਨ

*ਡਾ. ਵੇਦ ਭਾਰਤੀ ਜੀ, ਡੀ. ਲਿਟ.*
*ਰਿਸ਼ੀਕੇਸ਼*

ਅਸੀਂ ਸਿਮਰਨ ਦੀ ਗੱਲ ਕਰ ਰਹੇ ਸੀ, ਵੇਦਾਂਤ ਵਿਚ ਸਿਮਰਨ ਦਾ ਸਥਾਨ - ਵੇਦਾਂਤ ਫਿਲੌਸਫੀ ਵਿਚ ਸਿਮਰਨ ਇਕ ਕਲਾ ਹੈ ਜਿਸ ਨਾਲ ਤੁਸੀਂ ਸਿੱਟੇ ਤੇ ਪਹੁੰਚ ਸਕਦੇ ਹੋ, ਇਕ ਪਾਸੇ ਇਸ ਨੂੰ ਨਖੇਦੀ ਦਾ ਤਰੀਕਾ ਕਿਹਾ ਜਾਂਦਾ ਹੈ ਦੂਸਰੇ ਪਾਸੇ ਇਸ ਨੂੰ ਵਿਚਾਰ ਦਾ ਤਰੀਕਾ ਜਾਂ ਸਿਮਰਨ ਜਾਂ ਚਿੰਤਨ ਵਿਸ਼ਲੇਸ਼ਨ ਕਿਹਾ ਜਾਂਦਾ ਹੈ। ਯੋਗ ਮਨੋਵਿਗਿਆਨ ਬਹੁਤ ਹੀ ਲਾਭਦਾਇਕ ਗਿਆਨ ਹੈ, ਮੈਂ ਚਾਹੁੰਦਾ ਹਾਂ ਕਿ ਸਾਰੇ ਇਸ ਤੋਂ ਲਾਭ ਉਠਾਉਣ, ਸਾਰਾ ਪਰਿਵਾਰ ਇਸ ਤੋਂ ਲਾਭ ਉਠਾ ਸਕਦਾ ਹੈ। ਮੈਂ ਆਪਣੇ ਬੇਟੇ ਅੰਗੀਰਸ ਨੂੰ ਧਿਆਨ ਵਿਚ ਉਦੋਂ ਬਿਠਾਉਣਾ ਸ਼ੁਰੂ ਕੀਤਾ ਸੀ ਜਦੋਂ ਉਹ ਪੰਦਰਾਂ ਮਹੀਨਿਆਂ ਦਾ ਸੀ, ਉਸ ਨੂੰ ਵੀਣਾ ਬਹੁਤ ਮਧੁਰ ਲਗਦੀ ਸੀ, ਜਦੋਂ ਵੀ ਕੋਈ ਵੀਣਾ ਵਜਾਉਂਦਾ, ਉਹ ਬਹੁਤ ਮਸਤ ਹੋ ਜਾਂਦਾ, ਵੀਣਾ ਭਾਰਤ ਦਾ ਸਭ ਤੋਂ ਪੁਰਾਣਾ ਸਾਜ਼ ਹੈ, ਉਸ ਤੋਂ ਹੀ ਸਿਤਾਰ, ਤਾਨਪੁਰਾ ਆਦਿ ਦਾ ਜਨਮ ਹੋਇਆ ਹੈ। ਪੁਰਾਣਿਆਂ ਸਮਿਆਂ ਵਿਚ ਵੇਦ ਵੀਣਾ ਤੇ ਗਾਏ ਜਾਂਦੇ ਸੀ, ਜਦੋਂ ਵੀ ਕੋਈ ਸ਼ੁਭ ਕੰਮ ਕਰਨਾ ਹੁੰਦਾ ਵੇਦਾਂ ਦਾ ਗਾਇਨ ਵੀਣਾ ਤੇ ਕੀਤਾ ਜਾਂਦਾ। ਮੈਂ ਹੈਰਾਨ ਹੁੰਦਾ ਸੀ, ਪੰਦਰਾਂ ਮਹੀਨੇ ਦਾ ਬੱਚਾ ਕਿਸ ਤਰ੍ਹਾਂ ਚੁੱਪ-ਚਾਪ ਵੀਹ ਮਿੰਟ ਤਕ ਬਿਲਕੁਲ ਸਥਿਰ ਬੈਠਾ ਰਹਿੰਦਾ ਸੀ, ਜਦੋਂ ਤਕ ਮੈਂ ਸਥਿਰ ਬੈਠਦਾ ਉਹ ਮੇਰੀ ਗੋਦੀ ਵਿਚ ਸਥਿਰ ਬੈਠਦਾ, ਰੋਜ਼ ਤਾਂ ਭਾਵੇਂ ਇਸ ਤਰ੍ਹਾਂ ਨਹੀਂ ਹੋ ਸਕਦਾ ਸੀ ਪਰ ਬਹੁਤ ਵਾਰੀ ਉਹ ਪੂਰੀ ਤਰ੍ਹਾਂ ਵੀਹ ਮਿੰਟਾਂ ਲਈ ਸਥਿਰ ਬੈਠਦਾ ਸੀ, ਇਹੋ ਜਿਹੀਆਂ ਗੱਲਾਂ ਹੀ ਮੈਂ ਯੋਗ ਵਿਗਿਆਨ ਵਿਚ ਦਸਣਾ ਚਾਹੁੰਦਾ ਹਾਂ, ਬੱਚਿਆਂ ਨੂੰ ਕਿਵੇਂ ਤੁਸੀਂ ਵੱਡਾ ਕਰੋ, ਪਰਿਵਾਰ ਵਿਚ ਕਿਵੇਂ ਰਿਹਾ ਜਾਵੇ, ਨਿੱਜ ਦੇ ਰਿਸ਼ਤਿਆਂ ਨਾਲ ਕਿਸ ਤਰ੍ਹਾਂ ਨਿਬੜਿਆ ਜਾਵੇ। ਅੱਜ ਦੇ ਮਨੋਵਿਗਿਆਨ ਦਾ ਸਾਰਾ ਜ਼ੋਰ ਬਿਮਾਰੀਆਂ ਠੀਕ ਕਰਨ ਤੇ ਹੈ ਪਰ ਦੇਖਣ ਵਾਲੀ ਗੱਲ ਹੈ ਕਿ ਤੁਹਾਡੇ ਲਈ ਰੋਗ ਠੀਕ ਕਰਨਾ ਔਖਾ ਹੈ, ਪਰ ਚੰਗੀ ਸਿਹਤ ਬਣਾਈ ਰੱਖਣੀ ਸੌਖੀ ਹੈ। ਸਮਝਣ ਦੀ ਗੱਲ ਇਹ ਹੈ ਕਿ ਰੋਗ ਹਟਾਉਣਾ ਅਤੇ ਚੰਗੀ ਸਿਹਤ ਬਣਾਈ ਰੱਖਣੀ ਦੋ ਵੱਖ-ਵੱਖ ਪਹਿਲੂ ਹਨ। ਜਦੋਂ ਤੁਸੀਂ ਕਹਿੰਦੇ ਹੋ ਇਕ ਬਿਮਾਰੀ ਦਾ ਇਲਾਜ ਕਰ ਲਿਆ ਦੂਸਰੀ ਆ ਗਈ। ਅਸੀਂ ਹੈਜ਼ੇ ਨੂੰ ਖਤਮ ਕਰ ਦਿਤਾ ਇਸ ਵਬਾ ਨੂੰ ਖਤਮ ਕਰ ਦਿਤਾ ਪਰ ਕੀ ਹੋਇਆ, ਕੈਂਸਰ ਆ ਗਿਆ। ਮੈਂ ਇਹ ਤੁਹਾਨੂੰ ਦਸ ਸਕਦਾ ਹਾਂ, ਅੱਜ ਤੋਂ ਵੀਹ ਪੱਚੀ ਸਾਲ ਨੂੰ ਕੈਂਸਰ ਦੀ ਦਵਾਈ ਵੈਕਸੀਨ ਤਾਂ ਬਣ ਜਾਏਗੀ ਪਰ ਇਸ ਤੋਂ ਵੀ ਕੋਈ ਹੋਰ ਭਿਆਨਕ ਬਿਮਾਰੀ ਇਸ ਦੀ ਥਾਂ ਲੈ ਲਵੇਗੀ। ਇਕ ਸਮਾਂ ਸੀ ਜਦੋਂ ਸੜਕਾਂ ਐਨੀਆਂ ਤੰਗ ਸੀ ਕਿ ਬਹੁਤ ਵਾਰੀ ਬਿਮਾਰਾਂ ਨੂੰ ਜਦੋਂ ਹਸਪਤਾਲ ਲੈ ਕੇ ਜਾਂਦੇ ਸੀ ਉਹ ਰਸਤੇ ਵਿਚ ਹੀ ਬਹੁਤ ਵਾਰੀ ਖਤਮ ਹੋ ਜਾਂਦਾ ਸੀ ਕਿਉਂਕਿ ਰਸਤੇ ਹੀ ਐਨੇ ਭੀੜੇ ਹੁੰਦੇ ਸੀ ਕਿ ਪਹੁੰਚਣਾ ਹੀ ਔਖਾ ਹੁੰਦਾ ਸੀ, ਹੁਣ ਕੀ ਹੋ ਰਿਹਾ ਹੈ, ਬੜੀ ਦੁਖ ਦੀ ਗੱਲ ਹੈ। ਹੁਣ ਵੀ ਤਕਰੀਬਨ ਓਨੇ ਹੀ ਬੰਦੇ ਹਸਪਤਾਲ ਜਾਂਦਿਆਂ ਰਸਤੇ ਵਿਚ ਦਮ ਤੋੜ ਦਿੰਦੇ ਹਨ ਕਿਉਂਕਿ ਅੱਜ ਦੀਆਂ ਸੜਕਾਂ ਤੇ ਬਹੁਤ ਭੀੜ ਹੈ, ਹਰ ਤਰ੍ਹਾਂ ਦੀ ਸਵਾਰੀ ਹੈ। ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਨਾ ਤਾਂ ਪਹਿਲਾਂ ਲੋਕ ਇਸ ਕਰਕੇ ਮਰਦੇ ਸੀ ਕਿਉਂਕਿ ਸੜਕਾਂ ਤੰਗ ਸੀ ਤੇ ਹਸਪਤਾਲ ਤਕ ਪਹੁੰਚਣ ਦੇ ਸਾਧਨ ਘੱਟ ਸੀ ਤੇ ਨਾ ਹੀ ਹੁਣ ਇਸ ਕਰਕੇ ਮਰਦੇ ਹਨ ਕਿ ਸੜਕਾਂ ਤੇ ਭੀੜ ਬਹੁਤ ਹੈ, ਜਗ੍ਹਾ-ਜਗ੍ਹਾ traffic jam ਲੱਗੇ ਹੁੰਦੇ ਹਨ ਤੇ ਹਸਪਤਾਲ ਪਹੁੰਚਣਾ ਹੀ ਔਖਾ ਹੈ। ਗੱਲ ਤਾਂ ਇਹ ਹੈ ਕਿ ਉਨ੍ਹਾਂ ਨੇ ਏਵੇਂ ਹੀ ਖਤਮ ਹੋਣਾ ਸੀ ਇਹੋ ਹੀ ਉਨ੍ਹਾਂ ਦੇ ਕਰਮ ਸੀ, ਤੁਸੀਂ ਭਾਵੇਂ ਜੋ ਮਰਜ਼ੀ ਕਰਦੇ ਉਨ੍ਹਾਂ ਦਾ ਅੰਤ ਇਸ ਤਰ੍ਹਾਂ ਹੀ ਹੋਣਾ ਸੀ, ਜਦੋਂ ਤਕ ਤੁਸੀਂ ਮਨੁੱਖ ਦੇ ਦੁਖਾਂ ਦੀ ਜੜ੍ਹ ਤਕ ਨਹੀਂ ਪਹੁੰਚਦੇ ਤੁਸੀਂ ਨਹੀਂ ਸਮਝਾ ਸਕਦੇ। ਜੜ੍ਹ ਹੈ - ਅਗਿਆਨਤਾ, ਅਵਿਦਿਆ। ਇਹੋ ਹੀ ਵੇਦਾਂਤ ਦੀ ਫਿਲੌਸਫੀ ਹੈ, ਵੇਦਾਂਤ ਤੁਹਾਨੂੰ ਅਵਿਦਿਆ ਤੋਂ ਵਿਦਿਆ ਵਲ ਲੈ ਕੇ ਜਾਂਦਾ ਹੈ, ਅਗਿਆਨ ਤੋਂ ਗਿਆਨ ਵਲ ਲੈ ਕੇ ਜਾਂਦਾ ਹੈ, ਵਿਸ਼ਲੇਸ਼ਨ ਵਲ ਲੈ ਜਾਂਦਾ ਹੈ, ਆਤਮ ਚਿੰਤਨ ਕਰੋ। ਨਿਖੇਧੀ ਦੇ ਢੰਗ ਰਾਹੀਂ ਹੀ ਤੁਸੀਂ ਸਪਸ਼ਟਤਾ ਤੇ ਪਹੁੰਚਦੇ ਹੋ, ਸਾਕਾਰਤਮਕ ਤੇ ਪਹੁੰਚਦੇ ਹੋ। ਨਿਖੇਦੀ ਤੋਂ ਸਾਡਾ ਕੀ ਭਾਵ ਹੈ? ਬਹੁਤ ਦੇਰ ਪਹਿਲਾਂ ਅਸੀਂ ਇਕ ਸਲੋਕ ਪੜ੍ਹਦੇ ਸੀ, ਮੈਨੂੰ ਅੱਜ ਵੀ ਯਾਦ ਹੈ, ਤੁਹਾਡੇ ਵਿਚੋਂ ਜਿਹੜੇ ਪੁਰਾਣੇ ਹਨ ਉਨ੍ਹਾਂ ਨੂੰ ਵੀ ਯਾਦ ਹੋਵੇਗਾ। ਉਹ ਇਸ ਤਰ੍ਹਾਂ ਹੈ, ਮੈਂ ਮਨ ਨਹੀਂ, ਮੈਂ ਬੁੱਧੀ ਨਹੀਂ, ਮੈਂ ਖੁਦੀ ਨਹੀਂ, ਮੈਂ ਪੰਜ ਗਿਆਨ ਇੰਦਰੇ ਨਹੀਂ, ਮੈਂ ਕੰਨ ਨਹੀਂ, ਮੈਂ ਮੂੰਹ ਨਹੀਂ, ਮੈਂ ਸੁਆਦ ਦੇਖਣ ਵਾਲਾ ਨਹੀਂ, ਮੈਂ ਪੰਜ ਤੱਤ ਨਹੀਂ, ਪਾਣੀ ਅੱਗ ਹਵਾ, ਅਕਾਸ਼, ਧਰਤੀ ਨਹੀਂ। ਮੈਂ ਕੇਵਲ ਤੇ ਕੇਵਲ ਚੇਤਨਤਾ ਹਾਂ, ਸਤਿ ਚਿਤ ਤੇ ਅਨੰਦ ਹਾਂ, ਬ੍ਰਹਮ ਹਾਂ, ਮੈਂ ਸ਼ਿਵ ਹਾਂ, ਮੈਨੂੰ ਕੇਵਲ ਪ੍ਰਾਣ ਕਹਿਣਾ ਗਲਤ ਹੋਵੇਗਾ। ਮੈਂ ਪੰਜ ਪ੍ਰਾਣ ਨਹੀਂ, ਪੰਜ ਗਿਆਨ ਇੰਦ੍ਰੇ ਨਹੀਂ, ਪੰਜ ਤੱਤ ਨਹੀਂ, ਮੈਂ ਕੇਵਲ ਤੇ ਕੇਵਲ ਚੇਤਨਤਾ ਹਾਂ, ਆਤਮਾ ਹਾਂ, ਸਤਿ, ਚਿਤ, ਅਨੰਦ ਹਾਂ, ਮੈਂ ਹੀ ਸ਼ਿਵ ਹਾਂ, ਮੈਂ ਹੀ ਬ੍ਰਹਮ ਹਾਂ, ਮੈਂ ਅਹੰ ਬ੍ਰਹਮ ਅਸਮੀ ਹਾਂ। ਮੈਂ ਜੋ ਹਾਂ ਮੈਂ ਆਤਮਾ ਹਾਂ, ਚੇਤਨਤਾ ਹਾਂ, ਨਾ ਮੈਂ ਜੰਮਿਆ ਨਾ ਮੈਂ ਕਦੀ ਮਰਨਾ ਹੈ, ਕੋਈ ਮੇਰੀ ਜਾਤ, ਪਾਤ, ਮਤ, ਕੌਮ ਦੇਸ਼ ਕੁਝ ਵੀ ਨਹੀਂ, ਕੋਈ ਮੇਰਾ ਪਿਤਾ, ਮਾਤਾ, ਗੁਰੂ ਕੁਝ ਵੀ ਨਹੀਂ, ਕੋਈ ਚੇਲਾ ਨਹੀਂ, ਮੈਂ ਆਤਮਾ ਹਾਂ, ਚੇਤਨਤਾ ਹਾਂ। ਸੋ ਸਵੇਰੇ ਉਠ ਕੇ ਸਭ ਤੋਂ ਪਹਿਲਾਂ ਮੈਂ ਆਪਣੇ ਆਪ ਨੂੰ ਇਹੋ ਹੀ ਯਾਦ ਕਰਾਉਂਦਾ ਹਾਂ। ਬਹੁਤ ਵਾਰੀ ਅਸੀਂ ਇਥੇ ਵੀ ਧਿਆਨ ਲਗਾਉਣ ਤੋਂ ਪਹਿਲਾਂ ਵੀ ਇਹ ਪ੍ਰਾਥਨਾ ਕਰਦੇ ਹਾਂ ਮੈਂ ਕੇਵਲ ਚੇਤਨਤਾ ਹਾਂ, ਆਤਮਾ ਮੇਰਾ ਹਿਰਦਾ ਹੈ, ਮੈਂ ਤਿੰਨਾਂ ਗੁਣਾਂ ਤੋਂ ਉਪਰ ਉਠਣਾ ਹੈ, ਮੈਂ ਨੀਂਦ ਤੋਂ ਸੁਪਨਿਆਂ ਨੂੰ ਪਾਰ ਕਰਕੇ ਪਰਾ ਚੇਤਨਤਾ ਤੇ ਪਹੁੰਚਣਾ ਹੈ, ਮੈਂ ਬ੍ਰਹਮ ਹਾਂ, ਖਿੰਡਿਆ ਹੋਇਆ ਤੱਤ ਨਹੀਂ ਹਾਂ, ਮੈਂ ਕੇਵਲ ਤੇ ਕੇਵਲ ਬ੍ਰਹਮ ਹਾਂ, ਇਹ ਹੀ ਵੇਦਾਂਤ ਦੀ ਫਿਲੌਸਫੀ ਹੈ।

ਇਕ ਪਾਸੇ ਇਹ ਨਿਖੇਧੀ ਹੈ, ਤੁਸੀਂ ਆਪਣੇ ਆਪ ਨੂੰ ਦੇਖਦੇ ਹੋ, ਤੇ ਕਹਿੰਦੇ ਹੋ ਠੀਕ ਹੈ, ਮੈਂ ਹੁਣ ਜਿਹੜੀ ਫਿਲੌਸਫੀ ਸੁਣੀ ਹੈ, ਸਮਝੀ ਹੈ ਮੈਂ ਹੀ ਬ੍ਰਹਮ ਹਾਂ, ਇਹ ਜਦੋਂ ਮੈਂ ਸੁਣਿਆ ਹੈ ਮੈਂ ਸੋਚਦਾ ਹਾਂ ਪਤਾ ਨਹੀਂ ਮੈਂ ਬ੍ਰਹਮ ਹਾਂ ਕਿ ਨਹੀਂ। ਇਕ ਪੱਖੋਂ ਲਗਦਾ ਹੈ ਮੈਂ ਬ੍ਰਹਮ ਹਾਂ ਦੂਸਰੇ ਪੱਖੋਂ ਲਗਦਾ ਹੈ ਮੈਂ ਬ੍ਰਹਮ ਨਹੀਂ ਹਾਂ, ਫੇਰ ਜਦੋਂ ਮੈਂ ਦੇਖਦਾ ਹਾਂ, ਮੈਨੂੰ ਲਗਦਾ ਹੈ ਮੈਂ ਬ੍ਰਹਮ ਹਾਂ। ਜਦੋਂ ਮੈਂ ਆਪਣੇ ਪੰਜ ਗਿਆਨ ਇੰਦਰੇ ਤੇ ਹੋਰ ਆਪਣਾ ਆਪ ਦੇਖਦਾ ਹਾਂ, ਤਿੰਨ ਕੋਸ਼ ਦੇਖਦਾ ਹਾਂ, ਮੈਂ ਸੋਚਦਾ ਹਾਂ ਮੈਂ ਇਹ ਨਹੀਂ ਹਾਂ ਇਹ ਸਭ ਕੁਝ ਮੈਂ ਨਹੀਂ ਹਾਂ, ਦੂਸਰੇ ਪਾਸੇ ਅਸੀਂ ਕਹਿੰਦੇ ਹਾਂ ਸਾਰਾ ਬ੍ਰਹਿਮੰਡ ਹੀ ਬ੍ਰਹਮ ਹੈ, ਫੇਰ ਬਹੁਤ ਵਾਰੀ ਇਸ ਤਰ੍ਹਾਂ ਲਗਦਾ ਹੈ ਜਿਵੇਂ ਅਸੀਂ ਵਿਪਰੀਤ ਕਹਿ ਰਹੇ ਹਾਂ, ਜਿਵੇਂ ਅਸੀਂ ਆਪ ਹੀ ਵਿਪਰੀਤ ਸੋਚ ਰਹੇ ਹਾਂ, ਦ੍ਵੰਦ ਵਿਚੋਂ ਕਿਵੇਂ ਨਿਕਲੀਏ? ਕੀ ਕਰੀਏ? ਇਹ ਐਸਾ ਦਵੰਦ ਹੈ ਜਿਸ ਵਿਚੋਂ ਅਸੀਂ ਨਿਕਲ ਸਕਦੇ ਹਾਂ। ਜਦੋਂ ਅਸੀਂ ਵਾਦ ਵਿਵਾਦ ਕਰਦੇ ਹਾਂ, ਵਿਸ਼ਲੇਸ਼ਨ ਕਰਦੇ ਹਾਂ ਅਸੀਂ ਵੱਖ-ਵੱਖ ਨਤੀਜਿਆਂ ਤੇ ਪੁੱਜਦੇ ਹਾਂ, ਫੇਰ ਉਨ੍ਹਾਂ ਦਾ ਇਕ ਰੂਪ ਬਣਦਾ ਹੈ ਜਿਸ ਵਿਚ ਸਾਰੇ ਦਵੰਦ ਮਿਟ ਜਾਂਦੇ ਹਨ ਤੇ ਇਕ ਸਤਿ ਦਾ ਰੂਪ ਧਾਰਨ ਕਰ ਲੈਂਦੇ ਹਾਂ। ਵੇਦਾਂਤ ਦਾ ਇਕ ਸਿਧਾਂਤ ਹੈ ਜੋ ਵੀ ਕੁਝ ਜਿਥੋਂ ਸ਼ੁਰੂ ਕਰੋਗੇ ਉਸ ਦੇ ਵਿਪਰੀਤ ਵੀ ਉਹ ਤੁਹਾਨੂੰ ਮੁੱਢ ਤੇ ਹੀ ਲੈ ਆਵੇਗਾ। ਤੁਸੀਂ ਦੇਖੋਗੇ ਕਿ ਦੋ ਵਿਪਰੀਤ ਹੁੰਦੇ ਹੋਏ ਵੀ ਉਹ ਕੁਝ ਹਦ ਤਕ ਇਕੋ ਜਿਹੇ ਹੁੰਦੇ ਹਨ। ਇਹ ਸਿਧਾਂਤ ਯਾਦ ਰੱਖੋ ਕਿ ਬਿਲਕੁਲ ਵਿਰੋਧੀ ਤੱਤ ਸਦਾ ਇਕੋ ਜਿਹੇ ਹੁੰਦੇ ਹਨ, ਉਹ ਮੌਲਿਕ ਦੇ ਵਿਰੁੱਧ ਹੁੰਦੇ ਹਨ ਪਰ ਦੋ ਵਿਰੋਧੀ ਇਕੋ ਜਿਹੇ ਹੁੰਦੇ ਹਨ, ਅੰਤ ਵਿਚ ਤਾਂ ਫੈਸਲਾ ਹੋਣਾ ਹੀ ਚਾਹੀਦਾ ਹੈ ਤੇ ਮੌਲਿਕ ਵਲ ਆਉਣਾ ਹੀ ਚਾਹੀਦਾ ਹੈ ਜੋ ਮੌਲਿਕ ਹੈ ਉਹ ਹੀ ਸਤਿ ਹੈ। ਜਦੋਂ ਤੁਸੀਂ ਵਿਸ਼ਵ ਨੂੰ ਇਕ ਪਾਣੀ ਦੇ ਬੁਲਬਲੇ ਦੀ ਤਰ੍ਹਾਂ ਦੇਖਦੇ ਹੋ, ਜੋ ਬ੍ਰਹਮ ਦਾ ਹੀ ਇਕ ਹਿੱਸਾ ਹੈ, ਫੇਰ ਤੁਸੀਂ ਇਹ ਵੀ ਮਹਿਸੂਸ ਕਰਦੇ ਹੋ ਕਿ ਬ੍ਰਹਮ ਦੇ ਬਹੁਤ ਸਾਰੇ ਹਿੱਸੇ ਹਨ ਤੇ ਬ੍ਰਹਮ ਵੀ ਪਾਣੀ ਦਾ ਹੀ ਇਕ ਬੁਲਬੁਲਾ ਹੈ, ਬ੍ਰਹਮ ਦੇ ਬਹੁਤ ਸਾਰੇ ਬੁਲਬਲੇ ਹੋਣ ਤੇ ਵਿਸ਼ਵ ਇਕ ਬੁਲਬੁਲਾ ਹੋਵੇ। ਜਦੋਂ ਅਸੀਂ ਬ੍ਰਹਿਮੰਡ ਨੂੰ ਇਸ ਤਰ੍ਹਾਂ ਦੇਖਦੇ ਹਾਂ ਤੇ ਸੋਚਦੇ ਹਾਂ ਕਿ ਬੁਲਬਲਾ ਪਾਣੀ ਦਾ ਹਿੱਸਾ ਹੈ ਕਿ ਪਾਣੀ ਤੋਂ ਵਖਰਾ ਹੈ? ਜੇ ਤੁਸੀਂ ਇਸ ਸਵਾਲ ਦਾ ਜਵਾਬ ਦੇ ਸਕੋਗੇ ਤਾਂ ਤੁਸੀਂ ਇਸ ਵਿਰੋਧਤਾ, ਇਸ ਖੰਡਨ ਨੂੰ ਸਮਝ ਸਕਦੇ ਹੋ। ਵੇਦਾਂਤ ਤੇ ਲਿਖੀਆਂ ਗਈਆਂ ਪੁਸਤਕਾਂ ਸਾਡੇ ਬਹੁਤ ਸਾਰੇ ਸ਼ੰਕੇ ਨਵਿਰਤ ਕਰਦੀਆਂ ਹਨ। ਇਹ ਦਵੰਦ ਮਿਟਾਉਣ ਵਿਚ ਸਹਾਇਕ ਹੁੰਦੀਆਂ ਹਨ, ਕਦੀ ਨਿਖੇਧੀ ਕਰਕੇ ਦਵੰਦ ਮਿਟਾ ਦਿੰਦੀਆਂ ਹਨ, ਕਦੀ ਸਪਸ਼ਟ ਕਰਕੇ। ਸਪਸ਼ਟ ਕਰਨ ਵਾਲਾ ਵਾਕ ਹੈ ਮੈਂ ਬ੍ਰਹਮ ਹਾਂ, ਸਾਰਾ ਬ੍ਰਹਿਮੰਡ ਬ੍ਰਹਮ ਹੈ; ਨਖੇਦੀ ਵਾਲਾ ਵਾਕ ਹੈ ਇਹ ਰਕਤ ਹੱਡ ਮਾਸ ਦਾ ਪੁਤਲਾ ਮੈਂ ਨਹੀਂ ਹਾਂ। ਜਦੋਂ ਤੁਸੀਂ ਇਹ ਦ੍ਵੰਦ ਜਾਂ ਇਹ ਵਿਰੋਧਤਾ ਖਤਮ ਕਰ ਲੈਂਦੇ ਹੋ ਤਾਂ ਹੀ ਤੁਸੀਂ ਵੇਦਾਂਤ ਦੀ ਫਿਲੌਸਫੀ ਸਮਝ ਸਕਦੇ ਹੋ। ਫੇਰ ਆਤਮ ਚਿੰਤਨ ਦੀ ਵੀ ਲੋੜ ਨਹੀਂ ਰਹਿੰਦੀ। ਪਰ ਪ੍ਰਸ਼ਨ ਇਹ ਉਠਦਾ ਹੈ ਕਿ ਇਹ ਦਵੰਦ ਕਿਸ ਤਰ੍ਹਾਂ ਦੂਰ ਹੋਵੇਗਾ, ਤੁਸੀਂ ਇਕੋ ਸਮੇਂ ਇਹ ਦੋ ਗੱਲਾਂ ਕਿਸ ਤਰ੍ਹਾਂ ਕਰ ਸਕਦੇ ਹੋ, ਕਿਸ ਤਰ੍ਹਾਂ ਇਹ ਕਹਿ ਸਕਦੇ ਹੋ ਕਿ ਮੈਂ ਇਹ ਨਹੀਂ, ਉਹ ਨਹੀਂ, ਨਾਲ ਹੀ ਇਹ ਕਹਿ ਦਿਓ ਕਿ ਸਭ ਬ੍ਰਹਮ ਹੈ ਮੈਂ ਵੀ ਬ੍ਰਹਮ ਹਾਂ। ਇਹ ਸਭ ਕੁਝ ਵੱਖ-ਵੱਖ ਪਧਰਾਂ ਤੇ ਕਿਵੇਂ ਤੇ ਕਿਸ ਤਰ੍ਹਾਂ ਮੌਜੂਦ ਹੈ, ਇਹ ਕਿਸ ਤਰ੍ਹਾਂ ਇਕੱਠਾ ਕ੍ਰਿਆਸ਼ੀਲ ਹੈ, ਕਿਸ ਤਰ੍ਹਾਂ ਇਕੱਠੇ ਅਨੁਭਵ ਕੀਤਾ ਜਾ ਸਕਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਦੇਖਦੇ ਹੋਏ ਗੁਰੂ ਸ਼ੰਕਰਾਚਾਰੀਆ ਨੇ ਵਿਸ਼ਵ ਨਿਦਰਾ ਦੀ ਗੱਲ ਕੀਤੀ ਹੈ ਤੇ ਵਿਸ਼ਵ ਸੁਪਨੇ ਦੀ ਗੱਲ ਕੀਤੀ ਹੈ, ਸਾਡੀ ਚੇਤਨਤਾ, ਸਾਡੀ ਨੀਂਦ, ਸਾਡਾ ਸੁਪਨਾ ਉਸ ਵਿਸ਼ਵ ਚੇਤਨਤਾ, ਵਿਸ਼ਵ ਨੀਂਦ, ਵਿਸ਼ਵ ਸੁਪਨੇ ਦਾ ਹੀ ਹਿੱਸਾ ਹੈ, ਅਸੀਂ ਇਕ ਸੁਪਨੇ ਦਾ ਭਾਗ ਹਾਂ, ਇਸ ਸੁਪਨੇ ਵਿਚ ਬਹੁਤ ਸਾਰੇ ਢਠਦੇ ਹਨ, ਬਹੁਤ ਸਾਰੇ ਲੋਕ ਆਪਣੇ ਆਪ ਨੂੰ ਉਚੇ ਉਠਦੇ ਮਹਿਸੂਸ ਕਰਦੇ ਹਨ, ਰਾਜ ਉਸਰਦੇ ਤੇ ਢਠਦੇ ਹਨ, ਰਤਨ ਮੰਡਲ ਬਣਦੇ ਤੇ ਢਹਿੰਦੇ ਹਨ। ਬ੍ਰਹਿਮੰਡ ਬਣਦੇ ਤੇ ਢਹਿੰਦੇ ਹਨ, ਵਿਸ਼ਵ ਹੋਂਦ ਵਿਚ ਆਉਂਦੇ ਹਨ ਤੇ ਖਤਮ ਹੋ ਜਾਂਦੇ ਹਨ, ਲੱਖਾਂ ਕਰੋੜਾਂ ਆਤਮਾਵਾਂ ਲੰਘ ਜਾਂਦੀਆਂ ਹਨ, ਮੈਂ ਬ੍ਰਹਮ ਬੈਠਾ ਰਹਿੰਦਾ ਹਾਂ, ਦੇਖਦਾ ਰਹਿੰਦਾ ਹਾਂ, ਜਦੋਂ ਕਦੇ ਤੁਸੀਂ ਸਮਾਧੀ ਵਿਚ ਹੁੰਦੇ ਹੋ, ਕਿੰਨੀ ਵਾਰੀ ਕਈ ਦ੍ਰਿਸ਼ ਤੁਹਾਡੇ ਸਾਮ੍ਹਣੇ ਆਉਂਦੇ ਹਨ ਇਸ ਤਰ੍ਹਾਂ ਹੀ ਜਦੋਂ ਤੁਸੀਂ ਸਿਮਰਨ ਕਰ ਰਹੇ ਹੁੰਦੇ ਹੋ ਤੁਹਾਨੂੰ ਕਈ ਕੰਮ ਯਾਦ ਆ ਜਾਂਦੇ ਹਨ, ਤੁਹਾਨੂੰ ਧਿਆਨ ਆ ਜਾਂਦਾ ਹੈ, ਓ ਹੋ ਮੈਂ ਕੱਪੜੇ ਧੋਣੇ ਦੇਣੇ ਸੀ, ਇਸ ਤਰ੍ਹਾਂ ਹੀ ਜਦੋਂ ਕੋਈ ਯੋਗੀ ਆਪਣੇ ਧਿਆਨ ਵਿਚ ਬੈਠੇ ਹੁੰਦੇ ਹਨ ਧਿਆਨ ਆ ਜਾਂਦਾ ਹੈ ਮੈਂ ਤਾਂ ਲੋਕਾਂ ਦਾ ਮਾਰਗ ਦਰਸ਼ਨ ਕਰਨਾ ਹੈ, ਕਪੜੇ ਧੋਣੇ ਦੇਣੇ ਹਨ, ਸਮਾਧੀ ਵਿਚ ਬਹੁਤ ਵਾਰੀ ਸਾਡੀ ਚੇਤਨਤਾ ਓਪਰੀ ਜਿਹੀ ਹੋ ਜਾਂਦੀ ਹੈ, ਕਿਹੜਾ ਸਮਾਂ ਉਹ ਸਮਾਂ ਹੁੰਦਾ ਹੈ ਜਦੋਂ ਬ੍ਰਹਿਮੰਡ ਨਾਲ ਤੁਸੀਂ ਜੁੜੇ ਹੁੰਦੇ ਹੋ ਉਹ ਕਿਹੜੀ ਘੜੀ ਹੁੰਦੀ ਹੈ, ਕਦੋਂ ਤੁਸੀਂ ਉਸ ਬ੍ਰਹਿਮੰਡ ਨਾਲ ਇਕ ਹੋਏ ਹੁੰਦੇ ਹੋ।

ਇਕ ਵਾਰੀ ਮੈਂ ਇਕ ਪੁਸਤਕ ਪੜ੍ਹ ਰਿਹਾ ਸੀ ਉਹ ਪੁਸਤਕ C.I.A ਬਾਰੇ ਸੀ ਉਸ ਵਿਚ ਸਾਰੇ ਸੀ. ਆਈ. ਏ ਦੇ ਪੋਲੈਂਡ ਵਿਚ ਕੀਤੇ ਗਏ ਕਾਰਨਾਮਿਆਂ ਬਾਰੇ ਸੀ, ਉਸ ਵਿਚ ਦਸਿਆ ਸੀ ਕਿ ਇਕ ਵਪਾਰੀ ਦਾ ਕੰਮ ਸੀ ਕਿ ਉਹ ਪੋਲੈਂਡ ਦੀਆਂ ਬੰਦਰਗਾਹਾਂ ਬਾਰੇ ਸਾਰੀ ਜਾਚ ਕਰਕੇ ਲਿਖੇ, ਆਮ ਤੌਰ ਤੇ ਇਹੋ ਜਿਹੀਆਂ ਥਾਵਾਂ ਦੀਆਂ ਫੋਟੋ ਲੈਣੀਆਂ ਮਨਾਂ ਹੁੰਦੀਆਂ ਹਨ। ਉਹ ਲੋਕ ਕੀ ਕਰਦੇ ਸੀ ਉਹ ਆਮ ਆਪਣੇ ਵਪਾਰ ਬਾਰੇ ਚਿੱਠੀ ਲਿਖਦੇ ਸੀ ਉਸ ਵਿਚ ਇਕ ਗੁਪਤ ਸ਼ਬਦ (code) ਲਿਖ ਦਿੰਦੇ ਸੀ। ਸੋ ਪੱਤਰ ਖੋਲ੍ਹਣ ਵਾਲੇ ਪਤਰ ਖੋਲ੍ਹਦੇ ਸਨ ਅਤੇ ਹਰ ਚੀਜ਼ ਟੇਪ ਤੇ ਉਤਾਰ ਲੈਂਦੇ ਸੀ ਉਨ੍ਹਾਂ ਵਿਚ ਇਕ ਪੱਤਰ ਵਿਚ ਕੇਵਲ ਇਕ ਫੋਟੋ ਸੀ ਜਦੋਂ ਉਸ ਨੂੰ develop ਕੀਤਾ ਤਾਂ ਇਹ ਬੰਦਰਗਾਹ ਦੀ ਫੋਟੋ ਨਿਕਲੀ, ਪੂਰੀ ਬੰਦਰਗਾਹ ਦਿਤੀ ਹੋਈ ਸੀ।

ਯੋਗੀ ਵੀ ਬਿਲਕੁਲ ਇਕ C.I.A ਏਜੰਟ ਦੀ ਤਰ੍ਹਾਂ ਹੀ ਹੁੰਦਾ ਹੈ ਉਹ ਸਾਰੇ ਬ੍ਰਹਿਮੰਡ ਨੂੰ ਇਕ ਬਿੰਦੂ ਵਿਚ ਦੇਖ ਸਕਦਾ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਸ ਤਰ੍ਹਾਂ ਤੁਸੀਂ ਸਾਰੇ ਬ੍ਰਹਿਮੰਡ ਨੂੰ ਆਪਣੀ ਚੇਤਨਤਾ ਵਿਚ ਵਸਾ ਲੈਂਦੇ ਹੋ, ਭਾਵੇਂ ਇਸ ਤਰ੍ਹਾਂ ਕਰਨਾ ਇਸ ਤਰ੍ਹਾਂ ਵਸਾਉਣਾ ਬਹੁਤ ਔਖਾ ਹੈ ਅਤੇ

ਬਹੁਤ ਵਾਰੀ ਇਹ ਔਖਿਆਈ ਅਗਿਆਨਤਾ ਦਾ ਰੂਪ ਲੈ ਲੈਂਦੀ ਹੈ। ਯੋਗੀ ਇਹ ਭਲੀ ਪ੍ਰਕਾਰ ਜਾਣਦਾ ਹੈ ਕਿ ਇਹ ਥੱਲੇ ਦੇ ਪੱਧਰ ਦੀ ਸਚਾਈ ਹੈ, ਯੋਗੀ ਇਸ ਬ੍ਰਹਿਮੰਡ ਬਾਰੇ ਹਰ ਪ੍ਰਸ਼ਨ ਦਾ ਉਤਰ ਜਾਣਦਾ ਹੈ, ਤੁਸੀਂ ਕਹਿੰਦੇ ਹੋ ਠੀਕ ਹੈ। ਤੁਸੀਂ ਬਹੁਤ ਵਾਰੀ ਸੋਚਦੇ ਹੋ ਵਾਹਿਗੁਰੂ ਨੇ ਇਹ ਬ੍ਰਹਿਮੰਡ ਕਿਉਂ ਬਣਾਇਆ? ਕਿਉਂ ਐਨਾ ਦੁਖ ਸਾਡੀ ਦੁਨੀਆਂ ਵਿਚ ਹੈ, ਪਰ ਯੋਗੀ ਕਹਿੰਦੇ ਹਨ ਜੇ ਦੁਖ ਹੈ ਤਾਂ ਸੁਖ ਵੀ ਹੈ, ਖੁਸ਼ੀ ਵੀ ਹੈ, ਇਹ ਕਿਸ ਤਰ੍ਹਾਂ ਹੈ? ਸੁਖ ਕਿਥੋਂ ਆਉਂਦਾ ਹੈ? ਤੁਸੀਂ ਕਹਿੰਦੇ ਹੋ ਪਰਮਾਤਮਾ ਬਹੁਤ ਚੰਗਾ ਹੈ ਫੇਰ ਇਹ ਬ੍ਰਹਿਮੰਡ ਵਿਚ ਕੀ ਹੋ ਰਿਹਾ ਹੈ ਜਾਂ ਕੋਈ ਕਿਸ ਤਰ੍ਹਾਂ ਕਹਿੰਦਾ ਹੈ ਕਿ ਬ੍ਰਹਿਮੰਡ ਵਿਚ ਐਨਾ ਕੁਝ ਹੋ ਰਿਹਾ ਹੈ। ਧਰਮ ਪਿਤਾ ਗੁਰੂ ਸ਼ੰਕਰਾਚਾਰੀਆ ਨੇ ਬ੍ਰਹਮ ਦੀ ਸਥਾਈ ਫਿਲੌਸਫੀ ਲਿਖੀ ਹੈ ਫੇਰ ਸ਼ੰਕਰਾਚਾਰੀਏ ਤੇ ਉਸ ਫਿਲੌਸਫੀ ਤੇ ਵਿਆਖਿਆ ਲਿਖੀ ਹੈ ਜੋ ਕਿ ਮੰਡੂਕ ਉਪਨਿਸ਼ਦ ਦੀ ਵਿਆਖਿਆ ਵੀ ਮੰਨੀ ਜਾਂਦੀ ਹੈ, ਉਨ੍ਹਾਂ ਵਿਚ ਤਿੰਨ ਵੱਖ-ਵੱਖ ਅਰਥ ਦਿਤੇ ਗਏ ਹਨ, ਉਹ ਇਕੋ ਸਮੇਂ ਰੱਖ ਕੇ ਇਕੱਠੇ ਦੇਖਣੇ ਚਾਹੀਦੇ ਹਨ। ਇਕ ਜਗਿਆਸੂ ਹੋਣਾ ਤੇ ਇਕ ਵਿਸ਼ਲੇਸ਼ਨਕਾਰ ਹੋਣਾ ਦੋ ਵੱਖ-ਵੱਖ ਗੱਲਾਂ ਹਨ। ਅੱਜ ਦੇ ਭਾਸ਼ਾਕਾਰ ਫਿਲੌਸਫਰ, ਪੁਰਾਣੇ ਸਮੇਂ ਦੇ ਫਿਲੌਸਫਰਾਂ ਨੂੰ ਕਮਲੇ ਹੀ ਸਮਝਦੇ ਹਨ, ਭਾਸ਼ਾ ਵਿਗਿਆਨੀਆਂ ਨੂੰ ਕਮਲੇ, ਟਿਪਣੀਕਾਰ ਸਭ ਨੂੰ ਕਮਲੇ ਹੀ ਸਮਝਦੇ ਹਨ। ਪਹਿਲੇ ਸਾਰੇ ਰਿਸ਼ੀ ਮੁਨੀ ਜਿਨ੍ਹਾਂ ਨੇ ਸਾਰੇ ਸੂਤਰ ਲਿਖੇ, ਸਾਰੀ ਫਿਲੌਸਫੀ ਲਿਖੀ ਇਕ ਪੱਧਰ ਤੇ ਲਿਖੀ, ਵਖਰੀ ਸਚਾਈ ਦੇ ਪੱਧਰ ਤੇ ਲਿਖੀ, ਹਰ ਲਿਖਤ ਵਿਚ, ਹਰ ਪੱਧਰ ਦੇ ਵੱਖ-ਵੱਖ ਅਰਥ ਹਨ, ਦੂਸਰੀ ਤਰ੍ਹਾਂ ਕਹਿਣਾ ਹੋਵੇ ਤਾਂ ਹਰ ਸ਼ਬਦ ਵਿਚ, ਉਸ ਦੇ ਉਚਾਰਣ ਵਿਚ ਵੱਖ-ਵੱਖ ਸਚਾਈ ਹੈ। ਜੇ ਤੁਸੀਂ ਇਕ ਫੁਲ ਲਵੋ ਇਸ ਤੇ ਦੇਖੋ ਫੇਰ ਤੁਸੀਂ ਇਸ ਨੂੰ ਧਿਆਨ ਲਗਾਉਣ ਲਈ ਵਰਤੋ ਉਸ ਦਾ ਕੀ ਅਰਥ ਹੈ? ਕੀ ਇਹੋ ਜਿਹੀ ਚੀਜ਼ ਹੈ ਜਿਸ ਨੂੰ ਫੁੱਲ ਕਹਿੰਦੇ ਹਨ? ਕੀ ਪੱਤੀਆਂ ਫੁਲ ਹਨ, ਕੀ ਹੈ ਜਿਸ ਨੂੰ ਅਸੀਂ ਫੁੱਲ ਕਹਿੰਦੇ ਹਾਂ। ਕੀ ਮਨੁੱਖ ਦਾ ਸਰੀਰ ਕੁਝ ਹੈ? ਕੀ ਮਨੁੱਖੀ ਸਰੀਰ ਕੇਵਲ ਹੱਡ ਮਾਸ ਨਾੜੀਆਂ ਹਨ। ਹੋਰ ਵੀ ਇਕ ਮਿਸਾਲ ਹੈ। ਕੀ ਜੰਗਲ ਵੀ ਕੋਈ ਸਥਾਨ ਹੈ ਜਾਂ ਦਰਖਤਾਂ ਦੇ ਝੁੰਡਾਂ ਨੂੰ ਜਾਂ ਇਕੱਠੇ ਦਰਖਤ ਨੂੰ ਜੰਗਲ ਕਹਿੰਦੇ ਹਨ? ਅਸੀਂ ਸਾਰੇ ਹੀ ਇਹ ਜਾਣਦੇ ਹਾਂ ਕਿ ਦਰਖਤਾਂ ਨੂੰ, ਦਰਖਤਾਂ ਦੇ ਝੁੰਡਾਂ ਨੂੰ ਜੰਗਲ ਨਹੀਂ ਕਹਿੰਦੇ, ਕੀ ਤੁਸੀਂ ਇਹ ਸੋਚਦੇ ਹੋ ਕਿ ਦਰਖਤਾਂ ਦੇ ਝੁੰਡ ਨੂੰ ਹੀ ਜੰਗਲ ਕਹਿੰਦੇ ਹਨ। ਇਸ ਤਰ੍ਹਾਂ ਹੀ ਬ੍ਰਹਮ ਵਿਸ਼ਵ ਵਿਚ ਵਸਦੀ ਹਰ ਵਸਤੂ ਦਾ ਸਾਰਾਂਸ ਨਹੀਂ ਹੈ। ਸਮੁੰਦਰ ਕੇਵਲ ਪਾਣੀਆਂ ਦੀਆਂ ਬੂੰਦਾਂ ਦਾ ਇਕੱਠ ਨਹੀਂ ਹੈ, ਜੇ ਤੁਸੀਂ ਬਹੁਤ ਸਾਰਾ ਪਾਣੀ ਇਕੱਠਾ ਕਰ ਲਵੋ ਉਹ ਸਮੁੰਦਰ ਨਹੀਂ ਬਣ ਜਾਂਦਾ, ਸਾਗਰ ਕੀ ਹੈ? ਸਾਗਰ ਇਕ ਵਿਚਾਰ ਹੈ, ਲਹਿਰ ਕਿਥੋਂ ਲਿਆਓਗੇ, ਸਾਗਰ ਦੀ ਡੂੰਘਾਈ ਕਿਥੋਂ ਲਿਆਓਗੇ? ਸਾਗਰ ਦਾ ਵਿਸਥਾਰ ਕਿਥੋਂ ਲਿਆਓਗੇ? ਸਾਗਰ ਦੀ ਹੋਂਦ, ਬਿਨਾਂ ਬੂੰਦ ਤੋਂ ਬਣੀ ਰਹਿ ਸਕਦੀ ਹੈ? ਸਾਗਰ ਦੀ ਬੂੰਦ ਦੀ, ਸਾਗਰ ਤੋਂ ਬਿਨਾਂ ਕੋਈ ਹੋਂਦ ਨਹੀਂ। ਬਿਲਕੁਲ ਇਸ ਤਰ੍ਹਾਂ ਹੀ ਵਿਸ਼ਵ ਖਤਮ ਹੋ ਸਕਦਾ ਹੈ ਪਰ ਬ੍ਰਹਮ ਅਟੱਲ ਹੈ। ਬ੍ਰਹਮ ਤੋਂ ਬਿਨਾਂ ਵਿਸ਼ਵ ਨਹੀਂ ਰਹਿ ਸਕਦਾ। ਸਰੀਰ ਦੇ ਕਈ ਸੈਲ ਮਰ ਜਾਂਦੇ ਹਨ, ਸਰੀਰ ਚਲਦਾ ਰਹਿੰਦਾ ਹੈ। ਪ੍ਰਸ਼ਨ ਉਠਦਾ ਹੈ ਇਸ ਸਭ ਕੁਝ ਦਾ ਸਾਡੀ ਸੋਚ ਉਤੇ ਕੀ ਪ੍ਰਭਾਵ ਪੈਂਦਾ ਹੈ? ਤੁਸੀਂ ਕਿਵੇਂ ਵਿਚਾਰ ਕਰਦੇ ਹੋ? ਕਿਵੇਂ ਉਸ ਵਿਚਾਰ ਦੀ ਵਰਤੋਂ ਕਰਦੇ ਹੋ? ਤੁਹਾਡੇ ਵਿਚੋਂ ਕਿੰਨਿਆਂ ਨੇ ਫਿਲੌਸਫੀ ਵਿਚ ਵਿਚਾਰ ਦੀ ਵਰਤੋਂ ਕੀਤੀ ਹੈ? ਨਹੀਂ ਤਾਂ ਇਸ ਦਾ ਕੋਈ ਲਾਭ ਹੀ ਨਹੀਂ, ਜੇ ਤੁਸੀਂ ਸੜਕ ਤੇ ਤੁਰਦਿਆਂ ਵਿਚਾਰ ਵਿਚ ਨਹੀਂ ਗੁਆਚ ਜਾਂਦੇ ਤਾਂ ਇਸ ਨੂੰ ਪੜ੍ਹਨ ਸੁਣਨ ਦਾ ਕੋਈ ਲਾਭ ਨਹੀਂ, ਤੁਸੀਂ ਵੇਦਾਂਤ ਦੇ ਮਾਰਗ ਤੇ ਕਿੰਨੀ ਤਰੱਕੀ ਕੀਤੀ ਹੈ? ਇਹ ਕੇਵਲ ਤਾਂ ਹੀ ਪਤਾ ਲਗ ਸਕਦਾ ਹੈ ਜੇ ਇਹ ਪਤਾ ਲਗ ਜਾਏ ਕਿ ਵੇਦਾਂਤ ਦੀ ਫਿਲੌਸਫੀ ਤੁਸੀਂ ਕਿੰਨੀ ਸਮਝੀ ਹੈ, ਤੁਸੀਂ ਕਿੰਨੇ ਕੁ ਫਿਲੌਸਫ ਬਣ ਗਏ ਹੋ। ਵਿਚਾਰ ਦੇ ਅਭਿਆਸ ਨਾਲ ਹੀ ਤੁਸੀਂ ਪੁਨਰਸਥਾਪਤ ਸਿਧਾਂਤ ਤੇ ਪਹੁੰਚ ਸਕਦੇ ਹੋ। ਛੇ ਵੇਦਾਂਤ ਦੇ ਸਿਧਾਂਤ ਜਿਹੜੇ ਅਸੀਂ ਪਿਛੇ ਦਸ ਆਏ ਹਾਂ, ਜੇ ਵਿਚਾਰ ਤੁਹਾਨੂੰ ਉਨ੍ਹਾਂ ਛੇ ਸਿਧਾਂਤਾਂ ਤੇ ਨਹੀਂ ਪਹੁੰਚਾਉਂਦੀ ਤਾਂ ਪ੍ਰਤੱਖ ਹੈ ਕਿ ਤੁਸੀਂ ਵੇਦਾਂਤਕ ਵਿਚਾਰ ਨਹੀਂ ਵਰਤ ਰਹੇ। ਜੇ ਵਿਚਾਰ ਕਰੋਗੇ, ਪ੍ਰਸ਼ਨ ਅਵੱਸ਼ ਹੀ ਉਠਣਗੇ। ਸਾਰੇ ਦੇ ਸਾਰੇ ਛੇ ਵਾਕ ਦੇਖਿਆ ਜਾਵੇ ਤਾਂ ਇਕ ਹੀ ਹਨ ਉਹ ਹੈ ਸਭ ਬ੍ਰਹਮ ਹੈ, ਬਸ ਇਹ ਹੀ ਤੱਤ ਹੈ, ਮੈਂ ਇਥੇ ਕਿਸ ਤਰ੍ਹਾਂ ਤੁਰਦਾ ਹਾਂ? ਕਿਸ ਤਰ੍ਹਾਂ ਕਾਰ ਚਲਾਉਂਦਾ ਹਾਂ? ਫੁਲ ਦੇਖਦਾ ਹੈ, ਪੱਤੀ ਨੂੰ ਹੱਥ ਲਾ ਕੇ ਦੇਖਦਾ ਹੈ, ਮੈਂ ਇਸ ਦਾ ਅਭਿਆਸ ਕਿਸ ਤਰ੍ਹਾਂ ਕਰਦਾ ਹਾਂ? ਕਿਸ ਤਰ੍ਹਾਂ ਮੈਂ ਕੋਈ ਵੀ ਸਿੱਟੇ ਤੇ ਪਹੁੰਚਦਾ ਹਾਂ ਕਿ ਜਿਹੜੀਆਂ ਅੱਖਾਂ ਨਾਲ ਮੈਂ ਦੇਖਦਾ ਹਾਂ ਉਹ ਮੇਰੀਆਂ ਨਹੀਂ, ਪਰ ਇਹ ਦੋਨੋਂ ਅੱਖਾਂ ਮੇਰੀਆਂ ਹਨ, ਫੁੱਲ ਵੀ ਮੇਰਾ ਹੈ ਅਤੇ ਸਭ ਕੁਝ ਬ੍ਰਹਮ ਹੀ ਹੈ, ਮੈਂ ਇਸ ਨਤੀਜੇ ਤੇ ਕਿਸ ਤਰ੍ਹਾਂ ਪਹੁੰਚਦਾ ਹਾਂ ਕਿਸ ਤਰ੍ਹਾਂ ਇਸ ਦਾ ਅਨੁਭਵ ਕਰਦਾ ਹਾਂ।

ਤੁਹਾਡੇ ਕਰਨ ਦੀਆਂ ਕੇਵਲ ਤਿੰਨ ਹੀ ਗੱਲਾਂ ਹਨ, ਵੇਦਾਂਤ ਦੇ ਫਿਲੌਸਫਰ ਦੇ ਕਰਨ ਦੀਆਂ ਤਿੰਨ ਚੀਜ਼ਾਂ ਹਨ, ਕਰਮ ਕਰਨਾ, ਜੋ ਵੀ ਡੀਉਟੀ ਮਿਲੇ ਉਹ ਕਰਨੀ, ਪਤੀ ਦੀ ਪਤਨੀ ਵਲ, ਜਿਥੇ ਵੀ ਤੁਸੀਂ ਕੰਮ ਕਰਦੇ ਹੋਵੋ ਉਹ ਠੀਕ ਤਰ੍ਹਾਂ ਕਰਨਾ। ਜਦੋਂ ਤੁਸੀਂ ਕੁਝ ਵੀ ਨਹੀਂ ਕਰ ਰਹੇ ਤਾਂ ਆਪਣੇ ਆਪ ਨੂੰ ਵਿਚਾਰ ਵਿਚ ਲਾਓ, ਜਿਵੇਂ ਹੀ ਤੁਸੀਂ ਵਿਚਾਰ ਵਿਚ ਲਗੋਗੇ, ਵਿਚਾਰ ਅੱਗੇ ਵਧੇਗਾ, ਤੁਸੀਂ ਧਿਆਨ ਲਗਾਓਗੇ, ਉਨਾਂ ਹੀ ਤੁਹਾਡਾ ਮੰਤਰ ਚੱਲੇਗਾ, ਹਰ ਮੰਤਰ ਬ੍ਰਹਮ ਦਾ ਹੀ ਮੰਤਰ ਹੈ, ਤੁਹਾਡੇ ਲਈ ਹੋਰ ਕੋਈ ਚੌਥਾ ਕੰਮ ਕਰਨ ਨੂੰ ਨਹੀਂ ਰਹਿ ਜਾਂਦਾ। ਵੇਦਾਂਤ ਦੀ ਫਿਲੌਸਫੀ ਦਾ ਭਾਵ ਅਰਥ ਕੇਵਲ ਕਰਮ, ਗਿਆਨ ਅਤੇ ਭਗਤੀ ਵਿਚ ਲਾਉਣਾ ਹੀ ਹੈ। ਜੋ ਪਿਛਲੇ ਕਰਮ ਕੀਤੇ ਹਨ ਉਨ੍ਹਾਂ ਦਾ ਹਿਸਾਬ ਚੁਕਤਾ ਕਰੋ, ਅੱਗੋਂ ਲਈ ਕੋਈ ਕਰਮ ਆਪਣੇ ਲਈ ਇਕੱਠੇ ਨਾ ਕਰੋ। ਤੁਹਾਡੇ ਸਾਰਿਆਂ ਦੀ ਤਰ੍ਹਾਂ ਮੇਰੀਆਂ ਵੀ ਆਪਣੀਆਂ ਸਮਸਿਆਵਾਂ ਹਨ ਮੇਰੇ ਪਰਿਵਾਰ ਦੀਆਂ ਜਾਇਦਾਦ ਦੀਆਂ ਸਰਕਾਰ ਨਾਲ, ਆਪਣੇ ਆਪ ਨਾਲ ਕੀਤੇ ਗਏ ਸੰਕਲਪਾਂ ਨਾਲ ਪਰ ਹੁਣ ਜਦੋਂ ਵੀ ਮੈਨੂੰ ਕੋਈ ਔਖ ਆਉਂਦੀ ਹੈ ਮੈਂ ਸ਼ੁਕਰ ਕਰਦਾ ਹਾਂ, ਕਹਿੰਦਾ ਹਾਂ ਪਰਮਾਤਮਾ ਤੇਰਾ ਸ਼ੁਕਰ ਹੈ, ਜਦੋਂ ਮੈਨੂੰ ਔਖ ਨਹੀਂ ਆਉਂਦੀ, ਮੈਨੂੰ ਚਿੰਤਾ ਹੁੰਦੀ ਹੈ। ਇਕ ਸਮਾਂ ਸੀ ਜਦੋਂ ਹਫਤਿਆਂ ਬੱਧੀ ਮੈਨੂੰ ਕੋਈ ਔਖ ਨਹੀਂ ਆਉਂਦੀ ਸੀ ਕੋਈ ਚਿੰਤਾ ਨਹੀਂ ਹੁੰਦੀ ਸੀ। ਮੈਂ ਆਪਣੇ ਸਾਰੇ ਕਰਮਾਂ

ਦਾ ਲੇਖਾ ਜੋਖਾ ਖਤਮ ਕਰ ਦੇਣਾ ਚਾਹੁੰਦਾ ਹਾਂ। ਜੇ ਮੈਨੂੰ ਆਰਥਿਕ ਸਮਸਿਆ ਨਹੀਂ ਹੈ, ਸਮਾਜਿਕ ਸਮਸਿਆ ਨਹੀਂ ਹੈ, ਕੋਈ ਸਰੀਰਕ ਸਮੱਸਿਆ ਨਹੀਂ ਹੈ ਇਸ ਤੋਂ ਇਹ ਭਾਵ ਹੈ ਕਿ ਮੈਂ ਆਪਣੇ ਕਰਮਾਂ ਦਾ ਲੇਖਾ ਨਹੀਂ ਦੇ ਰਿਹਾ। ਜਦੋਂ ਕੋਈ ਸਮਸਿਆ ਆਉਂਦੀ ਹੈ ਜਦੋਂ ਵੀ ਕੋਈ ਔਖ ਆਉਂਦੀ ਹੈ, ਮੈਂ ਸ਼ੁਕਰ ਕਰਦਾ ਹਾਂ, ਇਹ ਮੈਂ ਤੁਹਾਡੇ ਨਾਲ ਆਪਣੇ ਵਿਚਾਰ ਸਾਂਝੇ ਕਰ ਰਿਹਾ ਹਾਂ। ਮੈਂ ਆਪਣੀ ਰੁਚੀ ਦਸ ਰਿਹਾ ਹਾਂ। ਇਹੋ ਕਾਰਣ ਹੈ ਕਿ ਮੈਂ ਤੁਹਾਡੇ ਨਾਲ ਘੰਟਿਆਂ ਬੱਧੀ ਬੈਠ ਕੇ ਗੱਲ ਕਰ ਸਕਦਾ ਹਾਂ, ਮੈਨੂੰ ਕੋਈ ਕਸ਼ਟ ਨਹੀਂ ਹੈ, ਨਾ ਹੀ ਮੈਂ ਕਿਸੇ ਕਸ਼ਟ ਦੀ ਆਸ ਰਖਦਾ ਹਾਂ, ਮੇਰਾ ਦੁਖ ਮੇਰਾ ਸੁਖ ਹੈ, ਮੈਂ ਕਹਿੰਦਾ ਹਾਂ ਚਲੋ ਇਕ ਹੋਰ ਕਰਮ ਕੱਟਿਆ ਗਿਆ, ਆਮ ਤੌਰ ਤੇ ਜਦੋਂ ਮਨੁੱਖ ਕੋਈ ਔਕੜ ਆਉਂਦੀ ਦੇਖਦਾ ਹੈ ਉਹ ਉਸ ਤੋਂ ਮੀਲਾਂ ਦੂਰ ਦੌੜਦਾ ਹੈ, ਜਦੋਂ ਕੋਈ ਦੁਖ ਆਉਂਦਾ ਹੈ ਤੁਸੀਂ ਉਸ ਨੂੰ ਟਾਲਣ ਦੀ ਕੋਸ਼ਿਸ਼ ਕਰਦੇ ਹੋ, ਇਸ ਤਰ੍ਹਾਂ ਕਰਨ ਨਾਲ ਤੁਸੀਂ ਆਪਣੇ ਕਰਮਾਂ ਨੂੰ ਅੱਗੇ-ਅੱਗੇ ਪਾਉਂਦੇ ਜਾਂਦੇ ਹੋ ਜਿਸਦਾ ਨਤੀਜਾ ਇਹ ਨਿਕਲਦਾ ਹੈ ਕਿ ਫੇਰ ਤੁਹਾਨੂੰ ਉਹ ਸਾਰੇ ਵਿਆਜ ਸਮੇਤ ਭੁਗਤਣੇ ਪੈਂਦੇ ਹਨ। ਜਿਸ ਮਨੁੱਖ ਨੂੰ ਇਹ ਸੋਝੀ ਹੈ ਕਿ ਇਸ ਸੰਸਾਰ ਤੋਂ ਜਾ ਕੇ ਅੱਗੇ ਜੇ ਚਾਨਣ ਲੈਣਾ ਹੈ ਤਾਂ ਚੰਗਾ ਇਹੋ ਹੀ ਹੈ ਕਿ ਕਰਮ ਇਥੇ ਭੋਗ ਜਾਓ ਤੇ ਹੋਰ ਕਰਮ ਇਕੱਠੇ ਨਾ ਕਰੋ, ਔਕੜਾਂ ਅਤੇ ਸਮਸਿਆਵਾਂ ਸਿਰ ਮੱਥੇ ਤੇ ਕਿਉਂਕਿ ਉਹ ਤੁਹਾਡੀ ਅਧਿਆਤਮਕ ਤਰੱਕੀ ਦਾ ਚਿੰਨ ਹਨ। ਇਹ ਤੁਹਾਡੇ ਸਮਝਣ ਦੀ ਗੱਲ ਹੈ ਕਿ ਆਪਣੇ ਕਰਮ ਜਿੰਨੀ ਛੇਤੀ ਹੋ ਸਕਦਾ ਹੈ ਭੋਗੋ ਉਨ੍ਹਾਂ ਨੂੰ ਬਚਾ ਕੇ ਨਾ ਰੱਖੋ। ਆਪਣੇ ਕਰਮਾਂ ਦਾ ਲੇਖਾ ਛੇਤੀ ਕਿਵੇਂ ਦਿਤਾ ਜਾ ਸਕਦਾ ਹੈ? ਇਹ ਮੈਂ ਸਾਰੀ ਵਾਰਤਾ ਦਸਾਂਗਾ। ਕਰਮ ਕਰੋ, ਕਰਮ ਕਰੋ, ਕਦੇ ਵੀ ਖਾਲੀ ਨਾ ਬੈਠੋ, ਵਿਹਲੇ ਨਾ ਬੈਠੋ, ਕਰਦੇ ਰਹੋ, ਕਰਦੇ ਰਹੋ, ਢਿੱਲੇ ਨਾ ਪਵੋ, ਦਿੰਦੇ ਚਲੇ ਜਾਓ, ਕਰਮ ਕਰਦੇ ਚਲੋ, ਕਰਦੇ ਚਲੋ ਇਹ ਕਰਮ ਗਤੀ ਚਲਦੀ ਹੀ ਰਹਿੰਦੀ ਹੈ, ਦੂਸਰੇ ਲੋਕੀ ਇਸ ਨੂੰ ਚਲਦੀ ਹੀ ਰਖਣਗੇ। ਤੁਸੀਂ ਨਹੀਂ ਵੀ ਰਹੋਗੇ ਤਾਂ ਵੀ ਇਹ ਚਲੇਗਾ। ਵੱਡੇ-ਵੱਡੇ ਰਾਜ ਬਣੇ ਤੇ ਢੱਠੇ। ਸੋ ਕਰਮ ਕਰੋ ਤੇ ਲੇਖੇ ਮੁਕਾਓ, ਜੇ ਤੁਸੀਂ ਕੁਝ ਕਰ ਨਹੀਂ ਰਹੇ ਤਾਂ ਤੁਹਾਡੇ ਕਰਮ ਇਕੱਠੇ ਹੋ ਰਹੇ ਹਨ, ਕਰਮ ਕਰੋ।

ਦੂਸਰੀ ਕਰਨ ਵਾਲੀ ਗੱਲ ਹੈ ਗਿਆਨ ਦੀ ਪ੍ਰਾਪਤੀ। ਵੇਦਾਂਤ ਵਿਚ ਉਹ ਕੇਵਲ ਨਖੇਧੀ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਵਿਚਾਰ ਕਰੋ, ਚਿੰਤਨ ਕਰੋ, ਤੁਹਾਡੇ ਮਨ ਵਿਚ ਸਦਾ ਹੀ ਚਿੰਤਨ ਚਲਣਾ ਚਾਹੀਦਾ ਹੈ। ਫਿਲੌਸਫੀ ਚਲਦੀ ਰਹਿਣੀ ਚਾਹੀਦੀ ਹੈ। ਤੁਹਾਡੇ ਮਨ ਵਿਚ ਚਾਰ ਗੱਲਾਂ ਹਰ ਵੇਲੇ ਚਲਣੀਆਂ ਚਾਹੀਦੀਆਂ ਹਨ। ਪਹਿਲਾਂ ਕਰਮ ਕਰਨ ਬਾਰੇ, ਜਦੋਂ ਤੁਸੀਂ ਧਿਆਨ ਲਗਾ ਕੇ ਬੈਠੋ ਕਿ ਕੋਈ ਚਿੰਤਾ ਤੁਹਾਨੂੰ ਅਸ਼ਾਂਤ ਕਰੇ ਤਾਂ ਉਹ ਕੇਵਲ ਇਹ ਹੀ ਹੋਵੇ ਕਿਹੜਾ ਕਰਮ ਅਧੂਰਾ ਹੈ, ਧਿਆਨ ਵਿਚ ਬੈਠੇ ਜਿਹੜੇ ਵਿਚਾਰ ਤੁਹਾਨੂੰ ਅਸ਼ਾਤ ਕਰਦੇ ਹਨ ਉਹ ਉਨ੍ਹਾਂ ਕਰਮਾਂ ਬਾਰੇ ਹਨ ਜੋ ਅਧੂਰੇ ਹਨ, ਜੋ ਕੰਮ ਤੁਸੀਂ ਪੂਰੇ ਨਹੀਂ ਕਰ ਸਕੇ, ਉਹ ਹੀ ਤੁਹਾਨੂੰ ਧਿਆਨ ਵਿਚ ਅਸ਼ਾਂਤ ਕਰਦੇ ਹਨ, ਉਨ੍ਹਾਂ ਬਾਰੇ ਹੀ ਤੁਹਾਨੂੰ ਕੁਝ ਕਰਨਾ ਚਾਹੀਦਾ ਹੈ, ਜਿਥੇ ਵੀ ਤੁਸੀਂ ਹੋ ਦੇਖੋ, ਦੇਖੋ ਕੀ ਕਰਨਾ ਰਹਿ ਗਿਆ ਹੈ, ਦੇਖੋ ਜੋ ਅਧੂਰਾ ਹੈ ਉਸ ਨੂੰ ਪੂਰਾ ਕਰੋ, ਦੇਖੋ ਕਰਨ ਨਾਲ ਕਿੰਨੀ ਛੇਤੀ ਆਪਣੇ ਚਾਰੋ ਪਾਸੇ ਦੇਖੋ ਕੇ ਕੰਮ ਕਰਨ ਨਾਲ ਕਰਮ, ਕਿੰਨੀ ਛੇਤੀ, ਕਰਮ ਕੀਤੇ ਜਾਂਦੇ ਹਨ, ਨਿਸ਼ਕਾਮ ਕਰਮ ਤੁਹਾਡੇ ਸਾਰੇ ਕਰਮ ਫਲ ਕਟ ਦਿੰਦਾ ਹੈ, ਨਿਸੁਆਰਥ ਹੋ ਕੇ ਕੀਤੇ ਕਰਮ ਤੁਹਾਡੇ ਸਾਰੇ ਕਰਜ਼ੇ ਕੱਟ ਦਿੰਦਾ ਹੈ। ਇਸ ਸੰਸਾਰ ਵਿਚ ਤੁਹਾਨੂੰ ਕੁਝ ਵੀ ਮੁਫਤ ਨਹੀਂ ਮਿਲਦਾ, ਹਰ ਸੁੱਖ ਦਾ ਦੁਖ ਹੈ। ਤੁਸੀਂ ਇਥੇ ਅੰਦਰ ਬੈਠੇ ਇਸ ਕਮਰੇ ਦਾ ਨਿੱਘ ਮਾਣ ਰਹੇ ਹੋ, ਬਾਹਰ ਜ਼ੀਰੋ ਡਿਗਰੀ ਹੈ, ਥੱਲੇ ਤਾਪਮਾਨ ਹੈ, ਇਹ ਕਮਰਾ ਕਿਸ ਨੇ ਤੁਹਾਡੇ ਲਈ ਬਣਾਇਆ ਹੈ, ਸੋ ਤੁਸੀਂ ਵੀ ਦੂਸਰਿਆਂ ਲਈ ਕੁਝ ਬਣਾਓ, ਕੁਝ ਦਿਓ ਜਿਵੇਂ ਕਿਸੇ ਨੇ ਤੁਹਾਡੇ ਲਈ ਬਣਾਇਆ ਹੈ ਤੁਸੀਂ ਵੀ ਕਿਸੇ ਨੂੰ ਬਣਾ ਕੇ ਦਿਓ। ਧਿਆਨ ਵਿਚ ਬੈਠਿਆਂ ਜਿਹੜੇ ਵਿਚਾਰ ਆਉਂਦੇ ਹਨ, ਉਹ ਅਧੂਰੇ ਕੰਮ ਦੇ ਹੁੰਦੇ ਹਨ, ਕਰਜ਼ੇ ਉਤਾਰਨ ਬਾਰੇ ਹੁੰਦੇ ਹਨ। ਧਿਆਨ ਵਿਚ ਬੈਠੇ ਆਪਣੇ ਵਿਚਾਰਾਂ ਦਾ ਪ੍ਰਵਾਹ ਦੇਖੋ, ਇਕ ਖਾਸ ਵਿਚਾਰ ਨਹੀਂ ਪਰ ਸੰਪੂਰਨ ਵਿਚਾਰਾਂ ਦਾ ਪ੍ਰਵਾਹ ਇਕ ਹਫਤਾ ਦੋ ਹਫਤੇ ਦੇਖਦੇ ਰਹੋ, ਇਕ ਮਹੀਨਾ ਦੋ ਮਹੀਨੇ ਦੇਖਦੇ ਰਹੋ, ਤੁਹਾਨੂੰ ਸਮਝ ਆਏਗੀ, ਤੁਸੀਂ ਆਪਣੇ ਜੀਵਨ ਵਿਚ ਕੀ ਅਧੂਰਾ ਛੱਡਿਆ ਹੈ। ਇਹ ਇਕ ਬਹੁਤ ਚੰਗੀ ਕਲਾ ਹੈ ਕਿ ਆਪਣੇ ਵਿਚਾਰਾਂ ਨੂੰ ਦੇਖੋ, ਜੋ ਕੁਝ ਵੀ ਤੁਸੀਂ ਅਧੂਰਾ ਛੱਡਿਆ ਹੈ ਇਹ ਇਕ ਬਹੁਤ ਚੰਗੀ ਕਲਾ ਹੈ ਕਿ ਆਪਣੇ ਵਿਚਾਰਾਂ ਨੂੰ ਦੇਖ ਸੋ ਜੋ ਕੁਝ ਵੀ ਤੁਸੀਂ ਅਧੂਰਾ ਛੱਡਿਆ ਹੈ, ਜਾਓ ਉਸ ਨੂੰ ਜਾ ਕੇ ਪੂਰਾ ਕਰੋ, ਪੂਰੀ ਤਰ੍ਹਾਂ ਨਿਸ਼ਕਾਮ ਹੋ ਕੇ ਪੂਰਾ ਕਰੋ, ਨਿਸੁਆਰਥ ਹੋ ਕੇ ਪੂਰਾ ਕਰੋ, ਪਿਆਰ ਨਾਲ ਪੂਰਾ ਕਰੋ, ਸ਼ੌਕ ਨਾਲ ਪੂਰਾ ਕਰੋ, ਉਸ ਦੀ ਕੀਮਤ ਵਜੋਂ ਕੁਝ ਨਾ ਮੰਗੋ ਫੇਰ ਇਹ ਅਸ਼ਾਂਤ ਕਰਨ ਵਾਲੇ ਵਿਚਾਰ ਸਭ ਇਕੋ ਤਰ੍ਹਾਂ ਦੇ ਬਣ ਜਾਣਗੇ। ਤੁਸੀਂ ਦੇਖੋਗੇ! ਫੇਰ ਤੁਹਾਨੂੰ ਕੇਵਲ ਇਕ ਤਰ੍ਹਾਂ ਦੇ ਹੀ ਵਿਚਾਰ ਆਉਣਗੇ ਅਤੇ ਉਹ ਵਿਚਾਰ ਹੋਣਗੇ ਉਨ੍ਹਾਂ ਕੰਮਾਂ ਦੇ ਜਿਹੜੇ ਤੁਸੀਂ ਅਧੂਰੇ ਛੱਡੇ ਹੋਏ ਹਨ। ਜੇ ਤੁਸੀਂ ਉਨ੍ਹਾਂ ਅਸ਼ਾਂਤ ਵਿਚਾਰਾਂ ਨੂੰ ਆਪਣਾ ਮਾਰਗ ਦਰਸ਼ਨ ਕਰਨ ਦਿਓ, ਇਹ ਜਾਣ ਜਾਓ ਇਹ ਕਿਥੋਂ ਆ ਰਹੇ ਹਨ, ਤੁਸੀਂ ਮਹਿਸੂਸ ਕਰ ਲਵੋ ਕਿ ਅੰਦਰ ਕੋਈ ਅਸ਼ਾਂਤੀ ਹੈ, ਦਵੰਦ ਹੈ, ਕੋਈ ਟਕਰਾ ਚਲ ਰਹੇ ਹਨ, ਮੈਨੂੰ ਇਕਸਾਰਤਾ ਲਿਆਉਣੀ ਚਾਹੀਦੀ ਹੈ, ਇਕਸੁਰਤਾ ਲਿਆਉਣੀ ਚਾਹੀਦੀ ਹੈ, ਮੈਂ ਕੋਈ ਇਕਸੁਰਤਾ ਵਾਲੀ ਇਕਸਾਰਤਾ ਦਾ ਨਿਸੁਆਰਥ ਵਾਲੀ ਚੀਜ਼ ਕਰਾਂ। ਜਦੋਂ ਤੁਸੀਂ ਇਹ ਕਰਨਾ ਸਿੱਖ ਲੈਂਦੇ ਹੋ ਫੇਰ ਵਿਚਾਰ ਇਕ ਸੁਰ ਹੋ ਜਾਣਗੇ, ਇਕ ਸਾਰ ਹੋ ਜਾਣਗੇ। ਕੁਝ ਦੇਰ ਬਾਦ ਤੁਹਾਡਾ ਮਨ ਬਿਲਕੁਲ ਨਿਰਮਲ ਹੋ ਜਾਵੇਗਾ, ਫੇਰ ਤੁਹਾਡੇ ਧਿਆਨ ਦੇ ਸਮੇਂ ਕੇਵਲ ਉਹ ਵਿਚਾਰ ਹੀ ਆਉਣਗੇ ਜਿਹੜੇ ਅਧੂਰੇ ਹਨ, ਤੁਸੀਂ ਆਪਣੇ ਅਧੂਰੇ ਕੰਮਾਂ ਤੇ ਵਿਚਾਰਾਂ ਤੇ ਧਿਆਨ ਦਿਓਗੇ, ਤੁਸੀਂ ਬਹੁਤ ਛੇਤੀ ਹੀ ਇਥੇ ਪਹੁੰਚ ਜਾਓਗੇ ਤੇ ਸਮਾਂ ਬੇਅਰਥ ਨਹੀਂ ਜਾਣ ਦਿਓਗੇ, ਇਹ ਕਰਮ ਹੈ, ਬਾਕੀ ਸਮਾਂ ਤੁਸੀਂ ਗਿਆਨ ਦੀ ਪ੍ਰਾਪਤੀ ਵਿਚ ਲਾਉਣਾ ਹੈ। ਬਾਕੀ ਦਾ ਸਾਰਾ ਸਮਾਂ ਜਦੋਂ ਤੁਸੀਂ ਕਰਮ ਨਹੀਂ ਕਰ ਰਹੇ, ਨਿਰਣਾ ਨਹੀਂ ਕਰ ਰਹੇ, ਨਾ ਤੁਸੀਂ ਆਪਣੀ

(ਬਾਕੀ ਪੰਨਾ 72 ਤੇ)

# ਕੁਝ ਵਿਸ਼ੇਸ਼ ਨਾਵਾਂ ਥਾਵਾਂ ਦੀ ਜਾਣਕਾਰੀ

## ਐਨਸਾਈਕਲੋਪੀਡੀਆ ਔਫ ਸਿਖਿਜ਼ਮ ਵਿਚੋਂ ਕੁਝ ਇੰਦਰਾਜ

**ਨੋਟ** - ਪਾਠਕਾਂ ਦੇ ਗਿਆਨ ਖੇਤਰ ਵਿਚ ਵਾਧਾ ਕਰਨ ਲਈ ਅਸੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਪ੍ਰੋ. ਹਰਬੰਸ ਸਿੰਘ ਦੇ ਸੰਪਾਦਿਤ ਕੀਤੇ ਹੋਏ Encyclopaedia of Sikhism (ਸਿੱਖ ਧਰਮ ਦਾ ਮਹਾਨ ਕੋਸ਼) ਵਿਚੋਂ ਕਰਮਵਾਰ ਕੁਝ ਇੰਦਰਾਜ ਉਨ੍ਹਾਂ ਦੇ ਧੰਨਵਾਦ ਸਹਿਤ ਪੰਜਾਬੀ ਵਿਚ ਦੇ ਰਹੇ ਹਾਂ।

**ਅਬਚਲ ਨਗਰ** - ਨੰਦੇੜ ਸਾਹਿਬ ਨੂੰ ਅਬਚਲ ਨਗਰ ਵੀ ਕਿਹਾ ਜਾਂਦਾ ਹੈ, ਅਬਚਲ ਤੋਂ ਭਾਵ ਹੈ ਸਦਾ ਰਹਿਣ ਵਾਲਾ। ਅਬਚਲ ਨਗਰ ਮਹਾਂਰਾਸ਼ਟਰ ਵਿਚ ਸਥਿਤ ਹੈ। ਇਹ ਉਹ ਸਥਾਨ ਹੈ ਜਿਥੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਅਲੋਪ ਹੋਏ ਸਨ। ਇਸ ਸਥਾਨ ਨੂੰ ਤਖਤ ਦਾ ਦਰਜਾ ਪ੍ਰਾਪਤ ਹੈ। ਤਖਤ ਉਹ ਸਥਾਨ ਹੈ ਜਿਥੋਂ ਸਿੱਖ ਧਰਮ ਸਬੰਧੀ ਫੈਸਲੇ ਲਏ ਜਾਂਦੇ ਹਨ ਇਸ ਨੂੰ ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਵੀ ਕਹਿੰਦੇ ਹਨ।

ਬਹੁਤ ਸੰਭਵ ਹੈ ਕਿ ਇਹ ਨਾਮ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਤੁਕ 'ਅਬਚਲ ਨਗਰ ਗੋਬਿੰਦ ਗੁਰੂ ਕਾ ਨਾਮ ਜਪਤ ਸੁਖ ਪਾਇਆ ਰਾਮ' ਤੋਂ ਲਿਆ ਗਿਆ ਹੈ। ਇਹ ਤੁਕ ਅੰਮ੍ਰਿਤਸਰ ਵਾਸਤੇ ਲਿਖੀ ਗਈ ਸੀ ਜਿਸ ਨੂੰ ਗੁਰੂ ਨਾਨਕ ਦੇਵ ਦੀ ਚੌਥੀ ਜੋਤ ਗੁਰੂ ਰਾਮਦਾਸ ਜੀ ਨੇ ਵਸਾਇਆ ਸੀ।

**ਅਬਦੁਲ ਖਵਾਜਾ** - ਇਹ ਮਨੀਮਾਜਰਾ (ਨੇੜੇ ਚੰਡੀਗੜ੍ਹ) ਦੇ ਰਹਿਣ ਵਾਲਾ ਸੀ। ਇਹ ਚਾਂਦਨੀ ਚੌਂਕ ਦੀ ਜੇਲ੍ਹ ਦਾ ਕੌਤਵਾਲ ਸੀ, ਉਸ ਜੇਲ੍ਹ ਵਿਚ ਗੁਰੂ ਤੇਗ ਬਹਾਦਰ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤ ਨੂੰ ਰਾਜਸੀ ਆਦੇਸ਼ ਅਨੁਸਾਰ ਰੱਖਿਆ ਗਿਆ ਸੀ। ਅਬਦੁਲ ਖਵਾਜਾ ਬੜਾ ਹੀ ਸੱਚਾ ਸੁੱਚਾ ਮਨੁੱਖ ਸੀ, ਉਹ ਗੁਰੂ ਸਾਹਿਬ ਦੇ ਬਾਰੇ ਜਾਣਦਾ ਸੀ, ਤੇ ਗੁਰੂ ਸਾਹਿਬ ਪ੍ਰਤੀ ਉਸ ਦੀ ਪੂਰੀ ਸ਼ਰਧਾ ਸੀ। ਜਿੰਨਾ ਵੀ ਉਸ ਦੇ ਵਸ ਵਿਚ ਸੀ ਉਸ ਨੇ ਜੇਲ੍ਹ ਦੀ ਸਜ਼ਾ ਨੂੰ ਘੱਟ ਤੋਂ ਘੱਟ ਕਰੜੀ ਕਰਨ ਦੀ ਕੋਸ਼ਿਸ਼ ਕੀਤੀ, ਵੱਧ ਤੋਂ ਵੱਧ ਰਿਆਇਤਾਂ ਦਿਤੀਆਂ। 1675 ਵਿਚ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਾਦ ਉਸ ਨੇ ਨੌਕਰੀ ਤੋਂ ਅਸਤੀਫਾ ਦੇ ਦਿਤਾ ਅਤੇ ਅਨੰਦਪੁਰ ਸਾਹਿਬ ਰਹਿਣ ਲਈ ਚਲਾ ਗਿਆ। ਉਥੇ ਰਹਿ ਕੇ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕਰਦਾ ਰਿਹਾ ਜੋ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ ਸਨ। ਅਬਦੁਲ ਖਵਾਜਾ ਉਥੇ ਹਿਕਮਤ ਕਰਦਾ ਰਿਹਾ। ਗੁਲਾਮ ਅਬਾਸ ਜੋ ਇਸ ਦਾ ਬੇਟਾ ਸੀ ਉਹ ਨਵਾਬ ਕਪੂਰ ਸਿੰਘ ਦੀ ਮਿਸਲ ਵਿਚ ਹਕੀਮ ਰਿਹਾ।

**ਅਚਲ ਸਾਹਿਬ ਗੁਰਦਵਾਰਾ** - ਇਹ ਪਵਿੱਤਰ ਗੁਰਦਵਾਰਾ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ। ਇਹ ਸਾਲੋ ਤੇ ਚਾਹਲ ਪਿੰਡ ਦੇ ਨੇੜੇ, ਜਲੰਧਰ ਬਟਾਲਾ ਸੜਕ ਤੇ 6 ਕਿਲੋਮੀਟਰ ਬਟਾਲੇ ਤੋਂ ਦੱਖਣ ਵਲ ਸਥਿਤ ਹੈ ਜੋ ਕਿ ਗੁਰਦਾਸਪੁਰ ਜ਼ਿਲੇ ਵਿਚ ਪੈਂਦਾ ਹੈ। ਜਿਸ ਟਿੱਲੇ ਤੇ ਗੁਰਦਵਾਰਾ ਸਸ਼ੋਭਤ ਹੈ ਉਸ ਦੇ ਨੇੜੇ ਇਕ ਪੁਰਾਤਨ ਹਿੰਦੂਆਂ ਦਾ ਮੰਦਰ ਹੈ ਜਿਹੜਾ ਸ਼ਿਵ ਜੀ ਦੇ ਸਪੁੱਤਰ ਕਾਰਤਿਕ ਦੀ ਯਾਦ ਵਿਚ ਬਣਿਆ ਹੋਇਆ ਹੈ ਇਸ ਨੂੰ 'ਅਚਲ ਵਟਾਲਾ' ਕਹਿੰਦੇ ਹਨ। ਇਹ ਮੰਦਰ ਪੁਰਾਤਨ ਸਮੇਂ ਤੋਂ ਹੀ ਸਾਧੂਆਂ ਲਈ ਤੇ ਹੋਰ ਦਰਸ਼ਕਾਂ ਲਈ ਵਿਸ਼ੇਸ਼ ਰਿਹਾ ਹੈ, ਇਥੇ ਸ਼ਿਵਰਾਤਰੀ ਦੇ ਸਮੇਂ ਬਹੁਤ ਭਾਰੀ ਮੇਲਾ ਲਗਦਾ ਹੈ। ਸੁਜਾਨ ਰਾਏ ਭੰਡਾਰੀ ਨੇ "ਖੁਲਾਸਤ-ਉਤ-ਤਵਾਰੀਖ" ਜੋ ਉਨ੍ਹਾਂ ਨੇ ਸਤਾਰਵੀਂ ਸਦੀ ਵਿਚ ਲਿਖੀ ਸੀ ਉਸ ਵਿਚ ਉਨ੍ਹਾਂ ਨੇ ਇਸ ਮੇਲੇ ਬਾਰੇ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਵੀ ਇਸ ਮੇਲੇ ਤੇ ਕਰਤਾਰਪੁਰ ਤੋਂ ਆਏ ਸਨ (ਕਰਤਾਰਪੁਰ ਉਨ੍ਹਾਂ ਨੇ ਰਾਵੀ ਦੇ ਕੰਡੇ ਤੇ ਵਸਾਇਆ ਸੀ) ਮੇਹਰਬਾਨ ਦੀ ਜਨਮਸਾਖੀ ਅਨੁਸਾਰ ਜਿਵੇਂ ਹੀ ਗੁਰੂ ਸਾਹਿਬ ਅਚਲ ਨਗਰ ਵਿਚ ਦਾਖਲ ਹੋਏ ਸਾਰੇ ਨਗਰ ਵਿਚ ਫੈਲ ਗਿਆ ਕਿ ਗੁਰੂ ਸਾਹਿਬ ਸਾਹਿਬ ਆਏ ਹਨ, ਹਰ ਕੋਈ ਕਹਿਣ ਲਗ ਪਿਆ ਕਿ ਗੁਰੂ ਨਾਨਕ ਸਾਹਿਬ ਆਏ ਹਨ, ਅੱਜ ਦੇ ਮਹਾਨ ਅਵਤਾਰ ਆਏ ਹਨ। ਜਿੰਨੇ ਸ਼ਬਦ ਸੰਸਾਰ ਦੇ ਲੋਕੀ ਗਾਉਂਦੇ ਹਨ ਉਨ੍ਹਾਂ ਦੇ ਰਚਣਹਾਰ ਉਹ ਆਪ ਹਨ। ਜੋ, ਜੋ ਵੀ ਅਚਲ ਨਗਰ ਵਿਚ ਸੀ ਸਾਰੇ ਦੌੜੇ ਚਲੇ ਆਏ, ਕੋਈ ਯੋਗੀ, ਸੰਨਿਆਸੀ, ਕੋਈ ਗ੍ਰਹਿਸਤੀ ਕੋਈ ਰਿਹਾ ਹੀ ਨਹੀਂ ਜਿਹੜਾ ਨਾ ਆਇਆ ਹੋਵੇ ਸਾਰੇ ਇਹ ਕਹਿ ਕੇ ਦੌੜਦੇ ਚਲੇ ਗਏ, "ਨਾਨਕ ਆਇਆ ਹੈ ਨਾਨਕ ਆਇਆ ਹੈ।" ਇਥੇ ਗੁਰੂ ਨਾਨਕ ਦੇਵ ਜੀ ਨੇ ਭੰਗਰਨਾਥ ਯੋਗੀ ਨਾਲ ਗੋਸ਼ਟੀ ਕੀਤੀ। ਭਾਈ ਗੁਰਦਾਸ ਜੀ ਨੇ ਇਸ ਬਾਰੇ 1/40 ਵਾਰ ਵਿਚ ਲਿਖਿਆ ਹੈ। ਭੰਗਰਨਾਥ ਨੇ ਪੁਛਿਆ, "ਤੁਸੀਂ ਦੁਧ ਵਿਚ ਕਾਂਜੀ ਪਾ ਕੇ ਉਸ ਨੂੰ ਖੱਟਾ ਕਿਉਂ ਕਰ ਦਿਤਾ ਹੈ? ਖੱਟੇ ਦੁੱਧ ਨੂੰ ਰਿੜਕ ਕੇ ਮੱਖਣ ਕਿਵੇਂ ਨਿਕਲ ਸਕਦਾ ਹੈ? ਤੁਸੀਂ ਉਦਾਸੀ ਹੋ ਕੇ ਫੇਰ ਉਦਾਸੀ ਦਾ ਭੇਖ ਛੱਡ ਕੇ ਗ੍ਰਹਿਸਤੀ ਕਿਉਂ ਹੋ ਗਏ ਹੋ?" ਗੁਰੂ ਸਾਹਿਬ ਨੇ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਇਸ ਤਰ੍ਹਾਂ ਦਿਤੇ "ਭੰਗਰਨਾਥ ਤੂੰ ਹੀ ਪੁੱਠੇ ਪਾਸੇ ਪਿਆ ਹੋਇਆ ਹੈਂ, ਤੂੰ ਹੀ ਆਪਣਾ ਭਾਂਡਾ ਸਾਫ ਨਹੀਂ ਕੀਤਾ, ਜਿਸ ਕਰਕੇ ਦੁੱਧ ਖਰਾਬ ਹੋ ਗਿਆ। ਗ੍ਰਹਿਸਤ ਤਿਆਗ, ਤੁਸੀਂ ਨਾਥ ਜੋਗੀ ਹੋਏ, ਫੇਰ ਤੁਸੀਂ ਗ੍ਰਹਿਸਤੀਆਂ ਦੇ ਘਰਾਂ ਤੋਂ ਮੰਗਣ ਜਾਂਦੇ ਹੋ, ਜੇ ਉਹ ਤੁਹਾਨੂੰ ਭਿਖਿਆ ਨਾ ਦੇਣ ਤੁਹਾਡੇ ਕੋਲ ਤਾਂ ਖਾਣ ਲਈ ਕੁਝ ਵੀ ਨਾ ਹੋਵੇ।" ਫੇਰ ਨਾਥਾਂ ਨੇ ਆਪਣੀਆਂ ਸ਼ਕਤੀਆਂ ਦਿਖਾਈਆਂ ਤੇ ਗੁਰੂ ਸਾਹਿਬ ਨੂੰ ਵੀ ਸ਼ਕਤੀਆਂ ਦਿਖਾਉਣ ਲਈ ਕਿਹਾ। ਗੁਰੂ ਸਾਹਿਬ ਨੇ ਸ਼ਕਤੀਆਂ ਨੂੰ ਨਖੇਦਿਆ ਤੇ ਕਿਹਾ, "ਤੁਹਾਡੀਆਂ ਇਹ ਸ਼ਕਤੀਆਂ ਬੇਅਰਥ ਹਨ ਮੈਂ ਕੇਵਲ ਇਕ ਵਾਹਿਗੁਰੂ ਨੂੰ ਮੰਨਦਾ ਹਾਂ, ਸ਼ਬਦ ਨੂੰ ਮੰਨਦਾ ਹੈ ਸੱਚੇ ਨਾਮ ਅਤੇ ਬਾਣੀ ਤੋਂ ਬਿਨਾਂ ਮੇਰੇ ਕੋਲ ਕੋਈ ਸ਼ਕਤੀ ਨਹੀਂ।" ਗੁਰੂ ਨਾਨਕ ਸਾਹਿਬ ਦੇ ਇਨ੍ਹਾਂ ਸ਼ਬਦਾਂ ਨਾਲ ਉਨ੍ਹਾਂ ਦੀ ਸੰਤੁਸ਼ਟੀ ਹੋ ਗਈ।

ਜਿਥੇ ਬੈਠ ਕੇ ਗੁਰੂ ਨਾਨਕ ਸਾਹਿਬ ਨੇ ਸਿਧਾਂ ਨਾਲ ਗੋਸ਼ਟੀ ਕੀਤੀ ਸੀ ਉਥੇ ਇਕ ਥੜਾ ਬਣਾਇਆ ਗਿਆ ਹੈ, ਅਠਾਰਵੀਂ ਸਦੀ ਵਿਚ ਇਕ ਗੁਰਦਵਾਰਾ ਵੀ ਬਣਾਇਆ ਸੀ ਜਿਹੜਾ ਮਹੰਤਾਂ ਕੋਲ ਸੀ। ਰੈਵੀਨਿਊ ਦੇ ਰਿਕਾਰਡ ਅਨੁਸਾਰ

ਗੁਰਦਵਾਰਾ 1892 ਈ. ਵਿਚ ਮੰਗਲ ਸਿੰਘ ਕੋਲ ਸੀ ਉਸ ਤੋਂ ਬਾਦ ਸੁੰਦਰ ਸਿੰਘ 1904 ਵਿਚ ਆਇਆ, 1923 ਦੇ ਲਗਭੱਗ ਸੂਰਤ ਸਿੰਘ ਉਥੇ ਮਹੰਤ ਸੀ ਜਦੋਂ ਜੈਤੋ ਸਾਰਜਾ ਪਿੰਡ ਤੋਂ, ਜਥੇਦਾਰ ਕੇਸਰ ਸਿੰਘ ਨੇ ਗੁਰਦਵਾਰੇ ਤੇ ਨਾਲ ਲਗਦੀ ਸੱਤ ਏਕੜ ਜ਼ਮੀਨ ਤੇ ਕਬਜ਼ਾ ਕਰ ਲਿਆ। ਸੂਰਤ ਸਿੰਘ ਤੋਂ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਲੈ ਲਿਆ, 25 ਅਪ੍ਰੈਲ 1928 ਨੂੰ ਇਹ ਗੁਰਦਵਾਰਾ ਪੂਰੀ ਤਰ੍ਹਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿਚ ਆ ਗਿਆ। ਗੁਰਦਵਾਰੇ ਦੀ ਹੁਣ ਵਾਲੀ ਇਮਾਰਤ ਦਾ ਨੀਂਹ ਪੱਥਰ 7 ਅਕਤੂਬਰ 1935 ਨੂੰ ਰੱਖਿਆ ਗਿਆ ਤੇ 1940 ਵਿਚ ਇਹ ਗੁਰਦਵਾਰਾ ਬਣ ਕੇ ਤਿਆਰ ਹੋਇਆ। ਇਸ ਦੇ ਅੰਦਰ ਦਾ ਹਾਲ ਕਮਰਾ 8 ਮੀਟਰ ਦਾ ਚਕੋਰ ਹੈ ਜਿਸਦੀ ਛੱਤ ਬੜੀ ਉਚੀ ਹੈ। ਚਾਰੋਂ ਪਾਸੇ ਗੈਲਰੀ ਹੈ ਉਪਰ ਕਮਲ ਫੁੱਲ ਦਾ ਗੁੰਬਦ ਬਣਿਆ ਹੋਇਆ ਹੈ ਉਪਰ ਚਾਰੋਂ ਪਾਸੇ ਖੁਲ੍ਹੇ ਥੜੇ ਬਣੇ ਹੋਏ ਹਨ, ਕੰਧਾਂ ਉਤੇ ਕਮਲ ਦੇ ਫੁੱਲ ਪੱਤੀਆਂ ਬਣੇ ਹੋਏ ਹਨ, ਸੰਗਤ ਦੇ ਰਹਿਣ ਲਈ ਕਮਰੇ ਅਤੇ ਗੁਰੂ ਕਾ ਲੰਗਰ ਇੱਟਾਂ ਦਾ ਵਿਹੜਾ ਲੰਘ ਕੇ ਅੱਗੇ ਛੱਤੀ ਹੋਈ ਥਾਂ ਤੇ ਹੈ।

ਗੁਰਦਵਾਰਾ ਭਾਵੇਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਾਂ ਹੈ ਪਰ ਗੁਰਦਵਾਰੇ ਦਾ ਪ੍ਰਬੰਧ ਹਾਲੇ (1995) ਸੰਤ ਗੁਰਮੁਖ ਸਿੰਘ ਜੀ ਦੇ ਉਤਰਾਧਿਕਾਰੀ ਨੂੰ ਦਿਤਾ ਗਿਆ ਹੈ। ਅੰਮ੍ਰਿਤ ਵੇਲੇ ਤੇ ਰਹਿਰਾਸ ਸਮੇਂ ਸੰਗਤ ਜੁੜਦੀ ਹੈ, ਮੱਸਿਆ ਦਾ ਦੀਵਾਨ ਲਗਦਾ ਹੈ। ਸਾਲ ਦਾ ਸਭ ਤੋਂ ਵੱਡਾ ਮੇਲਾ ਦੀਵਾਲੀ ਤੋਂ ਨੌਂਵੇਂ ਦਿਨ ਤੋਂ ਗਿਆਰ੍ਹਵੇਂ ਦਿਨ ਤਕ ਲਗਦਾ ਹੈ। ਇਹ ਮੇਲਾ ਭਾਵੇਂ ਪਹਿਲਾਂ ਹਿੰਦੂਆਂ ਦੇ ਮੰਦਰ ਹੀ ਲਗਦਾ ਸੀ ਪਰ ਪਿਛਲੇ ਕੁਝ ਸਮੇਂ ਤੋਂ ਇਹ ਵਧੇਰੇ ਗੁਰਦਵਾਰੇ ਨਾਲ ਕੇਂਦਰਤ ਹੋ ਗਿਆ ਹੈ।

**ਅਦਾਲੀ ਭਾਈ** - ਇਹ ਚੋਲਾ ਪਿੰਡ ਵਿਚੋਂ ਸੀ ਜੋ ਹੁਣ ਅੰਮ੍ਰਿਤਸਰ ਜ਼ਿਲੇ ਵਿਚ ਹੈ। ਇਹ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਰਹੇ ਹਨ। ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਿਆ ਹੈ ਕਿ ਅਦਾਲੀ ਭਾਈ ਦੇ ਪ੍ਰਭਾਵ ਥੱਲੇ ਆ ਕੇ ਭਾਈ ਬਿਧੀ ਚੰਦ ਨੇ ਧਾੜਾ ਮਾਰਨਾ ਛੱਡ ਦਿਤਾ ਤੇ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਆ ਕੇ ਸਿਖਿਆ ਲੈਣੀ ਮੰਨ ਲਈ ਸੀ।

**ਆਦਮ ਭਾਈ** - ਜਿਨ੍ਹਾਂ ਨੂੰ ਕਈ ਜਗ੍ਹਾਂ ਊਦਮ ਵੀ ਲਿਖਿਆ ਗਿਆ ਹੈ ਇਨ੍ਹਾਂ ਬਾਰੇ ਭਾਈ ਗਿਆਨ ਸਿੰਘ ਗਿਆਨੀ ਨੇ, "ਤਵਾਰੀਖ ਗੁਰੂ ਖਾਲਸਾ" ਵਿਚ ਲਿਖਿਆ ਹੈ ਇਹ ਸਿਧੂ ਜੱਟ ਸਨ, ਇਹ ਬਰਾੜਾਂ ਦੇ ਕੁੰਬੇ ਵਿਚੋਂ ਸਨ ਜਿਹੜਾ ਬਠਿੰਡੇ ਦੇ ਨੇੜੇ ਵਿੰਜੂ ਪਿੰਡ ਵਿਚ ਰਹਿੰਦਾ ਸੀ। ਇਨ੍ਹਾਂ ਦੇ ਘਰ ਕੋਈ ਪੁਤਰ ਨਹੀਂ ਸੀ ਵਡੇਰੀ ਉਮਰ ਵਿਚ ਇਹ ਆਪਣੀ ਪਤਨੀ ਨਾਲ ਅੰਮ੍ਰਿਤਸਰ ਆਏ ਤੇ ਗੁਰੂ ਰਾਮਦਾਸ ਦੇ ਚਰਨੀਂ ਰਹਿ ਕੇ ਸੇਵਾ ਕਰਨ ਲਗ ਪਏ, ਸਵੇਰੇ ਸ਼ਾਮ ਲੰਗਰ ਦੀ ਸੇਵਾ ਕਰਨ ਦੇ ਨਾਲ-ਨਾਲ ਇਹ ਜੰਗਲ ਵਿਚੋਂ ਲਕੜੀਆਂ ਦੇ ਦੋ ਭਰੇ ਵੀ ਲੈ ਕੇ ਆਉਂਦੇ ਸਨ, ਇਕ ਲੰਗਰ ਵਿਚ ਪਾਉਂਦੇ ਸਨ ਦੂਸਰੇ ਦਾ ਕੁਝ ਹਿੱਸਾ ਵੇਚ ਕੇ ਰਾਸ਼ਨ ਪਾਣੀ ਖਰੀਦਦੇ ਸਨ, ਬਾਕੀ ਕੁਝ ਬਚਾ ਕੇ ਰਖਦੇ ਸਨ। ਇਕ ਵਾਰੀ ਬੜੀ ਠੰਡ ਸੀ ਤੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਬਹੁਤ ਸੰਗਤ ਆ ਗਈ, ਐਨੀ ਠੰਢ ਸੀ ਕਿ ਸੰਗਤਾਂ ਠੰਢ ਨਾਲ ਕੰਬ ਰਹੀਆਂ ਸਨ ਜਦੋਂ ਭਾਈ ਆਦਮ ਨੇ ਇਹ ਦੇਖਿਆ ਉਹ ਆਪਣੀਆਂ ਸਾਰੀਆਂ ਜਮ੍ਹਾਂ ਕੀਤੀਆਂ ਲੱਕੜੀਆਂ ਚੁਕ ਕੇ ਲੈ ਆਏ ਤੇ ਸਾਰੀਆਂ ਦੀ ਅੱਗ ਜਲਾ ਦਿਤੀ। ਗੁਰੂ ਰਾਮਦਾਸ ਜੀ ਬਹੁਤ ਪ੍ਰਸੰਨ ਹੋਏ ਤੇ ਉਸ ਨੂੰ ਆਗਿਆ ਕੀਤੀ, ਮੰਗ ਕੀ ਮੰਗਦਾ ਹੈਂ। ਆਦਮ ਨੇ ਬੜੇ ਸੰਗਦੇ ਹੋਏ ਕਿਹਾ, ਬਾਕੀ ਤਾਂ ਉਸ ਕੋਲ ਸਭ ਕੁਝ ਹੈ ਇਕ ਪੁੱਤਰ ਦੀ ਦਾਤ ਹੀ ਨਹੀਂ। ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਉਸ ਨੂੰ ਪੁਤਰ ਦੀ ਦਾਤ ਬਖਸ਼ ਦਿਤੀ ਅਤੇ ਗੁਰੂਆਂ ਦੀ ਬਖਸ਼ਿਸ਼ ਸਦਕਾ ਹੀ ਭਾਈ ਭਗਤੂ ਜੀ ਦਾ ਜਨਮ ਉਨ੍ਹਾਂ ਦੇ ਗ੍ਰਹਿ ਵਿਖੇ ਹੋਇਆ।

**ਭਾਈ ਅੱਡਣ ਸ਼ਾਹ** - (1688-1757) ਇਨ੍ਹਾਂ ਦਾ ਜਨਮ 1688 ਵਿਚ ਲਾਓ ਪਿੰਡ ਜੋ ਕਿ ਝੰਗ ਜ਼ਿਲੇ ਵਿਚ ਪਾਕਿਸਤਾਨ ਵਿਚ ਹੋਇਆ ਸੀ। ਇਹ ਭਾਈ ਘਨਈਆ ਜਿਨ੍ਹਾਂ ਨੇ ਸੇਵਾ ਪੰਥ ਦੀ ਸਥਾਪਨਾ ਕੀਤੀ ਸੀ ਉਨ੍ਹਾਂ ਦੀ ਤੀਸਰੀ ਪੀੜੀ ਵਿਚੋਂ ਸੀ। ਇਨ੍ਹਾਂ ਦੇ ਮਾਤਾ ਪਿਤਾ ਬੜੇ ਹੀ ਸ਼ਰਧਾਲੂ ਸਨ। ਭਾਈ ਅੱਡਣ ਨੇ ਉਨ੍ਹਾਂ ਤੋਂ ਹੀ ਭਗਤੀ ਵਿਰਸੇ ਵਿਚ ਲਈ ਸੀ, ਇਨ੍ਹਾਂ ਨੇ ਗੁਰਮੁਖੀ ਸਿਖੀ ਤੇ ਸਿੱਖ ਗ੍ਰੰਥਾਂ ਦਾ ਅਧਿਐਨ ਕੀਤਾ, ਇਹ ਭਾਈ ਗੁਰਦਾਸ ਦੱਖਣੀ ਕੋਲ ਵੀ ਰਹੇ ਜਿਹੜੇ ਗੁਰੂ ਤੇਗ ਬਹਾਦਰ ਦੇ ਸਮੇਂ ਵਿਚ ਹੋਏ ਹਨ। ਇਹ ਭਾਈ ਸੇਵਾ ਰਾਮ ਨਾਲ ਵੀ ਰਹੇ ਜੋ ਕਿ ਭਾਈ ਘਨਈਆ ਦੇ ਉਤਰਾਧਿਕਾਰੀ ਸਨ ਤੇ ਸੇਵਾ ਪੰਥ ਦੇ ਪ੍ਰਧਾਨ ਵੀ ਰਹੇ। ਅੱਡਣਸ਼ਾਹ ਨੇ ਸੇਵਾ ਪੰਥ ਪ੍ਰਣਾਲੀ ਦੇ ਨਿਯਮ ਵੀ ਬਣਾਏ। ਉਨ੍ਹਾਂ ਨੇ ਸਾਰੇ ਮਜ਼ਹਬਾਂ ਦੀ ਤੁਲਨਾਤਮਕ ਵਿਚਾਰ ਪ੍ਰਣਾਲੀ ਦੀ ਸਥਾਪਨਾ ਕੀਤੀ ਜੋ ਕਿ ਉਨ੍ਹਾਂ ਦੇ ਡੇਰੇ ਵਿਚ ਚਲਦੀ ਰਹੀ ਜਿਥੇ ਕੋਈ 250 ਸੰਤ ਸਦਾ ਹੀ ਰਹਿੰਦੇ ਸਨ। ਸਿੱਖ ਗ੍ਰੰਥਾਂ ਦੀ ਪੜ੍ਹਾਈ ਤੋਂ ਬਿਨਾਂ ਉਥੋਂ ਕਿਮਿਆਏ-ਸਾਦਤ, ਮਸਨਵੀ ਯੋਗ ਵਸ਼ਿਸ਼ਟ ਵੀ ਪੜ੍ਹੇ ਜਾਂਦੇ ਸਨ ਤੇ ਇਨ੍ਹਾਂ ਨੂੰ ਪੰਜਾਬੀ ਵਿਚ ਵੀ ਟਰਾਂਸਲੇਟ ਕੀਤਾ ਗਿਆ ਜਿਸ ਨੂੰ ਹੁਣ ਪਾਰਸ ਭਾਗ ਕਿਹਾ ਜਾਂਦਾ ਹੈ। ਇਹ ਅੱਜ ਕਿਮਿਆਏ-ਸਾਦਤ ਦਾ ਇਕ ਉਤਮ ਟਰਾਂਸਲੇਸ਼ਨ ਮੰਨਿਆ ਜਾਂਦਾ ਹੈ। ਉਹ ਪਰਚੀਆਂ ਜਿਹੜੀ ਇਸ ਸੰਪਰਦਾ ਨੇ ਛਾਪੀਆਂ ਇਸ ਸੰਪਰਦਾ ਦੇ ਗਿਆਨ ਪੱਧਰ ਦਾ ਪ੍ਰਤੀਕ ਹਨ ਇਸਦੀ ਨੈਤਿਕਤਾ ਦਾ ਪ੍ਰਤੀਕ ਭਾਈ ਅੱਡਣਸ਼ਾਹ ਦੀ ਨੈਤਿਕਤਾ ਦਾ ਪ੍ਰਤੀਕ ਹਨ।

ਭਾਈ ਅੱਡਣਸ਼ਾਹ ਬਹੁਤ ਉਚ ਕੋਟੀ ਦੇ ਬੁਲਾਰੇ ਵੀ ਸਨ ਇਨ੍ਹਾਂ ਦੇ ਵਖਿਆਨ ਭਾਈ ਸਹਿਜ ਰਾਮ ਨੇ ਰਿਕਾਰਡ ਕੀਤੇ ਹੋਏ ਹਨ, ਉਹ ਵੀ ਭਾਈ ਸੇਵਾ ਰਾਮ ਦੇ ਸੇਵਕ ਸਨ ਉਹ ਵੀ 'ਸਾਖੀਆਂ ਭਾਈ ਅੱਡਣਸ਼ਾਹ 'ਸੁਖਨ ਫਕੀਰਾਂ ਦੇ' ਅਤੇ 'ਬਚਨ ਗੋਬਿੰਦ ਲੋਕਾਂ ਦੇ' ਸਿਰਲੇਖ ਹੇਠਾਂ ਉਪਲਬਧ ਹਨ।

ਭਾਈ ਅੱਡਣਸ਼ਾਹ ਦੇ ਆਖਰੀ ਦਿਨ ਜੰਮੂ ਵਿਖੇ ਬੀਤੇ ਜਿਥੇ ਉਹ 17 ਵੈਸਾਖ 8 ਸੁਦੀ 1814 ਬਿਕਰਮੀ, 26 ਅਪ੍ਰੈਲ 1757 ਨੂੰ ਚੜ੍ਹਾਈ ਕਰ ਗਏ।

**ਅਧਰੱਕਾ** - ਭਾਈ ਬਾਲਾ ਵਾਲੀ ਜਨਮ ਸਾਖੀ ਅਨੁਸਾਰ ਅਧਰਕਾ ਭਾਈ ਸਾਲਸਰਾਏ ਜੌਹਰੀ ਨਾਲ ਗੁਰੂ ਨਾਨਕ ਦੇਵ ਜੀ ਕੋਲ ਗਿਆ, ਦੋਨੋਂ ਹੀ ਦਰਸ਼ਨ ਕਰਦੇ ਸਾਰ ਚਰਨਾਂ ਤੇ ਢਹਿ ਪਏ ਅਤੇ ਗੁਰੂ ਸਾਹਿਬ ਦੇ ਸੇਵਕ ਬਣ ਗਏ ਤੇ ਸੰਗਤ ਇਕੱਠੀ ਕਰ ਲਈ। ਇਹ ਬਿਸ਼ੰਭਰਪੁਰ ਦੇ ਰਹਿਣ ਵਾਲੇ ਸਨ।

# ਸਿਹਤ ਵਿਗਿਆਨ

**ਮੂਰਛਾ** - ਗਸ਼ੀ, fainting ਦਿਮਾਗ ਦਿਲ ਦੀ ਕਮਜ਼ੋਰੀ, ਨਰਮ ਅਸਥਾਨ ਤੇ ਸੱਟ ਵਜਣੀ, ਲਹੂ ਦਾ ਨਿਕਲ ਜਾਣਾ, ਨਿਰਬਲਤਾ, ਦੁਖਦਾਈ ਅਤੇ ਅਤੀ ਆਨੰਦਦਾਇਕ ਖਬਰ, ਪਿਆਰੇ ਸਬੰਧੀ ਦਾ ਵਿਛੋੜਾ ਆਦਿ ਮੂਰਛਾ ਦੇ ਕਾਰਣ ਹਨ–

ਮੂਰਛਾ ਵਾਲਾ ਮੁਰਦੇ ਜਿਹਾ ਜੜ੍ਹ ਹੋ ਜਾਂਦਾ ਹੈ, ਕੋਈ ਸੁਧ ਨਹੀਂ ਰਹਿੰਦੀ, ਕਦੇ ਦੰਦਣ ਭੀ ਪੈ ਜਾਂਦੀ ਹੈ।

ਇਸ ਦੇ ਸਾਧਾਰਣ ਇਲਾਜ ਹਨ – ਜਿਸ ਕਾਰਣ ਤੋਂ ਮੂਰਛਾ ਹੋਈ ਹੋਵੇ ਉਸ ਦੇ ਅਨੁਸਾਰ ਵਿਚਾਰ ਕੇ ਜਤਨ ਕਰਨਾ, ਠੰਢਾ ਜਲ, ਬੇਦਮੁਸ਼ਕ, ਕੇਉੜਾ ਗੁਲਾਬ ਮੁਖ ਤੇ ਛਿੜਕਣਾ, ਕਪੂਰ ਚੰਦਨ ਆਦਿ ਸੁੰਘਾਉਣੇ ਅਤੇ ਇਨ੍ਹਾਂ ਦਾ ਮੱਥੇ ਤੇ ਲੇਪ ਕਰਨਾ। ਪੱਖੇ ਦੀ ਸੀਤਲ ਹਵਾ ਦੇਣੀ, ਬੱਕਰੀ ਦੇ ਦੁੱਧ ਦੀ ਹੱਥਾਂ ਪੈਰਾਂ ਤੇ ਮਾਲਿਸ਼ ਕਰਨੀ, ਨੱਕ ਘੁੱਟਣਾ, ਗਊ ਦਾ ਦੁੱਧ ਪਿਆਉਣਾ, ਦਿਲ ਦਿਮਾਗ ਨੂੰ ਤਾਕਤ ਦੇਣ ਵਾਲੀਆਂ ਚੀਜ਼ਾਂ ਵਰਤਣੀਆਂ ਆਦਿ।

**ਮੋਤੀਆਬਿੰਦ** - ਮੁਕ੍ਤਾਵਿੰਦੁ ਮੋਤੀ ਦੇ ਆਕਾਰ ਦਾ ਇਕ ਰਤੂਬਤ ਦਾ ਦਾਣਾ, ਜੋ ਅੱਖ ਦੀ ਨਜ਼ਰ ਨੂੰ ਰੋਕ ਲੈਂਦਾ ਹੈ। ਨਜ਼ੂਲੁਲਮਾ Cataract. ਪਹਿਲਾਂ ਝਾਉਲਾ ਦਿਖਾਈ ਦਿੰਦਾ ਹੈ, ਫੇਰ ਜਿਉਂ–ਜਿਉਂ ਰਤੂਬਤ ਗਾੜ੍ਹੀ ਹੁੰਦੀ ਜਾਂਦੀ ਹੈ ਤਿਉਂ–ਤਿਉਂ ਨਿਗ੍ਹਾ ਘਟਦੀ ਜਾਂਦੀ ਹੈ। ਅੰਤ ਨੂੰ ਰਤੂਬਤ ਬਹੁਤ ਗਾੜ੍ਹੀ ਹੋ ਕੇ ਮੋਤੀ ਦੇ ਆਕਾਰ ਦੀ ਬਣ ਕੇ ਨਜ਼ਰ ਨੂੰ ਪੂਰੀ ਤਰ੍ਹਾਂ ਰੋਕ ਲੈਂਦੀ ਹੈ, ਇਸੇ ਕਾਰਨ ਇਸ ਰੋਗ ਦਾ ਨਾਉਂ ਮੋਤੀਆਬਿੰਦ (ਵਿੰਦੁ) ਹੈ।

ਇਸ ਦੇ ਕਾਰਣ ਹਨ – ਬੁਢਾਪਾ, ਮਧੁਪ੍ਰਮੇਹ (ਜਜਾਬੀਤੁਸ), ਆਤਸ਼ਕ, ਮਿਰਗੀ, ਜ਼ਹਿਰੀਲੀ ਵਸਤੂ ਦਾ ਖਾਣਾ, ਸਿਰ ਤੇ ਸੱਟ ਵੱਜਣੀ, ਦਿਮਾਗ ਦੀ ਕਮਜ਼ੋਰੀ, ਵਮਨ ਦਾ ਰੋਕਣਾ, ਬਹੁਤ ਮੈਥੁਨ ਕਰਨਾ, ਬਹੁਤ ਰੋਣਾ, ਮਿਰਚ ਮਸਾਲੇ ਅਚਾਰ ਬਹੁਤ ਖਾਣੇ, ਨੰਗੇ ਪੈਰੀਂ ਧੁੱਪ ਵਿਚ ਫਿਰਨਾ, ਬਹੁਤ ਨਸ਼ਿਆਂ ਦਾ ਵਰਤਣਾ ਆਦਿ।

ਮੋਤੀਏ ਦਾ ਉਤਮ ਇਲਾਜ ਇਹ ਹੈ ਕਿ ਸਿਆਣੇ ਡਾਕਟਰ ਤੋਂ ਓਪਰੇਸ਼ਨ ਕਰਵਾ ਕੇ ਮੋਤੀਦਾਣਾ ਕਢਵਾ ਦਿਤਾ ਜਾਵੇ। ਜਦੋਂ ਇਸ ਰੋਗ ਦਾ ਮੁੱਢ ਬੱਝਣ ਲੱਗੇ, ਤਦ ਹੇਠ ਲਿਖੀਆਂ ਦਵਾਈਆਂ ਵਰਤਣੀਆਂ ਗੁਣਕਾਰੀ ਹਨ –

1. ਨੀਲ ਦੇ ਬੀਜ ਬਹੁਤ ਬਰੀਕ ਪੀਹ ਕੇ ਸੁਰਮੇ ਵਾਂਗ ਅੱਖਾਂ ਵਿਚ ਪਾਉਣੇ।

2. ਦ੍ਰਾਵਕ (ਕਬਜਕੁਸ਼) ਦਵਾਈਆਂ ਅਤੇ ਭੋਜਨ ਖਾਣੇ।

3. ਦਿਮਾਗ ਨੂੰ ਤਾਕਤ ਦੇਣ ਵਾਲੇ ਪਦਾਰਥਾਂ ਦਾ ਵਰਤਣਾ।

4. ਹਰੜ, ਬਹੇੜੇ, ਆਉਲੇ, ਕਸੀਸ, ਲੋਹੇ ਦੀ ਭਸਮ, ਨੀਲਾ ਕਮਲ, ਬਾਇਬੜਿੰਗ, ਸਮੁੰਦਰੀ ਝੱਗ, ਇਨ੍ਹਾਂ ਸਭਨਾਂ ਨੂੰ ਸਮਾਨ ਲੈ ਕੇ ਤਾਂਬੇ ਦੇ ਖਰਲ ਵਿਚ ਬੱਕਰੀ ਦੇ ਦੁੱਧ ਨਾਲ 30 ਪਹਿਰ ਘਸਾ ਕੇ ਸੁਰਮੇ ਜਿਹਾ ਬਣਾ ਲੈਣਾ, ਫੇਰ ਬੱਕਰੀ ਦੇ ਦੁੱਧ ਨਾਲ ਨਰਮ ਕਰਕੇ ਪਤਲੀ ਬੱਤੀਆਂ ਬਣਾ ਲੈਣੀਆਂ। ਸਲਾਈ ਵਾਂਗ ਇਹ ਬੱਤੀ ਅੱਖਾਂ ਵਿਚ ਫੇਰਨੀ ਬਹੁਤ ਲਾਭਦਾਇਕ ਹੈ।

**ਯਰਕਾਨ** - ਹਲੀਮਕ, Jaundice ਪੀਲੀਆ ਰੋਗ, ਇਸ ਰੋਗ ਦੇ ਕਾਰਣ ਹਨ – ਬਹੁਤ ਤੇਜ਼ ਅਤੇ ਗਰਮ ਚੀਜ਼ਾਂ ਖਾਣੀਆਂ, ਤੇਜ ਜੁਲਾਬ ਲੈਣੇ, ਜ਼ਹਿਰੀਲੀ ਵਸਤੂ ਖਾਣੀ, ਬਹੁਤ ਮੈਥੁਨ ਕਰਨਾ, ਨਸ਼ੇ ਦੀਆਂ ਚੀਜ਼ਾਂ ਦਾ ਜ਼ਿਆਦਾ ਵਰਤਣਾ, ਗਰਭ ਦੀ ਹਾਲਤ ਵਿਚ ਇਸਤ੍ਰੀ ਦਾ ਬਹੁਤ ਸੌਣਾ, ਬਹੁਤ ਖਟਾਈਆਂ ਦਾ ਵਰਤਣਾ ਆਦਿ ਜਿਗਰ ਦਾ ਵਿਗਾੜ ਹੀ ਇਸ ਦਾ ਪ੍ਰਧਾਨ ਕਾਰਨ ਹੈ –

ਯਰਕਾਨ ਵਿਚ ਅੱਖਾਂ ਪੀਲੀਆਂ ਹੋ ਜਾਂਦੀਆਂ ਹਨ, ਸਾਰੇ ਪਦਾਰਥ ਪੀਲੇ ਦਿਖਾਈ ਦਿੰਦੇ ਹਨ, ਤੁਚਾ ਮੂਤ੍ਰ ਪਸੀਨਾ ਨਹੁੰ ਪੀਲੇ ਹੁੰਦੇ ਹਨ, ਪਰ ਪਾਖਾਨਾ ਚਿੱਟਾ ਹੁੰਦਾ ਹੈ।

ਇਸ ਰੋਗ ਦੇ ਸਾਧਾਰਣ ਇਲਾਜ ਹਨ –

ਅਨਾਰ, ਹਿੰਦਵਾਣਾ (ਮਤੀਰਾ), ਸੰਗਤਰੇ, ਮਿੱਠੇ ਆਦਿ ਫਲ ਖਾਣੇ ਅਰ ਗੋਕੇ ਦਹੀਂ ਦਾ ਅਧਰਿੜਕ ਪੀਣਾ। ਕਾਸਨੀ, ਆਉਲੇ ਕੁੱਟ ਕੇ ਰਾਤ ਨੂੰ ਭਿਉਂ ਰਖਣੇ, ਸਵੇਰੇ ਇਸ ਪਾਣੀ ਨਾਲ ਸੰਦਲ ਦਾ ਸਰਬਤ ਮਿਲਾ ਕੇ ਪੀਣਾ। ਕਾਹੂ, ਕੁਲਫਾ, ਕਾਸਨੀ, ਖੀਰੇ ਦੇ ਬੀਜ, ਇਲਾਚੀਆਂ, ਮਿਸ਼ਰੀ ਘੋਟ ਕੇ ਸਰਦਾਈ ਪੀਣੀ, ਨਿੰਬੂ ਦਾ ਸ਼ਰਬਤ ਪੀਣਾ, ਦੁੱਧ, ਚਾਉਲ, ਮੂੰਗੀ ਆਦਿਕ ਨਰਮ ਭੋਜਨ ਕਰਨਾ।

**ਯੋਗਰਾਜ ਗੁੱਗਲ** - ਇਸ ਦਵਾ ਦੇ ਬਣਾਉਣ ਦੀ ਇਹ ਜੁਗਤਿ ਹੈ – ਸੁੰਢ, ਮਘਪਿੱਲ, ਚਵ, ਪਿੱਲਾ–ਮੂਲ, ਚਿੱਤੇ ਦੀ ਛਿੱਲ, ਭੁੰਨੀ ਹੋਈ ਹਿੰਗ, ਸਰ੍ਹੋਂ, ਅਜਮੋਦ, ਕਾਲਾ ਜੀਰਾ, ਚਿੱਟਾ ਜੀਰਾ, ਰੇਣੁਕਾ, ਇੰਦ੍ਰ ਜੌਂ, ਪਾਢਲ, ਬਾਇਬੜਿੰਗ, ਗਜਪਿੱਪਲ, ਕੜੂ, ਅਤੀਸ, ਭਰੰਗੀ, ਬਚ, ਮੂਰਵਾ, ਇਹ ਵੀਹ ਦਵਾਈਆਂ ਚਾਰ–ਚਾਰ ਮਾਸੇ, ਇਨ੍ਹਾਂ ਤੋਂ ਦੁਗਣਾ ਤ੍ਰਿਫਲਾ ਲੈ ਕੇ ਸਭ ਨੂੰ ਕੁੱਟ ਕੇ ਬਰੀਕ ਚੂਰਣ ਬਣਾਉਣਾ, ਇਸ ਚੂਰਣ ਦੇ ਬਰਾਬਰ ਸ਼ੁੱਧ ਗੁੱਗਲ ਲੈ ਕੇ ਖਰਲ ਵਿਚ ਚੰਗੀ ਤਰ੍ਹਾਂ ਪੀਹਣੀ। ਗੁੱਗਲ ਨੂੰ ਲੇਸਦਾਰ ਕਰਕੇ ਚੂਰਣ ਮਿਲਾ ਦੇਣਾ, ਫੇਰ ਬੰਗ, ਰੂਪਰਸ, ਨਾਗੇਸ਼੍ਵਰ, ਸਾਰ, ਅਭਰਕ, ਮੰਡੂਰ, ਸੰਦੂਰ, ਇਨ੍ਹਾਂ ਸੱਤ ਦਵਾਈਆਂ ਦੀ ਭਸਮ ਚਾਰ–ਚਾਰ ਤੋਲੇ ਲੈ ਕੇ ਗੁੱਗਲ ਵਿਚ ਮਿਲਾ ਦੇਣੀ। ਜਦ ਸਭ ਚੀਜ਼ਾਂ ਇਕ ਜਾਨ ਹੋ ਜਾਣ ਤਾਂ ਇਕ ਇਕ ਮਾਸ਼ੇ ਦੀਆਂ ਗੋਲੀਆਂ ਬਣਾ ਕੇ ਚਿਕਨੇ ਭਾਂਡੇ ਵਿਚ ਪਾ ਰਖਣੀਆਂ।

ਇਹ ਯੋਗਰਾਜ ਗੁੱਗਲ – ਕੁਸ਼ਠ, ਬਵਾਸੀਰ, ਸੰਗ੍ਰਹਣੀ, ਪ੍ਰਮੇਹ, ਸ਼ੂਲ, ਭਗੰਦਰ, ਖਾਂਸੀ, ਮਿਰਗੀ, ਮੰਦਾਗਨਿ, ਦਮਾ ਆਦਿ ਰੋਗਾਂ ਨੂੰ ਨਾਸ਼ ਕਰਦੀ ਹੈ।

*‘ਮਹਾਨ ਕੋਸ਼’ ਵਿਚੋਂ ਧੰਨਵਾਦ ਸਹਿਤ*

## ਜ਼ਰੂਰੀ ਬੇਨਤੀ

1. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
2. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
3. Out station (ਬਾਹਰਲੇ ਥਾਵਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ 1.4.98 ਤੋਂ ਸ਼ੁਰੂ ਹੋਣ ਵਾਲੀ ਮੈਂਬਰਸ਼ਿਪ ਲਈ 220/- ਰੁਪਏ ਦਾ ਚੈਕ ਬਣਾ ਕੇ ਭੇਜਿਆ ਜਾਵੇ।
4. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ ਇਸ ਸੂਰਤ ਵਿਚ ਸੂਚਨਾ ਮਿਲਣ ਤੇ ਆਤਮ ਮਾਰਗ ਦਫਤਰ ਵਲੋਂ ਦੁਬਾਰਾ ਭੇਜ ਦਿਤਾ ਜਾਂਦਾ ਹੈ।
5. ਪਾਠਕਾਂ ਵਲੋਂ ਦਫਤਰ ਵਿਚ ਪੁਜ ਰਹੀਆਂ ਚਿੱਠੀਆਂ ਤੇ ਉਨ੍ਹਾਂ ਦਾ ਐਡਰੈਸ ਅਧੂਰਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਉਹ ਪੱਤਰ ਵਿਹਾਰ ਕਰਦੇ ਸਮੇਂ ਪੂਰਾ ਪਤਾ ਲਿਖਿਆ ਕਰਨ।
6. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।

(ਪੰਨਾ 68 ਦੀ ਬਾਕੀ)

ਡਿਊਟੀ ਕਰ ਰਹੇ ਹੋ, ਫੇਰ ਵੇਦਾਂਤ ਦੇ ਸਾਧਕ ਨੂੰ ਵਿਚਾਰ ਕਰਨੀ ਜ਼ਰੂਰੀ ਹੈ, ਦੋਨੋਂ ਤਰ੍ਹਾਂ ਦੀ ਵਿਚਾਰ, ਨਿਖੇਦੀ ਵਾਲੀ ਵਿਚਾਰ, ਨਿਸ਼ਚੇਵਾਦੀ ਵਿਚਾਰ ਹੈ। ਨਿਖੇਦੀ ਵਾਲੇ ਵਿਚਾਰ ਹਨ, ਮੈਂ ਇਹ ਨਹੀਂ, ਮੈਂ ਉਹ ਨਹੀਂ, ਇਹ ਕੋਈ ਮੌਲਿਕ ਸੱਚ ਨਹੀਂ, ਇਹ ਕੱਚੀਆਂ ਕੀਮਤਾਂ ਇਹ ਬ੍ਰਹਮ ਨਹੀਂ, ਉਹ ਬ੍ਰਹਮ ਨਹੀਂ। ਹਰ ਚੀਜ਼ ਉਦੋਂ ਬ੍ਰਹਮ ਹੈ ਜਦੋਂ ਉਸ ਦਾ ਅਨੁਭਵ ਹੁੰਦਾ ਹੈ, ਜੋ ਅਨੁਭਵ ਅਤੀਤ ਤੱਤ ਹੈ, ਸੋ ਬ੍ਰਹਮ ਹੈ, ਨਿਸ਼ਚੇਵਾਦ ਹੋਣਾ ਜਾਂ ਬ੍ਰਹਮ ਦੀ ਹੋਂਦ ਮਹਿਸੂਸ ਕਰਨੀ ਉਹ ਤੁਹਾਡਾ ਦੂਸਰਾ ਵਿਚਾਰ ਹੈ। ਤੀਸਰਾ ਮਨ ਦਾ ਕੰਮ ਹੈ, ਮੰਤਰ ਜਪਣਾ ਤੇ ਚੌਥਾ ਹੈ ਪੂਰਨ ਚੁੱਪ ਜਿਥੇ ਮੰਤਰ ਪਿਛੇ ਰਹਿ ਜਾਂਦਾ ਹੈ, ਬ੍ਰਹਮ ਨਾਲ ਪੂਰਾ ਨਿਸ਼ਚੇਵਾਦੀ ਵਿਚਾਰ ਹੈ ਧਿਆਨ ਹੈ। ਧਿਆਨ ਦਾ ਅਨੁਭਵ, ਚਿੰਤਨ ਦਾ, ਨਿਖੇਦੀ ਵਾਲਾ ਮਾਰਗ ਸਚਾਈ ਤੋਂ ਉਲਟ ਹੈ। ਆਓ, ਅਸੀਂ ਛੇ ਮਹਾਂਵਾਕਾਂ ਤੇ ਵਿਚਾਰ ਕਰੀਏ ਪਰ ਅੰਤ ਉਹ ਛੇ ਵਾਕ ਤੁਹਾਨੂੰ ਧਿਆਨ ਦੇ ਅਨੁਭਵ ਤੇ ਹੀ ਲੈ ਜਾਂਦੇ ਹਨ, ਤੁਸੀਂ ਨਿਖੇਦੀ ਦਾ ਵਿਸ਼ਲੇਸ਼ਨ ਸ਼ੁਰੂ ਕਰੋ, ਉਹ ਵੀ ਤੁਹਾਨੂੰ ਉਨ੍ਹਾਂ ਤੱਤਾਂ ਤੇ ਹੀ ਪਹੁੰਚਾ ਦਿੰਦਾ ਹੈ, ਜਦੋਂ ਤਕ ਉਹ ਨਤੀਜੇ ਤੁਹਾਡੇ ਵਿਚਾਰ ਦੇ ਅਧਾਰ ਨਹੀਂ ਬਣ ਜਾਂਦੇ ਤੁਸੀਂ ਆਪਣੇ ਆਪ ਹੀ ਚਿੰਤਨ ਤੇ ਪਹੁੰਚ ਜਾਂਦੇ ਹੋ, ਚਿੰਤਨ ਤੋਂ ਧਿਆਨ ਵਿਚ ਪਹੁੰਚ ਜਾਂਦੇ ਹੋ, ਉਥੋਂ ਫੇਰ ਅਨੁਭਵ ਤੇ ਇਹ ਹੀ ਨਿਸ਼ਚੇਵਾਦ ਮਾਰਗ ਹੈ।